Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763


Personal Injury and Wrongful Death Attorneys
ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ
ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com


COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 12; March 21, 2026
20451 N. Plum Grove Rd., Palatine, IL 60074
Ph:847-359-0746, Fax:847-705-9388

## ਟਰੰਪ ਨੇ ਸੱਤ ਸਹਿਯੋਗੀ ਦੇਸ਼ਾਂ ਤੋਂ ਮੰਗੇ ਜੰਗੀ ਬੇੜੇ



**ਨਵੀਂ ਦਿੱਲੀ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੋਰਮੁਜ਼ ਸਟ੍ਰੇਟ ਦੀ ਸੁਰੱਖਿਆ ਦੇ ਨਾਂ 'ਤੇ ਚੀਨ ਤੇ ਸਹਿਯੋਗੀ ਦੇਸ਼ਾਂ ਨੂੰ ਮਦਦ ਦੀ ਅਪੀਲ ਕੀਤੀ, ਪਰ ਉਹ ਇਸ ਮੁੱਦੇ 'ਤੇ ਇਕੱਲੇ ਪੈਂਦੇ ਦਿਖਾਈ ਦੇ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਆਸਟ੍ਰੇਲੀਆ ਤੇ ਜਾਪਾਨ ਨੇ ਜਲ ਸੈਨਾ ਮਦਦ ਮੁਹੱਈਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਹੋਰ ਸਹਿਯੋਗੀ ਦੇਸ਼ਾਂ ਨੇ ਵੀ ਕੋਈ ਵਚਨਬੱਧਤਾ ਨਹੀਂ ਦਿਖਾਈ ਹੈ। ਬ੍ਰਿਟੇਨ ਨੇ ਕਿਹਾ ਕਿ ਉਹ ਈਰਾਨ ਜੰਗ 'ਚ ਨਹੀਂ ਪਵੇਗਾ। ਇਧਰ ਟਰੰਪ ਨੇ ਇਹ ਚਿਤਾਵਨੀ ਦਿੱਤੀ ਹੈ ਕਿ ਜੇ ਸਹਿਯੋਗੀਆਂ ਨੇ ਮਦਦ ਨਾ ਕੀਤੀ ਤਾਂ ਨਾਟੋ ਨੂੰ ਭਵਿੱਖ 'ਚ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਜ਼ਿਕਰਯੋਗ ਹੈ ਕਿ ਪੱਛਮੀ ਏਸ਼ੀਆ 'ਚ ਦੋ ਹਫ਼ਤੇ ਤੋਂ ਵੱਧ ਸਮੇਂ ਤੋਂ ਜਾਰੀ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਧ ਗਈਆਂ ਹਨ, ਕਿਉਂਕਿ ਈਰਾਨ ਨੇ ਹੋਰਮੁਜ਼ ਸਟ੍ਰੇਟ ਨੂੰ ਬੰਦ ਕਰ ਦਿੱਤਾ ਹੈ। ਵਿਸ਼ਵ ਪੱਧਰੀ ਤੇਲ ਖ਼ਪਤ ਦਾ ਲਗਪਗ 20 ਫ਼ੀਸਦੀ ਹਿੱਸਾ ਇਸੇ ਰਾਹ ਤੋਂ ਲੰਘਦਾ ਹੈ।

ਏਪੀ ਮੁਤਾਬਕ, ਟਰੰਪ ਨੇ ਫਲੋਰਿਡਾ ਤੋਂ ਵਾਸ਼ਿੰਗਟਨ ਮੁੜਨ ਦੌਰਾਨ ਏਅਰਫੋਰਸ ਵਨ 'ਚ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੇ ਸੱਤ ਦੇਸ਼ਾਂ ਤੋਂ ਜੰਗੀ ਬੇੜੇ ਭੇਜਣ ਦੀ ਮੰਗ ਕੀਤੀ ਹੈ, ਤਾਂ ਜੋ ਹੋਰਮੁਜ਼ ਸਟੇਟ ਨੂੰ ਖੁੱਲ੍ਹਾ ਰੱਖਿਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਮੈਂ ਇਨ੍ਹਾਂ ਦੇਸ਼ਾਂ ਤੋਂ ਮੰਗ ਕਰਦਾ ਹਾਂ ਕਿ ਉਹ ਅੱਗੇ ਆਉਣ ਤੇ ਆਪਣੇ ਖੇਤਰ ਦੀ ਸੁਰੱਖਿਆ ਕਰਨ, ਕਿਉਂਕਿ ਇਹ ਉਨ੍ਹਾਂ ਦਾ ਦੇ ਹੀ ਖੇਤਰ ਹੈ। ਬਹਰਹਾਲ ਈਰਾਨ ਜੰਗ ਵਿਚਾਲੇ ਤੇਲ ਦੀਆਂ ਕੀਮਤਾਂ 'ਚ ਤੇਜ਼ੀ ਦੇ ਬਾਵਜੂਦ ਉਨ੍ਹਾਂ ਦੀ ਅਪੀਲ 'ਤੇ ਕਿਸੇ ਦੇਸ਼ ਨੇ ਕੋਈ ਪੁਖ਼ਤਾ ਪ੍ਰਤੀਕਿਰਆ ਨਹੀਂ ਪ੍ਰਗਟਾਈ ਹੈ। ਹਾਲਾਂਕਿ ਟਰੰਪ ਨੇ ਉਨ੍ਹਾਂ ਦੇਸ਼ਾਂ ਦਾ ਨਾਂ ਦੱਸਣ ਤੋਂ ਇਨਕਾਰ ਕਰ ਦਿੱਤਾ, ਜੋ ਪੱਛਮੀ ਏਸ਼ੀਆ ਦੇ ਕੱਚੇ ਤੇਲ 'ਤੇ ਕਾਫ਼ੀ ਹੱਦ ਤੱਕ ਨਿਰਭਰ ਹਨ ਤੇ ਜਿਨ੍ਹਾਂ ਨਾਲ ਟਰੰਪ ਪ੍ਰਸ਼ਾਸਨ ਇਸ ਜਲ ਮਾਰਗ ਦੀ ਸੁਰੱਖਿਆ ਲਈ ਇਕ ਗੱਠਜੋੜ ਬਣਾਉਣ ਨੂੰ ਲੈ ਕੇ ਗੱਲਬਾਤ ਕਰ ਰਿਹਾ ਹੈ। ਉਨ੍ਹਾਂ ਨੇ ਸਿਰਫ਼ ਇੰਨਾ ਕਿਹਾ ਕਿ ਚੀਨ ਲਗਪਗ 90 ਫ਼ੀਸਦੀ ਤੇਲ ਇਸੇ ਖੇਤਰ ਤੋਂ ਲੈਂਦਾ ਹੈ, ਜਦਕਿ ਅਮਰੀਕਾ ਨੂੰ ਬਹੁਤ ਘੱਟ ਮਾਤਰਾ 'ਚ ਮਿਲਦਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਕ ਇੰਟਰਨੈਟ ਮੀਡੀਆ ਪੋਸਟ ਕਰ ਕੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਚੀਨ, ਫਰਾਂਸ, ਜਾਪਾਨ, ਦੱਖਣੀ ਕੋਰੀਆ, ਬ੍ਰਿਟੇਨ ਤੇ ਹੋਰ ਦੇਸ਼ ਇਸ 'ਚ ਸ਼ਾਮਲ ਹੋਣਗੇ। ਨਿਊਯਾਰਕ ਟਾਈਮਜ਼ ਮੁਤਾਬਕ, ਟਰੰਪ ਨੇ ਉਨ੍ਹਾਂ ਦੇਸ਼ਾਂ 'ਤੇ ਦਬਾਅ ਵਧਾਉਣਾ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਤੋਂ ਉਨ੍ਹਾਂ ਨੇ ਹੋਰਮੁਜ਼ 'ਚ ਜੰਗੀ ਬੇੜੇ ਭੇਜਣ ਦੀ ਅਪੀਲ ਕੀਤੀ ਹੈ।ਉਨ੍ਹਾਂ ਨੇ ਫਾਈਨੈਂਸ਼ੀਅਲ ਟਾਈਮਜ਼ ਨੂੰ ਦਿੱਤੀ ਗਈ ਇੰਟਰਵਿਊ 'ਚ ਕਿਹਾ ਕਿ ਜੇ ਕੋਈ ਜਵਾਬ ਨਹੀਂ ਆਉਂਦਾ ਜਾਂ ਨਕਾਰਾਤਮਕ ਜਵਾਬ ਆਉਂਦਾ ਹੈ ਤਾਂ ਮੈਨੂੰ

(ਬਾਕੀ ਸਫ਼ਾ 6 'ਤੇ)

### ਘਰੇਲੂ ਮੋਰਚੇ 'ਤੇ ਵੀ ਹੌਲੇ ਪੈ ਰਹੇ ਹਨ ਟਰੰਪ

**ਸਿਡਨੀ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਈਰਾਨ ਨਾਲ ਜਾਰੀ ਜੰਗ 'ਚ ਘਰੇਲੂ ਪੱਧਰ 'ਤੇ ਗੰਭੀਰ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਸ਼ਲੇਸ਼ਕਾਂ ਮੁਤਾਬਕ ਜੀਵਤ ਅਮਰੀਕੀ ਰਾਸ਼ਟਰਪਤੀਆਂ 'ਚ ਸ਼ਾਇਦ ਹੀ ਕਿਸੇ ਨੂੰ ਜੰਗ ਸ਼ੁਰੂ ਹੋਣ ਦੇ ਸਮੇਂ ਏਨਾ ਘੱਟ ਲੋਕ ਸਮਰਥਨ ਮਿਲਿਆ ਹੋਵੇ। ਤਾਜ਼ਾ ਸਰਵੇਖਣਾਂ 'ਚ ਕਿਸੇ 'ਚ ਵੀ ਈਰਾਨ ਜੰਗ ਦੇ ਪੱਖ 'ਚ ਸਪਸ਼ਟ ਬਹੁਮਤ ਨਹੀਂ ਦਿਸਿਆ, ਜਦਕਿ ਕਈ ਸਰਵੇਖਣਾਂ 'ਚ ਜ਼ਿਆਦਾਤਰ ਅਮਰੀਕੀ ਇਸ ਦੇ ਵਿਰੋਧ 'ਚ ਨਜ਼ਰ ਆਏ। ਉੱਥੇ ਹੀ ਈਰਾਨ ਅਮਰੀਕਾ ਤੇ ਉਸ ਦੇ ਸਹਿਯੋਗੀਆਂ ਲਈ ਸਿਆਸੀ ਤੇ ਆਰਥਿਕ ਖ਼ਤਰੇ ਵਧਾਉਣ ਲਈ ਜੰਗ ਨੂੰ ਲੰਬਾ ਖਿੱਚਣ ਦਾ ਯਤਨ ਕਰ ਰਿਹਾ ਹੈ। ਤੇਲ ਕੀਮਤਾਂ ਵਧਣ ਨਾਲ ਯਾਤਰਾ ਤੋਂ ਲੈ ਕੇ ਖਾਣ ਤੱਕ ਦਾ ਖ਼ਰਚ ਵਧ ਰਿਹਾ ਹੈ। ਇਸ ਨਾਲ ਜਨਤਾ 'ਚ ਨਾਰਾਜ਼ਗੀ ਵੀ ਤੇਜ਼

(ਬਾਕੀ ਸਫ਼ਾ 6 'ਤੇ)

## ਕਾਂਗਰਸ, ਭਾਜਪਾ ਤੇ ਅਕਾਲੀਆਂ ਨੂੰ ਕੁਰਸੀ ਦੀ ਚਿੰਤਾ, ਸਾਨੂੰ ਪੰਜਾਬ ਦੀ ਫ਼ਿਕਰ: ਭਗਵੰਤ ਮਾਨ

### 'ਆਪ' ਸਰਕਾਰ ਵਲੋਂ ਸਾਰੀਆਂ ਗਾਰੰਟੀਆਂ ਪੂਰੀਆਂ ਕਰਨ ਦਾ ਦਾਅਵਾ



**ਚੰਡੀਗੜ੍ਹ:** ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਦਿੱਤੀਆਂ ਗਈਆਂ ਸਾਰੀਆਂ ਗਾਰੰਟੀਆਂ ਪੂਰੀਆਂ ਕਰਨ ਦਾ ਦਾਅਵਾ ਕੀਤਾ ਹੈ। ਲੋਕਾਂ ਨੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੂੰ ਠੁਕਰਾ ਕੇ ਸਾਡੇ 'ਤੇ ਉਮੀਦ ਲਗਾਈ ਸੀ ਤੇ ਅਸੀਂ ਲੋਕਾਂ ਦਾ ਭਰੋਸਾ ਨਹੀਂ ਟੁੱਟਣ ਦਿੱਤਾ। ਕਾਂਗਰਸ, ਅਕਾਲੀ ਤੇ ਭਾਜਪਾ ਜਿੱਥੇ ਸੱਤਾ ਦੀ ਚਿੰਤਾ ਕਰ ਰਹੇ ਹਨ, ਉੱਥੇ ਆਪ ਸਰਕਾਰ ਪੰਜਾਬ ਨੂੰ ਬਚਾਉਣ ਲਈ ਫ਼ਿਕਰਮੰਦ ਹੈ ਤੇ ਸੂਬੇ 'ਚ ਫੁੱਟ ਪਾਊ ਸਿਆਸਤ ਨੂੰ ਸਫ਼ਲ ਨਹੀਂ ਹੋਣ ਦੇਵੇਗੀ। ਇਹ ਗੱਲ ਮੁੱਖ ਮੰਤਰੀ ਭਗਵੰਤ ਮਾਨ ਨੇ ਕਹੀ। ਉਹ ਸੂਬਾ ਸਰਕਾਰ ਦੇ ਚਾਰ ਸਾਲ ਪੂਰੇ ਹੋਣ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੂਬਾ ਸਰਕਾਰ ਦੀਆਂ ਉਪਲੱਬਧੀਆਂ ਗਿਣਾ ਰਹੇ ਸਨ।

ਮੁੱਖ ਮੰਤਰੀ ਨੇ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਨ ਦੀਆਂ ਕਾਰਵਾਈਆਂ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਲੰਬੇ ਹੱਥੀਂ ਲਿਆ। ਉਨ੍ਹਾਂ ਦੋ ਦਿਨ ਪਹਿਲਾਂ ਪੰਜਾਬ ਆਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੰਜਾਬ 'ਚ ਸੱਤਾ 'ਚ ਆਉਣ 'ਤੇ ਧਰਮ ਪਰਿਵਰਤਨ ਦੇ ਖ਼ਿਲਾਫ਼ ਬਿੱਲ ਲਿਆਉਣ 'ਤੇ ਕਿਹਾ ਕਿ ਸ਼ਾਹ ਭਾਵੇਂ ਜਿੰਨਾ ਵੀ ਜ਼ੋਰ ਲਗਾ ਲੈਣ, ਭਾਜਪਾ ਦੀ ਧਰਮ ਆਧਾਰਤ ਸਿਆਸਤ ਪੰਜਾਬ 'ਚ ਸਫ਼ਲ ਨਹੀਂ ਹੋਵੇਗੀ। ਉਨ੍ਹਾਂ ਦੋਸ਼ ਲਗਾਇਆ ਕਿ ਜਿੱਥੇ-ਜਿੱਥੇ ਭਾਜਪਾ ਦੀਆਂ ਸਰਕਾਰਾਂ ਹਨ, ਉੱਥੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾਇਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਇਹ ਜ਼ਰੂਰ ਕਿਹਾ ਕਿ ਲਾਲਚ ਦੇ ਕੇ ਕਿਸੇ ਦਾ ਧਰਮ ਪਰਿਵਰਤਨ ਕਰਵਾਉਣਾ ਸਹੀ ਨਹੀਂ ਹੈ ਪਰ ਭਾਜਪਾ ਤਾਂ ਹਰ ਥਾਂ ਧਰਮ ਦਾ ਪੱਤਾ ਖੇਡਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਸਿਰ 'ਤੇ ਦਸਤਾਰ ਸਜਾਉਣ ਨਾਲ ਉਹ ਪੰਜਾਬੀ ਨਹੀਂ ਬਣ ਜਾਣਗੇ।

ਇਸੇ ਤਰ੍ਹਾਂ ਗੈਂਗਟਰਵਾਦ ਨੂੰ ਲੈ ਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਅਪਰਾਧਕ ਸਰਗਰਮੀਆਂ 'ਚ ਸ਼ਾਮਲ ਗੈਂਗਸਟਰਾਂ ਨੂੰ ਕੇਂਦਰ ਸਰਕਾਰ ਨੇ ਆਪਣੀਆਂ ਸਰਕਾਰਾਂ ਦੀਆਂ ਜੇਲ੍ਹਾਂ 'ਚ ਰੱਖਿਆ ਹੋਇਆ ਹੈ। ਉਨ੍ਹਾਂ ਨੂੰ ਪੰਜਾਬ ਲਿਆਉਣ ਨਹੀਂ ਦਿੱਤਾ ਜਾ ਰਿਹਾ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ, ਜੇਕਰ

(ਬਾਕੀ ਸਫ਼ਾ 6 'ਤੇ)

GOLDEN STATE REALITY
"Realtor You Can Trust"
CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloodа Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880



# ਪੰਜਾਬ ’ਚ ਨਿਵੇਸ਼ ਕਰਨ ’ਤੇ ਪੰਜਾਬ ਸਰਕਾਰ ਦੇਵੇਗੀ ਸਹਿਯੋਗ ਤੇ ਰਿਆਇਤਾਂ: ਮਾਨ

**ਮੋਹਾਲੀ:** ਮੁੱਖ ਮੰਤਰੀ ਭਗਵੰਤ ਮਾਨ ਨੇ ਉੱਦਮੀਆਂ ਨੂੰ ਸੱਦਾ ਦਿੱਤਾ ਕਿ ਉਹ ਸੂਬੇ ਵਿਚ ਨਿਵੇਸ਼ ਕਰਨ, ਸਰਕਾਰ ਵੱਲੋਂ ਉਨ੍ਹਾਂ ਨੂੰ ਪੂਰਾ ਸਹਿਯੋਗ ਤੇ ਰਿਆਇਤਾਂ ਦਿੱਤੀਆਂ ਜਾਣਗੀਆਂ। ਉਹ ਐਤਵਾਰ ਨੂੰ ਮੋਹਾਲੀ ਵਿਚ ਹੋਏ ਤਿੰਨ ਦਿਨਾ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਆਖਰੀ ਦਿਨ ਉੱਦਮੀਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਸੂਬਾ ਸਰਕਾਰ ਦੇ ਪੰਜਾਬ ਨੂੰ ਤਰੱਕੀ ਦੇ ਰਸਤੇ ‘ਤੇ ਲਿਆਉਣ ਦੇ ਸੰਕਲਪ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਇਸ ਸੰਮੇਲਨ ਵਿਚ ਵਿਸ਼ਵ ਅਤੇ ਰਾਸ਼ਟਰੀ ਨਿਵੇਸ਼ਕਾਂ ਦੀ ਮਜ਼ਬੂਤ ਭਾਈਵਾਲੀ ਸੂਬੇ ਦੀ ਆਰਥਿਕ ਤਰੱਕੀ ਹੋਰ ਤੇਜ਼ ਕਰੇਗੀ।

ਉਨ੍ਹਾਂ ਐਲਾਨ ਕੀਤਾ ਕਿ ਸੂਬਾ ਸਰਕਾਰ ਸੰਮੇਲਨ ਦੌਰਾਨ ਦਿੱਤੀਆਂ ਗਈਆਂ ਨਿਵੇਸ਼ ਤਜਵੀਜ਼ਾਂ ਅਤੇ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਛੇ ਮਹੀਨਿਆਂ ਬਾਅਦ ਸਮੀਖਿਆ ਸੈਸ਼ਨ ਕਰੇਗੀ। ‘ਆਪ’ ਸਰਕਾਰ ਨੂੰ ਵਿਰਾਸਤ ਵਿਚ ਮਿਲੀਆਂ ਚੁਣੌਤੀਆਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸਾਨੂੰ ਪਿਛਲੀਆਂ ਸਰਕਾਰਾਂ ਤੋਂ ਕਰਜ਼ਾ, ਸ਼ਿਕਾਇਤਾਂ ਤੇ ਮਾੜੇ ਸ਼ਾਸਨ ਦੀ ਵਿਰਾਸਤ ਮਿਲੀ ਸੀ ਪਰ ਅਸੀਂ ਸੂਬੇ ਨੂੰ ਦੁਬਾਰਾ ਪਟੜੀ ‘ਤੇ ਲਿਆਉਣ ਲਈ ਕੰਮ ਕਰ ਰਹੇ ਹਾਂ। ਅਸੀਂ ਸੂਬੇ ਨੂੰ ਵਿਕਾਸ ਦੀ ਰਾਹ ‘ਤੇ ਵਾਪਸ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਉੱਦਮੀਆਂ ਨਾਲ ਜ਼ਬਰਦਸਤੀ ਸਮਝੌਤੇ ਕਰਨ ਦੀ ਪੁਰਾਣੀ ਪ੍ਰਥਾ ਹੁਣ ਖ਼ਤਮ ਹੋ ਗਈ ਹੈ। ‘ਆਪ’ ਸਰਕਾਰ ਵੱਡੇ ਪੱਧਰ ‘ਤੇ ਉਦਯੋਗੀਕਰਨ ਨੂੰ ਉਤਸ਼ਾਹਿਤ ਕਰਨ ‘ਤੇ



ਧਿਆਨ ਕੇਂਦਰਿਤ ਕਰ ਰਹੀ ਹੈ। ਇਸ ਸੰਮੇਲਨ ਵਿਚ ਹਿੱਸਾ ਲੈਣ ਵਾਲੇ ਲੋਕ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿਚ ਭਾਈਵਾਲ ਬਣਨ ਲਈ ਖ਼ੁਦ ਅੱਗੇ ਆ ਰਹੇ ਹਨ। ਇਹ ਪੰਜਾਬ ਵਿਚ ਤਰੱਕੀ ਤੇ ਖ਼ੁਸ਼ਹਾਲੀ ਲਿਆਏਗਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰੇਗਾ। ਇਸ ਨਾਲ ਨੌਜਵਾਨਾਂ ਦਾ ਵਿਦੇਸ਼ ਵੱਲ ਰੁਝਾਨ ਰੁਕੇਗਾ ਅਤੇ ਉਨ੍ਹਾਂ ਦੇ ਹੁਨਰ ਦਾ ਦੇਸ਼ ਨੂੰ ਲਾਭ ਹੋਵੇਗਾ।

ਉਨ੍ਹਾਂ ਕਿਹਾ ਕਿ ਪਹਿਲੇ ਦਿਨ ਤੋਂ ਹੀ ਮੇਰਾ ਮਕਸਦ ਨੌਜਵਾਨਾਂ ਲਈ ਜ਼ਿਆਦਾ ਤੋਂ ਜ਼ਿਆਦਾ ਨੌਕਰੀਆਂ ਪੈਦਾ ਕਰਨਾ ਰਿਹਾ ਹੈ ਤਾਂ ਕਿ ਉਨ੍ਹਾਂ ਦੀ ਊਰਜਾ ਨੂੰ ਹਾਂ-ਪੱਖੀ ਦਿਸ਼ਾ ਵਿਚ ਲਗਾ ਕੇ ਉਨ੍ਹਾਂ ਨੂੰ ਨਸ਼ਿਆਂ ਦੇ ਖ਼ਤਰੇ ਤੋਂ ਦੂਰ ਰੱਖਿਆ ਜਾ ਸਕੇ।


Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org






T B F
THE BAINS FIRM
Manpreet S. Bains

Personal Injury and Wrongful Death Attorneys

Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results




WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes
Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਜਿੰਦਰ ਦੀ 'ਸੇਫਟੀ ਕਿੱਟ' ਨੂੰ ਸਾਹਿਤ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ:** ਭਾਰਤੀ ਸਾਹਿਤ ਅਕਾਦਮੀ ਨੇ ਸਾਲ 2025 ਲਈ ਆਪਣੇ ਸਾਲਾਨਾ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ, ਜਿਸ 'ਚ 24 ਭਾਰਤੀ ਭਾਸ਼ਾਵਾਂ ਦੇ ਉੱਘੇ ਰਚਨਾਕਾਰਾਂ ਦੇ ਨਾਵਾਂ 'ਤੇ ਮੋਹਰ ਲਾਈ ਗਈ ਹੈ। ਪੰਜਾਬੀ ਭਾਸ਼ਾ ਲਈ ਕਹਾਣੀਕਾਰ ਜਿੰਦਰ, ਅੰਗਰੇਜ਼ੀ ਲਈ ਲੇਖਕ ਨਵਤੇਜ ਸਰਨਾ ਤੇ ਹਿੰਦੀ ਭਾਸ਼ਾ ਦੀ ਲੇਖਿਕਾ ਮਮਤਾ ਕਾਲੀਆ ਉਨ੍ਹਾਂ 24 ਲੇਖਕਾਂ 'ਚ ਸ਼ਾਮਲ ਹਨ, ਜਿਨ੍ਹਾਂ ਨੂੰ 2025 ਦੇ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ।



ਇਸ ਸਾਲ ਦੇ ਪੁਰਸਕਾਰਾਂ 'ਚ ਵਿਧਾਵਾਂ ਦੀ ਵੰਨ-ਸੁਵੰਨਤਾ ਤੇ ਤਜਰਬਿਆਂ ਦੀ ਗਹਿਰਾਈ ਦਾ ਬਿਹਤਰੀਨ ਸੰਗਮ ਦੇਖਣ ਨੂੰ ਮਿਲਿਆ ਹੈ। ਜਿੱਥੇ ਅੰਗਰੇਜ਼ੀ ਸਾਹਿਤ ਲਈ ਸਾਬਕਾ ਰਾਜਦੂਤ ਤੇ ਪ੍ਰਸਿੱਧ ਲੇਖਕ ਨਵਤੇਜ ਸਰਨਾ ਨੂੰ ਉਨ੍ਹਾਂ ਦੇ ਕਲਾਸਿਕ ਨਾਵਲ 'ਕ੍ਰਿਮਸਨ ਸਪ੍ਰਿੰਗ' ਲਈ ਚੁਣਿਆ ਗਿਆ ਹੈ, ਉਥੇ ਹਿੰਦੀ ਸਾਹਿਤ ਦੀ ਸੀਨੀਅਰ ਲੇਖਿਕਾ ਮਮਤਾ ਕਾਲੀਆ ਨੂੰ ਸੰਸਮਰਣ ਸੰਗ੍ਰਹਿ 'ਜੀਤੇ ਜੀ ਇਲਾਹਾਬਾਦ' ਤੇ ਪੰਜਾਬੀ ਲੇਖਕ ਜਿੰਦਰ ਨੂੰ ਉਨ੍ਹਾਂ ਦੀ ਪੁਸਤਕ 'ਸੇਫਟੀ ਕਿੱਟ' ਲਈ ਇਸ ਵੱਕਾਰੀ ਸਨਮਾਨ ਨਾਲ ਨਵਾਜਿਆ ਜਾਵੇਗਾ।

ਇਸ ਤੋਂ ਇਲਾਵਾ ਬਾਂਗਲਾ (ਸਰਬੋਤਮ ਕਵਿਤਾ) 'ਚ ਪ੍ਰਸੂਨ ਬੰਦੋਪਾਧਿਆਇ, ਗੁਜਰਾਤੀ (ਭੱਟਖਡਕੀ) 'ਚ ਯੋਗੇਸ਼ ਵੈਦਿਆ, ਕੰਨੜ (ਦਾਦਾ ਸੀਰਿਸੂ ਤਾਂਡੇ) 'ਚ ਅਮਰੇਸ਼ ਨੁਗਦੋਨੀ, ਰਾਜਸਥਾਨੀ (ਭਰਖਾਮਾ) 'ਚ ਜਿਤੇਂਦਰ ਕੁਮਾਰ ਸੋਨੀ, ਸੰਸਕ੍ਰਿਤ 'ਚ (ਪ੍ਰਸਥਾਨਚਤੁਸਤਯੇ ਬ੍ਰਹਮਘੋਸ਼:) ਮਹਾਮੋਪਾਧਿਆਏ ਸਾਧੂ ਭਦਰੇਸ਼ਦਾਸ, ਉਰਦੂ (ਸਫ਼ਰ ਜਾਰੀ ਹੈ) 'ਚ ਪ੍ਰੀਤਪਾਲ ਸਿੰਘ ਬੇਤਾਬ, ਸੰਥਾਲੀ (ਮਿਡ ਬਿਰਨਾ ਚੇਨੇ ਸਾਓਨ ਇਨਾਗ ਸਾਗਾਈ) 'ਚ ਸੁਮਿੱਤਰਾ ਸੋਰੇਨ, ਮਲਿਆਲਮ (ਮਾਯਾਮਨੁਸ਼ਯਰ) 'ਚ ਐੱਨ ਪ੍ਰਭਾਕਰਨ ਨੂੰ ਸਾਹਿਤ ਅਕਾਦਮੀ ਪੁਰਸਕਾਰ ਲਈ ਚੁਣਿਆ ਗਿਆ ਹੈ। ਹਰੇਕ ਜੇਤੂ ਨੂੰ 31 ਮਾਰਚ ਨੂੰ ਕਰਵਾਏ ਜਾਣ ਵਾਲੇ ਇਕ ਸ਼ਾਨਦਾਰ ਸਮਾਗਮ 'ਚ ਤਾਮਰ ਪੱਤਰ, ਸ਼ਾਲ ਤੇ ਇਕ ਲੱਖ ਰੁਪਏ ਦੀ ਸਨਮਾਨ ਰਾਸ਼ੀ ਪ੍ਰਦਾਨ ਕੀਤੀ ਜਾਵੇਗੀ।

### ਪੰਜਾਬੀ ਜਗਤ 'ਚ ਛਾਈ ਦੋਹਰੀ ਖ਼ੁਸ਼ੀ ਦੀ ਲਹਿਰ

ਇਸ ਐਲਾਨ ਨਾਲ ਪੰਜਾਬੀ ਜਗਤ 'ਚ ਦੋਹਰੀ ਖ਼ੁਸ਼ੀ ਹੈ। ਜਿੰਦਰ ਦੇ ਨਾਲ-ਨਾਲ ਅੰਗਰੇਜ਼ੀ ਲੇਖਕ ਨਵਤੇਜ ਸਿੰਘ ਸਰਨਾ ਵੀ ਪੰਜਾਬ ਦੇ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਹਨ। ਨਵਤੇਜ ਸਿੰਘ ਸਰਨਾ ਪੰਜਾਬੀ ਦੇ ਮਰਹੂਮ ਪ੍ਰਸਿੱਧ ਲੇਖਕ ਮੋਹਿੰਦਰ ਸਿੰਘ ਸਰਨਾ ਦੇ ਸਪੁੱਤਰ ਹਨ। ਕਾਮਯਾਬ ਸਫ਼ਾਰਤਕਾਰ ਰਹੇ ਸਰਨਾ ਵੀ ਵਰ ਨਾਟ ਲਵਰਜ਼ ਲਾਇਕ ਦੈਟ ਅਤੇ 'ਦਿ ਏਕਸਾਇਲ' (ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਅਧਾਰਿਤ) ਨਾਵਲ ਲਿਖ ਚੁੱਕੇ ਹਨ।




### ਕਈ ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕੇ ਹਨ ਜਿੰਦਰ

ਜਿੰਦਰ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ 'ਚ ਗਿਣੇ ਜਾਂਦੇ ਹਨ ਜਿਨ੍ਹਾਂ ਦੀ ਹਿੰਦੀ ਤੇ ਉਰਦੂ ਸਾਹਿਤਕ ਖੇਤਰ 'ਚ ਵੀ ਪਛਾਣ ਹੈ। ਉਨ੍ਹਾਂ ਦੀਆਂ ਕਹਾਣੀਆਂ ਹਿੰਦੀ ਤੇ ਉਰਦੂ ਸਮੇਤ ਕਈ ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕੀਆਂ ਹਨ। ਉਨ੍ਹਾਂ ਨੂੰ ਇਸ ਤੋਂ ਪਹਿਲਾਂ ਕਈ ਪੁਰਸਕਾਰਾਂ ਸਮੇਤ ਵੱਕਾਰੀ ਢਾਹਾਂ ਸਾਹਿਤਕ ਪੁਰਸਕਾਰ ਵੀ ਮਿਲ ਚੁੱਕਾ ਹੈ। ਇਹ ਪੁਰਸਕਾਰ ਵੀ ਉਨ੍ਹਾਂ ਨੂੰ 'ਸੇਫਟੀ ਕਿੱਟ' 'ਤੇ ਮਿਲਿਆ ਸੀ। ਜ਼ਖ਼ਮ, ਅਜੇ ਅੰਤ ਨਹੀਂ, (ਸੰਪਾਦਿਤ), ਅੱਲੇ ਜ਼ਖ਼ਮਾਂ ਦੀ ਦਾਸਤਾਨ (ਸੰਪਾਦਤ), ਬਿਨਾਂ ਵਜ੍ਹਾ ਤਾਂ ਨਹੀਂ, ਤਹਿਜ਼ੀਬ, ਮੇਰੀਆਂ ਚੋਣਵੀਆਂ ਕਹਾਣੀਆਂ, ਆਵਾਜ਼ਾਂ, ਕਵਾਸੀ ਰੋਟੀ, ਜੇ ਇਹ ਸੱਚ ਹੈ ਤਾਂ, ਛੇ ਸੌ ਇਕਵੰਜਾ ਮੀਲ, ਰੋਡੂ ਰਾਜਾ ਉਰਫ਼ ਫ਼ਜ਼ਲਦੀਨ ਜਿੰਦਰ ਦੀਆਂ ਮਸ਼ਹੂਰ ਕਿਤਾਬਾਂ ਹਨ।


## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

**ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।**

*** ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ**

*** ਜੋੜੇ ਨੂੰ ਪਹਿਲ**

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**

***Good salary, free accommodation & Food. * Priority to Couples**

**ਸੰਪਰਕ ਕਰੋ: ਗੁਰਇਕਬਾਲ ਸਿੰਘ**

**Direct call or What's up call 615-482-5158**

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

**ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।**

***ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ**

**ਚਾਹਵਾਨ ਕਾਲ ਕਰੋ:**

**ਕਾਲ ਮਿ. ਸਿੰਘ**

**ਫੋਨ: 515-291-1961**



# Matrimonials

## ਲੜਕੇ ਦੀ ਲੋੜ ਹੈ

Amritdhari SF Bay Area family is seeking a suitable match for their Amrtidhari, vegetarian USA born 32 years, height 5' 4" daughter. She has earned a Bachelor of Science and Masters in Public Health and currently working. Please contact parents at (818) 390-2315

10-13

Panjabi Brahmin family invites matrimonial alliance for their welleducated and accomplished daughter who is a Canadian citizen living in Vancouver, born in 1995, height of 5'6". She has completed her bachelor's degree in Software Engineering and Master's in Management Analytics, is presently wellsettled professionally, and working with a reputed leading North American organization. We seek a suitable, welleducated Hindu Brahmin boy who is a vegetarian with good family values, preferably settled in Canada or the US. Email: sharmavancouver33@gmail.com

10-13

Jat Sikh family looking for a compatible US citizen match for their daughter, age 27, height 5' 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

Jat Sikh Grewal family looking for a compatible match for their US born and raised sweet, homely MD working daughter, age 31, height 5' 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

## ਲੜਕੀ ਦੀ ਲੋੜ ਹੈ

Gursikh Family from USA is looking for educated, vegetarian, amritdhari, family oriented GURSIKH singhnee who wears Keski (or willing to do so) & is open to relocating to San Francisco Bay Area, for their son. SINGH is 5'11' tall, Amritdhari, 38 years, Master Degree from USA, WELL SETTLED, having own home, Green Card filed & is living in USA since 2009. Currently working as SENIOR software product leader in CALIFORNIA. Singh is an innocent issueless divorcee(short marriage) and is looking for a fresh start. PREFERENCE will be given to girls living in USA/CANADA but also open to sponsorship for right match from other countries. For more details, DIAL us at +1 (510) 558-5650 or what's app at +91 98993 79442 or email at: singhmat001@gmail.com

11-14

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.



## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**

# ਪੰਜਾਬ ਸਰਕਾਰ ਨੇ ਖਰਚੇ ਨਾ ਘਟਾਏ ਤਾਂ ਸਥਿਤੀ ਵਿਗੜੇਗੀ: ਕੈਗ

**ਚੰਡੀਗੜ੍ਹ:** ਕੈਗ ਨੇ ਆਪਣੀ ਤਾਜ਼ਾ ਆਡਿਟ ਰਿਪੋਰਟ ਵਿਚ ਪੰਜਾਬ ਸਰਕਾਰ ਦੇ ਆਮਦਨ ਅਤੇ ਖਰਚੇ ਦਰਮਿਆਨ ਵੱਧ ਰਹੇ ਅੰਤਰ 'ਤੇ ਚਿੰਤਾਂ ਪ੍ਰਗਟ ਕੀਤੀ ਹੈ। ਵਿਧਾਨ ਸਭਾ ਵਿਚ ਕੈਗ ਦੀਆਂ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਅਨੁਸਾਰ ਪੰਜਾਬ ਦਾ ਕੁੱਲ ਰਾਜ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ) 8.52 ਪ੍ਰਤੀਸ਼ਤ ਦੀ ਦਰ ਨਾਲ ਵਧ ਰਿਹਾ ਹੈ। ਇਹ 2019-20 ਵਿੱਚ 5.37 ਲੱਖ ਕਰੋੜ ਰੁਪਏ ਤੋਂ ਵੱਧ ਕੇ 2023-24 ਵਿਚ 7.44 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਜਦਕਿ ਇਸ ਸਮੇ ਵਿਚ ਸੂਬੇ ਦਾ ਬਜਟ 6.50 ਪ੍ਰਤੀਸ਼ਤ ਦੀ ਮੁਕਾਬਲੇ ਹੌਲੀ ਦਰ ਨਾਲ ਵਧਿਆ, ਜੋ 1.62 ਲੱਖ ਕਰੋੜ ਤੋਂ 2.08 ਲੱਖ ਕਰੋੜ ਹੋ ਗਿਆ ਹੈ।

ਹਾਲਾਂਕਿ ਰਿਪੋਰਟ ਵਿਚ ਟੈਕਸ ਮਾਲੀਏ ਵਿਚ ਵੀ ਕੁੱਝ ਸੁਧਾਰ ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਕੁੱਲ ਟੈਕਸ ਮਾਲੀਆ 13.9 ਪ੍ਰਤੀਸ਼ਤ ਵਧਿਆ, ਜਦੋਂ ਕਿ ਰਾਜ ਦੇ ਆਪਣੇ ਟੈਕਸ ਮਾਲੀਏ ਵਿਚ 11.86 ਪ੍ਰਤੀਸ਼ਤ ਵਾਧਾ ਹੋਇਆ। ਇਸ ਦੇ ਬਾਵਜੂਦ ਖਰਚੇ ਵਧੇ ਹਨ ਅਤੇ ਘਾਟਾ ਹੋਰ ਵਧਿਆ ਹੈ।



ਕੰਟਰੋਲਰ ਅਤੇ ਆਡੀਟਰ ਜਨਰਲ ਨੇ ਮਾਲੀਆ ਅਤੇ ਖਰਚ ਵਿਚਕਾਰ ਲਗਾਤਾਰ ਵਧ ਰਹੇ ਪਾੜੇ 'ਤੇ ਚਿੰਤਾ ਪ੍ਰਗਟ ਕੀਤੀ ਹੈ। ਮਾਲੀਆ ਪ੍ਰਾਪਤੀਆਂ 2019-20 ਵਿਚ 61,575 ਕਰੋੜ ਰੁਪਏ ਤੋਂ ਵਧ ਕੇ 2023-24 ਵਿਚ 89,192 ਕਰੋੜ ਰੁਪਏ ਹੋ ਗਈਆਂ, ਜੋ ਕਿ 9.71 ਪ੍ਰਤੀਸ਼ਤ ਦੀ ਮਿਸ਼ਰਿਤ ਸਾਲਾਨਾ ਦਰ ਨਾਲ ਹੈ। ਇਸੇ ਸਮੇਂ ਦੌਰਾਨ ਪੂੰਜੀਗਤ ਪ੍ਰਾਪਤੀਆਂ ਵੀ 43,891 ਕਰੋੜ ਤੋਂ 46,902 ਕਰੋੜ ਰੁਪਏ ਤੱਕ ਮਾਮੂਲੀ ਤੌਰ 'ਤੇ ਵਧੀਆਂ। ਸੂਬਾ ਆਪਣੀ ਆਮਦਨ ਨਾਲੋਂ ਵੱਧ ਖਰਚ ਕਰ ਰਿਹਾ ਹੈ। ਇਕੱਲੇ ਮਾਲੀਆ ਖਰਚ 2019 20 ਹਿਰ 75,860 ਰਵੈਜਝਵ ਡੈ ਹਪ ਨੇ 2023- 24 ਵਿਚ 1.17 ਲੱਖ ਕਰੋੜ ਹੋ ਗਿਆ, ਜੋ ਕਿ ਇਹਨਾਂ ਸਾਲਾਂ ਵਿਚ ਕੁੱਲ ਖਰਚੇ ਦਾ 80 ਤੋਂ 96 ਪ੍ਰਤੀਸ਼ਤ ਬਣਦਾ ਹੈ। ਮਾਲੀਆ ਪ੍ਰਾਪਤੀਆਂ ਅਤੇ ਮਾਲੀਆ ਖਰਚਿਆਂ ਵਿਚਕਾਰ ਪਾੜੇ ਕਾਰਨ ਮਾਲੀਆ ਘਾਟਾ ਲਗਾਤਾਰ ਵਧ ਰਿਹਾ ਹੈ। ਪੰਜਾਬ ਦਾ ਮਾਲੀਆ ਘਾਟਾ 2019-20 ਹਿਸ 14,285 ਰਤੇਇ ਡੇ ਟਝਯ ਵੇ 2023-24 ਵਿਚ 28,215 ਕਰੋੜ ਰੁਪਏ ਹੋ ਗਿਆ, ਜੋ ਕਿ ਕੁੱਲ ਰਾਜ ਘਰੇਲੂ ਉਤਪਾਦ ਦਾ 379 ਪ੍ਰਤੀਸ਼ਤ ਹੈ। ਰਿਪੋਰਟ ਅਨੁਸਾਰ ਸੂਬਾ ਸਰਕਾਰ ਵਿਕਾਸ ਪ੍ਰੋਜੈਕਟਾਂ ਵਿਚ ਨਿਵੇਸ਼ ਕਰਨ ਦੀ ਬਜਾਏ ਆਪਣੇ ਰੋਜ਼ਾਨਾ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਉਧਾਰ ਲੈ ਰਿਹਾ ਹੈ। ਆਡਿਟ ਵਿਚ ਇਹ ਵੀ ਖੁਲਾਸਾ ਹੋਇਆ ਹੈ ਕਿ ਉਧਾਰ ਲਏ ਫੰਡਾਂ ਨੂੰ ਪੂੰਜੀ ਨਿਰਮਾਣ ਲਈ ਬਹੁਤ ਘੱਟ ਵਰਤਿਆ ਜਾ ਰਿਹਾ ਹੈ। ਪੰਜਾਬ ਨੇ 2023-24 ਵਿਚ ਪੂੰਜੀਖਰਚ 'ਤੇ ਸਿਰਫ 4743 ਕਰੋੜ ਰੁਪਏ ਖਰਚ ਕੀਤੇ ਹਨ। ਜਿਹੜਾ ਕੁੱਲ ਖਰਚ ਦਾ ਸਿਰਫ 3.88 ਪ੍ਰਤੀਸ਼ਤ ਸੀ। ਇਹ ਰਾਜ ਦੇ ਕੁੱਲ ਉਧਾਰ ਦਾ ਸਿਰਫ 4.40 ਪ੍ਰਤੀਸ਼ਤ ਸੀ। ਇਸ ਨਾਲ ਸਪਸ਼ਟ ਹੈ ਕਿ ਉਧਾਰ ਲਏ ਗਏ ਫੰਡਾਂ ਦੀ ਵਰਤੋਂ ਵਿਕਾਸ ਦੀ ਬਜਾਏ ਮੌਜੂਦਾ ਖਰਚ ਅਤੇ ਪੁਰਾਣੇ ਕਰਜ਼ਿਆਂ ਦੀ ਅਦਾਇਗੀ ਲਈ ਕੀਤੀ ਜਾ ਰਹੀ ਹੈ। ਰਾਜ ਦੇ ਮਾਲੀਆ ਖਰਚ ਦਾ ਇੱਕ ਵੱਡਾ ਹਿੱਸਾ ਸਥਿਰ ਖਰਚਿਆਂ ਵਿਚ ਬੱਝਿਆ ਹੋਇਆ ਹੈ।ਵਿਤੀ ਸਾਲ 2023-24 ਵਿਚ ਵਿਆਜ ਭੁਗਤਾਨ, ਤਨਖਾਹਾਂ ਅਤੇ ਪੈਨਸ਼ਨਾਂ ਮਿਲ ਕੇ ਮਾਲੀਆ ਖਰਚ ਦਾ 65 ਪ੍ਰਤੀਸ਼ਤ ਸਨ। ਇਹ 2019-20 ਵਿਚ 69 ਪ੍ਰਤੀਸ਼ਤ ਤੋਂ ਥੋੜ੍ਹਾ ਘੱਟ ਹੈ, ਪਰ ਫਿਰ ਵੀ ਖਰਚ ਦਾ ਸਭ ਤੋਂ ਵੱਡਾ ਹਿੱਸਾ ਬਣਦਾ ਹੈ। ਕੰਟਰੋਲਰ ਅਤੇ ਆਡੀਟਰ ਜਨਰਲ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਆਮਦਨ ਅਤੇ ਖਰਚ ਵਿਚਕਾਰ ਵਧ ਰਹੇ ਪਾੜੇ ਨੂੰ ਕੰਟਰੋਲ ਨਾ ਕੀਤਾ ਗਿਆ ਅਤੇ ਪੂੰਜੀ ਨਿਵੇਸ਼ ਨੂੰ ਨਾ ਵਧਾਇਆ ਗਿਆ, ਤਾਂ ਰਾਜ ਦੀ ਲੰਬੇ ਸਮੇਂ ਦੀ ਵਿੱਤੀ ਸਥਿਰਤਾ ਗੰਭੀਰ ਰੂਪ ਵਿੱਚ ਪ੍ਰਭਾਵਿਤ ਹੋ ਸਕਦੀ ਹੈ।

## ਸਦਨ ਦੇ ਅੰਦਰ ਰਾਜਨੀਤਕ ਸਟੰਟਬਾਜ਼ੀ ਸੰਵਿਧਾਨ ਦੀ ਮਰਿਆਦਾ ਦੇ ਖ਼ਿਲਾਫ਼: ਅਸ਼ਵਨੀ ਸ਼ਰਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਮੰਤਰੀ ਅਤੇ ਵਿਧਾਇਕਾਂ ਵਲੋਂ ਅੱਜ ਵਿਧਾਨ ਸਭਾ ਦੇ ਅੰਦਰ ਚੋਲ਼ੇ ਪਾ ਕੇ ਕੀਤੇ ਪ੍ਰਦਰਸ਼ਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕੀਤੀ ਨਾਅਰੇਬਾਜ਼ੀ 'ਤੇ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਵਲੋਂ ਸਵਾਲ ਚੁੱਕੇ ਗਏ ਹਨ। ਇਜਲਾਸ ਦੀ ਸਮਾਪਤੀ ਮਗਰੋਂ ਵਿਧਾਨ ਸਭਾ



ਮੀਡੀਆ ਗੈਲਰੀ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਜਪਾ ਵਿਧਾਇਕ ਅਤੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਸਦਨ ਦੇ ਅੰਦਰ ਹੋਈ ਇਹ ਘਟਨਾ ਸੰਵਿਧਾਨ ਅਤੇ ਸੰਸਦੀ ਪਰੰਪਰਾਵਾਂ ਦੀ ਮਰਿਆਦਾ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ

**ਵਿਧਾਨ ਸਭਾ ਦੇ ਅੰਦਰ ਚੋਲ਼ੇ ਪਾ ਕੇ ਕੀਤੇ ਪ੍ਰਦਰਸ਼ਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕੀਤੀ ਨਾਅਰੇਬਾਜ਼ੀ 'ਤੇ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਵਲੋਂ ਸਵਾਲ ਚੁੱਕੇ ਗਏ ਹਨ।**

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਾਰਾ ਕੁੱਝ ਸਪੀਕਰ ਦੇ ਸਾਹਮਣੇ ਹੋਇਆ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਦੇ ਨਾਮ 'ਤੇ ਰਾਜਨੀਤੀ ਕਰਨਾ ਤੇ ਫਿਰ ਉਸ ਦੀ ਮਰਿਆਦਾ ਨੂੰ ਹੀ ਅਣਦੇਖਾ ਕਰਨਾ ਦੋਹਰੇ ਮਾਪਦੰਡਾਂ ਨੂੰ ਦਰਸਾਉਂਦਾ ਹੈ।

## ਕਾਂਸ਼ੀ ਰਾਮ ਨੂੰ 'ਭਾਰਤ ਰਤਨ' ਦੇਣ ਸਬੰਧੀ ਪੰਜਾਬ ਵਿਧਾਨ ਸਭਾ ਵਲੋਂ ਮਤਾ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਨੂੰ ਭਾਰਤ ਰਤਨ ਦੇਣ ਲਈ ਮਤਾ ਪਾਸ ਕਰ ਦਿੱਤਾ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮਤੇ ਦਾ ਸਮਰਥਨ ਕਰਦੇ ਹੋਏ ਸ਼ਹੀਦ ਭਗਤ ਸਿੰਘ ਨੂੰ ਵੀ ਭਾਰਤ ਰਤਨ ਦੇਣ ਲਈ ਮਤਾ ਲਿਆਂਦਾ ਪਰ ਸਪੀਕਰ ਨੇ ਮਤਾ ਪੇਸ਼ ਕਰਨ ਦੀ ਆਗਿਆ ਨਹੀਂ ਦਿੱਤੀ। ਇਸੇ ਦੌਰਾਨ 'ਆਪ' ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਖ਼ਿਲਾਫ਼ ਨਿੰਦਾ ਮਤਾ ਪੇਸ਼ ਕੀਤਾ ਤਾਂ ਕਾਂਗਰਸੀ ਗੁੱਸੇ ਵਿਚ ਆ ਗਏ। ਕਾਂਗਰਸ ਨੇ ਵੈੱਲ ਵਿਚ ਸਪੀਕਰ ਦੀ ਕੁਰਸੀ ਦੇ ਸਾਹਮਣੇ ਆ ਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਸਦਨ ਤੋਂ ਵਾਕਆਊਟ ਕਰ ਗਏ। ਕਾਂਗਰਸ ਵਿਧਾਇਕਾਂ ਦੀ ਗ਼ੈਰ-ਹਾਜ਼ਰੀ ਵਿਚ ਸਦਨ ਨੇ ਬਾਜਵਾ ਖਿਲਾਫ਼ ਨਿੰਦਾ ਮਤਾ ਪਾਸ ਕਰ ਦਿੱਤਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਰਕਾਰੀ ਮਤਾ ਪੇਸ਼ ਕਰਦੇ ਹੋਏ ਕਿਹਾ ਕਿ ਬਾਬੂ ਕਾਂਸ਼ੀ ਰਾਮ ਨੇ ਦੇਸ਼ ਵਿਚ ਦਲਿਤ ਵਰਗ ਦੇ ਸਮਾਜਿਕ, ਆਰਥਿਕ ਨਿਆਂ ਲਈ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਮਤਾ ਪੇਸ਼ ਕਰਦਿਆਂ ਕਿਹਾ ਕਿ ਸਦਨ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰੇ ਕਿ ਡਾ. ਬੀ.ਆਰ. ਅੰਬੇਡਕਰ ਦੀ ਵਿਚਾਰਧਾਰਾ 'ਤੇ ਡਟਕੇ ਪਹਿਰਾ ਦੇਣ ਅਤੇ ਬਹੁਜਨ ਸਮਾਜ ਵਿਚ ਸਿਆਸੀ ਚੇਤਨਾ ਪੈਦਾ ਕਰਨ ਵਾਲੇ ਕਾਂਸ਼ੀ



ਰਾਮ ਨੂੰ 'ਭਾਰਤ ਰਤਨ' ਐਵਾਰਡ ਦਿੱਤਾ ਜਾਵੇ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮਤੇ ਦਾ ਸਮਰਥਨ ਕਰਦਿਆਂ ਦਲੀਲ ਦਿੱਤੀ ਕਿ ਆਪ' ਸਰਕਾਰ ਨੇ ਇਹ ਮਤਾ ਰਾਹੁਲ ਗਾਂਧੀ ਤੋਂ ਪ੍ਰੇਰਿਤ ਹੋ ਕੇ ਲਿਆਂਦਾ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ 2016 ਵਿਚ, 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਾਂਸ਼ੀ ਰਾਮ ਲਈ 'ਭਾਰਤ' ਰਤਨ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ, ''ਉੱਤਰ ਪ੍ਰਦੇਸ਼ ਵਿਚ ਕਾਂਗਰਸ ਦਾ ਦੀਵਾ ਬੁੱਝ ਗਿਆ ਹੈ ਅਤੇ ਪੰਜਾਬ ਵਿਚ ਫੜਫੜਾ ਰਿਹਾ ਹੈ, ਇਸ ਕਰ ਕੇ ਰਾਹੁਲ ਗਾਂਧੀ ਨੇ ਇਹ ਮੰਗ ਕੀਤੀ ਹੈ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਹਰਭਜਨ ਸਿੰਘ ਈਟੀਓ, ਕੁਲਵੰਤ ਸਿੰਘ ਪੰਡੋਰੀ, ਪਰਗਟ ਸਿੰਘ, ਸੁਖਵਿੰਦਰ ਕੋਟਲੀ, ਡਾ. ਸੁਖਵਿੰਦਰ ਸੁੱਖੀ, ਡਾ. ਨਛੱਤਰਪਾਲ ਨੇ ਵੀ ਮਤੇ ਦਾ ਸਮਰਥਨ ਕੀਤਾ। ਇਸੇ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਲਈ ਭਾਰਤ ਰਤਨ ਦੀ ਮੰਗ ਕੀਤੀ। ਉਨ੍ਹਾਂ ਵਿਧਾਨ ਸਭਾ ਵਿਚ ਮਤਾ ਪੇਸ਼ ਕਰਨ ਦੀ ਇਜ਼ਾਜਤ ਸੀ।

## ਚਾਰ ਸਾਲਾਂ ਵਿਚ ਸਾਰੇ ਵਾਅਦੇ ਪੂਰੇ ਕਰਨ ਦੇ ਦਾਅਵੇ ਝੂਠੇ: ਵੜਿੰਗ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵਲੋਂ ਅੱਜ ਆਪਣੀ ਸਰਕਾਰ ਦੀਆਂ ਚਾਰ ਸਾਲ ਦੀਆਂ ਪ੍ਰਾਪਤੀਆਂ ਦੇਣ ਮਗਰੋਂ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜਿੱਥੇ ਮੁੱਖ ਮੰਤਰੀ ਦੇ ਦਾਅਵਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ ਉੱਥੇ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਮੁੱਖ ਮੰਤਰੀ 'ਤੇ ਪਲਟਵਾਰ ਕਰਦਿਆਂ ਉਨ੍ਹਾਂ ਨੂੰ ਖੁੱਲ੍ਹਾ ਚੈਲੇਂਜ ਕਰਦਿਆਂ ਕਿਹਾ ਕਿ ਲੋਕ ਸਭਾ ਦਾ ਇਜਲਾਸ ਛੱਡ ਕੇ ਆਉਣ ਨੂੰ ਤਿਆਰ ਹਨ ਗੈਂਗਸਟਰਾਂ ਦੇ ਮੁੱਦੇ 'ਤੇ ਉਹ ਮੇਰੇ ਨਾਲ ਲਾਈਵ ਬਹਿਸ ਕਰ ਲੈਣ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਸਰਕਾਰ ਵਲੋਂ ਚਾਰ ਸਾਲਾਂ ਵਿਚ ਸਾਰੇ ਵਾਅਦੇ ਪੂਰੇ ਕਰਨ ਦੇ ਦਾਅਵੇ ਨੂੰ ਬੇਸ਼ਰਮੀ ਭਰਿਆ ਝੂਠ ਕਰਾਰ ਦਿੱਤਾ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਨਾਲ ਬਹਿਸ ਕਰਨ ਲਈ ਲੋਕ ਸਭਾ ਦਾ ਚਲਦਾ ਇਜਲਾਸ ਛੱਡ ਕੇ ਵੀ ਆਉਣ ਨੂੰ ਤਿਆਰ ਹਾਂ।

## ਜੇਕਰ ਰੰਗ ਬਦਲਣ ਨਾਲ ਕ੍ਰਾਂਤੀ ਆਉਂਦੀ ਤਾਂ ਗਿਰਗਿਟ ਸਭ ਤੋਂ ਵੱਡਾ ਕ੍ਰਾਂਤੀਕਾਰੀ ਹੁੰਦਾ: ਜਾਖੜ

**ਚੰਡੀਗੜ੍ਹ:** ਪੰਜਾਬ 'ਚ ਰੋਜ਼ਾਨਾ ਹੋ ਰਹੀਆਂ ਅਪਰਾਧਿਕ ਘਟਨਾਵਾਂ ਕਾਰਨ ਲੋਕ ਡਰ ਅਤੇ ਅਸੁਰੱਖਿਆ 'ਚ ਜੀਅ ਰਹੇ ਹਨ। ਲੋਕਾਂ ਨੂੰ ਫਿਰੌਤੀ ਦੇ ਫ਼ੋਨ ਆ ਰਹੇ ਹਨ, ਜਦਕਿ ਸਰਕਾਰ ਦਾਅਵਾ ਕਰ ਰਹੀ ਹੈ ਕਿ ਸਭ ਕੁੱਝ ਕਾਬੂ ਵਿਚ ਹੈ। ਇਹ ਦੋਸ਼ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਚੰਡੀਗੜ੍ਹ ਵਿਖੇ ਲਗਾਏ। ਜਾਖੜ ਨੇ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਚਾਰ ਸਾਲ ਪੂਰੇ



ਹੋਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਸੂਬੇ 'ਤੇ ਚੜ੍ਹਦਾ ਭਾਰੀ ਕਰਜ਼ਾ ਅਤੇ ਗੈਂਗਸਟਰਵਾਦ ਤੇ ਨਸ਼ਿਆਂ ਦਾ ਵਧਦਾ ਪਸਾਰ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਗੈਂਗਸਟਰਵਾਦ ਨੂੰ ਅੰਤਰਰਾਸ਼ਟਰੀ ਸਮੱਸਿਆ ਕਹਿ ਕੇ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੇ। ਸੂਬਾ ਪ੍ਰਧਾਨ ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੇ 'ਸੁਪਰ ਮੁੱਖ ਮੰਤਰੀ ਹੁਣ ਮਾਇਨਿੰਗ ਤੋਂ 20,000 ਕਰੋੜ ਦੀ ਆਮਦਨੀ ਦੇ ਆਪਣੇ ਚੋਣ ਵਾਅਦੇ 'ਤੇ ਚੁੱਪ ਕਿਉਂ ਹਨ। 'ਸਿੱਖਿਆ ਕ੍ਰਾਂਤੀ ਮਾਡਲ' ਨੂੰ ਨਾਕਾਮ ਕਰਾਰ ਦਿੰਦਿਆਂ ਜਾਖੜ ਨੇ ਕਿਹਾ ਕਿ ਜੇਕਰ ਰੰਗ ਬਦਲਣ ਨਾਲ ਕ੍ਰਾਂਤੀ ਆਉਂਦੀ ਤਾਂ ਗਿਰਗਿਟ ਸਭ ਤੋਂ ਵੱਡਾ ਕ੍ਰਾਂਤੀਕਾਰੀ ਹੁੰਦਾ।

## 'ਮੋਦੀ ਨੇ ਕੀਤਾ ਸਰੈਂਡਰ, ਗਾਇਬ ਹੋਇਆ ਸਿਲੰਡਰ'

ਪ੍ਰਸ਼ਨਕਾਲ ਸ਼ੁਰੂ ਹੁੰਦਿਆਂ ਹੀ ਹੁਕਮਰਾਨ ਧਿਰ ਨੇ ਸਿਲੰਡਰਾਂ ਦੀ ਘਾਟ ਨੂੰ ਲੈ ਕੇ ਸਦਨ ਦੇ ਅੰਦਰ ਅਤੇ ਬਾਹਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ਼ ਪ੍ਰਦਰਸ਼ਨ ਕੀਤਾ। ਸੱਤਾ ਧਿਰ ਦੇ ਵਿਧਾਇਕ ਕੇਂਦਰ ਸਰਕਾਰ ਦੇ ਖਿਲਾਫ਼ ਚੋਲੇ ਪਾ ਕੇ ਆਏ ਜਿਨ੍ਹਾਂ 'ਤੇ ਨਾਅਰਾ ''ਮੋਦੀ ਨੇ ਕੀਤਾ ਸਰੈਂਡਰ (ਆਤਮ ਸਮਰਪਣ) ਗਾਇਬ ਹੋਇਆ ਸਿਲੰਡਰ' ਲਿਖਿਆ ਸੀ। ਪ੍ਰਸ਼ਨਕਾਲ 'ਚ ਸਪੀਕਰ ਨੇ ਉਨ੍ਹਾਂ ਨੂੰ ਪ੍ਰਦਰਸ਼ਨ ਕਰਨ 'ਤੇ ਰੋਕਿਆ ਪਰ ਹੁਕਮਰਾਨ



ਧਿਰ ਨੇ ਨਾਅਰੇਬਾਜ਼ੀ ਜਾਰੀ ਰੱਖੀ। ਲੁਧਿਆਣਾ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ। ਪੱਪੀ ਨੇ ਆਪਣੇ ਇਲਾਕੇ ਵਿਚ ਨਸ਼ਾ ਛੁਡਾਊ ਕੇਂਦਰਾਂ ਵਿਚ ਬਿਸਤਰਿਆਂ ਦੀ ਗਿਣਤੀ ਵਧਾਉਣ ਦਾ ਮੁੱਦਾ ਉਠਾਇਆ। ਸਪੀਕਰ ਨੇ ਜਵਾਬ ਦਿੱਤਾ, ''ਨਹੀਂ, ਉਹ ਤਾਨਾਸ਼ਾਹੀ ਦੀ ਗੱਲ ਕਰ ਰਹੇ ਸਨ।'' ਸਪੀਕਰ ਦੇ ਤਾਨਾਸ਼ਾਹੀ ਵਾਲੀ ਗੱਲ ਬਾਅਦ ਹੁਕਮਰਾਨ ਧਿਰ ਨੇ ਮੋਦੀ ਸਰਕਾਰ ਦੇ ਖਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

# ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਵਲੋਂ ਸਿਕਲੀਗਰ ਪਰਿਵਾਰਾਂ ਦੇ ਬੱਚਿਆਂ ਨੂੰ ਜ਼ਰੂਰਤ ਦਾ ਸਮਾਨ ਭੇਟ

**ਸਾਨ ਫਰਾਂਸਿਸਕੋ:** ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਲੈ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਉਨ੍ਹਾਂ ਲਈ ਹਥਿਆਰ ਬਣਾਉਣ ਵਾਲੀ 'ਸਿਕਲੀਗਰ ਬਰਾਦਰੀ' ਦੀ ਹੋਂਦ ਅੱਜ ਖਤਰੇ 'ਚ ਹੈ। ਆਪਣੀ ਹੋਂਦ ਬਚਾਉਣ ਖਾਤਰ ਇਸ ਬਰਾਦਰੀ ਨੂੰ ਬਹੁਤ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਲੱਖਾਂ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਸਿਕਲੀਗਰ ਬਰਾਦਰੀ ਨੇ ਆਪਣਾ ਸਿੱਖੀ ਸਰੂਪ ਨਹੀਂ ਤਿਆਗਿਆ। ਇਨ੍ਹਾਂ ਪਰਿਵਾਰਾਂ ਦੀ ਮਦਦ ਕਰਨੀ ਸਮੁੱਚੇ ਸਿੱਖ ਪੰਥ ਦਾ ਫਰਜ਼ ਹੈ। ਇਸੇ ਮਕਸਦ ਨੂੰ ਮੁੱਖ ਰੱਖਦਿਆਂ ਗਾਖਲ ਗਰੁੱਪ ਯੂ.ਐੱਸ.ਏ. ਅਤੇ ਗਾਖਲ ਪਰਿਵਾਰ ਵਲੋਂ ਮਹਾਂਰਾਸ਼ਟਰ ਦੇ ਜ਼ਿਲ੍ਹਾ ਏਕਤਾ ਨਗਰ ਦੇ ਪਿੰਡ ਨੰਦੁਰਬਾਰ ਵਿਖੇ ਸੇਵਾਦਾਰ ਭਾਈ ਆਤਮਾਰਾਮ ਸਿੰਘ ਰਾਹੀਂ ਸੈਂਕੜੇ ਸਿਕਲੀਗਰ ਬੱਚਿਆਂ ਨੂੰ ਜ਼ਰੂਰਤ ਦਾ ਸਮਾਨ ਦਿੱਤਾ ਗਿਆ। ਇਸ ਮੌਕੇ ਮਹਾਰਾਸ਼ਟਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੀ ਹਾਜ਼ਰ ਸਨ। ਉਨ੍ਹਾਂ ਵਾਅਦਾ ਕੀਤਾ ਕਿ ਇਨ੍ਹਾਂ ਪਰਿਵਾਰਾਂ ਨੂੰ ਘਰਾਂ ਦੇ ਮਾਲਕ ਵੀ ਬਣਾਇਆ ਜਾਵੇਗਾ। ਦੱਸਣਯੋਗ ਹੈ ਕਿ ਗਾਖਲ ਪਰਿਵਾਰ ਵਲੋਂ ਸਿਕਲੀਗਰ ਪਰਿਵਾਰਾਂ ਦੀ ਕਈ ਸਾਲਾਂ ਤੋਂ ਸੇਵਾ ਕੀਤੀ ਜਾ ਰਹੀ ਹੈ।




ਅਮੋਲਕ ਸਿੰਘ ਗਾਖਲ ਚੇਅਰਮੈਨ ਗਾਖਲ ਗਰੁੱਪ ਯੂ.ਐੱਸ.ਏ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸਾਂ ਜੋਤਾਂ ਦੀ ਮਿਹਰ ਨਾਲ ਅਸੀਂ ਇਹ ਸੇਵਾ ਕਰ ਰਹੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਹਮੇਸ਼ਾ ਇਹੋ ਜਿਹੀ ਸੇਵਾ ਕਰਦੇ ਰਹੀਏ। ਉਨ੍ਹਾਂ ਕਿਹਾ ਕਿ ਜਿਹੜੀ ਸਿਕਲੀਗਰ ਬਰਾਦਰੀ ਨੇ ਸਾਡੇ ਗੁਰੂ ਸਾਹਿਬਾਨ ਦੀ ਸੇਵਾ ਕੀਤੀ ਹੈ, ਸਾਡਾ ਫਰਜ਼ ਬਣਦਾ ਹੈ ਕਿ ਉਨ੍ਹਾਂ ਦੀ ਅੱਜ ਔਖੇ ਸਮੇਂ ਬਾਂਹ ਫ਼ੜੀਏ ਅਤੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# ਖ਼ਾਲਿਸਤਾਨ ਰਾਇਸ਼ੁਮਾਰੀ ਮਾਮਲਾ: ਹਾਈ ਕੋਰਟ ਵਲੋਂ ਮੁਲਜ਼ਮ ਨੂੰ ਜ਼ਮਾਨਤ

ਚੰਡੀਗੜ੍ਹ:ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 'ਖ਼ਾਲਿਸਤਾਨ ਰਿਫਰੈਂਡਮ 2020' ਨਾਲ ਜੁੜੇ ਵੱਖਵਾਦੀ ਅੰਦੋਲਨ ਨੂੰ ਕਥਿਤ ਤੌਰ 'ਤੇ ਉਤਸ਼ਾਹਿਤ ਕਰਨ ਦੇ ਦੋਸ਼ 'ਚ ਪੰਜਾਬ ਵਿਚ ਗ੍ਰਿਫ਼ਤਾਰ ਕੀਤੇ ਗਏ ਇਕ ਵਿਅਕਤੀ ਨੂੰ ਸੱਤ ਸਾਲਾਂ ਤੋਂ ਵੱਧ ਸਮੇਂ ਲਈ ਉਸ ਦੀ ਮੁਕੱਦਮੇ ਤੋਂ ਪਹਿਲਾਂ ਦੀ ਨਜ਼ਰਬੰਦੀ ਨੂੰ ਬਹੁਤ ਜ਼ਿਆਦਾ ਦੱਸਦਿਆਂ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਮੁਕੱਦਮੇ ਦੌਰਾਨ ਇੰਨੀ ਲੰਬੀ ਨਜ਼ਰਬੰਦੀ ਨਿਆਂ ਦੇ ਸਿਧਾਂਤਾਂ ਦੇ ਉਲਟ ਹੈ। ਇਸ ਨਾਲ ਗੰਭੀਰ ਬੇਇਨਸਾਫ਼ੀ ਵਾਲੀ ਸਥਿਤੀ ਪੈਦਾ ਹੋ ਸਕਦੀ ਹੈ। ਹਾਈ ਕੋਰਟ ਦੇ 1 ਡਵੀਜ਼ਨ ਬੈਂਚ ਨੇ




ਮਾਮਲੇ ਦੀ ਸੁਣਵਾਈ ਕਰਦਿਆਂ ਪਾਇਆ ਕਿ ਦੋਸ਼ੀ ਪਹਿਲਾਂ ਹੀ ਸੱਤ ਸਾਲ, ਦੋ ਮਹੀਨੇ ਅਤੇ 22 ਦਿਨ ਤੋਂ ਵੱਧ ਸਮਾਂ ਜੇਲ੍ਹ ਵਿਚ ਬਿਤਾ ਚੁੱਕਾ ਹੈ, ਜਦੋਂਕਿ ਮੁਕੱਦਮੇ ਦੀ ਸੁਣਵਾਈ ਅਜੇ ਵੀ ਜਾਰੀ ਹੈ। ਅਦਾਲਤ ਨੇ ਕਿਹਾ ਕਿ ਮਾਮਲੇ ਦੇ ਤੱਥਾਂ ਅਤੇ ਦੋਸ਼ੀ ਵਲੋਂ ਪੇਸ਼ ਕੀਤੀਆਂ ਗਈਆਂ। ਸ਼ਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਸ ਦੀ ਹੋਰ ਹਿਰਾਸਤ ਹੁਣ ਜ਼ਰੂਰੀ ਨਹੀਂ ਹੈ।

# ਚੀਨ ਵਲੋਂ ਫ਼ੌਜੀ ਕਾਰਵਾਈਆਂ ਬੰਦ ਕਰਨ ਦੀ ਅਪੀਲ



**ਬੀਜਿੰਗ:**ਚੀਨ ਨੇ ਸਾਰੀਆਂ ਧਿਰਾਂ ਨੂੰ ਪੱਛਮੀ ਏਸ਼ੀਆ 'ਚ ਫ਼ੌਜੀ ਕਾਰਵਾਈਆਂ ਨੂੰ ਤੁਰੰਤ ਬੰਦ ਕਰਨ ਦੀ ਅਪੀਲ ਕੀਤੀ। ਇਹ ਅਪੀਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਬੀਜਿੰਗ ਸਮੇਤ ਹੋਰ ਦੇਸ਼ਾਂ ਨੂੰ ਹੋਰਮੁਜ਼ ਜਲਡਮਰੂ ਨੂੰ ਅੰਤਰਰਾਸ਼ਟਰੀ ਆਵਾਜਾਈ ਲਈ ਖੁੱਲ੍ਹਾ ਰੱਖਣ 'ਚ ਮਦਦ ਕਰਨ ਦੀ ਬੇਨਤੀ ਦੇ ਜਵਾਬ 'ਚ ਆਈ ਹੈ। ਅਮਰੀਕਾ ਅਤੇ ਇਜ਼ਰਾਈਲੀ ਹਵਾਈ ਹਮਲਿਆਂ ਦੇ ਬਦਲੇ 'ਚ ਈਰਾਨ ਵਲੋਂ ਇਸ ਮਹੱਤਵਪੂਰਨ ਜਲਡਮਰੂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਕਰਨ ਨਾਲ ਵਿਸ਼ਵਵਿਆਪੀ ਊਰਜਾ ਤੇ ਵਪਾਰ ਪ੍ਰਵਾਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ, ਜਿਸ ਨਾਲ ਤੇਲ ਸਪਲਾਈ 'ਚ ਹੁਣ ਤੱਕ ਦਾ ਸਭ ਤੋਂ ਵੱਡਾ ਵਿਘਨ ਪਿਆ ਹੈ ਤੇ ਵਿਸ਼ਵਵਿਆਪੀ ਤੇਲ ਦੀਆਂ ਕੀਮਤਾਂ ਵਧ ਗਈਆਂ ਹਨ। ਚੀਨ ਨੇ ਇਹ ਵੀ ਕਿਹਾ ਕਿ ਉਹ ਇਸ ਮਹੀਨੇ ਦੇ ਅੰਤ 'ਚ ਟਰੰਪ ਦੀ ਬੀਜਿੰਗ ਦੀ ਯੋਜਨਾਬੱਧ ਯਾਤਰਾ ਬਾਰੇ ਅਮਰੀਕਾ ਨਾਲ ਗੱਲਬਾਤ ਕਰ ਰਿਹਾ ਹੈ। ਟਰੰਪ ਵਲੋਂ ਸਟੇਟ ਨੂੰ ਖੁੱਲ੍ਹਾ ਅਤੇ ਸੁਰੱਖਿਅਤ ਰੱਖਣ ਲਈ ਚੀਨ ਅਤੇ ਹੋਰ ਦੇਸ਼ਾਂ ਤੋਂ ਜੰਗੀ ਜਹਾਜ਼ਾਂ ਦੀ ਤਾਇਨਾਤੀ ਦੇ ਸੱਦੇ ਸੰਬੰਧੀ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਮੀਡੀਆ ਬ੍ਰੀਫਿੰਗ 'ਚ ਕਿਹਾ ਕਿ ਹੋਰਮੁਜ਼ ਜਲਡਮਰੂ ਤੇ ਆਲੇ-ਦੁਆਲੇ ਦੇ ਪਾਣੀਆਂ 'ਚ ਹਾਲ ਹੀ 'ਚ ਹੋਏ ਤਣਾਅ ਨੇ ਮਾਲ ਅਤੇ ਅੰਤਰਰਾਸ਼ਟਰੀ ਊਰਜਾ ਦੇ ਪ੍ਰਵਾਹ ਨੂੰ ਪ੍ਰਭਾਵਿਤ ਕੀਤਾ ਹੈ ਤੇ ਖੇਤਰੀ ਸ਼ਾਂਤੀ ਅਤੇ ਵਿਸ਼ਵਵਿਆਪੀ ਸਥਿਰਤਾ ਨੂੰ ਕਮਜ਼ੋਰ ਕੀਤਾ ਹੈ। ਲਿਨ ਨੇ ਕਿਹਾ ਕਿ ਚੀਨ ਇਕ ਵਾਰ ਫਿਰ ਸਾਰੀਆਂ ਧਿਰਾਂ ਨੂੰ ਤਣਾਅ ਨੂੰ ਹੋਰ ਵਧਣ ਤੋਂ ਰੋਕਣ ਅਤੇ ਖੇਤਰੀ ਅਸ਼ਾਂਤੀ ਨੂੰ ਵਿਸ਼ਵ ਆਰਥਿਕ ਵਿਕਾਸ 'ਤੇ ਵੱਡਾ ਪ੍ਰਭਾਵ ਪਾਉਣ ਤੋਂ ਰੋਕਣ ਲਈ ਫੌਜੀ ਕਾਰਵਾਈਆਂ ਨੂੰ ਤੁਰੰਤ ਰੋਕਣ ਦੀ ਅਪੀਲ ਕਰਦਾ ਹੈ।

# ਭਾਰਤ ਨੇ ਇਰਾਨ ਵਿਚੋਂ 550 ਤੋਂ ਵੱਧ ਨਾਗਰਿਕਾਂ ਨੂੰ ਕੱਢਿਆ

**ਨਵੀਂ ਦਿੱਲੀ:**ਭਾਰਤ ਨੇ ਆਪਣੇ 550 ਤੋਂ ਵੱਧ ਨਾਗਰਿਕਾਂ ਨੂੰ ਈਰਾਨ ਤੋਂ ਅਰਮੀਨੀਆ ਰਾਹੀਂ ਸੁਰੱਖਿਆ ਕੱਢ ਲਿਆ, ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਯੇਰੇਵਨ 'ਦਾ ਜ਼ਮੀਨੀ-ਸਰਹੱਦੀ ਆਵਾਜਾਈ ਦੀ ਸਹੂਲਤ ਲਈ ਧੰਨਵਾਦ ਕੀਤਾ। ਨਵੀਂ ਦਿੱਲੀ ਪੱਛਮੀ ਏਸ਼ੀਆ 'ਚ ਵਧਦੇ ਟਕਰਾਅ ਦੇ ਮੱਦੇਨਜ਼ਰ ਈਰਾਨ 'ਚ ਫਸੇ ਭਾਰਤੀ ਨਾਗਰਿਕਾਂ ਨੂੰ ਭਾਰਤ ਦੀ ਯਾਤਰਾ ਲਈ ਅਰਮੀਨੀਆ ਪਾਰ ਕਰਨ ਦੀ ਅਪੀਲ ਕਰ ਰਹੀ ਹੈ। ਬ੍ਰਸੇਲਜ਼ ਦੀ ਯਾਤਰਾ 'ਤੇ ਆਏ ਜੈਸ਼ੰਕਰ ਨੇ ਕਿਹਾ ਕਿ ਈਰਾਨ ਤੋਂ ਹੁਣ ਤੱਕ 550 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਦੀ ਸਹੂਲਤ ਦੇਣ ਲਈ ਸਰਕਾਰ ਤੇ ਅਰਮੀਨੀਆ ਦੇ ਲੋਕਾਂ ਦਾ ਧੰਨਵਾਦ।



ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਲਗਭਗ 9,000 ਭਾਰਤੀ ਈਰਾਨ 'ਚ ਰਹਿ ਰਹੇ ਹਨ ਤੇ ਭਾਰਤ ਸਰਕਾਰ ਉਨ੍ਹਾਂ ਲੋਕਾਂ ਦੀ ਮਦਦ ਕਰ ਰਹੀ ਹੈ, ਜੋ ਅਜ਼ਰਬਾਈਜਾਨ ਅਤੇ ਅਰਮੀਨੀਆ ਦੀ ਯਾਤਰਾ ਕਰਨਾ ਚਾਹੁੰਦੇ ਹਨ ਤਾਂ ਜੋ ਉਨ੍ਹਾਂ ਦੀ ਭਾਰਤ ਵਾਪਸੀ ਹੋ ਸਕੇ।


## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


### *ਨਵਾਂ ਤੇ ਵੱਡਾ ਮਹਾਨ ਕੋਸ਼*

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (English translation)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

**ਜਸਪ੍ਰੀਤ ਕੌਰ, ਫੋਨ: 224-422-4773**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਟਰੰਪ ਨੇ ਸੱਤ...

*(ਪਹਿਲੇ ਸਫ਼ੇ ਦਾ ਬਾਕੀ)*

ਲਗਦਾ ਹੈ ਕਿ ਇਹ ਨਾਟੋ ਦੇ ਭਵਿੱਖ ਲਈ ਬਹੁਤ ਮਾੜਾ ਹੋਵੇਗਾ। ਟਰੰਪ ਨੇ ਕਿਹਾ ਕਿ ਖਾੜੀ ਦੀ ਸੁਰੱਖਿਆ ਲਈ ਚੀਨ ਨੂੰ ਵੀ ਮਦਦ ਲਈ ਜੰਗੀ ਬੇੜੇ ਭੇਜਣੇ ਚਾਹੀਦੇ ਹਨ। ਰਾਇਟਰ ਮੁਤਾਬਕ, ਜਾਪਾਨ ਤੇ ਆਸਟ੍ਰੇਲੀਆ ਨੇ ਕਿਹਾ ਕਿ ਉਹ ਇਸ ਮਹੱਤਵਪੂਰਨ ਜਲ ਮਾਰਗ 'ਚ ਜਹਾਜ਼ਾਂ ਨੂੰ ਐਸਕਾਰਟ ਕਰਨ ਲਈ ਪੱਛਮੀ ਏਸ਼ੀਆ 'ਚ ਜਲ ਸੈਨਾ ਦੇ ਜਹਾਜ਼ ਭੇਜਣ ਦੀ ਯੋਜਨਾ ਨਹੀਂ ਬਣਾ ਰਹੇ।

## ਜੰਗ 'ਚ ਨਹੀਂ ਪਵੇਗਾ ਬ੍ਰਿਟੇਨ: ਸਟਾਰਮਰ

**ਲੰਡਨ:** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕਿਏਰ ਸਟਾਰਮਰ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦਾ ਦੇਸ਼ ਈਰਾਨ ਜੰਗ 'ਚ ਨਹੀਂ ਪਵੇਗਾ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਬ੍ਰਿਟੇਨ ਹੋਰਮੁਜ਼



ਸਟ੍ਰੇਟ ਨੂੰ ਮੁੜ ਤੋਂ ਖੋਲ੍ਹਣ ਲਈ ਇਕ ਸਮੂਹਕ ਯੋਜਨਾ 'ਤੇ ਸਹਿਯੋਗੀਆਂ ਦੇ ਨਾਲ ਮਿਲ ਕੇ ਕੰਮ ਕਰੇਗਾ, ਪਰ ਇਹ ਕੋਈ ਆਸਾਨ ਕੰਮ ਨਹੀਂ ਹੋਵੇਗਾ। ਇਧਰ, ਜਰਮਨੀ ਨੇ ਕਿਹਾ ਕਿ ਈਰਾਨ ਜੰਗ ਨਾਲ ਨਾਟੋ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਜਰਮਨ ਸਰਕਾਰ ਦੇ ਇਕ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਨਾ ਤਾਂ ਜੰਗ 'ਚ ਸ਼ਾਮਲ ਹੋਵੇਗਾ ਤੇ ਨਾ ਹੀ ਫ਼ੌਜੀ ਤਾਕਤ ਰਾਹੀਂ ਹੋਰਮੁਜ਼ ਨੂੰ ਖੁੱਲ੍ਹਾ ਰੱਖਣ ਦੀ ਮੁਹਿੰਮ 'ਚ ਸ਼ਾਮਲ ਹੋਵੇਗਾ। ਜਦਕਿ ਡੈਨਮਾਰਕ ਦੇ ਵਿਦੇਸ਼ ਮੰਤਰੀ ਲਾਰਸ ਲੋਕੇ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਨੂੰ ਖੁੱਲ੍ਹੇ ਦਿਮਾਗ ਨਾਲ ਸੋਚਣਾ ਚਾਹੀਦਾ ਹੈ ਕਿ ਇਸ ਮਾਮਲੇ 'ਚ ਕਿਵੇਂ ਯੋਗਦਾਨ ਦਿੱਤਾ ਜਾ ਸਕਦਾ ਹੈ।

## ਸਾਰੀਆਂ ਧਿਰਾਂ ਰੋਕਣ ਫ਼ੌਜੀ ਮੁਹਿੰਮ: ਚੀਨ

**ਬੀਜਿੰਗ:** ਟਰੰਪ ਦੀ ਜੰਗੀ ਬੇੜਾ ਭੇਜਣ ਦੀ ਮੰਗ 'ਤੇ ਚੀਨ ਨੇ ਸਾਰੀਆਂ ਧਿਰਾਂ ਨੂੰ ਪੱਛਮੀ



ਏਸ਼ੀਆ 'ਚ ਫ਼ੌਜੀ ਮੁਹਿੰਮ ਤੁਰੰਤ ਰੋਕਣ ਦੀ ਅਪੀਲ ਕੀਤੀ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਸੋਮਵਾਰ ਨੂੰ ਕਿਹਾ ਕਿ ਹੋਰਮੁਜ਼ ਸਟ੍ਰੇਟ ਤੇ ਆਲੇ-ਦੁਆਲੇ ਦੇ ਖੇਤਰ 'ਚ ਤਣਾਅ ਨੇ ਅੰਤਰਰਾਸ਼ਟਰੀ ਊਰਜਾ ਦੇ ਪ੍ਰਵਾਹ ਨੂੰ ਪ੍ਰਭਾਵਿਤ ਕੀਤਾ ਹੈ ਤੇ ਖੇਤਰੀ ਸ਼ਾਂਤੀ ਤੇ ਸਥਿਰਤਾ ਨੂੰ ਨੁਕਸਾਨ ਪਹੁੰਚਾਇਆ ਹੈ। ਚੀਨ ਮੁੜ ਸਾਰੀਆਂ ਧਿਰਾਂ ਨੂੰ ਫ਼ੌਜੀ ਮੁਹਿੰਮਾਂ ਨੂੰ ਤਤਕਾਲ ਰੋਕਣ ਦੀ ਅਪੀਲ ਕਰਦਾ ਹੈ।

## ਮੈਕਰੋਂ ਵਲੋਂ ਇਰਾਨ ਨੂੰ ਹਮਲੇ ਰੋਕਣ ਦੀ ਅਪੀਲ

ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲ ਮੈਕਰੋਂ ਨੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਆਨ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪੱਛਮੀ ਏਸ਼ੀਆ 'ਚ ਹਮਲੇ ਬੰਦ ਕਰਨ ਤੇ ਹੋਰਮੁਜ਼ ਸਟ੍ਰੇਟ ਤੋਂ ਆਵਾਜਾਈ ਬਹਾਲ ਕਰਨ ਦੀ ਅਪੀਲ ਕੀਤੀ। ਮੈਕਰੋਂ ਨੇ ਐਕਸ 'ਤੇ ਇਕ ਪੋਸਟ 'ਚ ਇਹ ਜਾਣਕਾਰੀ ਦਿੱਤੀ।



# ਨੇਤਨਯਾਹੂ ਨੇ ਸੋਸ਼ਲ ਮੀਡੀਆ 'ਤੇ ਆਪਣੀ ਮੌਤ ਦੀਆਂ ਅਫਵਾਹਾਂ 'ਤੇ ਇਕ ਹੋਰ ਵੀਡੀਓ ਕੀਤੀ ਪੋਸਟ

**ਯੇਰੂਸ਼ਲਮ:** ਆਪਣੀ ਮੌਤ ਬਾਰੇ ਸਾਜ਼ਿਸ਼ ਦੇ ਸਿਧਾਂਤਾਂ ਨੂੰ ਗਲਤ ਸਾਬਤ ਕਰਨ ਵਾਲੀ ਇੱਕ ਵੀਡੀਓ ਜਾਰੀ ਕਰਨ ਤੋਂ ਇੱਕ ਦਿਨ ਬਾਅਦ, ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸੋਮਵਾਰ ਨੂੰ ਇੱਕ ਹੋਰ ਵੀਡੀਓ ਜਾਰੀ ਕੀਤਾ ਜਿਸ ਵਿਚ ਇਹ ਦਿਖਾਇਆ ਗਿਆ ਹੈ ਕਿ ਉਹ ਜਿਉਂਦੇ ਹਨ। ਕਲਿੱਪ ਵਿੱਚ, ਨੇਤਨਯਾਹੂ ਨੂੰ ਦੋ ਕੁੜੀਆਂ ਨਾਲ ਫੋਟੋਆਂ ਖਿਚਵਾਉਂਦੇ ਦੇਖਿਆ ਜਾ ਸਕਦਾ ਹੈ।



ਉਹ ਇੱਕ ਔਰਤ ਨੂੰ ਆਪਣੇ ਕੁੱਤੇ ਨੂੰ ਘੁੰਮਾਉਂਦੇ ਹੋਏ ਉਸਦੇ ਕੁੱਤੇ ਦੀ ਨਸਲ ਬਾਰੇ ਵੀ ਪੁੱਛਦੇ ਹਨ ਹੈ ਅਤੇ ਯੇਰੂਸ਼ਲਮ ਦੇ ਦ੍ਰਿਸ਼ ਦੀ ਪ੍ਰਸ਼ੰਸਾ ਕਰਦੇ ਹਨ।ਯੇਰੂਸ਼ਲਮ ਬਹੁਤ ਸੁੰਦਰ ਹੈ। ਯੇਰੂਸ਼ਲਮ ਵਰਗਾ ਕੁਝ ਵੀ ਨਹੀਂ ਹੈ' ਉਨ੍ਹਾਂ ਨੂੰ ਵੀਡੀਓ ਵਿੱਚ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ।ਨੇਤਨਯਾਹੂ ਨੇ ਮੌਜੂਦਾ ਸੁਰੱਖਿਆ ਸਥਿਤੀ ਦੇ ਵਿਚਕਾਰ, ਲੋਕਾਂ ਨੂੰ ਤਾਜ਼ੀ ਹਵਾ ਲਈ ਬਾਹਰ ਜਾਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਨਾਲ ਹੀ ਆਸਰਾ ਸਥਾਨਾਂ ਦੇ ਨੇੜੇ ਵੀ ਰਹਿਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਸੋਮਵਾਰ ਦੇ ਵੀਡੀਓ ਵਿੱਚ, ਪ੍ਰਧਾਨ ਮੰਤਰੀ ਨੂੰ ਪਿਛਲੀ ਵੀਡੀਓ ਵਾਂਗ ਉਸੇ ਕੌਫੀ ਸ਼ਾਪ ਦੇ ਨੇੜੇ ਦੇਖਿਆ ਜਾ ਸਕਦਾ ਹੈ, ਅਤੇ ਉਹੀ ਕੱਪੜੇ ਪਹਿਨੇ ਹੋਏ ਹਨ। ਦੋਵਾਂ ਦੇਸ਼ਾਂ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ ਈਰਾਨ ਦੇ ਰੈਵੋਲਿਊਸ਼ਨਰੀ ਗਾਰਡ ਵੱਲੋਂ ਨੇਤਨਯਾਹੂ ਵਿਰੁੱਧ ਧਮਕੀਆਂ ਦੇਣ ਤੋਂ ਬਾਅਦ ਪਹਿਲਾ ਵੀਡੀਓ ਸਾਹਮਣੇ ਆਇਆ।

## ਘਰੇਲੂ ਮੋਰਚੇ 'ਤੇ ਵੀ...

*(ਪਹਿਲੇ ਸਫ਼ੇ ਦਾ ਬਾਕੀ)*

ਹੁੰਦੀ ਜਾ ਰਹੀ ਹੈ। ਰਿਪੋਰਟ ਮੁਤਾਬਕ, ਟਰੰਪ ਨੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਜਨਤਕ ਤੌਰ 'ਤੇ ਕੋਈ ਵਿਆਪਕ ਸਿਆਸੀ ਜਾਂ ਰਣਨੀਤਕ ਤਰਕ ਨਹੀਂ ਰੱਖਿਆ। ਫਾਰਸ ਦੀ ਖਾੜੀ 'ਚ ਅਮਰੀਕੀ ਫ਼ੌਜੀ ਇਕੱਠ ਨੂੰ ਉਨ੍ਹਾਂ ਨੇ ਪਹਿਲਾਂ ਈਰਾਨ ਦੇ ਪਰਮਾਣੂ ਪ੍ਰੋਗਰਾਮ 'ਤੇ ਦਬਾਅ ਬਣਾਉਣ ਦੀ ਰਣਨੀਤੀ ਦੱਸਿਆਸੀ, ਪਰ ਅਚਾਨਕ ਫ਼ੌਜੀ ਕਾਰਵਾਈ ਨੇ ਘਰੇਲੂ ਸਿਆਸੀ ਬਹਿਸ ਤੇਜ਼ ਕਰ ਦਿੱਤੀ ਹੈ।

ਮਾਹਰਾਂ ਦਾ ਕਹਿਣਾ ਹੈ ਕਿ ਅਮਰੀਕੀ ਜਨਤਾ ਆਮ ਤੌਰ 'ਤੇ ਉਨ੍ਹਾਂ ਜੰਗਾਂ ਨੂੰ ਜ਼ਿਆਦਾ ਸਮਰਥਨ ਦਿੰਦੀ ਹੈ ਜਿਨ੍ਹਾਂ ਰੱਖਿਆਤਮਕ ਜਾਂ ਹਮਲਾਵਰ ਤਾਕਤਾਂ ਕੰਟਰੋਲ ਦੇ ਰੂਪ 'ਚ ਪੇਸ਼ ਕੀਤਾ ਜਾਵੇ, ਪਰ ਸੱਤਾ ਬਦਲਾਅ ਦੇ ਉਦੇਸ਼ ਵਾਲੀਆਂ ਜੰਗਾਂ ਬਾਰੇ ਸ਼ੱਕ ਜ਼ਿਆਦਾ ਰਹਿੰਦਾ ਹੈ। ਇਸ ਸੰਦਰਭ 'ਚ ਸਿਆਸੀ ਵਿਗਿਆਨੀ ਬਰੂਸ ਜੇਂਟਲਸਨ ਦਾ ਮਤ ਹੈ ਕਿ ਜੰਗ ਦੇ ਉਦੇਸ਼ ਸਪਸ਼ਟ ਨਾ ਹੋਣ 'ਤੇ ਸਮਰਥਨ ਤੇਜ਼ੀ ਨਾਲ ਘਟਦਾ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਅਮਰੀਕੀ ਪ੍ਰਸ਼ਾਸਨ ਨੇ ਬੰਬਾਰੀ ਸ਼ੁਰੂ ਹੋਣ ਤੋਂ ਬਾਅਦ ਈਰਾਨ ਨੂੰ ਫ਼ੌਰੀ ਖ਼ਤਰਾ ਦੱਸਣ ਦੀ ਕੋਸ਼ਿਸ਼ ਕੀਤੀ, ਪਰ ਇਹ ਦਲੀਲ ਜ਼ਿਆਦਾ ਅਸਰਦਾਰ ਨਹੀਂ ਰਹੀ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਸ ਨੂੰ ਆਤਮਰੱਖਿਅਕ ਦੱਸਿਆ, ਜਦਕਿ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਜੰਗ ਦੀ ਫ਼ੌਜੀ ਕਾਰਵਾਈ ਨੂੰ ਸਖ਼ਤ ਭਾਸ਼ਾ 'ਚ ਸਹੀ ਠਹਿਰਾਉਣ ਦਾ ਯਤਨ ਕੀਤਾ। ਇਸੇ ਦੌਰਾਨ ਅਮਰੀਕੀ ਸਮਾਜ 'ਚ ਇਜ਼ਰਾਈਲ ਦੇ ਮੁੱਦੇ 'ਤੇ ਸਮਰਥਨ 'ਚ ਗਿਰਾਵਟ ਵੀ ਸਾਹਮਣੇ ਆਈ ਹੈ। ਹਾਲੀਆ ਸਰਵੇਖਣਾਂ 'ਚ ਪਹਿਲੀ ਵਾਰ ਇਸ ਸਦੀ 'ਚ ਜ਼ਿਆਦਾ ਅਮਰੀਕੀਆਂ ਨੇ ਆਪਣੀ ਹਮਦਰਦੀ ਫਲਸਤੀਨੀਆਂ ਨਾਲ ਦੱਸੀ।

## ਕਾਂਗਰਸ, ਭਾਜਪਾ ਤੇ ਅਕਾਲੀਆਂ ਨੂੰ ....

*(ਪਹਿਲੇ ਸਫ਼ੇ ਦਾ ਬਾਕੀ)*

ਪੁੱਛਗਿੱਛ ਕਰਨੀ ਹੈ ਤਾਂ ਇੱਥੇ ਆ ਕੇ ਕਰ ਲਓ। ਉਨ੍ਹਾਂ ਦੋਸ਼ ਲਗਾਇਆ ਕਿ ਅਜਿਹੇ ਗੈਂਗਸਟਰਾਂ ਦੀ ਵਰਤੋਂ ਭਾਜਪਾ ਆਪਣੇ ਫ਼ਾਇਦੇ ਲਈ ਕਰ ਰਹੀ ਹੈ। ਮਾਨ ਨੇ ਕੇਂਦਰ ਸਰਕਾਰ ਵਲੋਂ ਪੰਜਾਬ ਦਾ ਅੱਠ ਹਜ਼ਾਰ ਕਰੋੜ ਦਾ ਪੇਂਡੂ ਵਿਕਾਸ ਫੰਡ ਰੋਕੇ ਜਾਣ ਨੂੰ ਲੈ ਕੇ ਵੀ ਕਰੜੀ ਆਲੋਚਨਾ ਕੀਤੀ ਤੇ ਕਿਹਾ ਇਸ ਨੂੰ ਲੈਣ ਲਈ ਸਾਨੂੰ ਸੁਪਰੀਮ ਕੋਰਟ 'ਚ ਕੇਸ ਕਰਨਾ ਪਿਆ ਹੈ।ਉਨ੍ਹਾਂ ਕਿਹਾ ਕਿ ਉਹ ਹਰ ਥਾਂ ਡਬਲ ਇੰਜਣ ਦੀ ਸਰਕਾਰ ਦੀ ਗੱਲ ਕਰਦੇ ਰਹਿੰਦੇ ਹਨ ਪਰ ਜੇਕਰ ਇੰਜਣ ਪਟੜੀ 'ਤੇ ਹੋਵੇ ਤਾਂ ਸਿੰਗਲ ਇੰਜਣ ਹੀ ਕਾਫ਼ੀ ਹੈ।

### ਅੰਮ੍ਰਿਤਸਰ 'ਚ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਬਣੇਗਾ

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਮੋਹਾਲੀ ਦੇ ਬਾਅਦ ਦੂਜਾ ਅੰਤਰਰਾਸ਼ਟਰੀ ਸਟੇਡੀਅਮ ਅੰਮ੍ਰਿਤਸਰ 'ਚ ਬਣਾਇਆ ਜਾਏਗਾ। ਉਨ੍ਹਾਂ ਕਿਹਾ ਕਿ ਮੋਹਾਲੀ ਦੇ ਨਾਲ-ਨਾਲ ਪੰਜਾਬ ਕੋਲ ਅੰਮ੍ਰਿਤਸਰ 'ਚ ਵੀ ਇੰਟਰਨੈਸ਼ਨਲ ਏਅਰਪੋਰਟ ਹੈ ਜਿਸ ਦਾ ਫ਼ਾਇਦਾ ਕ੍ਰਿਕਟ ਸਟੇਡੀਅਮ ਨੂੰ ਹੋ ਸਕਦਾ ਹੈ।

### ਮਾਨ ਨੇ ਗਿਣਾਈਆਂ ਉਪਲਬਧੀਆਂ

ਪੰਜਾਬ ਦੇ ਸਰਕਾਰੀ ਸਕੂਲ ਹੁਣ ਪੜ੍ਹਾਈ ਦੇ ਮਾਮਲੇ 'ਚ ਦੇਸ਼ 'ਚ ਪਹਿਲੇ ਨੰਬਰ 'ਤੇ ਹਨ। ਡਿਜੀਟਲ ਕ੍ਰਾਂਤੀ ਦੇ ਕਾਰਨ 9,000 ਤੋਂ ਜ਼ਿਆਦਾ ਸਮਾਰਟ ਕਲਾਸਰੂਮ ਤੇ 5,000 ਕੰਪਿਊਟਰ ਲੈਬਸ ਖੋਲ੍ਹੀਆਂ ਗਈਆਂ ਹਨ। ਇਸੇ ਸਾਲ ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਜੇਈਈ ਮੇਨਸ ਤੇ 845 ਨੇ ਨੀਟ ਪਾਸ ਕੀਤੀ। ਕੰਟਰੈਕਟ 'ਤੇ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਪੱਕੀ ਨੌਕਰੀ ਦਿੱਤੀ ਗਈ ਹੈ। 15 ਹਜ਼ਾਰ ਤੋਂ ਜ਼ਿਆਦਾ ਨਵੇਂ ਅਧਿਆਪਕਾਂ ਦੀ ਭਰਤੀ ਵੀ ਕੀਤੀ ਗਈ ਹੈ। ਇਹੀ ਨਹੀਂ, ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਤੇ ਅਧਿਆਪਕਾਂ ਨੂੰ ਵਿਸ਼ਵ ਪੱਧਰੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

**ਸਿਹਤ:** 75 ਸਾਲਾਂ 'ਚ ਸਿਰਫ਼ 400 ਕਲੀਨਿਕ ਬਣੇ ਸਨ, ਅਸੀਂ ਚਾਰ ਸਾਲਾਂ 'ਚ 881 ਆਮ ਆਦਮੀ ਕਲੀਨਿਕ ਖੋਲ੍ਹੇ ਹਨ। 1,575 ਡਾਕਟਰਾਂ ਦੀ ਰਿਕਾਰਡ ਭਰਤੀ ਕੀਤੀ ਹੈ। ਮੁੱਖ ਮੰਤਰੀ ਸਿਹਤ ਯੋਜਨਾ ਦੇ ਤਹਿਤ ਪੰਜਾਬ ਦੇ ਹਰ ਪਰਿਵਾਰ ਨੂੰ ਵੱਡੇ ਪ੍ਰਾਈਵੇਟ ਹਸਪਤਾਲਾਂ 'ਚ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ, ਨਵਾਂਸ਼ਹਿਰ, ਲਹਿਰਾਗਾਗਾ, ਮਾਲੇਰਕੋਟਲਾ ਤੇ ਲੁਧਿਆਣਾ 'ਚ7 ਨਵੇਂ ਮੈਡੀਕਲ ਕਾਲਜ ਬਣਾਉਣ ਨਾਲ ਐੱਮਬੀਬੀਐੱਸ ਦੀਆਂ 600 ਨਵੀਆਂ ਸੀਟਾਂ ਹੋਣਗੀਆਂ, ਜਿਸ ਨਾਲ ਵਿਦਿਆਰਥੀਆਂ ਨੂੰ ਸੂਬੇ ਦੇ ਅੰਦਰ ਹੀ ਮੈਡੀਕਲ ਪੜ੍ਹਾਈ ਦੇ ਹੋਰ ਜ਼ਿਆਦਾ ਮੌਕੇ ਮਿਲਣਗੇ।

**ਬਿਜਲੀ ਸੁਧਾਰ :** ਪਹਿਲੀ ਵਾਰ ਕਿਸਾਨਾਂ ਨੂੰ ਸਿੰਚਾਈ ਲਈ ਦਿਨ ਦੇ ਸਮੇਂ ਅੱਠ ਘੰਟੇ ਲਗਾਤਾਰ ਬਿਜਲੀ ਮਿਲ ਰਹੀ ਹੈ। ਸੂਬੇ 'ਚ ਨਹਿਰੀ ਸਿੰਚਾਈ ਖੇਤਰ ਜਿੱਥੇ 2022 'ਚ 26 ਫ਼ੀਸਦੀ ਸੀ, ਉਹ ਵਧ ਕੇ ਹੁਣ 78 ਫ਼ੀਸਦੀ ਹੋ ਗਿਆ ਹੈ। ਕਿਸਾਨਾਂ ਨੂੰ ਗੰਨੇ ਲਈ ਪ੍ਰਤੀ ਕੁਇੰਟਲ 416 ਰੁਪਏ ਮਿਲ ਰਹੇ ਹਨ, ਜੋ ਦੇਸ਼ 'ਚ ਸਭ ਤੋਂ ਵੱਧ ਕੀਮਤ ਹੈ। ਪਰਾਲੀ ਦੇ ਪ੍ਰਬੰਧਨ ਲਈ ਮਸ਼ੀਨਰੀ ਖਰੀਦਣ 'ਤੇ ਸਬਸਿਡੀ ਦਿੱਤੀ ਜਾ ਰਹੀ ਹੈ। ਸੂਬੇ ਦੇ 90 ਫ਼ੀਸਦੀ ਪਰਿਵਾਰਾਂ ਨੂੰ ਹੁਣ ਬਿਜਲੀ ਦਾ ਬਿੱਲ ਜ਼ੀਰੋ ਆਉਂਦਾ ਹੈ। ਇਹੀ ਨਹੀਂ, ਬਿਜਲੀ ਦੀਆਂ ਦਰਾਂ 'ਚ ਕਮੀ ਕਰ ਕੇ ਵੀ ਲੋਕਾਂ ਨੂੰ ਰਾਹਤ ਦਿੱਤੀ ਗਈ ਹੈ। ਯੁੱਧ, ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ 68,389 ਐੱਫਆਈਆਰ ਦਰਜ ਕਰ ਕੇ 92,264 ਨੂੰ ਗ੍ਰਿਫ਼ਤਾਰ ਕੀਤਾ ਗਿਆ। ਵੱਡੀ ਮਾਤਰਾ 'ਚ ਹੈਰੋਇਨ ਜ਼ਬਤ ਕੀਤੀ ਗਈ ਹੈ ਤੇ 760 ਕਰੋੜ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। 1.5 ਲੱਖ ਤੋਂ ਵੱਧ ਮੈਂਬਰਾਂ ਵਾਲੀਆਂ ਵਿਲੇਜ ਡਿਫੈਂਸ ਕਮੇਟੀਆਂ ਨਸ਼ੇ ਖ਼ਿਲਾਫ਼ ਸਰਕਾਰ ਦੀਆਂ ਅੱਖਾਂ ਤੇ ਕੰਨ ਦੇ ਰੂਪ 'ਚ ਕੰਮ ਕਰ ਰਹੀਆਂ ਹਨ।

**ਔਰਤਾਂ ਦਾ ਸਤਿਕਾਰ :** 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ ਔਰਤਾਂ ਨੂੰ ਇਕ ਹਜ਼ਾਰ ਰੁਪਏ ਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1500 ਰੁਪਏ ਆਰਥਿਕ ਸਹਾਇਤਾ ਸਿੱਧੇ ਉਨ੍ਹਾਂ ਦੇ ਬੈਂਕ ਖਾਤੇ 'ਚ ਪਾਉਣ ਦੀ ਯੋਜਨਾ ਸ਼ੁਰੂ ਕੀਤੀ ਗਈ ਹੈ। ਔਰਤਾਂ ਨੂੰ ਮੁਫ਼ਤ ਬੱਸ ਯਾਤਰਾ ਦਾ ਲਾਭ ਵੀ ਦਿੱਤਾ ਜਾ ਰਿਹਾ ਹੈ। ਪੈਨਸ਼ਨ ਯੋਜਨਾਵਾਂ ਦਾ ਵਿਸਥਾਰ ਕੀਤਾ ਗਿਆ ਹੈ, ਜਿਸ ਨਾਲ ਲੱਖਾਂ ਨਵੇਂ ਲਾਭਪਾਤਰੀਆਂ ਨੂੰ ਫ਼ਾਇਦਾ ਮਿਲ ਰਿਹਾ ਹੈ।

**ਸਰਹੱਦ 'ਤੇ ਐਂਟੀ ਡ੍ਰੋਨ ਸਿਸਟਮ ਲਾਇਆ:** ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਸਰਹੱਦ ਪਾਰ ਡ੍ਰੋਨ ਖ਼ਤਰਿਆਂ ਨਾਲ ਨਜਿੱਠਣ ਲਈ ਉੱਨਤ ਐਂਟੀ ਫੋਨ ਸਿਸਟਮ ਖ਼ਰੀਦੇ ਗਏ ਹਨ। ਪੁਲਿਸ ਫੋਰਸ ਨੂੰ ਮਜ਼ਬੂਤ ਕਰਨ ਲਈ ਕੁੱਲ 12,197 ਮੁਲਾਜ਼ਮਾਂ ਦੀ ਭਰਤੀ ਕੀਤੀ ਗਈ ਹੈ। ਪੁਲਿਸ ਦੇ ਆਧੁਨਿਕੀਕਰਨ 'ਤੇ 1156 ਕਰੋੜ ਰੁਪਏ ਤੋਂ ਵੱਧ ਖ਼ਰਚ ਕੀਤਾ ਗਿਆ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਆਉਣ ਵਾਲਾ ਸਾਲ ਪੰਜਾਬ ਨੂੰ ਵਿਕਾਸ ਤੇ ਖ਼ੁਸ਼ਹਾਲੀ ਦੇ ਇਕ ਨਵੇਂ ਸ਼ਿਖਰ 'ਤੇ ਲਿਜਾਣ ਲਈ ਸਮਰਪਤ ਹੋਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਸਰਵਣ ਸਿੰਘ ਟਿਵਾਣਾ | ਡਾ. ਗੁਰਚਰਨ ਸਿੰਘ ਗਰੇਵਾਲ | ਅੰਮ੍ਰਿਤਪਾਲ ਸਿੰਘ ਸੰਘਾ |
| ਬਲਵਿੰਦਰ (ਵਿੱਕੀ) ਕੌਰ ਸੇਖੋਂ | ਜੈਦੇਵ ਸਿੰਘ ਭੱਠਲ | ਗੁਰਦੇਵ ਸਿੰਘ ਜੌੜਾ | ਭੁਪਿੰਦਰ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਪਰਮਿੰਦਰ ਸਿੰਘ ਵਾਲੀਆ | ਮਨਦੀਪ ਸਿੰਘ ਭੁਰਾ | ਹਰਵਿੰਦਰਪਾਲ ਸਿੰਘ ਲੈਲ |
| ਡਾ. ਇਨਕਲਾਬੀ ਬਾਂਦੀ | ਡਾ. ਹਰਗੁਰਮੁਖਪਾਲ ਸਿੰਘ | ਗੁਲਜ਼ਾਰ ਸਿੰਘ ਮੁਲਤਾਨੀ | ਜਗਜੀਤ ਸਿੰਘ ਢੀਂਡਸਾ |
| ਦਰਸ਼ਨ ਸਿੰਘ ਗਰੇਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਸੁਖਮੇਲ ਸਿੰਘ ਅਟਵਾਲ |
| ਹਰਦਿਆਲ ਸਿੰਘ ਢਿੱਲੋਂ | ਜਗਦੀਸ਼ਰ ਸਿੰਘ ਕਲੇਰ | ਗੁਰਵੀਰ ਸਿੰਘ ਗਿੱਲ | ਮੁਖਤਿਆਰ ਸਿੰਘ (ਹੈਪੀ ਹੀਰ) |
| ਡਾ. ਗੁਰਦਿਆਲ ਸਿੰਘ ਬਸਰਾਨ | ਰਘਬੀਰ ਸਿੰਘ ਘੁੰਨ | ਜਸਕਰਨ ਸਿੰਘ ਧਾਲੀਵਾਲ | ਆਗਿਆਪਾਲ ਸਿੰਘ ਬਾਠ |
| ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਅਮਰੀਕ ਸਿੰਘ (ਅਮਰ ਕਾਰਪੇਟ) | ਪਰਮਵੀਰ ਸਿੰਘ ਬੈਂਸ |
| | | | ਮਨਮਿੰਦਰ ਸਿੰਘ ਹੀਰ |
| | | | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |

# ਸ਼੍ਰੋਮਣੀ ਅਕਾਲੀ ਦਲ ਵਲੋਂ ਐਸ.ਸੀ. ਵਿੰਗ ਦੇ ਜਥੇਬੰਦਕ ਢਾਂਚੇ ਦਾ ਐਲਾਨ

## ਜ਼ੋਨ ਵਾਈਜ਼ ਪ੍ਰਧਾਨਾਂ ਦਾ ਵੀ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਐਸ.ਸੀ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਜਥੇਦਾਰ ਗੁਲਜਾਰ ਸਿੰਘ ਰਾਣੀਕੇ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਦਲ ਦੇ ਐਸ.ਸੀ ਵਿੰਗ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ। ਪਾਰਟੀ ਦੇ ਮੁੱਖ ਦਫਤਰ ਤੋਂ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਦੇ ਸਾਰੇ ਮਿਹਨਤੀ ਅਤੇ ਅਗਾਂਹਵਧੂ ਆਗੂਆਂ ਦੀ ਕਾਰਗੁਜਾਰੀ ਅਤੇ ਸੇਵਾ ਦੇ ਮੱਦੇਨਜਰ ਵੱਖ-ਵੱਖ ਜਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਅੱਜ ਜਾਰੀ ਸੂਚੀ ਵਿੱਚ 12 ਸੀਨੀਅਰ ਮੀਤ ਪ੍ਰਧਾਨ, 18 ਜਨਰਲ ਸਕੱਤਰ, 20 ਮੀਤ ਪ੍ਰਧਾਨ ਅਤੇ 21 ਸੰਯੁਕਤ ਸਕੱਤਰ ਬਣਾਏ ਗਏ ਹਨ। ਐਡਵੋਕੇਟ ਰਵਿੰਦਰ ਸਿੰਘ ਸੈਂਪਲਾ ਨੂੰ ਐਸ.ਸੀ ਵਿੰਗ ਦਾ ਦਫਤਰ ਸਕੱਤਰ ਅਤੇ ਮੁੱਖ ਬੁਲਾਰਾ ਨਿਯੁਕਤ ਕੀਤਾ ਗਿਆ ਹੈ।

ਉਪਰੋਕਤ ਤੋਂ ਇਲਾਵਾ ਜਥੇਬੰਦੀ ਨੂੰ ਮਜਬੂਤ ਕਰਨ ਲਈ ਪੂਰੇ ਪੰਜਾਬ ਨੂੰ ਪੰਜ ਜੋਨਾ ਵਿੱਚ ਵੰਡ ਕੇ ਹਰ ਜੋਨ ਦੀ ਜਿੰਮੇਵਾਰੀ ਇੱਕ ਜ਼ੋਨ ਪ੍ਰਧਾਨ ਨੂੰ ਸੌਂਪੀ ਗਈ ਹੈ। ਪੰਜਾਬ ਦੇ ਸਾਰੇ ਜ਼ਿਲਿਆਂ ਵਿੱਚ ਵਿੰਗ ਦੇ ਜਿਲਾ ਪ੍ਰਧਾਨ ਨਿਯੁਕਤ ਕੀਤੇ ਗਏ ਹਨ ਅਤੇ ਪਾਰਟੀ ਦਾ ਪ੍ਰਚਾਰ ਕਰਨ ਲਈ 9 ਪ੍ਰਚਾਰ ਸਕੱਤਰ ਬਣਾਏ ਗਏ ਹਨ।



ਜਥੇਬੰਦੀ ਦਾ ਵਿਸਥਾਰ ਹੇਠ ਲਿਖੇ ਅਨੁਸਾਰ ਹੈ :-

ਜਿਹਨਾਂ ਆਗੂਆਂ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਹੈ ਉਹਨਾਂ ਵਿੱਚ ਸੰਤ ਬਲਵੀਰ ਸਿੰਘ ਘੁੰਨਸ, ਸ. ਸੋਹਣ ਸਿੰਘ ਠੰਡਲ, ਸ. ਜੋਗਿੰਦਰ ਸਿੰਘ ਜਿੰਦੂ, ਸ਼੍ਰੀ ਦੇਸ ਰਾਜ ਸਿੰਘ ਧੁੱਗਾ, ਸ. ਬਿਕਰਮਜੀਤ ਸਿੰਘ ਖਾਲਸਾ, ਸ. ਦਰਬਾਰਾ ਸਿੰਘ ਗੁਰੂ, ਸ਼੍ਰੀ ਐਸ.ਆਰ ਕਲੇਰ, ਸ. ਸੂਬਾ ਸਿੰਘ ਬਾਦਲ, ਸ. ਬਲਦੇਵ ਸਿੰਘ ਖਹਿਰਾ, ਸ. ਹਰਪ੍ਰੀਤ ਸਿੰਘ ਮਲੋਟ, ਸ. ਰਾਮ ਸਿੰਘ ਸ਼੍ਰੀ ਅਨੰਦਪੁਰ ਸਾਹਿਬ ਅਤੇ ਸ. ਰਜਿੰਦਰ ਸਿੰਘ ਘੱਗਾ ਮਲੋਟ ਦੇ ਨਾਮ ਸ਼ਾਮਲ ਹਨ।

ਜਿਹਨਾਂ ਆਗੂਆਂ ਨੂੰ ਐਸ.ਸੀ ਵਿੰਗ ਦਾ ਜਨਰਲ ਸਕੱਤਰ ਬਣਾਇਆ ਗਿਆ ਹੈ ਉਹਨਾਂ ਵਿੱਚ ਸ. ਹਰਮੋਹਨ ਸਿੰਘ ਸੰਧੂ, ਸ. ਬਲਵਿੰਦਰ ਸਿੰਘ ਸੰਧੂ, ਸ. ਸੰਦੀਪ ਸਿੰਘ ਏ.ਆਰ, ਸ. ਗੁਰਚਰਨ ਸਿੰਘ ਸਿੱਧੂ ਬਠਿੰਡਾ, ਸ. ਮਾਨ ਸਿੰਘ ਗੁਰੂ ਭੁੱਚੋ ਮੰਡੀ, ਐਡਵੋਕੇਟ ਸਤਨਾਮ ਸਿੰਘ ਰਾਹੀ ਭਦੌੜ, ਸ. ਰਾਜਨਬੀਰ ਸਿੰਘ ਸ਼੍ਰੀ ਹਰਗੋਬਿੰਦਪੁਰ, ਸ. ਪ੍ਰੇਮ ਸਿੰਘ ਹਰਨਾਮਪੁਰਾ, ਸ. ਮੱਖਣ ਸਿੰਘ ਲਾਲਕਾ ਨਾਭਾ, ਸ਼੍ਰੀ ਕਮਲ ਕੁਮਾਰ ਬੰਗਾਲੀ ਅੰਮ੍ਰਿਤਸਰ, ਸ. ਹਰਚੰਦ ਸਿੰਘ ਬੜ੍ਹੂੰਦੀ, ਸ. ਗੁਰਪਾਲ ਸਿੰਘ ਖੇੜੀ ਰੋਪੜ, ਸ. ਤੇਜਾ ਸਿੰਘ ਖਾਲਸਾ ਲੁਧਿਆਣਾ, ਸ. ਹਰਿੰਦਰ ਸਿੰਘ ਵਿਰਕ ਲੁਧਿਆਣਾ, ਸ. ਅਮਨਬੀਰ ਸਿੰਘ ਸਿਆਲੀ ਅੰਮ੍ਰਿਤਸਰ, ਸ. ਸਵਰਨ ਸਿੰਘ ਹਰੀਪੁਰਾ, ਸ. ਹਜ਼ੂਰਾ ਸਿੰਘ ਬਲਾਚੌਰ ਅਤੇ ਸ. ਨਛੱਤਰ ਸਿੰਘ ਸੁਮਨ ਬੰਗਾ ਦੇ ਨਾਮ ਸ਼ਾਮਲ ਹਨ।


ਜਿਹਨਾਂ ਨੂੰ ਮੀਤ ਪ੍ਰਧਾਨ ਬਣਾਇਆ ਗਿਆ ਹੈ ਉਹਨਾਂ ਵਿੱਚ ਸ. ਬਲਜੀਤ ਸਿੰਘ ਜਲਾਲਉਸਮਾਂ, ਸ. ਗੁਰਿੰਦਰਪਾਲ ਸਿੰਘ ਰਣੀਕੇ, ਸ. ਗੁਲਜਾਰ ਸਿੰਘ ਦਿੜਬਾ, ਸ਼੍ਰੀ ਕਬੀਰ ਦਾਸ ਨਾਭਾ, ਡਾ. ਨਿਸ਼ਾਨ ਸਿੰਘ ਬੁਢਲਾਡਾ, ਐਡਵੋਕੇਟ ਪਰਮਜੀਤ ਸਿੰਘ ਕਪੂਰਥਲਾ, ਸ. ਕੇਵਲ ਸਿੰਘ ਬਾਦਲ, ਸ. ਬਲਜਿੰਦਰ ਸਿੰਘ ਠੇਕੇਦਾਰ ਫਗਵਾੜਾ, ਸ. ਪ੍ਰਗਟ ਸਿੰਘ ਬਨਵਾਲੀਪੁਰ, ਬੀਬੀ ਸਤਵੀਰ ਕੌਰ ਮਨਹੇੜਾ ਖਰੜ, ਸ਼੍ਰੀ ਗਿਆਨ ਚੰਦ ਭੱਟੀ ਕੋਹਾਲਾ, ਸ. ਸ਼ੇਰ ਸਿੰਘ ਬਾਲੇਵਾਲ ਸੰਗਰੂਰ, ਸ਼੍ਰੀ ਬਲਬੀਰ ਚੰਦ ਕੋਲਧਾਰ, ਸ. ਗੁਰਤੇਜ ਸਿੰਘ ਘੁੜਿਆਣਾ, ਸ. ਭਜਨ ਸਿੰਘ ਮਾਹਲ ਅੰਮ੍ਰਿਤਸਰ, ਸ਼੍ਰੀ ਹੁਸਨ ਚੰਦ ਮਠਾਣ ਰੋਪੜ, ਸ. ਸਮੁੰਦਰ ਸਿੰਘ ਖਰੜ, ਸ਼੍ਰੀ ਆਰ.ਪੀ. ਸਿੰਘ ਸ਼ੈਲੀ ਰੋਪੜ, ਸ. ਅਮਰਜੀਤ ਸਿੰਘ ਮੱਕੋਵਾਲ ਸਾਬਕਾ ਚੇਅਰਮੈਨ ਜਿਲਾ ਪ੍ਰੀਸ਼ਦ ਅਤੇ ਸ. ਪ੍ਰੀਤਮ ਸਿੰਘ ਬੁਰਜਹਸਨ ਦੇ ਨਾਮ ਸ਼ਾਮਲ ਹਨ। ਸ. ਰਣਬੀਰ ਸਿੰਘ ਬਲਾਚੌਰ ਨੂੰ ਐਸ.ਸੀ ਵਿੰਗ ਦਾ ਜੂਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਹੈ। ਸ. ਤਰਸੇਮ ਸਿੰਘ ਲਾਲਬਾਈ ਸ਼੍ਰੀ ਮੁਕਤਸਰ ਸਾਹਿਬ ਨੂੰ ਐਸ.ਸੀ ਵਿੰਗ ਦਾ ਜਥੇਬੰਦਕ ਸਕੱਤਰ ਬਣਾਇਆ ਗਿਆ ਹੈ।

# 'ਅਵਤਾਰ ਜੰਡਿਆਲਵੀ ਯਾਦਗਾਰੀ ਪੁਰਸਕਾਰ' ਡਾ. ਸਾਹਿਬ ਸਿੰਘ ਅਤੇ ਦੀਪ ਦੇਵਿੰਦਰ ਸਿੰਘ ਨੂੰ



ਅਵਤਾਰ ਜੰਡਿਆਲਵੀ

**ਚੰਡੀਗੜ੍ਹ:** ਪੰਜਾਬੀ ਦੇ ਪ੍ਰਮੁੱਖ ਸਾਹਿਤਕ ਰਸਾਲੇ 'ਹੁਣ' ਦੇ ਬਾਨੀ ਸੰਪਾਦਕ ਅਵਤਾਰ ਜੰਡਿਆਲਵੀ ਦੀ ਯਾਦ ਵਿੱਚ ਦਿੱਤੇ ਜਾਣ ਵਾਲੇ ਅਵਤਾਰ ਜੰਡਿਆਲਵੀ ਯਾਦਗਾਰੀ ਪੁਰਸਕਾਰ ਇਸ ਸਾਲ ਪ੍ਰਸਿੱਧ ਨਾਟਕਕਾਰ ਡਾ. ਸਾਹਿਬ ਸਿੰਘ ਅਤੇ ਕਹਾਣੀਕਾਰ ਦੀਪ ਦੇਵਿੰਦਰ ਸਿੰਘ



ਨੂੰ ਭੇਟ ਕੀਤੇ ਜਾਣਗੇ। ਇਹ ਐਲਾਨ 'ਹੁਣ' ਦੇ ਮੁੱਖ ਸੰਪਾਦਕ ਸੁਸ਼ੀਲ ਦੁਸਾਂਝ, ਪ੍ਰਬੰਧਕੀ ਸੰਪਾਦਕ ਰਵਿੰਦਰ ਸਹਿਰਾਅ ਅਤੇ ਸੰਪਾਦਕਾਂ ਸੁਰਿੰਦਰ ਸੋਹਲ, ਕਿਰਤਮੀਤ ਅਤੇ ਕਮਲ ਦੁਸਾਂਝ ਵੱਲੋਂ ਇੱਥੋਂ ਜਾਰੀ ਇਕ ਸਾਂਝੇ ਪ੍ਰੈੱਸ ਬਿਆਨ ਵਿਚ ਕੀਤਾ ਗਿਆ। ਇਹ ਪੁਰਸਕਾਰ 22 ਮਾਰਚ, ਦਿਨ ਐਤਵਾਰ ਨੂੰ ਚੰਡੀਗੜ੍ਹ ਦੇ ਬਾਬਾ ਸੋਹਣ ਸਿੰਘ ਭਕਨਾ ਆਡੀਟੋਰੀਅਮ, ਦੇਸ਼ ਸੇਵਕ ਅਖ਼ਬਾਰ, 8H-029 ਬੀ ਵਿੱਚ ਕਰਵਾਏ ਜਾਣ ਵਾਲੇ ਯਾਦਗਾਰੀ ਸਮਾਗਮ ਦੌਰਾਨ ਪ੍ਰਦਾਨ ਕੀਤੇ ਜਾਣਗੇ।

ਸਮਾਗਮ ਦੇ ਅਰੰਭਲੇ ਬੋਲ ਪੇਸ਼ ਕੀਤੇ ਜਾਣਗੇ। ਇਸ ਮੌਕੇ ਪ੍ਰਸਿੱਧ ਲੇਖਕ ਵਰਿਆਮ ਸਿੰਘ ਸੰਧੂ 'ਬਲ਼ਦੇ ਸਮਿਆਂ ਵਿਚ ਟਿਮਟਿਮਾਉਂਦੇ ਅੱਖਰਾਂ' ਦੇ ਸੰਦਰਭ ਵਿੱਚ ਆਪਣਾ ਮੁੱਖ ਭਾਸ਼ਣ ਦੇਣਗੇ। ਸਮਾਗਮ ਦੌਰਾਨ ਨਾਟਕਕਾਰ ਡਾ. ਸਾਹਿਬ ਸਿੰਘ ਦਾ ਨਵਾਂ ਨਾਟਕ 'ਤੂੰ ਅਗਲਾ ਵਰਕਾ ਫੋਲ' ਵੀ ਖੇਡਿਆ ਜਾਵੇਗਾ। ਇਸ ਨਾਟਕ ਦੇ ਲੇਖਕ ਅਤੇ ਨਿਰਦੇਸ਼ਕ ਖੁਦ ਡਾ. ਸਾਹਿਬ ਸਿੰਘ ਹਨ।

**ਇਹ ਐਲਾਨ 'ਹੁਣ' ਦੇ ਮੁੱਖ ਸੰਪਾਦਕ ਸੁਸ਼ੀਲ ਦੁਸਾਂਝ, ਪ੍ਰਬੰਧਕੀ ਸੰਪਾਦਕ ਰਵਿੰਦਰ ਸਹਿਰਾਅ ਅਤੇ ਸੰਪਾਦਕਾਂ ਸੁਰਿੰਦਰ ਸੋਹਲ, ਕਿਰਤਮੀਤ ਅਤੇ ਕਮਲ ਦੁਸਾਂਝ ਵੱਲੋਂ ਇੱਥੋਂ ਜਾਰੀ ਇਕ ਸਾਂਝੇ ਪ੍ਰੈੱਸ ਬਿਆਨ ਵਿਚ ਕੀਤਾ ਗਿਆ।**

ਇਸ ਮੌਕੇ ਕਈ ਪ੍ਰਮੁੱਖ ਸਾਹਿਤਕਾਰ ਅਤੇ ਰੰਗਕਰਮੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹਿਣਗੇ। ਉਚੇਚੇ ਤੌਰ 'ਤੇ ਪਹੁੰਚਣ ਵਾਲਿਆਂ ਵਿੱਚ ਡਾ. ਆਤਮਜੀਤ, ਡਾ. ਦੀਪਕ ਮਨਮੋਹਨ ਸਿੰਘ, ਦਵਿੰਦਰ ਦਮਨ, ਜਸਵੰਤ ਦਮਨ, ਦਰਸ਼ਨ ਬੁੱਟਰ, ਸੁਖਵਿੰਦਰ ਅੰਮ੍ਰਿਤ, ਸੁਰਿੰਦਰ ਗਿੱਲ,



ਡਾ.ਲਖਵਿੰਦਰ ਸਿੰਘ ਜੌਹਲ, ਡਾ. ਸ਼ਿੰਦਰਪਾਲ ਸਿੰਘ, ਬਲਵਿੰਦਰ ਸੰਧੂ, ਹਰਜੀਤ ਸਿੰਘ ਗਿੱਲ (ਕਨੇਡਾ), ਗੁਰਭੇਜ ਸਿੰਘ ਗੁਰਾਇਆ, ਮੱਖਣ ਸਿੰਘ ਕੁਹਾੜ, ਗੋਪਾਲ ਬੁੱਟਰ, ਐੱਸ. ਨਸੀਮ, ਦਲਜੀਤ ਸਿੰਘ ਸ਼ਾਹੀ, ਡਾ. ਸਵੈਰਾਜ ਸੰਧੂ, ਜੈਨਿੰਦਰ ਚੌਹਾਨ, ਪ੍ਰਤੀਕ ਸਹਿਦੇਵ ਅਤੇ ਗੁਰਵਿੰਦਰ ਕੌਰ ਗੌਰੀ ਦੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਜੰਡਿਆਲਵੀ ਪਰਿਵਾਰ ਵੱਲੋਂ ਸਵਰਨਜੀਤ ਕੌਰ ਜੌਹਲ, ਸਵੇਰ ਜੌਹਲ ਅਤੇ ਪ੍ਰਭਾਤ ਜੌਹਲ ਵੀ ਸਮਾਗਮ ਵਿੱਚ ਸ਼ਿਰਕਤ ਕਰਨਗੇ।

# ਭਾਜਪਾ ਵਲੋਂ 2027 'ਚ ਇਕੱਲੇ ਚੋਣ ਲੜਨ ਦਾ ਇਰਾਦਾ

## ਅਕਾਲੀਆਂ ਨਾਲ ਗਠਜੋੜ ਬਾਰੇ ਦੁਬਿਧਾ ਬਰਕਰਾਰ

**ਮੋਗਾ:** ਭਾਰਤੀ ਜਨਤਾ ਪਾਰਟੀ ਵੱਲੋਂ ਮੋਗਾ ਨੇੜੇ ਕੀਤੀ ਗਈ ਅਮਿਤ ਸ਼ਾਹ ਦੀ ਰੈਲੀ ਵਿਉਂਤਬੰਦੀ, ਇਕੱਠ ਅਤੇ ਸਮਾਜਿਕ ਸ਼ਿਰਕਤ ਪੱਖੋਂ ਬਹੁ-ਰੰਗੀ ਸੀ। ਕੇਸਰੀ ਦਸਤਾਰ ਪਾ ਕੇ ਆਏ ਅਮਿਤ ਸ਼ਾਹ ਨੇ ਬੇਸ਼ੱਕ ਭਾਜਪਾ ਲੀਡਰਸ਼ਿਪ ਦੀ ਇਹ ਇੱਛਾ ਤੇ ਮਨਸ਼ਾ ਜ਼ਾਹਿਰ ਕੀਤੀ ਕਿ ਪਾਰਟੀ ਇਸ ਵਾਰ ਇਕੱਲੇ ਚੋਣ ਲੜਨਾ ਚਾਹੁੰਦੀ ਹੈ ਅਤੇ ਇਸ ਲਈ ਤਿਆਰੀ ਕਰ ਰਹੀ ਹੈ, ਪਰ ਇਸ ਦੇ ਬਾਵਜੂਦ ਇੱਕ ਘਾਗ ਸਿਆਸਤਦਾਨ ਵਜੋਂ ਉਨ੍ਹਾਂ ਨੇ ਇਹ ਸਪਸ਼ਟ ਐਲਾਨ ਨਹੀਂ ਕੀਤਾ ਕਿ ਭਾਜਪਾ, ਅਕਾਲੀ ਦਲ ਜਾਂ ਕਿਸੇ ਹੋਰ ਦਲ ਨਾਲ ਕਿਸੇ ਵੀ ਹਾਲਤ ਵਿੱਚ ਗਠਜੋੜ ਨਹੀਂ ਕਰੇਗੀ।



ਉਨ੍ਹਾਂ ਨੇ ਆਪਣੇ ਪੂਰੇ ਭਾਸ਼ਣ ਵਿੱਚ ਇਹ ਨਹੀਂ ਕਿਹਾ ਕਿ ਭਾਜਪਾ ਸਾਰੀਆਂ 117 ਸੀਟਾਂ 'ਤੇ ਇਕੱਲੀ ਲੜੇਗੀ। ਇਸ ਦਾ ਗੂੜ੍ਹਾ ਅਰਥ ਇਹ ਹੈ ਕਿ ਇੱਕ ਸੁਲਝੇ ਹੋਏ ਨੇਤਾ ਵਜੋਂ ਉਨ੍ਹਾਂ ਨੇ ਭਵਿੱਖ ਵਿੱਚ ਗਠਜੋੜ ਦੀ ਗੁੰਜਾਇਸ਼ ਬਰਕਰਾਰ ਰੱਖੀ ਹੈ।

ਮਿਸਾਲ ਵਜੋਂ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਵੀ ਇਹੀ ਦਾਅਵਾ ਕਰਦਾ ਹੈ ਕਿ ਉਹ ਆਪਣੀ ਸਰਕਾਰ ਬਣਾਉਣਗੇ, ਉਨ੍ਹਾਂ ਨੇ ਵੀ ਕਦੇ ਗਠਜੋੜ ਦੀ ਸਰਕਾਰ ਦੀ ਗੱਲ ਨਹੀਂ ਕੀਤੀ।

**ਨਸ਼ੇ ਅਤੇ ਧਰਮ-** ਪਰਿਵਰਤਨ ਤੋਂ ਇਲਾਵਾ ਅਮਿਤ ਸ਼ਾਹ ਨੇ ਪੰਜਾਬ ਦੇ ਬੁਨਿਆਦੀ ਅਤੇ ਲੰਮੇ ਸਮੇਂ ਤੋਂ ਲਟਕਦੇ ਮੁੱਦੇ ਨਹੀਂ ਛੇੜੇ। ਉਨ੍ਹਾਂ ਨੇ ਮੋਦੀ ਸਰਕਾਰ ਨੂੰ ਸਿੱਖਾਂ ਦੀ ਹਮਾਇਤੀ ਦਰਸਾਉਂਦਿਆਂ ਕਾਂਗਰਸ ਨੂੰ ਸਿੱਖ ਵਿਰੋਧੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਆਮ ਆਦਮੀ ਪਾਰਟੀ 'ਤੇ ਭ੍ਰਿਸ਼ਟਾਚਾਰ ਅਤੇ ਕਾਨੂੰਨ ਵਿਵਸਥਾ ਦੇ ਦੋਸ਼ ਤਾਂ ਲਾਏ, ਪਰ ਕੋਈ ਅਜਿਹਾ ਠੋਸ ਤੱਥ ਜਾਂ ਐਲਾਨ ਨਹੀਂ ਕੀਤਾ ਜਿਸ ਨਾਲ 'ਆਪ' ਨੂੰ ਵੱਡੀ ਸੱਟ ਵੱਜੇ।

ਅਮਿਤ ਸ਼ਾਹ ਨੇ ਅਕਾਲੀ ਦਲ ਦਾ ਜ਼ਿਕਰ ਸਿਰਫ਼ ਪਿਛਲੀਆਂ ਸਰਕਾਰਾਂ ਦੇ ਪ੍ਰਸੰਗ ਵਿੱਚ ਕੀਤਾ, ਪਰ ਦਲ ਦੀ ਲੀਡਰਸ਼ਿਪ 'ਤੇ ਸਿੱਧੇ ਸਿਆਸੀ ਹਮਲੇ ਤੋਂ ਗੁਰੇਜ਼ ਕੀਤਾ। ਇਹ ਅਣਕਹੀ 'ਨਰਮੀ' ਕਾਫ਼ੀ ਅਹਿਮ ਹੈ। ਹਾਲਾਂਕਿ ਸ਼ਾਹ ਦਾ 19 ਫ਼ੀਸਦੀ ਵੋਟਾਂ ਵਾਲਾ ਫਾਰਮੂਲਾ ਵਜ਼ਨਦਾਰ ਲੱਗਦਾ ਹੈ, ਪਰ ਪੰਜਾਬ ਦਾ ਸਿਆਸੀ ਸੁਭਾਅ ਦੂਜੇ ਸੂਬਿਆਂ ਨਾਲੋਂ ਵੱਖਰਾ ਹੈ। ਇੱਕ ਅਹਿਮ ਸਵਾਲ ਇਹ ਵੀ ਉੱਠਿਆ ਕਿ ਹਫ਼ਤੇ ਵਿੱਚ ਦੋ-ਦੋ ਚੱਕਰ ਲਾਉਣ ਵਾਲੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਰੈਲੀ ਵਿੱਚ ਕਿਉਂ ਨਹੀਂ ਆਏ?

ਇਸ ਤੋਂ ਇਲਾਵਾ, ਅਮਿਤ ਸ਼ਾਹ ਨੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੂੰ ਚੰਡੀਗੜ੍ਹ ਦੇ ਘੇਰੇ ਵਿੱਚੋਂ ਕੱਢ ਕੇ ਪੰਜਾਬ ਭਾਜਪਾ ਦੀ ਪਹਿਲੀ ਕਤਾਰ ਦੀ ਲੀਡਰਸ਼ਿਪ ਵਿੱਚ ਲਿਆ ਖੜ੍ਹਾ ਕੀਤਾ ਹੈ। ਸਮੁੱਚੇ ਤੌਰ 'ਤੇ ਇਹ ਰੈਲੀ ਭਾਜਪਾ ਵਰਕਰਾਂ ਵਿੱਚ ਉਤਸ਼ਾਹ ਤਾਂ ਭਰੇਗੀ, ਪਰ ਭਵਿੱਖ ਦੇ ਗਠਜੋੜਾਂ ਬਾਰੇ ਕਈ ਸਵਾਲ ਅਜੇ ਵੀ ਬਰਕਰਾਰ ਹਨ।

### ਕੀ ਹੈ ਤੱਤਸਾਰ

- ਅਮਿਤ ਸ਼ਾਹ ਨੇ 'ਇਕੱਲੇ ਲੜਨ' ਦੀ ਗੱਲ ਤਾਂ ਕੀਤੀ, ਪਰ ਅਕਾਲੀ ਦਲ ਨਾਲ ਗਠਜੋੜ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ।
- ਭਾਸ਼ਣ ਦੌਰਾਨ ਅਕਾਲੀ ਲੀਡਰਸ਼ਿਪ 'ਤੇ ਕੋਈ ਸਿੱਧਾ ਸਿਆਸੀ ਹਮਲਾ ਨਹੀਂ ਕੀਤਾ ਗਿਆ, ਜੋ ਕਿਸੇ ਗੁਪਤ ਰਣਨੀਤੀ ਵੱਲ ਇਸ਼ਾਰਾ ਕਰਦਾ ਹੈ।
- ਪੰਜਾਬ ਦੇ ਬੁਨਿਆਦੀ ਮੁੱਦਿਆਂ ਦੀ ਬਜਾਏ ਸਿਰਫ਼ ਨਸ਼ੇ, ਧਰਮ-ਪਰਿਵਰਤਨ ਅਤੇ ਸਿੱਖ ਇਤਿਹਾਸ 'ਤੇ ਹੀ ਕੇਂਦਰਿਤ ਰਹੇ।
- ਆਪ' ਅਤੇ ਮਾਨ ਸਰਕਾਰ 'ਤੇ ਭ੍ਰਿਸ਼ਟਾਚਾਰ ਦੇ ਆਮ ਦੋਸ਼ ਲਾਏ ਗਏ, ਪਰ ਕਿਸੇ ਨਵੇਂ ਜਾਂ ਵੱਡੇ ਖੁਲਾਸੇ ਦੀ ਕਮੀ ਰਹੀ।
- ਸਤਨਾਮ ਸਿੰਘ ਸੰਧੂ ਨੂੰ ਚੰਡੀਗੜ੍ਹ ਤੱਕ ਸੀਮਤ ਦਾਇਰੇ ਤੋਂ ਕੱਢ ਕੇ ਪੰਜਾਬ ਦੀ ਮੁੱਖ ਸਿਆਸਤ ਵਿੱਚ ਅਹਿਮ ਸਥਾਨ ਦਿੱਤਾ ਗਿਆ।
- ਹਰਿਆਣਾ ਦੇ ਮੁੱਖ ਮੰਤਰੀ ਦੀ ਰੈਲੀ ਵਿੱਚ ਗੈਰ-ਹਾਜ਼ਰੀ ਇੱਕ ਵੱਡਾ ਸਵਾਲੀਆ ਨਿਸ਼ਾਨ ਛੱਡ ਗਈ।
- **ਵੋਟ ਫਾਰਮੂਲਾ:** 19% ਵੋਟਾਂ ਦੇ ਆਧਾਰ 'ਤੇ ਸਰਕਾਰ ਬਣਾਉਣ ਦਾ ਦਾਅਵਾ ਕੀਤਾ ਗਿਆ, ਹਾਲਾਂਕਿ ਪੰਜਾਬ ਦੇ ਚੋਣ ਨਤੀਜੇ ਅਕਸਰ ਦੇਸ਼ ਦੇ ਰੁਝਾਨ ਤੋਂ ਵੱਖਰੇ ਹੁੰਦੇ ਹਨ।

# ਪੰਜਾਬ ਸਣੇ ਚਾਰ ਸੂਬਿਆਂ 'ਚ ਸੀ.ਬੀ.ਆਈ. ਦੇ ਛਾਪੇ

**ਨਵੀਂ ਦਿੱਲੀ:** ਸੀਬੀਆਈ ਨੇ ਬੁੱਧਵਾਰ ਨੂੰ ਵਿਦਸ਼ੀ ਫਿਨਟੈਕ ਪਲੇਟਫਾਰਮ ਪੀਵਾਈਪੀਐੱਲ ਨਾਲ ਜੁੜੇ ਆਨਲਾਈਨ ਧੋਖਾਧੜੀ ਮਾਮਲੇ 'ਚ ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ਼ ਤੇ ਪੰਜਾਬ ਦੀਆਂ 15 ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ। ਸੀਬੀਆਈ ਨੇ ਕਿਹਾ ਕਿ ਫ਼ਰਜ਼ੀ ਆਨਲਾਈਨ ਯੋਜਨਾਵਾਂ ਰਾਹੀਂ ਹਜ਼ਾਰਾਂ ਭਾਰਤੀ ਨਾਗਰਿਕਾਂ ਤੋਂ ਕਰੋੜਾਂ ਰੁਪਏ ਦੀ ਠੱਗੀ ਕੀਤੀ ਗਈ। ਸੀਬੀਆਈ ਹੁਣ ਗਿਰੋਹ ਦੇ ਸਰਗਨਾ ਚਾਰਟਰਡ ਅਕਾਊਂਟੈਂਟ ਅਸ਼ੋਕ ਕੁਮਾਰ ਸ਼ਰਮਾ ਦੀ ਹਿਰਾਸਤ ਦੀ ਮੰਗ ਕਰ ਰਹੀ ਹੈ।



# ਟਰੰਪ ਵਲੋਂ ਭਾਰਤ ਸਣੇ 16 ਸਹਿਯੋਗੀਆਂ ਖ਼ਿਲਾਫ਼ ਜਾਂਚ ਦੇ ਹੁਕਮ

## ਕੋਰਟ ਦੇ ਫ਼ੈਸਲੇ ਮਗਰੋਂ ਚੱਲੀ ਨਵੀਂ ਚਾਲ



**ਵਾਸ਼ਿੰਗਟਨ:**ਵਪਾਰ ਸਹਿਯੋਗੀਆਂ 'ਤੇ ਕਾਰੋਬਾਰ 'ਚ ਅਨੈਤਿਕ ਨੀਤੀਆਂ ਅਪਣਾ ਕੇ ਅਮਰੀਕਾ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੜ ਟੈਰਿਫ ਦਾ ਹਊਆ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਉਨ੍ਹਾਂ ਨੇ ਅਮਰੀਕੀ ਕਾਨੂੰਨ ਦੇ ਸੈਕਸ਼ਨ 301 ਦੇ ਤਹਿਤ 16 ਵਪਾਰ ਸਹਿਯੋਗੀ ਦੇਸ਼ਾਂ ਦੇ ਖਿਲਾਫ਼ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਜਿਨ੍ਹਾਂ ਵਪਾਰ ਸਹਿਯੋਗੀ ਦੇਸ਼ਾਂ ਦੇ ਖਿਲਾਫ਼ ਜਾਂਚ ਕੀਤੀ ਜਾਏਗੀ, ਉਨ੍ਹਾਂ 'ਚ ਭਾਰਤ ਤੇ ਚੀਨ ਵੀ ਸ਼ਾਮਲ ਹਨ। ਭਾਰਤ ਨੇ ਇਸ ਜਾਂਚ 'ਤੇ ਹਾਲੇ ਕੋਈ ਪ੍ਰਤੀਕ੍ਰਿਆ ਪ੍ਰਗਟ ਨਹੀਂ ਕੀਤੀ।ਟਰੰਪ ਦੇ ਟੈਰਿਫ ਨੂੰ ਸੁਪਰੀਮ ਕੋਰਟ ਵਲੋਂ ਖਾਰਜ ਕੀਤੇ ਜਾਣ ਮਗਰੋਂ ਅਮਰੀਕੀ ਰਾਸ਼ਟਰਪਤੀ ਨੇ ਮੁੜ ਵਪਾਰ ਸਹਿਯੋਗੀ ਦੇਸ਼ਾਂ 'ਤੇ ਟੈਰਿਫ ਲਗਾਉਣ ਦਾ ਰਸਤਾ ਲੱਭਿਆ ਹੈ। ਇਸ ਲਈ ਉਨ੍ਹਾਂ ਨੇ ਅਮਰੀਕਾ ਦੇ 16 ਵੱਡੇ ਵਪਾਰ ਸਹਿਯੋਗੀ ਦੇਸ਼ਾਂ ਨੂੰ ਨਿਸ਼ਾਨਾ ਬਣਾਇਆ ਹੈ। ਇਨ੍ਹਾਂ ਦੇਸ਼ਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਸਮਰੱਥਾ ਤੋਂ ਜ਼ਿਆਦਾ ਚੀਜ਼ਾਂ ਦਾ ਉਤਪਾਦਨ ਕੀਤਾ ਤੇ ਉਸ ਤੋਂ ਬਾਅਦ ਅਮਰੀਕਾ ਨੂੰ ਨੁਕਸਾਨ ਪਹੁੰਚਾਉਣ ਵਾਲੀ ਚਾਲਬਾਜ਼ੀ ਕਰ ਕੇ ਵਪਾਰ ਕੀਤਾ।

ਅਮਰੀਕੀ ਕਾਨੂੰਨ ਦੇ ਮੁਤਾਬਕ, ਇਹ ਵਪਾਰ ਵਿਰੋਧੀ ਅਨੈਤਿਕ ਹਰਕਤ ਹੈ। ਅਮਰੀਕਾ ਨੇ ਇਹ ਹਰਕਤ ਕਰਨ ਦਾ ਦੋਸ਼ ਭਾਰਤ, ਚੀਨ, ਯੂਰਪੀ ਸੰਘ, ਜਾਪਾਨ, ਦੱਖਣੀ ਕੋਰੀਆ ਤੇ ਮੈਕਸੀਕੋ ਸਮੇਤ 16 ਵੱਡੇ ਸਹਿਯੋਗੀ ਦੇਸ਼ਾਂ 'ਤੇ ਲਗਾਇਆ ਹੈ। ਇਹ ਜਾਣਕਾਰੀ ਅਮਰੀਕਾ ਦੇ ਵਪਾਰ ਪ੍ਰਤੀਨਿਧ ਜੈਮੀਸਨ ਗ੍ਰੀਰ ਨੇ ਦਿੱਤੀ ਹੈ। 1974 'ਚ ਬਣੇ ਕਾਨੂੰਨ ਦੀ ਧਾਰਾ 301 ਦੇ ਤਹਿਤ ਹੋਣ ਵਾਲੀ ਜਾਂਚ 'ਚ ਤਾਇਵਾਨ, ਵੀਅਤਨਾਮ, ਥਾਈਲੈਂਡ, ਮਲੇਸ਼ੀਆ, ਕੰਬੋਡੀਆ, ਸਿੰਗਾਪੁਰ, ਇੰਡੋਨੇਸ਼ੀਆ, ਬੰਗਲਾਦੇਸ਼, ਸਵਿਟਜ਼ਰਲੈਂਡ ਤੇ ਨਾਰਵੇ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਕੈਨੇਡਾ ਅਮਰੀਕਾ ਦਾ ਦੂਜਾ ਸਭ ਤੋਂ ਵੱਡਾ ਵਪਾਰ ਸਹਿਯੋਗੀ ਦੇਸ਼ ਹੈ ਪਰ ਉਸ ਖਿਲਾਫ਼ ਜਾਂਚ ਦਾ "ਆਦੇਸ਼ ਨਹੀਂ ਦਿੱਤਾ ਗਿਆ। ਚੀਨ ਨੇ ਪ੍ਰਤੀਕ੍ਰਿਆ 'ਚ ਕਿਹਾ ਹੈ ਕਿ ਸਮਰੱਥਾ ਤੋਂ ਜ਼ਿਆਦਾ ਉਤਪਾਦਨ ਦਾ ਅਮਰੀਕਾ ਦਾ ਦੋਸ਼ ਝੂਠਾ ਹੈ। ਚੀਨ ਸਿਆਸੀ ਕਾਰਨਾਂ ਨਾਲ ਲਗਾਏ ਇਸ ਦੋਸ਼ ਦਾ ਵਿਰੋਧ ਕਰਦਾ ਹੈ। ਚੀਨ ਕਿਸੇ ਵੀ ਤਰ੍ਹਾਂ ਦੀ ਇਕਪਾਸੜ ਦਰਾਮਦ ਡਿਊਟੀ ਦਾ ਵਿਰੋਧੀ ਹੈ। ਜਦਕਿ 27 ਦੇਸ਼ਾਂ ਦੇ ਯੂਰਪੀ ਸੰਘ ਨੇ ਕਿਹਾ ਹੈ ਕਿ ਅਮਰੀਕਾ ਵਲੋਂ ਲਗਾਏ ਜਾਣ ਵਾਲੇ ਕਿਸੇ ਵੀ ਟੈਰਿਫ ਨੂੰ ਲੈ ਕੇ ਉਹ ਪਾਰਦਰਸ਼ਿਤਾ ਚਾਹੁੰਦਾ ਹੈ। ਪਹਿਲਾਂ ਅਮਰੀਕਾ ਨੇ ਯੂਰਪੀ ਉਤਪਾਦਾਂ 'ਤੇ 15 ਫ਼ੀਸਦੀ ਦਾ ਟੈਰਿਫ ਲਗਾਇਆ ਸੀ।

ਭਾਰਤ 'ਤੇ ਇਸ ਦਾ ਅਸਰ ਥਿੰਕ ਟੈਂਕ ਗਲੋਬਲ ਟ੍ਰੇਡ ਰਿਸਰਚ ਇਨੀਸ਼ਿਏਟਿਵ (ਜੀਟੀਆਰਆਈ) ਦਾ ਕਹਿਣਾ ਹੈ ਕਿ ਅਮਰੀਕੀ ਜਾਂਚ 'ਚ ਭਾਰਤ ਦੇ ਕਈ ਸੈਕਟਰਾਂ ਦੀ ਪਛਾਣ ਕਹੀ ਗਈ ਹੈ, ਜਿੱਥੇ ਸੰਰਚਨਾਤਮਕ ਤੌਰ 'ਤੇ ਜ਼ਰੂਰਤ ਤੋਂ ਵੱਧ ਸਮਰੱਥਾ ਜਾਂ ਬਰਾਮਦ ਸਰਪਲਸ ਹੋ ਸਕਦਾ ਹੈ। ਇਨ੍ਹਾਂ 'ਚ ਸੋਲਰ ਮਾਡਿਊਲ, ਪੈਟਰੋਕੈਮੀਕਲਜ਼, ਸਟੀਲ, ਟੈਕਸਟਾਈਲ, ਸਿਹਤ ਨਾਲ ਜੁੜੀਆਂ ਚੀਜ਼ਾਂ, ਨਿਰਮਾਣ 'ਚ ਵਰਤੋਂ ਕੀਤੀ ਜਾਣ ਵਾਲੀ ਸਮੱਗਰੀ ਤੇ ਆਟੋ ਪ੍ਰੋਡਕਟ ਸ਼ਾਮਲ ਹਨ। ਅਮਰੀਕੀ ਨੋਟਿਸ ਮੁਤਾਬਕ ਭਾਰਤ ਦੀ ਸੋਲਰ ਮਾਡਿਊਲ ਮੈਨੂਫੈਕਚਰਿੰਗ ਸਮਰੱਥਾ ਘਰੇਲੂ ਮੰਗ ਦੀ ਤੁਲਨਾ 'ਚ ਤਿੰਨ ਗੁਣਾ ਵੱਧ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਹ ਸਮਰੱਥਾ ਬਰਾਮਦ ਨੂੰ ਧਿਆਨ 'ਚ ਰੱਖ ਕੇ ਵਧਾਈ ਗਈ ਹੈ। ਜੀਟੀਆਰਆਈ ਦੇ ਸੰਸਥਾਪਕ ਅਜੇ ਸ਼੍ਰੀਵਾਸਤਵ ਨੇ ਕਿਹਾ ਕਿ ਹੋਰ ਚੀਜ਼ਾਂ 'ਚ ਵੀ ਅਜਿਹਾ ਹੀ ਹੋ ਸਕਦਾ ਹੈ।

# ਪਿਸ਼ਾਵਰ 'ਚ ਅਮਰੀਕਾ ਹਮੇਸ਼ਾ ਲਈ ਬੰਦ ਕਰੇਗਾ ਆਪਣੇ ਵਣਜ ਦੂਤਘਰ



**ਵਾਸ਼ਿੰਗਟਨ:**ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਪਿਸ਼ਾਵਰ ਸਥਿਤ ਅਮਰੀਕੀ ਵਣਜ ਦੂਤਘਰ ਨੂੰ ਸਥਾਈ ਤੌਰ 'ਤੇ ਬੰਦ ਕੀਤਾ ਜਾਏਗਾ। ਇਹ ਦੂਤਘਰ ਅਫਗਾਨਿਸਤਾਨ ਸਰਹੱਦ ਦੇ ਸਭ ਤੋਂ ਨਜ਼ਦੀਕ ਸਥਿਤ ਕੂਟਨੀਤਕ ਮਿਸ਼ਨ ਹੈ ਤੇ 2001 'ਚ ਅਫਗਾਨਿਸਤਾਨ 'ਤੇ ਹਮਲੇ ਤੋਂ ਪਹਿਲਾਂ, ਉਸ ਦੌਰਾਨ ਤੇ ਬਾਅਦ 'ਚ ਪ੍ਰਮੁੱਖ ਆਵਾਜਾਈ ਤੇ ਰਸਦ ਕੇਂਦਰ ਰਿਹਾ।

ਵਿਭਾਗ ਨੇ ਇਸ ਹਫਤੇ ਕਾਂਗਰਸ ਨੂੰ ਵਣਜ ਦੂਤਘਰ ਬੰਦ ਕਰਨ ਦੇ ਆਪਣੇ ਇਰਾਦੇ ਦੀ ਸੂਚਨਾ ਦਿੱਤੀ। ਇਸ ਨਾਲ ਹਰ ਸਾਲ 75 ਲੱਖ ਅਮਰੀਕੀ ਡਾਲਰ ਦੀ ਬਚਤ ਹੋਵੇਗੀ, ਜਦਕਿ ਪਾਕਿਸਤਾਨ 'ਚ ਅਮਰੀਕੀ ਰਾਸ਼ਟਰੀ ਹਿੱਤਾਂ ਨੂੰ ਅੱਗੇ ਵਧਾਉਣ ਦੀ ਸਮਰੱਥਾ 'ਤੇ ਕੋਈ ਮਾੜਾ ਅਸਰ ਨਹੀਂ ਪਵੇਗਾ।


ਇਹ ਕਦਮ ਟਰੰਪ ਪ੍ਰਸ਼ਾਸਨ ਵਲੋਂ ਲਗਪਗ ਸਾਰੀਆਂ ਸੰਘੀ ਏਜੰਸੀਆਂ 'ਚ ਕਟੌਤੀ ਸ਼ੁਰੂ ਕਰਨ ਦੇ ਬਾਅਦ ਤੋਂ ਇਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਵਿਚਾਰ ਅਧੀਨ ਸੀ। ਵਿਭਾਗ ਨੇ ਕਿਹਾ ਹੈ ਕਿ ਇਸ ਦਾ ਈਰਾਨ ਜੰਗ ਨਾਲ ਕੋਈ ਸਬੰਧ ਨਹੀਂ ਹੈ, ਜਿਸ ਨੇ ਕਰਾਚੀ ਤੇ ਪਿਸ਼ਾਵਰ ਸਮੇਤ ਵੱਖ ਵੱਖ ਪਾਕਿਸਤਾਨੀ ਸ਼ਹਿਰਾਂ 'ਚ ਵਿਰੋਧ ਪ੍ਰਦਰਸ਼ਨਾਂ ਨੂੰ ਜਨਮ ਦਿੱਤਾ ਹੈ, ਜਿੱਥੇ ਅਮਰੀਕੀ ਵਣਜ ਦੂਤਘਰਾਂ ਨੇ ਆਰਜ਼ੀ ਰੂਪ ਨਾਲ ਆਵਾਜਾਈ ਮੁਅੱਤਲ ਕਰ ਦਿੱਤੀ ਸੀ।

# ਬੋਸ ਦੀਆਂ ਅਸਥੀਆਂ ਵਾਪਸ ਲਿਆਉਣ ਬਾਰੇ ਪਟੀਸ਼ਨ ਰੱਦ



**ਨਵੀਂ ਦਿੱਲੀ:**ਸੁਪਰੀਮ ਕੋਰਟ ਨੇ ਵੀਰਵਾਰ ਨੂੰ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਭਤੀਜੇ ਵਲੋਂ ਦਾਇਰ ਇਕ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿਚ ਟੋਕੀਓ ਦੇ ਰੇਨਕੋਜੀ ਮੰਦਰ ਤੋਂ ਬੋਸ ਦੀ ਮੰਨੀਆਂ ਜਾਣ ਵਾਲੀਆਂ ਅਸਥੀਆਂ ਨੂੰ ਭਾਰਤ ਲਿਆਉਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਚੀਫ ਜਸਟਿਸ ਸੂਰਿਆਕਾਂਤ, ਜਸਟਿਸ ਜਾਯਮਾਲਿਆ ਬਾਗਚੀ ਤੇ ਵਿਪੁਲ ਐਮ ਪੰਚੋਲੀ ਦੇ ਬੈਂਚ ਨੇ ਪਟੀਸ਼ਨ 'ਤੇ ਵਿਚਾਰ ਕਰਨ 'ਚ ਇੱਛਾ ਨਹੀਂ ਦਿਖਾਈ, ਜਿਸ ਤੋਂ ਬਾਅਦ ਪਟੀਸ਼ਨਰ ਆਸ਼ੀਸ਼ ਰਾਏ ਲਈ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਇਸ ਨੂੰ ਵਾਪਸ ਲੈਣ ਦੀ ਇਜਾਜ਼ਤ ਮੰਗੀ। ਬੈਂਚ ਨੇ ਉਨ੍ਹਾਂ ਨੂੰ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ। ਸਿੰਘਵੀ ਨੇ ਬੈਂਚ ਨੂੰ ਕਿਹਾ ਕਿ ਮੈਂ ਉਸ ਪਰਿਵਾਰ ਦੇ ਮੈਂਬਰਾਂ ਦੀ ਨੁਮਾਇੰਦਗੀ ਕਰ ਰਿਹਾ ਹਾਂ ਜਿਹੜਾ ਅਸਥੀਆਂ ਨੂੰ ਸਨਮਾਨਜਨਕ ਅੰਤਿਮ ਵਿਦਾਈ ਦੇਣਾ ਚਾਹੁੰਦੇ ਹਨ। ਚੀਫ ਜਸਟਿਸ ਨੇ ਕਿਹਾ ਕਿ ਪਹਿਲਾਂ ਤਾਂ ਅਸਥੀਆਂ ਕਿੱਥੇ ਹਨ? ਇਸ ਦਾ ਕੀ ਸਬੂਤ ਹੈ? ਸਿੰਘਵੀ ਨੇ ਕਿਹਾ ਕਿ ਇਹ ਦਰਜ ਹੈ ਕਿ ਭਾਰਤ ਦੇ ਹਰ ਪ੍ਰਮੁੱਖ ਨੇ ਜਾਪਾਨ ਦੇ ਰੇਨਕੋਜੀ ਮੰਦਰ 'ਚ ਸ਼ਰਧਾਂਜਲੀ ਭੇਟ ਕੀਤੀ ਹੈ। ਬੋਸ ਦੀ ਸਿਰਫ ਇਕ ਵਾਰਿਸ ਉਨ੍ਹਾਂ ਦੀ 84 ਸਾਲਾ ਬੇਟੀ ਹੈ ਤੇ ਪਟੀਸ਼ਨਰ ਉਨ੍ਹਾਂ ਦੇ ਭਤੀਜੇ ਹਨ। ਬੈਂਚ ਨੇ ਕਿਹਾ ਕਿ ਉਹ (ਬੇਟੀ) ਸਾਡੇ ਸਾਹਮਣੇ ਨਹੀਂ ਹੈ। ਜੇਕਰ ਵਾਰਿਸ ਚਾਹੁੰਦੀ ਹੈ ਕਿ ਅਸਥੀਆਂ ਦੇਸ਼ 'ਚ ਲਿਆਂਦੀਆਂ ਜਾਣ, ਤਾਂ ਉਨ੍ਹਾਂ ਨੂੰ ਅਦਾਲਤ 'ਚ ਆਉਣਾ ਚਾਹੀਦਾ ਹੈ। ਸਿੰਘਵੀ ਨੇ ਕਿਹਾ ਕਿ ਬੇਟੀ ਅਦਾਲਤ 'ਚ ਵਰਚੁਅਲੀ ਹਾਜ਼ਰ ਹਨ। ਬੈਂਚ ਨੇ ਕਿਹਾ ਕਿ ਅਸੀਂ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦੇ ਹਾਂ, ਪਰ ਉਨ੍ਹਾਂ ਨੂੰ ਅੱਗੇ ਆਉਣਾ ਪਵੇਗਾ।

# ਮੇਰੀ ਸੀਟ 'ਤੇ ਕਿਸੇ ਦੀ ਆਵਾਜ਼ ਬੰਦ ਕਰਨ ਵਾਲਾ ਸਵਿੱਚ ਨਹੀਂ: ਸਪੀਕਰ



**ਨਵੀਂ ਦਿੱਲੀ:**ਲੋਕ ਸਭਾ 'ਚ ਆਪਣੇ ਖ਼ਿਲਾਫ਼ ਲਿਆਂਦਾ ਗਿਆ ਮਤਾ ਬੇਭਰੋਸਗੀ ਖਾਰਜ ਹੋਣ ਦੇ ਇਕ ਦਿਨ ਬਾਅਦ ਵੀਰਵਾਰ ਨੂੰ ਸਪੀਕਰ ਓਮ ਬਿਰਲਾ ਨੇ ਦੋ ਟੁੱਕ ਕਿਹਾ 'ਕਿ ਸਦਨ ਦੀ ਕਾਰਵਾਈ ਨਿਯਮਾਂ ਤੇ ਪ੍ਰਕਿਰਿਆਵਾਂ ਤਹਿਤ ਹੀ ਚੱਲੇਗੀ। ਕਰੀਬ ਇਕ ਮਹੀਨੇ ਬਾਅਦ ਕੁਰਸੀ 'ਤੇ ਪਰਤੇ ਬਿਰਲਾ ਨੇ ਵਿਰੋਧੀ ਧਿਰ ਦੇ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਸਦਨ 'ਚ ਭਾਵੇਂ ਪ੍ਰਧਾਨ ਮੰਤਰੀ ਹੋਣ ਜਾਂ ਵਿਰੋਧੀ ਧਿਰ ਦੇ ਆਗੂ, ਕਿਸੇ ਨੂੰ ਵੀ ਨਿਯਮਾਂ ਤੋਂ ਅਲੱਗ ਬੋਲਣ ਦਾ ਅਧਿਕਾਰ ਨਹੀਂ ਹੈ। ਇੱਥੋਂ ਤੱਕ ਕਿ ਬਿਆਨ ਦੇਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੂੰ ਵੀ ਨੋਟਿਸ ਦੇਣਾ ਪੈਂਦਾ ਹੈ। ਕਿਸੇ ਦਸਤਾਵੇਜ਼ ਨੂੰ ਸਦਨ ਦੀ ਮੇਜ਼ 'ਤੇ ਰੱਖਣ ਲਈ ਵੀ ਪਹਿਲਾਂ ਇਜਾਜ਼ਤ ਲੈਣੀ ਜ਼ਰੂਰੀ ਹੁੰਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਦਨ ਦੀ ਮਰਿਆਦਾ ਤੇ ਅਨੁਸ਼ਾਸਨ ਬਣਾਏ ਰੱਖਣ ਲਈ ਜੇਕਰ ਸਖ਼ਤ ਫ਼ੈਸਲੇ ਲੈਣੇ ਪਏ ਤਾਂ ਵੀ ਉਹ ਪਰਹੇਜ਼ ਨਹੀਂ ਕਰਨਗੇ। ਨਾਲ ਹੀ ਉਨ੍ਹਾਂ ਵਿਰੋਧੀ ਧਿਰ ਵੱਲੋਂ ਵਾਰ-ਵਾਰ ਲਗਾਏ ਗਏ ਮਾਈਕ ਬੰਦ ਕਰਨ ਦੇ ਦੋਸ਼ਾਂ 'ਤੇ ਕਿਹਾ ਕਿ ਮੇਰੀ ਸੀਟ 'ਤੇ ਅਜਿਹਾ ਕੋਈ ਸਵਿੱਚ ਨਹੀਂ ਹੈ ਜਿਸ ਨਾਲ ਮੈਂ ਕਿਸੇ ਦੀ ਆਵਾਜ਼ ਮਿਊਟ ਕਰ ਸਕਾਂ। ਬਿਰਲਾ ਨੇ ਕਿਹਾ ਕਿ ਲੋਕ ਸਭਾ ਕਿਸੇ ਇਕ ਵਿਅਕਤੀ ਦੀ ਨਹੀਂ ਸਗੋਂ ਪੂਰੇ ਸਦਨ ਦੀ ਸੰਸਥਾ ਹੈ ਤੇ ਸਪੀਕਰ ਦੀ ਕੁਰਸੀ ਉਸ ਦੇ ਰੁਤਬੇ ਦਾ ਪ੍ਰਤੀਕ ਹੈ। ਇਸ ਲਈ ਕਾਰਵਾਈ ਨਿੱਜੀ ਪਸੰਦ ਜਾਂ ਸਿਆਸੀ ਦਬਾਅ ਨਾਲ ਨਹੀਂ ਸਗੋਂ ਸਥਾਪਤ ਨਿਯਮਾਂ ਦੇ ਮੁਤਾਬਕ ਚੱਲਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਨਿਯਮ ਉਨ੍ਹਾਂ ਨੇ ਨਹੀਂ ਬਣਾਏ ਸਗੋਂ ਰਵਾਇਤ ਨਾਲ ਉਨ੍ਹਾਂ ਨੂੰ ਵਿਰਾਸਤ 'ਚ ਮਿਲੇ ਹਨ ਤੇ ਉਨ੍ਹਾਂ ਦੀ ਜ਼ਿੰਮੇਵਾਰੀ ਇਨ੍ਹਾਂ ਨੂੰ ਨਿਰਪੱਖਤਾ ਨਾਲ ਲਾਗੂ ਕਰਨਾ ਹੈ। ਸਦਨ 'ਚ ਹਾਲੀਆ ਹੋਈਆਂ ਕੁਝ ਘਟਨਾਵਾਂ 'ਤੇ ਚਿੰਤਾ ਪ੍ਰਗਟਾਉਂਦੇ ਹੋਏ ਬਿਰਲਾ ਨੇ ਕਿਹਾ ਕਿ ਬੇਭਰੋਸਗੀ ਮਤੇ 'ਤੇ ਚਰਚਾ ਦੌਰਾਨ ਵਿਰੋਧੀ ਧਿਰ ਦੀਆਂ ਕੁਝ ਮਹਿਲਾ ਮੈਂਬਰ ਵੈੱਲ 'ਚ ਆ ਕੇ ਪ੍ਰਧਾਨ ਮੰਤਰੀ ਦੀ ਕੁਰਸੀ ਕੋਲ ਪੁੱਜ ਗਈਆਂ ਸਨ। ਅਜਿਹੀ ਸਥਿਤੀ 'ਚ ਕੋਈ ਵੱਡੀ ਘਟਨਾ ਹੋ ਸਕਦੀ ਸੀ।

# ਮੂਸੇਵਾਲਾ ਹੱਤਿਆਕਾਂਡ ਦੇ ਦੋ ਮੁਲਜ਼ਮਾਂ ਨੂੰ ਜ਼ਮਾਨਤ



**ਨਵੀਂ ਦਿੱਲੀ:**ਸੁਪਰੀਮ ਕੋਰਟ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ 'ਚ ਦੋ ਮੁਲਜ਼ਮਾਂ, ਪਵਨ ਕੁਮਾਰ ਬਿਸ਼ਨੋਈ ਤੇ ਜਗਤਾਰ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਵੀਰਵਾਰ ਨੂੰ ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਇਹ ਰਾਹਤ ਪ੍ਰਦਾਨ ਕੀਤੀ, ਜਿਸ ਨੇ ਪਹਿਲਾਂ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਵਨ ਬਿਸ਼ਨੋਈ 'ਤੇ ਹੱਤਿਆਕਾਂਡ ਲਈ ਕਾਰ ਸਮੇਤ ਰਸਦ ਉਪਲਬਧ ਕਰਵਾਉਣ ਦਾ ਦੋਸ਼ ਹੈ। ਉੱਥੇ ਜਗਤਾਰ ਸਿੰਘ 'ਤੇ ਮੂਸੇਵਾਲਾ ਦੇ ਘਰ ਦੀ ਰੇਕੀ ਕਰਨ 'ਚ ਮਦਦ ਕਰਨ ਦਾ ਦੋਸ਼ ਹੈ। ਪਵਨ ਦੇ ਵਕੀਲ ਨੇ ਤਰਕ ਦਿੱਤਾ ਕਿ ਉਹ ਲਗਪਗ ਚਾਰ ਸਾਲਾਂ ਤੋਂ ਹਿਰਾਸਤ 'ਚ ਹੈ ਤੇ ਮੁਕੱਦਮੇ ਦੀ ਸਮਾਪਤੀ 'ਚ ਲੰਬਾ ਸਮਾਂ ਲੱਗ ਸਕਦਾ ਹੈ। ਜਗਤਾਰ ਦੇ ਵਕੀਲ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਘਰ ਦੇ ਕੋਲ ਲੱਗੇ ਕੈਮਰੇ ਸੁਰੱਖਿਆ ਲਈ ਸਨ, ਨਾ ਕਿ ਨਿਗਰਾਨੀ ਲਈ। ਬਹਰਹਾਲ, ਪੰਜਾਬ ਪੁਲਿਸ ਨੇ ਇਹ ਕਹਿੰਦੇ ਹੋਏ ਜ਼ਮਾਨਤ ਦਾ ਵਿਰੋਧ ਕੀਤਾ ਕਿ ਮੁਲਜ਼ਮ ਸਹਿ-ਮੁਲਜ਼ਮਾਂ ਦੇ ਸੰਪਰਕ 'ਚ ਸਨ। ਪਰ ਸੁਪਰੀਮ ਕੋਰਟ ਨੇ ਮਾਮਲੇ ਦੇ ਹਾਲਾਤ ਨੂੰ ਦੇਖਦੇ ਹੋਏ ਰਾਹਤ ਪ੍ਰਦਾਨ ਕੀਤੀ। ਮੂਸੇਵਾਲਾ ਦੀ 29 ਮਈ, 2022 ਨੂੰ ਮਾਨਸਾ ਜ਼ਿਲ੍ਹੇ 'ਚ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਬਰੈਂਪਟਨ ਵਿਖੇ 12ਵੀਂ ਵਰਲਡ ਪੰਜਾਬੀ ਕਾਨਫਰੰਸ 17 ਜੁਲਾਈ ਤੋਂ




**ਚੰਡੀਗੜ੍ਹ:**ਜਗਤ ਪੰਜਾਬੀ ਸਭਾ, ਬਰੈਂਪਟਨ (ਕੈਨੇਡਾ) ਵੱਲੋਂ ਤਿੰਨ ਰੋਜ਼ਾ 12ਵੀਂ ਵਰਲਡ ਪੰਜਾਬੀ ਕਾਨਫਰੰਸ 17 ਤੋਂ 19 ਜੁਲਾਈ, 2026 ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਸੰਬੰਧੀ ਸਭਾ ਦੇ ਦਫ਼ਤਰ 134, ਕੈਨੇਡੀ ਰੋਡ, ਬਰੈਂਮਟਨ ਵਿਖੇ ਇੱਕ ਮਹੱਤਵਪੂਰਨ ਮੀਟਿੰਗ ਹੋਈ ਜਿਸ ਵਿੱਚ ਸਭਾ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਭਾਗ ਲਿਆ।

ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਚੇਅਰਮੈਨ ਸਰਦਾਰ ਅਜੈਬ ਸਿੰਘ ਚੱਠਾ ਅਤੇ ਸੈਕਟਰੀ ਸਰਦਾਰ ਸੰਤੋਖ ਸਿੰਘ ਸੰਧੂ ਨੇ ਕੀਤੀ। ਇਸ ਦੌਰਾਨ ਕਾਨਫਰੰਸ ਦੀ ਸਫਲਤਾ ਲਈ ਕਾਰਜਕਾਰੀ ਕਾਨਫਰੰਸ ਕਮੇਟੀ ਦਾ ਗਠਨ ਕੀਤਾ ਗਿਆ ਅਤੇ ਮੈਂਬਰਾਂ ਵਿੱਚ ਵੱਖ-ਵੱਖ ਜ਼ਿੰਮੇਵਾਰੀਆਂ ਵੰਡੀਆਂ ਗਈਆਂ।

ਮੀਟਿੰਗ ਵਿੱਚ ਜਗਤ ਪੰਜਾਬੀ ਸਭਾ ਦੇ ਇਸਤਰੀ ਵਿੰਗ ਨੇ ਵੀ ਭਾਗ ਲਿਆ। ਇਸ ਮੌਕੇ ਬਲਵਿੰਦਰ ਕੌਰ ਚੱਠਾ, ਰੁਪਿੰਦਰ ਕੌਰ ਸੰਧੂ, ਤ੍ਰਿਪਤਾ ਸੋਢੀ, ਅਮਨਦੀਪ ਕੌਰ ਗਿੱਲ, ਸਹਿਜ ਕੌਰ ਅਤੇ ਮਨਦੀਪ ਕੌਰ ਮਾਂਗਟ ਸਮੇਤ ਹੋਰ ਸਾਹਿਤਕ ਬੀਬੀਆਂ ਮੌਜੂਦ ਰਹੀਆਂ।

ਇਸ ਤੋਂ ਇਲਾਵਾ ਮੀਟਿੰਗ 'ਚ ਸਰਦਾਰ ਪਿਆਰਾ ਸਿੰਘ ਕੁੱਦੋਵਾਲ, ਗੁਰਵੇਲ ਸਿੰਘ, ਗੁਰਦਰਸ਼ਨ ਸਿੰਘ ਸੀਰਾ, ਸੰਜੀਤ ਸਿੰਘ, ਹੈਪੀ ਮਾਂਗਟ ਪਰਿਵਾਰ,ਮੁਹਿੰਦਰ ਸਿੰਘ ਸੋਢੀ, ਸਾਹਿਬ ਸਿੰਘ ਮਾਂਗਟ ਆਦਿ ਮੈਂਬਰਾਂ ਨੇ ਭਾਗ ਲਿਆ ਅਤੇ ਕਾਨਫਰੰਸ ਨੂੰ ਸਫਲ ਬਣਾਉਣ ਲਈ ਆਪਣੇ ਸੁਝਾਅ ਦਿੱਤੇ।

ਮੀਟਿੰਗ ਦੌਰਾਨ ਸਰਦਾਰ ਤਰਲੋਚਨ ਸਿੰਘ ਅਟਵਾਲ ਨੂੰ ਸਰਬਸੰਮਤੀ ਨਾਲ ਇਸ ਕਾਨਫਰੰਸ ਦਾ ਪ੍ਰਧਾਨ ਚੁਣਿਆ ਗਿਆ। ਅਮਰ ਸਿੰਘ ਭੁੱਲਰ ਨੂੰ ਸਰਪ੍ਰਸਤ ਤੇ ਹਰਦੇਵ ਚੌਹਾਨ (ਚੰਡੀਗੜ੍ਹ) ਨੂੰ ਮੀਡੀਆ ਇਨਚਾਰਜ ਐਲਾਨਿਆ ਗਿਆ।

ਇਸ ਮੌਕੇ ਚੇਅਰਮੈਨ ਸਰਦਾਰ ਅਜੈਬ ਸਿੰਘ ਚੱਠਾ ਨੇ ਸਮੁੱਚੇ ਪੰਜਾਬੀ ਜਗਤ ਨੂੰ ਅਪੀਲ ਕੀਤੀ ਕਿ 17, 18 ਅਤੇ 19 ਜੁਲਾਈ 2026 ਨੂੰ ਹੋਣ ਵਾਲੀ ਇਸ ਵਿਸ਼ਵ ਪੱਧਰੀ ਕਾਨਫਰੰਸ ਵਿੱਚ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਵਿਰਾਸਤ ਨੂੰ ਮਜ਼ਬੂਤ ਕਰਨ ਲਈ ਆਪਣਾ ਯੋਗਦਾਨ ਪਾਇਆ ਜਾਵੇ।

# ਡਾ. ਸਰਬਜੀਤ ਸਿੰਘ ਦੂਜੀ ਵਾਰ ਬਣੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ

**ਲੁਧਿਆਣਾ** :ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਦੀ ਚੋਣ 15 ਮਾਰਚ, 2026 ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਹੋਈ। ਪ੍ਰਧਾਨ ਦੇ ਅਹੁਦੇ ਲਈ ਡਾ. ਸਰਬਜੀਤ ਸਿੰਘ 526 ਵੋਟਾਂ ਨਾਲ ਜੇਤੂ ਬਣੇ ਜਦ ਕਿ ਅਮਰ ਗਰਗ ਕਲਮਦਾਨ ਨੂੰ 35 ਵੋਟਾਂ ਮਿਲੀਆਂ, 8 ਵੋਟਾਂ ਰੱਦ ਹੋਈਆਂ। ਉਪਰੰਤ ਡਾ. ਪਾਲ ਕੌਰ ਸੀਨੀਅਰ ਮੀਤ ਪ੍ਰਧਾਨ, ਡਾ.ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ, ਮੀਤ ਪ੍ਰਧਾਨਾਂ 'ਚ ਸ੍ਰੀ ਜਸਪਾਲ ਮਾਨਖੇੜਾ,ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ ਕਾਕੜਾ ਅਤੇ ਸੁਰਿੰਦਰ ਕੌਰ ਨੀਰ, ਪ੍ਰਬੰਧਕੀ ਬੋਰਡ ਵਿਚ ਡਾ. ਹਰੀ ਸਿੰਘ ਜਾਚਕ, ਭੁਪਿੰਦਰ

ਸਮੂਹ ਜੇਤੂ ਉਮੀਦਵਾਰਾਂ ਨੂੰ ਡਾ. ਸ ਸ ਜੌਹਲ, ਡਾ. ਐਸ ਪੀ ਸਿੰਘ, ਡਾ. ਸੁਰਿੰਦਰ ਗਿੱਲ,ਡਾ. ਰਘਬੀਰ ਸਿੰਘ ਸਿਰਜਣਾ, ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਲਖਵਿੰਦਰ ਜੌਹਲ, ਦਰਸ਼ਨ ਬੁੱਟਰ, ਸੁਸ਼ੀਲ ਦੋਸਾਂਝ, ਸ਼ਮਸ਼ੇਰ ਸਿੰਘ ਸੰਧੂ,ਡਾ. ਵਰਿਆਮ ਸਿੰਘ ਸੰਧੂ, ਬਲਦੇਵ ਸਿੰਘ ਸੜਕਨਾਮਾ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ.



ਮੁੱਖ ਚੋਣ ਅਧਿਕਾਰੀ ਸ੍ਰੀ ਵਿਜੇ ਕੁਮਾਰ ਦੱਤਾ, ਸਹਾਇਕ ਚੋਣ ਅਧਿਕਾਰੀ ਡਾ. ਬਲਵਿੰਦਰ ਸਿੰਘ ਔਲਖ ਗਲੈਕਸੀ ਅਤੇ ਡਾ. ਕੁਲਵਿੰਦਰ ਕੌਰ ਮਿਨਹਾਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਚੋਣ ਵਿੱਚ ਕੁੱਝ ਉਮੀਦਵਾਰਾਂ ਵਲੋਂ ਨਾਮਜ਼ਦਗੀਆਂ ਵਾਪਸ ਲੈਣ ਸਿੰਘ ਸੰਧੂ, ਸੰਜੀਵਨ ਸਿੰਘ, ਸਿਮਰਜੀਤ ਕੌਰ ਗਿੱਲ, ਪ੍ਰੋ. ਤਰਸਪਾਲ ਕੌਰ, ਮਨਜਿੰਦਰ ਸਿੰਘ ਧਨੋਆ, ਪ੍ਰਭਜੋਤ ਸੋਹੀ, ਨਵਤੇਜ ਗੜ੍ਹਦੀਵਾਲਾ, ਡਾ. ਹਰਵਿੰਦਰ ਸਿੰਘ ਸਿਰਸਾ, ਅੰਮੀਆ ਕੁੰਵਰ, ਤ੍ਰੈਲੋਚਨ ਲੋਚੀ, ਰਜਿੰਦਰ ਸਿੰਘ ਰਾਜਨ, ਦੀਪ ਜਗਦੀਪ ਸਿੰਘ, ਮੱਖਣ ਮਾਨ ਤੇ ਰੋਜ਼ੀ ਸਿੰਘ ਬਿਨਾਂ ਮੁਕਾਬਲਾ ਜੇਤੂ ਬਣੇ।

ਰਵਿੰਦਰ ਭੱਠਲ, ਪ੍ਰਿੰਸੀਪਲ ਸਰਵਣ ਸਿੰਘ, ਕਿਰਪਾਲ ਕਜ਼ਾਕ, ਡਾ. ਸਵਰਾਜਬੀਰ, ਜਸਵੰਤ ਜ਼ਫ਼ਰ, ਡਾ. ਨਿਰਮਲ ਜੌੜਾ, ਇੰਦਰਜੀਤ ਕੌਰ ਭਿੰਡਰ,ਪਵਨ ਹਰਚੰਦਪੁਰੀ, ਪ੍ਰੋ. ਸੰਧੂ ਵਰਿਆਣਵੀ, ਭੁਪਿੰਦਰ ਸਿੰਘ ਮੱਲ੍ਹੀ, ਮੋਹਨ ਗਿੱਲ ਤੇ ਪ੍ਰੋ. ਸੰਤੋਖ ਸਿੰਘ ਔਜਲਾ ਨੇ ਮੁਬਾਰਕ ਦਿੱਤੀ ਹੈ।

# ਤਰਕਸ਼ੀਲ ਅਤੇ ਇਨਕਲਾਬੀ ਯੋਧੇ ਬਾਈ ਅਵਤਾਰ ਦੀ ਯਾਦ ਵਿਚ ਸ਼ਰਧਾਂਜਲੀ ਸਮਾਰੋਹ

**ਸਰੀ:** ਬਾਈ ਅਵਤਾਰ ਇਨਕਲਾਬੀ-ਜਮਹੂਰੀ ਅਤੇ ਤਰਕਸ਼ੀਲ ਲਹਿਰ ਦੇ ਅਜਿਹੇ ਅਣਥੱਕ ਯੋਧੇ ਸਨ, ਜਿਨ੍ਹਾਂ ਨੇ ਕੈਨੇਡਾ ਵਿਚ ਆਪਣੇ ਕਰੀਬ ਤਿੰਨ ਦਹਾਕਿਆਂ ਦੇ ਜੀਵਨ ਦੌਰਾਨ ਵਿਗਿਆਨਕ ਸੋਚ ਦੇ ਪਸਾਰ ਲਈ ਦਿਨ-ਰਾਤ ਉਨ੍ਹਾਂ ਦੇ ਅਰਥ-ਭਰਪੂਰ ਜੀਵਨ ਦੇ ਜਸ਼ਨ ਮਨਾਉਣੇ ਚਾਹੀਦੇ ਹਨ। ਡਾ. ਸਾਧੂ ਸਿੰਘ ਅਨੁਸਾਰ ਬਾਈ ਅਵਤਾਰ ਨੂੰ ਆਪਣਾ ਇਨਕਲਾਬੀ ਮਨੋਰਥ ਪੂਰੀ ਤਰ੍ਹਾਂ ਸਪੱਸ਼ਟ ਸੀ ਅਤੇ ਇਸੇ ਕਰਕੇ ਉਹ ਸਾਰੀ ਉਮਰ ਇਸੇ ਰਾਹ ਜਾਵੇਗਾ। ਸਾਬਕਾ ਮੰਤਰੀ ਜਿੰਨੀ ਸਿੰਮਜ ਨੇ ਬਾਈ ਅਵਤਾਰ ਨਾਲ ਆਪਣੀ ਸਾਂਝ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਭਾਈਚਾਰੇ ਦੀ ਬੇਹਤਰੀ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ



ਇੱਕ ਕਰਕੇ ਨਵੀਆਂ ਪੈੜਾਂ ਪਾਈਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੀਤੇ ਦਿਨੀਂ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਤਰਕਸ਼ੀਲ ਸੁਸਾਇਟੀ ਐਬਟਸਫੋਰਡ ਅਤੇ ਸਰੀ ਦੇ ਯੂਨਿਟਾਂ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਸ਼ਰਧਾਂਜਲੀ ਸਮਾਰੋਹ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕੀਤਾ।

ਸਮਾਰੋਹ ਨੂੰ ਸੰਬੋਧਨ ਕਰਦਿਆਂ ਉੱਘੇ ਲੇਖਕ ਤੇ ਸਮਾਜਿਕ ਕਾਰਕੁਨ ਸਾਧੂ ਬਿਨਿੰਗ ਨੇ ਬਾਈ ਅਵਤਾਰ ਦੀ ਇਨਕਲਾਬੀ ਵਚਨਬੱਧਤਾ ਅਤੇ ਨਰੋਈ ਸੋਚ ਵਾਲਿਆਂ ਨੂੰ ਉਤਸ਼ਾਹਿਤ ਕਰਨ ਵਰਗੇ ਨਿਵੇਕਲੇ ਗੁਣਾਂ ਦਾ ਜ਼ਿਕਰ ਕੀਤਾ। ਸੁਖਵੰਤ ਹੁੰਦਲ ਨੇ ਕਿਹਾ ਕਿ ਬਾਈ ਅਵਤਾਰ ਬਰਾਬਰੀ ਅਤੇ ਨਿਆਂ ਅਧਾਰਤ ਸਮਾਜ ਦੀ ਉਸਾਰੀ ਲਈ ਸਾਰੀ ਉਮਰ ਸੰਘਰਸ਼ਸ਼ੀਲ ਰਹੇ। ਉਨ੍ਹਾਂ ਬਾਈ ਦੀ ਜੀਵਨ ਘਾਲਣਾ ਨੂੰ ਸਲਾਮ ਕਰਦਿਆਂ ਕਿਹਾ ਕਿ ਸਾਨੂੰ 'ਤੇ ਅਡੋਲ ਚੱਲਦੇ ਰਹੇ। ਉੱਘੇ ਅਰਥ-ਸ਼ਾਸਤਰੀ ਡਾ. ਅਮਰਜੀਤ ਭੁੱਲਰ ਨੇ ਕਿਹਾ ਕਿ ਬਾਈ ਅਵਤਾਰ ਅਗਾਂਹਵਧੂ ਵਿਚਾਰਾਂ ਦੇ ਪਸਾਰ ਅਤੇ ਲੋਕਾਂ ਨੂੰ ਪ੍ਰੇਰਿਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਸਨ ਛੱਡਦੇ।

ਐਬਟਸਫੋਰਡ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਡਾ. ਸੁਖਦੇਵ ਮਾਨ ਨੇ ਕਿਹਾ ਕਿ ਬਾਈ ਅਵਤਾਰ ਦੀ ਜਮਹੂਰੀ ਸਿਧਾਂਤਾਂ 'ਤੇ ਪਕੜ ਬਾ-ਕਮਾਲ ਸੀ ਅਤੇ ਉਹ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਮਾਹਿਰ ਸਨ। ਈਸਟ ਇੰਡੀਆ ਡਿਫੈਂਸ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਹਰਭਜਨ ਚੀਮਾ ਅਨੁਸਾਰ ਬਾਈ ਅਵਤਾਰ ਦੀ ਜਥੇਬੰਦਕ ਸੂਝ-ਬੂਝ ਕਮਾਲ ਦੀ ਸੀ ਅਤੇ ਪ੍ਰੋਗਰੈਸਿਵ ਕਲਚਰਲ ਸੈਂਟਰ ਦੀ ਉਸਾਰੀ ਵਿਚ ਉਨ੍ਹਾਂ ਦਾ ਯੋਗਦਾਨ ਹਮੇਸ਼ਾ ਯਾਦ ਰੱਖਿਆ ਆਗੂਆਂ ਕੁਲਵੰਤ ਢੇਸੀ ਅਤੇ ਸੁਰਿੰਦਰ ਸੰਘਾ ਨੇ ਕਿਹਾ ਕਿ ਬਾਈ ਅਵਤਾਰ ਖੱਬੀਆਂ ਧਿਰਾਂ ਦੇ ਰਲ ਕੇ ਕੰਮ ਕਰਨ ਦੇ ਵੱਡੇ ਮੁੱਦਈ ਸਨ।

ਸਰੀ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਜਸਵਿੰਦਰ ਹੇਅਰ ਨੇ ਬਾਈ ਅਵਤਾਰ ਦਾ ਪਸੰਦੀਦਾ ਗੀਤ 'ਮੇਰੀ ਮੌਤ ਤੇ ਨਾ ਰੋਇਓ-ਮੇਰੀ ਸੋਚ ਨੂੰ ਬਚਾਇਓ' (ਉਦਾਸੀ) ਗਾ ਕੇ ਉਨ੍ਹਾਂ ਨੂੰ ਅਕੀਦਤ ਭੇਟ ਕੀਤੀ। ਪਰਮਿੰਦਰ ਸਵੈਚ ਨੇ ਆਪਣੀ ਸਿਰਜਣ ਕਲਾ ਵਿਚ ਬਾਈ ਅਵਤਾਰ ਦੀ ਸੇਧ ਅਤੇ ਹੌਸਲਾ-ਅਫਜ਼ਾਈ ਦਾ ਭਾਵੁਕ ਜ਼ਿਕਰ ਕੀਤਾ। ਇਸ ਮੌਕੇ ਪਰਮਜੀਤ ਸਿੰਘ, ਨਿਰਮਲ ਕਿੰਗਰਾ, ਮੱਖਣ ਟੁੱਟ, ਸਤਵੰਤ ਦੀਪਕ ਅਤੇ ਪ੍ਰੋ. ਹਰਿੰਦਰਜੀਤ ਨੇ ਵੀ ਵਿਛੜੇ ਆਗੂ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਨ ਕੀਤੇ।

*-ਹਰਦਮ ਮਾਨ*

# ਫਾਰੂਕ ਅਬਦੁੱਲਾ ਖ਼ਿਲਾਫ਼ .ਗੈਰ ਜ਼ਮਾਨਤੀ ਵਾਰੰਟ ਵਾਪਸ

**ਸ੍ਰੀਨਗਰ:**ਜੰਮੂ-ਕਸ਼ਮੀਰ ਕ੍ਰਿਕਟ ਐਸੋਸੀਏਸ਼ਨ 'ਚ ਕਰੋੜਾਂ ਦੇ ਘੁਟਾਲੇ 'ਚ ਸ੍ਰੀਨਗਰ ਦੀ ਅਦਾਲਤ ਨੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੂੰ ਰਾਹਤ ਦਿੰਦੇ ਹੋਏ ਉਨ੍ਹਾਂ ਖ਼ਿਲਾਫ਼ ਜਾਰੀ ਗ਼ੈਰ-ਜ਼ਮਾਨਤੀ ਵਾਰੰਟ ਨੂੰ ਕੁਝ ਘੰਟੇ ਬਾਅਦ ਹੀ ਵਾਪਸ ਲੈ ਲਿਆ।



ਇਸ ਮਾਮਲੇ 'ਚ ਸੁਣਵਾਈ ਦੌਰਾਨ ਫਾਰੂਕ ਵੱਲੋਂ ਪੇਸ਼ੀ ਤੋਂ ਛੋਟ ਲਈ ਬੇਨਤੀ ਕੀਤੀ ਗਈ ਸੀ ਪਰ ਅਦਾਲਤ ਨੇ ਉਨ੍ਹਾਂ ਖ਼ਿਲਾਫ਼ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤਾ। ਇਸ ਤੋਂ ਬਾਅਦ ਫਾਰੂਕ ਦੇ ਵਕੀਲ ਨੇ ਉਨ੍ਹਾਂ 'ਤੇ ਹਮਲੇ ਦਾ ਹਵਾਲਾ ਦਿੰਦੇ ਹੋਏ ਰਾਹਤ ਦੀ ਬੇਨਤੀ ਕੀਤੀ ਸੀ।

# ਡਿਸਟ੍ਰਿਕਟ 4 ਲਈ ਚੋਣ ਲੜ ਰਹੇ ਨਰਿੰਦਰ ਨਿਕ ਸਹੋਤਾ ਵਲੋਂ ਚੋਣ ਮੁਹਿੰਮ ਸ਼ੁਰੂ

***ਫਰਿਜ਼ਨੋ (ਐਸ ਅਸ਼ੋਕ ਭੌਰਾ):*** ਫਰਿਜ਼ਨੋ ਕਾਉਂਟੀ ਬੋਰਡ ਆਫ਼ ਸੁਪਰਵਾਈਜ਼ਰਜ਼ ਡਿਸਟ੍ਰਿਕਟ 4 ਲਈ ਚੋਣ ਲੜ ਰਹੇ ਨਰਿੰਦਰ ਨਿਕ ਸਹੋਤਾ ਨੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਇਥੇ ਗੋਲਡਨ ਪੈਲੇਸ ਈਵੈਂਟ ਸੈਂਟਰ ਵਿਚ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨਾਲ ਕੀਤੀ। ਇਸ ਸਮਾਗਮ ਵਿਚ ਪੂਰੀ ਸੈਂਟਰਲ ਵੈਲੀ ਤੋਂ ਕਿਸਾਨ ਕਾਰੋਬਾਰੀ, ਭਾਈਚਾਰਕ ਆਗੂ, ਚੁਣੇ ਹੋਏ ਨੁਮਾਇੰਦੇ ਅਤੇ ਸਮਰਥਕ ਪੁੱਜੇ। ਸਹੋਤਾ ਨੇ ਆਪਣੀ ਤਕਰੀਰ ਵਿਚ ਇਸ ਵੱਡੇ ਤੇ ਭਾਰੀ ਸਮਰਥਨ ਲਈ ਦਿਲੋਂ ਧੰਨਵਾਦ ਕਰਦਿਆਂ ਖੁਲਾਸਾ ਕੀਤਾ ਕਿ ਚੋਣ ਲੜਨ ਦਾ ਮੁੱਖ ਕਾਰਨ ਸੈਂਟਰਲ ਵੈਲੀ ਨੂੰ ਦਰਪੇਸ਼ ਸਮੱਸਿਆਵਾਂ ਤੇ ਗੰਭੀਰ ਮੁੱਦੇ ਹਨ, ਜਿਨ੍ਹਾਂ ਵਿਚ ਖੇਤੀਬਾੜੀ ਦੀ ਰਾਖੀ, ਪਾਣੀ ਦੀ ਸਪਲਾਈ ਯਕੀਨੀ ਬਣਾਉਣਾ, ਸੜਕਾਂ ਅਤੇ ਬੁਨਿਆਦੀ ਢਾਂਚੇ ਵਿਚ ਸੁਧਾਰ, ਆਰਥਿਕ ਵਿਕਾਸ ਨੂੰ ਹੁਲਾਰਾ ਦੇਣਾ, ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਪੈਦਾ ਕਰਨਾ ਸ਼ਾਮਲ ਹੈ। ਸਹੋਤਾ ਨੇ ਹੋਰ ਕਿਹਾ ਕਿ 35 ਸਾਲਾਂ ਤੋਂ ਵੱਧ ਸਮੇਂ ਤੋਂ ਮੈਂ ਕਿਸਾਨ, 25 ਸਾਲਾਂ ਤੋਂ ਵੱਧ ਸਮੇਂ ਤੋਂ ਛੋਟੇ ਕਾਰੋਬਾਰੀ ਮਾਲਕ ਅਤੇ ਸਕੂਲ ਬੋਰਡ ਟਰੱਸਟੀ ਵਜੋਂ, ਸਾਂਝੇ ਪਰਿਵਾਰਾਂ ਦੀਆਂ ਮੁਸ਼ਕਲਾਂ ਨੂੰ ਸਮਝਦਾ ਹਾਂ। ਸਾਡੇ ਕਿਸਾਨ ਦਬਾਅ ਹੇਠ ਹਨ, ਸਾਡੇ ਪੇਂਡੂ ਭਾਈਚਾਰਿਆਂ ਨੂੰ ਨਿਵੇਸ਼ ਦੀ ਲੋੜ ਹੈ, ਅਤੇ ਸਾਡੇ ਨੌਜਵਾਨ ਇੱਥੇ ਸੈਂਟਰਲ ਵੈਲੀ ਵਿਚ ਆਪਣਾ ਭਵਿੱਖ ਬਣਾਉਣ ਦੇ ਮੌਕਿਆਂ ਦੇ ਹੱਕਦਾਰ ਹਨ। ਸਹੋਤਾ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਮੁਹਿੰਮ ਵੈਲੀ ਦੀ ਜੀਵਨ ਸ਼ੈਲੀ ਦੀ ਰੱਖਿਆ ਕਰਨ ਵਾਂਗ ਹੈ। ਇਹ ਮੁਹਿੰਮ ਮੇਰੀ ਨਹੀਂ ਸਗੋਂ ਸਾਡੀ ਖੇਤੀਯੋਗ ਜ਼ਮੀਨ, ਪਾਣੀ,




***ਭਾਈਚਾਰਕ ਇਕੱਠ ਨੂੰ ਸੰਬੋਧਨ ਕਰਦਿਆਂ ਨਰਿੰਦਰ ਨਿਕ ਸਹੋਤਾ।***

ਨੌਕਰੀਆਂ ਅਤੇ ਭਾਈਚਾਰਿਆਂ ਦੀ ਰਾਖੀ ਬਾਰੇ ਹੈ। ਡਿਸਟ੍ਰਿਕਟ 4 ਵਿਚ ਸੈਂਟਰਲ ਵੈਲੀ ਦੇ ਕਈ ਸ਼ਹਿਰ ਜਿਨ੍ਹਾਂ ਵਿਚ ਸੈਲਮਾ, ਮਾਲਾਗਾ, ਫਾਊਲਰ, ਪਾਰਲੀਅਰ, ਸੈਂਗਰ, ਰੀਡਲੀ, ਓਰੇਂਜ, ਕੋਵ, ਕਿੰਗਸਬਰਗ, ਕਰਦਰਜ, ਰਿਵਰਡੇਲ, ਲੈਟਨ, ਕੋਲਿੰਗਾ ਅਤੇ ਹਿਊਰੋਨ ਸ਼ਾਮਲ ਹਨ। ਸਹੋਤਾ ਨੇ ਕਾਉਂਟੀ ਦੀਆਂ ਸੇਵਾਵਾਂ ਵਿਚ ਸੁਧਾਰ ਕਰਨ, ਵਿਕਾਸ ਦੀਆਂ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ, ਖੇਤੀਬਾੜੀ ਦਾ ਸਮਰਥਨ ਕਰਨ ਅਤੇ ਸਥਾਨਕ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਅਣਥੱਕ ਕੰਮ ਕਰਨ ਦਾ ਅਹਿਦ ਲਿਆ। ਜ਼ਿਕਰਯੋਗ ਹੈ ਕਿ 2 ਜੂਨ ਨੂੰ ਹੋਣ ਵਾਲੀਆਂ ਪ੍ਰਾਇਮਰੀ ਚੋਣਾਂ ਪ੍ਰਤੀ ਸਮੂਹਿਕ ਭਾਈਚਾਰਿਆਂ 'ਚ ਬੇਹੱਦ ਉਤਸ਼ਾਹ ਹੈ।

# ਅਮਰਜੀਤ ਕੌਰ ਪੰਨੂੰ ਦੇ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ ਉੱਪਰ ਗੋਸ਼ਟੀ 29 ਮਾਰਚ ਨੂੰ

**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ 29 ਮਾਰਚ, 2026 ਦਿਨ ਐਤਵਾਰ ਨੂੰ 11:30-3:30 ਵਜੇ ਤੱਕ ਵਿਪਸਾਅ ਦੇ ਕਲਾ ਸਕੱਤਰ ਅਤੇ ਗਾਇਕ ਸੁਖਦੇਵ ਸਾਹਿਲ ਦੇ ਗ੍ਰਹਿ 340 Monte Carol Ave, Union City ਵਿਖੇ ਸਾਹਿਤਕ ਮਿਲਣੀ ਕਰਵਾਈ ਜਾ ਰਹੀ ਹੈ। ਇਸ ਮੌਕੇ ਪਹਿਲੇ ਸੈਸ਼ਨ ਵਿਚ ਦੋ ਭਾਸ਼ਾਵਾਂ ਦੀ ਲੇਖਿਕਾ ਅਮਰਜੀਤ ਕੌਰ ਪੰਨੂੰ ਦੇ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ' ਉਤੇ ਵਿਚਾਰ-ਚਰਚਾ ਹੋਵੇਗੀ। ਪਰਵਾਸੀ ਧਰਾਤਲ 'ਤੇ ਸਿਰਜੀਆਂ ਇਨ੍ਹਾਂ ਕਹਾਣੀਆਂ ਦੀ ਸ਼ੈਲੀ ਵਿਲੱਖਣ ਅਤੇ ਦ੍ਰਿਸ਼ਟੀਕੋਣ ਵਿਗਿਆਨਕ ਹੈ। ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਦੀਆਂ ਅਤੇ ਸੱਚੇ-ਸੁੱਚੇ ਪਿਆਰ ਦੀ ਇਬਾਰਤ ਲਿਖਦੀਆਂ ਇਨ੍ਹਾਂ ਕਹਾਣੀਆਂ ਬਾਰੇ ਪ੍ਰੋ. ਬਲਜਿੰਦਰ ਸਿੰਘ ਸਵੈਚ ਪਰਚਾ ਪੜ੍ਹਨਗੇ ਅਤੇ ਕਹਾਣੀਕਾਰਾ ਨਾਲ਼ ਸੰਵਾਦ ਰਚਾਇਆ ਜਾਵੇਗਾ। ਦੂਜੇ ਸੈਸ਼ਨ ਵਿਚ ਕਵੀ ਦਰਬਾਰ ਹੋਵੇਗਾ। ਦੁਪਹਿਰ ਦੇ ਖਾਣੇ ਤੋਂ ਬਾਅਦ ਸੰਗੀਤ ਦੀ ਮਹਿਫ਼ਲ ਸਜਾਈ ਜਾਵੇਗੀ। ਸਭ ਲੇਖਕਾਂ ਨੂੰ ਕਿਤਾਬ ਪੜ੍ਹ ਕੇ ਆਉਣ ਲਈ ਬੇਨਤੀ ਕੀਤੀ ਜਾਂਦੀ ਹੈ।




***ਰਿਪੋਰਟ: ਲਾਜ ਨੀਲਮ ਸੈਣੀ***
***ਸਾਹਿਤ ਸਕੱਤਰ***
***ਫ਼ੋਨ:510-502-0551***

# ਮੁੱਖ ਮੰਤਰੀ ਨੂੰ ਮਿਲੇ ਗਾਇਕ ਅਤੇ ਫਿਲਮਕਾਰ ਤਰਲੋਚਨ ਬਿਲਗਾ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਉਘੇ ਗਾਇਕ ਅਤੇ ਫ਼ਿਲਮਕਾਰ ਤਰਲੋਚਨ ਸਿੰਘ ਬਿਲਗਾ (ਗੋਲਡਨ ਸਟਾਰ ਯੂ.ਕੇ.) ਸਾਬਕਾ ਮਜਿਸਟ੍ਰੇਟ ਇੰਗਲੈਂਡ ਦੀ ਇੱਕ ਅਹਿਮ ਮੀਟਿੰਗ ਜਲੰਧਰ ਵਿਖੇ ਹੋਈ। ਇਸ ਮੀਟਿੰਗ ਵਿੱਚ ਇੰਟਰਨੈਸ਼ਨਲ ਪੱਧਰ 'ਤੇ ਪਰਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਸੰਬੰਧੀ ਚਰਚਾ ਕੀਤੀ ਗਈ। ਜਿਸ ਦੇ ਸੰਬੰਧ ਵਿੱਚ ਕਈ ਪ੍ਰੋਗਰਾਮ ਉਲੀਕੇ ਗਏ। ਪਿੰਡ ਬਿਲਗਾ (ਜਲੰਧਰ)ਦੇ ਜੰਮਪਲ ਤਰਲੋਚਨ ਸਿੰਘ ਨੇ ਆਪਣੇ ਨਗਰ ਬਿਲਗਾ ਵਿੱਚ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਵੀ ਵਿਚਾਰ ਵਟਾਂਦਰਾ ਕੀਤਾ ਅਤੇ ਧੰਨਵਾਦ ਕੀਤਾ। ਮੁੱਖ ਮੰਤਰੀ ਮਾਨ ਨਾਲ ਇੱਥੇ ਰਿੰਗ ਰੋਡ ਅਤੇ ਸਪੋਰਟਸ ਸੰਬੰਧੀ ਗੱਲਬਾਤ ਕੀਤੀ।ਜਿਕਰਯੋਗ



ਹੈ ਕਿ ਪੰਜਾਬੀ ਕਲਚਰ ਪ੍ਰਮੋਟਰ ਤਰਲੋਚਨ ਸਿੰਘ ਬਿਲਗਾ ਅਤੇ ਭਗਵੰਤ ਮਾਨ ਇੰਗਲੈਂਡ ਵਿੱਚ ਇਕੱਠੇ ਪ੍ਰੋਗਰਾਮ ਕਰਦੇ ਰਹੇ ਹਨ।

ਪੰਜਾਬ ਟਾਈਮਜ਼

21 ਮਾਰਚ, ਸ਼ਨਿਚਰਵਾਰ

## ਲਟਕ ਰਹੀ ਜੰਗ ਅਮਰੀਕਾ ਲਈ ਵੰਗਾਰ

*ਇਰਾਨ ਵਿਰੁੱਧ ਯੁੱਧ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁਰੂ ਕੀਤਾ ਸੀ, ਪਰ ਹੁਣ ਉਸ ਨੂੰ ਖ਼ਤਮ ਕਰਨ ਲਈ ਸ਼ਰਤਾਂ ਇਰਾਨ ਲਗਾ ਰਿਹਾ ਹੈ। ਜਦੋਂ ਤਹਿਰਾਨ 'ਤੇ ਪਹਿਲਾ ਹਮਲਾ ਹੋਇਆ ਸੀ ਤਾਂ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਇਰਾਨ ਦਾ ਨਵਾਂ ਸੁਪਰੀਮ ਲੀਡਰ ਅਯਾਤੁੱਲਾ ਮੁਜਤਬਾ ਖਾਮੇਨੇਈ ਟਰੰਪ ਸਾਹਮਣੇ ਅਜਿਹੀਆਂ ਸ਼ਰਤਾਂ ਰੱਖੇਗਾ ਅਤੇ ਇਨ੍ਹਾਂ ਦੀ ਪਾਲਣਾ ਕਰਨ ਲਈ 30 ਤੋਂ 60 ਦਿਨ ਦਾ ਸਮਾਂ ਦੇਵੇਗਾ। ਖਾਮੇਨੇਈ ਦੇ ਬਿਆਨ ਤੋਂ ਬਾਅਦ ਚੀਨ ਤੇ ਰੂਸ ਦੇ ਖੁੱਲ੍ਹ ਕੇ ਉਸ ਦੇ ਸਮਰਥਨ ਵਿਚ ਆਉਣ ਨਾਲ ਇਜ਼ਰਾਇਲੀ ਤੇ ਅਮਰੀਕੀ ਕੈਂਪਾਂ ਵਿਚ ਦਹਿਸ਼ਤ ਪੈਦਾ ਹੋ ਗਈ ਹੈ। ਮੱਧ ਪੂਰਬ ਵਿਚ ਅਮਰੀਕੀ ਦਬਦਬੇ ਨੂੰ ਚੁਣੌਤੀ ਮਿਲਣ ਨਾਲ ਟਰੰਪ ਬੁਰੀ ਤਰ੍ਹਾਂ ਫਸ ਗਿਆ ਹੈ, ਜੇਕਰ ਉਹ ਖਾਮੇਨੇਈ ਦੀਆਂ ਸ਼ਰਤਾਂ 'ਤੇ ਗੱਲਬਾਤ ਸ਼ੁਰੂ ਕਰਦਾ ਹੈ ਤਾਂ ਦੁਨੀਆ ਭਰ 'ਚ ਅਮਰੀਕਾ ਦੀ ਹਾਲਤ ਵੀਅਤਨਾਮ, ਇਰਾਕ ਤੇ ਅਫ਼ਗਾਨਿਸਤਾਨ 'ਚ ਮਿਲੀਆਂ ਹਾਰਾਂ ਤੋਂ ਵੀ ਮਾੜੀ ਹੋ ਜਾਵੇਗੀ। ਜੇਕਰ ਟਰੰਪ ਜੰਗ ਰੋਕ ਕੇ ਗੱਲਬਾਤ ਸ਼ੁਰੂ ਨਹੀਂ ਕਰੇਗਾ ਤਾਂ ਉਹ ਆਪਣੇ ਦੇਸ਼ ਤੇ ਪੂਰੀ ਦੁਨੀਆ ਨੂੰ ਇਕ ਅਜਿਹੀ ਲੜਾਈ ਵਿਚ ਉਲਝਾ ਦੇਵੇਗਾ, ਜਿਸ ਨੂੰ ਜਿੱਤਣਾ ਸੰਭਵ ਨਹੀਂ ਹੈ।*

*ਸੰਨ 1979 ਵਿਚ ਇਰਾਨ ਦੀ ਇਸਲਾਮੀ ਕ੍ਰਾਂਤੀ ਦੇ ਬਾਅਦ ਤੋਂ ਮੱਧ ਪੂਰਬ ਵਿਚ ਸਭ ਕੁਝ ਅਮਰੀਕਾ ਦੇ ਹੱਥ 'ਚ ਸੀ, ਪਰ ਸਹੀ ਯੋਜਨਾਬੰਦੀ ਤੇ ਜ਼ਮੀਨੀ ਹਕੀਕਤਾਂ ਨੂੰ ਅਣਡਿੱਠ ਕਰਨ ਨਾਲ ਅਮਰੀਕਾ ਲਈ ਅਜਿਹੀ ਸਥਿਤੀ ਪੈਦਾ ਹੋ ਗਈ ਹੈ, ਜਿਸ ਬਾਰੇ ਉਸ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਅਮਰੀਕਾ ਦੇ 7 ਸੈਨਿਕਾਂ ਦੀਆਂ ਲਾਸ਼ਾਂ ਵਾਸ਼ਿੰਗਟਨ ਪਹੁੰਚ ਚੁੱਕੀਆਂ ਹਨ, ਤੇਲ ਦੀਆਂ ਕੀਮਤਾਂ ਪ੍ਰਤੀ ਬੈਰਲ 121 ਡਾਲਰ ਤੱਕ ਪਹੁੰਚ ਗਈਆਂ ਹਨ। ਅਮਰੀਕੀ ਰੱਖਿਆ ਮੰਤਰਾਲੇ ਦੇ ਦਸਤਾਵੇਜ਼ ਸਪੱਸ਼ਟ ਕਰਦੇ ਹਨ ਕਿ ਇਹ ਜੰਗ ਜਿੱਤੀ ਨਹੀਂ ਜਾ ਸਕਦੀ।*

*ਮੁਜਤਬਾ ਨੇ ਆਪਣੇ ਸ਼ਹੀਦ ਪਿਤਾ ਅਯਾਤੁੱਲਾ ਅਲੀ ਖਾਮੇਨੇਈ ਦਾ ਉੱਤਰਾਧਿਕਾਰੀ ਬਣਨ ਤੋਂ ਬਾਅਦ ਆਪਣਾ ਪਹਿਲਾ 12 ਮਿੰਟ ਦਾ ਬਿਆਨ ਜਾਰੀ ਕੀਤਾ, ਜੋ ਟੀ.ਵੀ. 'ਤੇ ਪੜ੍ਹਿਆ ਗਿਆ ਸੀ। ਮੁਜਤਬਾ ਖੁਦ ਕੈਮਰੇ 'ਤੇ ਨਹੀਂ ਦਿਸੇ, ਉਨ੍ਹਾਂ ਦਾ ਹਰ ਸ਼ਬਦ ਇਰਾਨੀ ਲੋਕਾਂ ਦੀ ਬਜਾਏ ਅਮਰੀਕਾ ਨੂੰ ਸੰਬੋਧਿਤ ਸੀ। ਉਨ੍ਹਾਂ ਆਪਣੇ ਬਿਆਨ ਦੇ ਪਹਿਲੇ 6 ਮਿੰਟਾਂ 'ਚ ਇਰਾਨ ਵਿਰੁੱਧ ਅਮਰੀਕੀ ਅੱਤਿਆਚਾਰਾਂ ਦਾ ਵੇਰਵਾ ਦਿੰਦਿਆਂ ਆਪਣੇ ਪਿਤਾ ਤੇ ਇਰਾਨ ਦੇ ਵਿਗਿਆਨੀਆਂ ਦੀਆਂ ਹੱਤਿਆਵਾਂ ਦਾ ਜ਼ਿਕਰ ਕੀਤਾ। ਅਗਲੇ 6 ਮਿੰਟਾਂ 'ਚ ਮੁਜਤਬਾ ਨੇ ਅਤੀਤ ਤੋਂ ਹਟ ਕੇ ਭਵਿੱਖ ਦੀ ਗੱਲ ਕਰਦਿਆਂ 3 ਮੰਗਾਂ ਰੱਖੀਆਂ, ਜਿਨ੍ਹਾਂ ਦਾ ਪੂਰਾ ਖਰੜਾ ਇਰਾਨ ਵਲੋਂ ਸਵਿਟਜ਼ਰਲੈਂਡ ਰਾਹੀਂ ਅਮਰੀਕੀ ਵਿਦੇਸ਼ ਵਿਭਾਗ ਨੂੰ ਭੇਜਿਆ ਗਿਆ ਹੈ। ਕਈ ਨਿਊਜ਼ ਆਊਟਲੇਟਾਂ ਅਨੁਸਾਰ ਇਰਾਨ ਵਲੋਂ ਮੁਜਤਬਾ ਨੇ ਅਮਰੀਕਾ ਨੂੰ ਮੱਧ ਪੂਰਬ ਤੋਂ ਆਪਣੀਆਂ ਫੌਜਾਂ ਵਾਪਸ ਬੁਲਾਉਣ ਦਾ ਪ੍ਰਸਤਾਵ ਭੇਜਿਆ ਹੈ। ਜਦਕਿ ਸੱਚਾਈ ਇਹ ਹੈ ਕਿ ਖਾਮੇਨੇਈ ਨੇ ਅਮਰੀਕਾ ਨੂੰ ਸਾਰੇ ਮੱਧ ਪੂਰਬੀ ਦੇਸ਼ਾਂ (ਇਰਾਕ, ਸੀਰੀਆ, ਕੁਵੈਤ, ਬਹਿਰੀਨ, ਕਤਰ, ਸੰਯੁਕਤ ਅਰਬ ਅਮੀਰਾਤ ਤੇ ਸਾਊਦੀ ਅਰਬ) ਤੋਂ ਆਪਣੀਆਂ ਫ਼ੌਜਾਂ ਵਾਪਸ ਬੁਲਾਉਣ ਤੇ 3 ਦਿਨਾਂ ਅੰਦਰ ਸੈਨਿਕ ਅੱਡਿਆਂ ਨੂੰ ਹਟਾਉਣ ਦਾ ਅਲਟੀਮੇਟਮ ਦਿੱਤਾ ਹੈ। ਇਰਾਨ ਨੇ ਕਿਸੇ ਵੀ ਗੱਲਬਾਤ ਤੋਂ ਇਨਕਾਰ ਕਰਦਿਆਂ ਅਮਰੀਕਾ ਨੂੰ ਮੱਧ ਪੂਰਬੀ ਦੇਸ਼ਾਂ 'ਚੋਂ ਆਪਣੀ ਫ਼ੌਜੀ ਮੌਜੂਦਗੀ ਖ਼ਤਮ ਕਰਨ ਲਈ ਆਖਦਿਆਂ ਖਾੜੀ ਦੇਸ਼ਾਂ ਨੂੰ ਅਮਰੀਕੀ ਅੱਡੇ ਬੰਦ ਕਰਨ ਦੀ ਅਪੀਲ ਕੀਤੀ ਹੈ, ਨਹੀਂ ਤਾਂ ਇਰਾਨ ਦੇ ਉਨ੍ਹਾਂ 'ਤੇ ਹਮਲੇ ਜਾਰੀ ਰਹਿਣਗੇ।*

*ਟਰੰਪ ਨੂੰ ਭੇਜੇ ਗਏ ਅਲਟੀਮੇਟਮ ਦੀ ਇਹ ਪਹਿਲੀ ਮੰਗ ਹੈ। ਜਦਕਿ ਦੂਜੀ ਮੰਗ ਵਿਚ ਅਮਰੀਕਾ ਨੂੰ 1979 ਤੋਂ ਇਰਾਨ 'ਤੇ ਲਗਾਈਆਂ ਸਭ ਪਾਬੰਦੀਆਂ ਤੁਰੰਤ ਹਟਾਉਣ ਲਈ ਕਿਹਾ ਗਿਆ ਹੈ, ਪਹਿਲੀ ਮੰਗ ਲਈ ਅਮਰੀਕਾ ਨੂੰ 30 ਦਿਨ ਤੇ ਦੂਜੀ ਮੰਗ ਲਈ 60 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਤੀਜੀ ਮੰਗ ਵਿਚ ਜੰਗ ਤੇ ਪਾਬੰਦੀਆਂ ਕਾਰਨ ਹੋਏ ਆਰਥਿਕ ਨੁਕਸਾਨ ਦਾ ਮੁਆਵਜ਼ਾ ਮੰਗਦਿਆਂ ਅਮਰੀਕਾ ਨੂੰ ਇਰਾਨ ਨੂੰ 800 ਅਰਬ ਡਾਲਰ ਦਾ ਭੁਗਤਾਨ ਕਰਨ ਲਈ ਕਿਹਾ ਹੈ। ਖਾਮੇਨੇਈ ਨੇ ਉਕਤ 3 ਮੰਗਾਂ ਪੂਰੀਆਂ ਨਾ ਹੋਣ 'ਤੇ 3 ਕਦਮ ਉਠਾਉਣ ਦੀ ਚਿਤਾਵਨੀ ਦਿੱਤੀ ਹੈ। ਪਹਿਲਾ ਉਹ 30 ਦਿਨਾਂ ਬਾਅਦ ਹੋਰਮੁਜ਼ ਜਲਡਮਰੂ ਨੂੰ ਸਾਰੇ ਵਪਾਰਕ ਜਹਾਜ਼ਾਂ ਲਈ ਬੰਦ ਕਰ ਦੇਵੇਗਾ। ਦੂਜਾ ਉਹ ਰੂਸ ਤੇ ਚੀਨ ਨਾਲ ਇਕ ਫ਼ੌਜੀ ਭਾਈਵਾਲੀ ਸ਼ੁਰੂ ਕਰ ਕੇ ਇਰਾਨੀ ਧਰਤੀ 'ਤੇ ਵਿਦੇਸ਼ੀ ਫ਼ੌਜੀ ਟਿਕਾਣਿਆਂ ਦੀ ਆਗਿਆ ਦੇ ਦੇਵੇਗਾ। ਤੀਜਾ ਇਰਾਨ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਪ੍ਰਮਾਣੂ ਰੋਕਥਾਮ ਸਮਰੱਥਾ ਵਿਕਸਤ ਕਰੇਗਾ, ਇਸ ਦਾ ਮਤਲਬ ਇਹ ਹੋਇਆ ਕਿ ਇਰਾਨ ਸੰਭਾਵੀ ਪ੍ਰਮਾਣੂ ਹਮਲੇ ਨੂੰ ਰੋਕਣ ਦੀ ਸ਼ਕਤੀ ਪ੍ਰਾਪਤ ਕਰੇਗਾ। ਖਾਮੇਨੇਈ ਦਾ ਸੁਨੇਹਾ ਜਾਰੀ ਹੋਣ ਤੋਂ ਸਿਰਫ਼ ਡੇਢ ਘੰਟੇ ਬਾਅਦ ਚੀਨ ਨੇ ਅਧਿਕਾਰਤ ਤੌਰ 'ਤੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਆਪਣੀ ਸੁਰੱਖਿਆ ਤੇ ਕਿਸੇ ਵੀ ਵਿਦੇਸ਼ੀ ਹਮਲੇ ਤੋਂ ਆਪਣੇ ਆਪ ਨੂੰ ਬਚਾਉਣ ਦੇ ਅਧਿਕਾਰ ਬਾਰੇ ਇਰਾਨ ਦੀਆਂ ਚਿੰਤਾਵਾਂ ਦਾ ਚੀਨ ਵੀ ਸਮਰਥਨ ਕਰਦਾ ਹੈ। ਅਜੇਹੀ ਸਥਿਤੀ ਅਮਰੀਕਾ ਤੇ ਇਸ ਦੇ ਸਹਿਯੋਗੀਆਂ ਲਈ ਬਹੁਤ ਚਿੰਤਾਜਨਕ ਹੋ ਸਕਦੀ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹਸ਼ਰ ਹੰਕਾਰਿਆਂ ਦਾ

*ਕੁੱਦ ਪੈਂਦਾ ਏ ਅਕਸਰ ਹੀ ਹਾਕਮਾਂ ਨੂੰ, ਆਕੜ ਅਤੇ ਹੰਕਾਰ ਦਾ ਝੱਲ ਭਾਈ।*
*ਜਿੱਤਦਾ ਜਾਪਦਾ ਹੁੰਦਾ ਏ ਕੁਫਰ ਭਾਵੇਂ, ਰਹਿੰਦਾ ਆਖਰ ਨੂੰ ਸੱਚ ਅਟੱਲ ਭਾਈ।*
*ਜ਼ੁਲਮੋਂ ਸਿਤਮ ਦਾ ਚੱਲ ਰਿਹਾ ਦੌਰ ਹੋਵੇ, ਲੱਗੇ ਮਾਨਵਤਾ ਸੀਨੇ 'ਤੇ ਸੱਲ ਭਾਈ।*
*ਅਣਖੀ ਲੋਕ ਤਾਂ ਕਦੇ ਵੀ ਝੱਲਦੇ ਨਹੀਂ, ਠੋਸੀ ਰੋਹਬ ਦੇ ਨਾ.ਲ ਕੋਈ ਗੱਲ ਭਾਈ।*
*ਪੈਂਦਾ ਝੱਲਣਾ 'ਭਾਰ' ਸ਼ਰਮਿੰਦਗੀ ਦਾ, ਝੂਠ ਬੋਲ ਜੇ ਦੁਨੀਆਂ ਨੂੰ ਚਾਰਿਆ ਜੀ।*
*ਦੇਖੋ ਫੋਲ ਇਤਹਾਸ ਇਹ 'ਕੂਕਦਾ' ਐ, ਜਾਂਦਾ ਅੰਤ ਹੰਕਾਰਿਆ ਮਾਰਿਆ ਜੀ।*

# ਮਨੁੱਖ ਤੇ ਮਨੁੱਖਤਾ ਵਿਰੁੱਧ ਯੁੱਧ

ਦੂਜੇ ਸੰਸਾਰ ਮਹਾਂਯੁੱਧ ਸਮੇਂ ਅਮਰੀਕਾ ਦੇ ਮਸ਼ਹੂਰ ਸੈਨਿਕ ਜਨਰਲ ਡਵਾਈਟ ਡੀ. ਆਇਜ਼ਨਹਾਵਰ, ਜੋ ਬਾਅਦ ਵਿਚ ਅਮਰੀਕਾ ਦੇ 34ਵੇਂ ਰਾਸ਼ਟਰਪਤੀ ਵੀ ਬਣੇ, ਨੇ ਕਿਹਾ ਸੀ ਕਿ ਯੁੱਧ ਅੱਤਿਆਚਾਰੀ, ਬੇਅਰਥ ਅਤੇ ਬੇਵਕੂਫ਼ੀ ਭਰਿਆ ਹੁੰਦਾ ਹੈ। ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਵਿਰੁੱਧ 28 ਫਰਵਰੀ 2026 ਨੂੰ ਬਿਨਾ ਸੋਚੇ-ਸਮਝੇ ਯੁੱਧ ਸ਼ੁਰੂ ਕੀਤਾ ਗਿਆ ਹੈ। ਇਸ ਯੁੱਧ ਦੇ ਨਤੀਜੇ ਦੁਨੀਆਂ ਨੂੰ ਲੰਮੇ ਸਮੇਂ ਤੱਕ ਭੁਗਤਣੇ ਪੈਣਗੇ।



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਦੋ ਹਫ਼ਤਿਆਂ ਦੇ ਇਸ ਭਿਆਨਕ ਯੁੱਧ ਵਿਚ ਇਰਾਨ ਤਬਾਹ ਹੋਇਆ ਲੱਗਦਾ ਹੈ, ਪਰ ਕੀ ਇਰਾਨ ਯੁੱਧ ਹਾਰ ਗਿਆ ਹੈ? ਯੁੱਧ ਦੇ ਪਹਿਲੇ ਦਿਨ ਹੀ ਇਰਾਨ ਦਾ ਪ੍ਰਮੁੱਖ ਆਯਤੁੱਲਾ ਅਲੀ ਖਾਮਨੇਈ ਉਸਦੇ ਕਈ ਉੱਚ ਕੋਟੀ ਦੇ ਸਾਥੀ ਸਮੇਤ ਮਾਰਿਆ ਗਿਆ। ਪਰ ਤੇਜ਼ੀ ਨਾਲ ਇਰਾਨ ਨੇ ਆਪਣਾ ਨਵਾਂ ਨੇਤਾ ਚੁਣ ਲਿਆ। ਹੁਣ ਤੱਕ ਹਜ਼ਾਰਾਂ ਇਰਾਨੀ ਮਾਰੇ ਗਏ ਹਨ ਅਤੇ ਦਸ ਹਜ਼ਾਰ ਤੋਂ ਵੱਧ ਜ਼ਖ਼ਮੀ ਹੋਏ ਹਨ। ਇੱਕ ਅਮਰੀਕੀ ਟੋਮਾਹਾਕ ਮਿਸਾਈਲ ਇੱਕ ਇਰਾਨੀ ਸਕੂਲ ਉੱਤੇ ਡਿੱਗੀ, ਜਿਸ ਵਿਚ 168 ਬੱਚੇ ਅਤੇ 14 ਅਧਿਆਪਕ ਮਾਰੇ ਗਏ। ਆਖ਼ਿਰ ਉਨ੍ਹਾਂ ਦਾ ਕੀ ਕਸੂਰ ਸੀ?

ਇਜ਼ਰਾਇਲ ਨੇ ਅਮਰੀਕਾ ਨੂੰ ਉਕਸਾਇਆ ਕਿ ਇਰਾਨ ਨੇ ਵੱਡੀ ਮਾਤਰਾ ਵਿਚ ਯੂਰੇਨੀਅਮ ਇਕੱਠਾ ਕਰ ਲਿਆ ਹੈ ਅਤੇ ਉਸਨੇ ਪਰਮਾਣੂ ਹਥਿਆਰਾਂ ਦੇ ਨਿਰਮਾਣ ਨੂੰ ਲਗਭਗ ਪੂਰਾ ਕਰ ਲਿਆ ਹੈ। ਇਸ ਸਬੰਧ ਵਿਚ ਕਤਰ ਨੇ ਗੱਲਬਾਤ ਲਈ ਭੂਮਿਕਾ ਨਿਭਾਉਣ ਦਾ ਯਤਨ ਕੀਤਾ। ਓਮਾਨ ਦੇ ਵਿਦੇਸ਼ ਮੰਤਰੀ ਨੇ ਵਾਸ਼ਿੰਗਟਨ ਪਹੁੰਚ ਕੇ ਇਰਾਨ ਦਾ ਇਹ ਵਾਇਦਾ ਅਮਰੀਕਾ ਦੇ ਰਾਸ਼ਟਰਪਤੀ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਕਿ ਇਰਾਨ ਯੂਰੇਨੀਅਮ ਦਾ ਕੋਈ ਭੰਡਾਰ ਨਾ ਰੱਖਣ ਲਈ ਸਹਿਮਤ ਹੋ ਗਿਆ ਹੈ ਅਤੇ ਉਸਨੇ ਕਦੇ ਵੀ ਪਰਮਾਣੂ ਹਥਿਆਰ ਨਾ ਰੱਖਣ ਦੀ ਕਸਮ ਖਾਧੀ ਹੈ। ਪਰ ਇਸ ਵਾਇਦੇ ਨੂੰ ਦਰਕਿਨਾਰ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਚਾਨਕ ਗੱਲਬਾਤ ਖ਼ਤਮ ਕਰ ਦਿੱਤੀ ਅਤੇ ਇਰਾਨ ਉੱਤੇ ਹਮਲੇ ਦਾ ਹੁਕਮ ਚਾੜ੍ਹ ਦਿੱਤਾ। ਕੀ ਇਹ ਜਾਇਜ਼ ਹੈ?

ਅਮਰੀਕਾ, ਇਜ਼ਰਾਇਲ ਅਤੇ ਇਰਾਨ ਦੇ ਦਰਮਿਆਨ ਚੱਲ ਰਹੇ ਇਸ ਯੁੱਧ ਦੇ ਪਿੱਛੇ ਸਿਰਫ਼ ਪਰਮਾਣੂ ਹਥਿਆਰ ਰੱਖਣ ਦੀ ਗੱਲ ਹੀ ਨਹੀਂ ਹੈ, ਸਗੋਂ ਨਸਲੀ ਅਤੇ ਧਾਰਮਿਕ ਭਾਵਨਾਵਾਂ ਵੀ ਕੰਮ ਕਰ ਰਹੀਆਂ ਹਨ। ਇਜ਼ਰਾਇਲ ਇੱਕ ਸਾਮਰਾਜਵਾਦੀ ਦੇਸ਼ ਦੇ ਰੂਪ ਵਿਚ ਦੁਨੀਆ ਸਾਹਮਣੇ ਆਇਆ ਹੈ। ਇਸ ਵੇਲੇ ਅਮਰੀਕਾ ਉਨ੍ਹਾਂ ਸਾਰੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ, ਜਿਨ੍ਹਾਂ ਉੱਤੇ ਉਸ ਦੀ ਨੀਂਹ ਰੱਖੀ ਗਈ ਸੀ, ਇਜ਼ਰਾਇਲ ਨਾਲ ਰਲ ਕੇ ਵਿਸਥਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਦੇ ਰਾਹ ਪੈ ਗਿਆ ਹੈ। ਦੁਨੀਆ ਭਰ ਵਿਚ ਹਥਿਆਰਾਂ ਦਾ ਵੱਡਾ ਵਪਾਰੀ ਅਤੇ ਹੈਂਕੜਬਾਜ਼ ਥਾਣੇਦਾਰ ਵਜੋਂ ਵੀ ਉਸਦੀ ਵੱਡੀ ਭੂਮਿਕਾ ਹੈ।

ਪਰ ਸਵਾਲ ਇਹ ਹੈ ਕਿ ਅਮਰੀਕਾ ਨੇ ਵੀਅਤਨਾਮ ਨਾਲ ਯੁੱਧ ਲੜ ਕੇ ਕੀ ਪ੍ਰਾਪਤ ਕੀਤਾ ਸੀ? ਉੱਥੇ ਲੰਮਾ ਯੁੱਧ ਚੱਲਿਆ ਅਤੇ ਅਖ਼ੀਰ ਅਮਰੀਕਾ ਨੂੰ ਵੀਅਤਨਾਮ ਦੇ ਲੋਕਾਂ ਦੇ ਦ੍ਰਿੜ ਵਿਸ਼ਵਾਸ ਕਾਰਨ ਉੱਥੋਂ ਵਾਪਸ ਮੁੜਨਾ ਪਿਆ। ਰੂਸ ਨੇ ਚਾਰ ਸਾਲ ਪਹਿਲਾਂ ਯੂਕਰੇਨ ਉੱਤੇ ਹਮਲਾ ਕੀਤਾ, ਪਰ ਉਹ ਹੁਣ ਤੱਕ ਯੁੱਧ ਜਿੱਤ ਨਹੀਂ ਸਕਿਆ। ਇਸ ਦੌਰਾਨ ਰੂਸ ਉੱਤੇ ਕਰਜ਼ੇ ਦਾ ਬੋਝ ਵਧਿਆ, ਤੇਲ ਤੋਂ ਹੋਣ ਵਾਲੀ ਕਮਾਈ ਘੱਟ ਗਈ ਹੈ ਅਤੇ ਰੂਸੀ ਸੈਨਿਕਾਂ ਨੂੰ ਹੁਣ ਕਿਰਾਏ ਦੇ ਵਿਦੇਸ਼ੀ ਸੈਨਿਕਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਇਰਾਨ ਨਾਲ ਅਮਰੀਕੀ ਯੁੱਧ ਵੀ ਉਦੋਂ ਤੱਕ ਚੱਲੇਗਾ ਜਿੰਨਾ ਚਿਰ ਤੱਕ ਅਮਰੀਕੀ ਮਸ਼ੀਨਾਂ ਕੰਮ ਕਰ ਰਹੀਆਂ ਹਨ। ਜਦ ਤੱਕ ਮਸ਼ੀਨਾਂ ਦੀ ਪੂਰਤੀ ਹੁੰਦੀ ਰਹੇਗੀ, ਅਮਰੀਕਾ ਆਪਣੀ ਜੰਗ ਜਾਰੀ ਰੱਖ ਸਕਦਾ ਹੈ। ਪਰ ਇਸ ਨਾਲ ਉਹ ਕਿਹੜੇ



ਨਿਸ਼ਾਨੇ ਦੀ ਪੂਰਤੀ ਕਰ ਸਕੇਗਾ? ਵੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਵੀ ਕੋਈ ਦੇਸ਼ ਯੁੱਧ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਸਨੇ ਯੁੱਧ ਕਦੋਂ ਰੋਕਣਾ ਹੈ। ਇੱਕ ਗੱਲ ਜੋ ਸੋਲ੍ਹਾਂ ਆਨੇ ਸੱਚ ਹੈ-ਯੁੱਧ ਵਿਚ ਮਨੁੱਖਤਾ ਨੂੰ ਵੱਡੀ ਕੀਮਤ ਤਾਰਨੀ ਪੈਂਦੀ ਹੈ। ਇਸ ਕੀਮਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ।

ਅਸਲ 'ਚ ਇਹ ਯੁੱਧ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਹੈਂਕੜਬਾਜ਼ ਸੋਚ ਦਾ ਨਤੀਜਾ ਹੈ। ਜੇਕਰ ਸੋਚਿਆ ਜਾਵੇ ਤਾਂ ਅਮਰੀਕਾ ਦੇ ਕੋਲ ਇਹ ਤੈਅ ਕਰਨ ਦਾ ਅਧਿਕਾਰ ਕਿਸ ਨੇ ਦਿੱਤਾ ਕਿ ਕਿਸ ਦੇਸ਼ ਕੋਲ ਪਰਮਾਣੂ ਹਥਿਆਰ ਹੋਣ ਚਾਹੀਦੇ ਹਨ ਅਤੇ ਕਿਸ ਕੋਲ ਨਹੀਂ? ਸਵਾਲ ਇਹ ਵੀ ਉੱਠਦਾ ਹੈ ਕਿ ਕੀ ਅਮਰੀਕਾ ਭਾਰਤ, ਪਾਕਿਸਤਾਨ ਜਾਂ ਉੱਤਰੀ ਕੋਰੀਆ ਦੀ ਪਰਮਾਣੂ ਸਮਰੱਥਾ ਵਿਚ ਵੀ ਦਖ਼ਲ ਦੇ ਕੇ ਉਨ੍ਹਾਂ ਨੂੰ ਤਬਾਹ ਕਰਨ ਦਾ ਫ਼ੈਸਲਾ ਕਰੇਗਾ? ਜੇਕਰ ਐਸਾ ਹੋਇਆ ਤਾਂ ਇਸ ਦਾ ਸਿੱਟਾ ਕੀ ਨਿਕਲੇਗਾ?

ਜਿਸ ਖ਼ਤਰਨਾਕ ਸਥਿਤੀ ਵਿਚ ਅੱਜ ਦੁਨੀਆ ਇਸ ਜੰਗ ਕਾਰਨ ਫਸ ਚੁੱਕੀ ਹੈ, ਉਸ ਸਥਿਤੀ ਵਿਚੋਂ ਬਾਹਰ ਨਿਕਲਣਾ ਮੁਸ਼ਕਲ ਜਾਪਦਾ ਹੈ। ਟਰੰਪ ਦੀ ਮਨਮਾਨੀ ਕਾਰਨ ਪੈਦਾ ਹੋਏ ਇਸ ਟਕਰਾਅ ਦੇ ਸਿੱਟੇ ਵਜੋਂ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਅਮਰੀਕਾ ਵਿਚ ਮਹਿੰਗਾਈ ਵਧ ਗਈ ਹੈ। ਭਾਰਤ ਵਿਚ ਗੈਸ ਸਿਲੰਡਰਾਂ ਦੀ ਕਮੀ ਵੇਖਣ ਨੂੰ ਮਿਲ ਰਹੀ ਹੈ ਅਤੇ ਉਨ੍ਹਾਂ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ। ਇੱਥੋਂ ਤੱਕ ਕਿ ਸ਼ੇਅਰ ਬਾਜ਼ਾਰ ਵੀ ਡਿੱਗਦਾ ਨਜ਼ਰ ਆ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਕ ਇਸ ਯੁੱਧ ਉੱਤੇ ਹਰ ਦਿਨ ਅਰਬਾਂ ਡਾਲਰ ਖ਼ਰਚ ਹੋ ਰਹੇ ਹਨ। ਵਾਤਾਵਰਣ ਜਿਸ ਢੰਗ ਨਾਲ ਦੂਸ਼ਿਤ ਹੋ ਰਿਹਾ ਹੈ, ਉਸਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ। ਹਵਾਈ ਸਫ਼ਰ ਮਹਿੰਗਾ ਹੋ ਚੁੱਕਾ ਹੈ ਅਤੇ ਪੂਰੀ ਦੁਨੀਆ ਦਹਿਸ਼ਤ ਦੇ ਮਾਹੌਲ ਵਿਚ ਜਿਊ ਰਹੀ ਹੈ ਅਤੇ ਜੰਗ ਦੇ ਖਿਡਾਰੀ ਆਪਣੇ ਹਥਿਆਰ ਵੇਚ ਕੇ ਨਫ਼ਾ ਕਮਾ ਰਹੇ ਹਨ। ਪਰ ਇਹ ਕਦੋਂ ਤੱਕ ਸੰਭਵ ਹੈ?

ਵੈਨਜ਼ੁਏਲਾ ਵਿਚ ਉਥੋਂ ਦੇ ਰਾਸ਼ਟਰਪਤੀ ਨੂੰ ਹਟਾਉਣ ਤੋਂ ਬਾਅਦ ਉਸਦੇ ਪੈਰ ਧਰਤੀ ਤੋਂ ਉੱਪਰ ਉੱਠੇ ਨਜ਼ਰ ਆਉਂਦੇ ਹਨ। ਟਰੰਪ ਨੇ ਸੋਚਿਆ ਤਾਂ ਇਹ ਸੀ ਕਿ ਇਰਾਨ ਦੇ ਖਾਮੀਨੀ ਨੂੰ ਮਾਰਨ ਤੋਂ ਬਾਅਦ ਇਰਾਨ ਗੋਡਿਆਂ ਭਾਰ ਹੋ ਜਾਏਗਾ, ਲਿਫ਼ ਜਾਏਗਾ, ਢਹਿ ਜਾਏਗਾ। ਪਰ ਇਰਾਨ ਨੇ ਜਿਸ ਢੰਗ ਨਾਲ ਅਮਰੀਕਾ-ਇਜ਼ਰਾਇਲ ਸੈਨਾ ਦਾ ਮੁਕਾਬਲਾ ਕੀਤਾ ਹੈ, ਉਸ ਤੋਂ ਇੰਝ ਲੱਗਦਾ ਹੈ ਕਿ ਟਰੰਪ ਇਸ ਨਵੇਂ ਯੁੱਧ ਦੀ ਦਲਦਲ ਵਿਚ ਫਸ ਗਏ ਹਨ, ਜਿੱਥੋਂ ਲੰਮਾ ਸਮਾਂ ਸ਼ਾਇਦ ਉਹ ਨਿਕਲ ਹੀ ਨਾ ਸਕਣ। ਪੰਦਰਾਂ ਦਿਨਾਂ ਦੇ ਯੁੱਧ ਤੋਂ ਬਾਅਦ ਟਰੰਪ ਦੇ ਆਪਣੇ ਨਿਸ਼ਾਨੇ ਵਿਚ ਬਦਲਾਅ ਆ ਗਿਆ ਹੈ। ਉਸ ਦਾ ਧਿਆਨ ਇਰਾਨ ਦੇ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਤੋਂ ਹਟ ਕੇ ਇਰਾਨ ਦੀ ਸੈਨਿਕ ਸਮਰੱਥਾ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਵੱਲ, ਇਰਾਨ ਵਿਚ ਸੱਤਾ ਦੀ ਤਬਦੀਲੀ ਅਤੇ ਆਖ਼ਿਰਕਾਰ ਇਰਾਨ ਨੂੰ ਬਿਨਾਂ ਕਿਸੇ ਸ਼ਰਤ ਦੇ ਆਤਮ ਸਮਰਪਣ ਕਰਨ ਵੱਲ ਕੇਂਦਰਿਤ ਹੋ ਗਿਆ ਹੈ। ਉਸ ਨੇ ਇਰਾਨ ਦੀ ਜਨਤਾ ਨੂੰ ਕਿਹਾ ਹੈ ਕਿ ਤੁਸੀਂ ਆਪਣੀ ਸਰਕਾਰ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਵੋ। ਇਹ ਤੁਹਾਡੀ ਸਾਰਿਆਂ ਦੀ ਸਰਕਾਰ ਹੋਵੇਗੀ। ਪਰ ਟਰੰਪ ਦੀਆਂ ਇਨ੍ਹਾਂ ਆਸਾਂ ਨੂੰ ਬੂਰ ਨਹੀਂ ਪਿਆ।

ਬਿਨਾਸ਼ੱਕ ਇਰਾਨ ਵਿਚ ਕੱਟੜਪੰਥੀ ਇਸਲਾਮੀ ਨਿਜ਼ਾਮ ਰਾਜ ਕਰਦਾ ਹੈ। ਉਥੋਂ ਦੇ ਸਾਧੂ-ਸੰਤ ਧਰਮ ਅਤੇ ਮਜ਼ਹਬ ਦੇ ਦਾਇਰੇ ਵਿਚੋਂ ਨਿਕਲ ਕੇ ਸਿਆਸਤ ਅਤੇ ਸ਼ਾਸਨ ਵਿਚ ਦਖ਼ਲ ਦਿੰਦੇ ਹਨ, ਜਿਸ ਦਾ ਨਤੀਜਾ ਆਮ ਜਨਤਾ, ਖ਼ਾਸ ਕਰਕੇ ਇਰਾਨੀ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਇਰਾਨ ਦੇ ਸ਼ਾਸਕਾਂ ਨੇ ਹਮਾਸ ਅਤੇ ਹਿਜ਼ਬੁੱਲਾ ਜਿਹੀਆਂ ਆਤੰਕੀ ਸੈਨਾਵਾਂ ਅਮਰੀਕਾ-ਇਜ਼ਰਾਇਲ ਵਰਗੇ ਮੁਲਕਾਂ ਵਿਰੁੱਧ ਲੜਨ ਲਈ ਤਿਆਰ ਕੀਤੀਆਂ ਹਨ। ਇਨ੍ਹਾਂ ਸੈਨਾਵਾਂ ਨੇ ਲਿਬਨਾਨ ਅਤੇ ਸੀਰੀਆ ਜਿਹੇ ਪ੍ਰਗਤੀਸ਼ੀਲ ਦੇਸ਼ਾਂ ਨੂੰ ਬਰਬਾਦ ਕੀਤਾ ਹੈ। ਪਿਛਲੇ ਮਹੀਨੇ ਜਦੋਂ ਇਰਾਨ ਦੇ ਆਮ ਲੋਕਾਂ ਨੇ ਸਰਕਾਰ ਦੇ ਵਿਰੁੱਧ ਪ੍ਰਦਰਸ਼ਨ ਕੀਤੇ ਤਾਂ ਖਾਮੀਨੀ ਸਰਕਾਰ ਨੇ ਨਿਹੱਥੇ ਲੋਕਾਂ ਤੇ ਗੋਲੀਆਂ ਚਲਾਉਣ ਦੇ ਹੁਕਮ ਦਿੱਤੇ। ਕਿਹਾ ਜਾਂਦਾ ਹੈ ਕਿ ਇਸ ਅੰਦੋਲਨ ਦੌਰਾਨ 20 ਤੋਂ 30 ਹਜ਼ਾਰ ਲੋਕ ਮਾਰ ਦਿੱਤੇ ਗਏ। ਪਰ ਇਸ ਸਭ ਕੁਝ ਦੇ ਦਰਮਿਆਨ ਅਮਰੀਕਾ-ਇਜ਼ਰਾਇਲ ਦਾ ਇਰਾਨ ਅਤੇ ਖਾੜੀ ਮੁਲਕਾਂ ਨੂੰ ਯੁੱਧ ਵਿਚ ਧੱਕਣਾ ਯੂਐਨਓ ਦੇ ਚਾਰਟਰ ਦੇ ਆਰਟੀਕਲ 2(4), ਜੋ ਕਿ ਕਿਸੇ ਵੀ ਮੁਲਕ ਦੀ ਇਲਾਕਾਈ ਅਖੰਡਤਾ ਅਤੇ ਸਿਆਸੀ ਆਜ਼ਾਦੀ ਦੀ ਸੰਭਾਵਨਾ ਨੂੰ ਨਕਾਰਦਾ ਹੈ, ਦੀ ਸਿੱਧੀ ਉਲੰਘਣਾ ਹੈ।

ਇਜ਼ਰਾਇਲ 1948 ਵਿਚ ਬਰਤਾਨੀਆ ਅਤੇ ਅਮਰੀਕਾ ਸਮੇਤ ਹੋਰ ਸਮਰਾਜੀ ਸ਼ਕਤੀਆਂ ਵੱਲੋਂ ਫਲਸਤੀਨ ਦੀ ਧਰਤੀ 'ਤੇ ਕਬਜ਼ਾ ਕਰਕੇ ਹੋਂਦ ਵਿਚ ਲਿਆਂਦਾ ਗਿਆ ਸੀ। ਉਦੋਂ ਤੋਂ ਹੁਣ ਤੱਕ ਇਜ਼ਰਾਇਲ ਅਮਰੀਕਾ ਲਈ ਇੱਕ ਗੈਂਗਸਟਰ ਦੀ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਅਰਬ ਦੇਸ਼ਾਂ ਦੇ ਭੰਡਾਰਾਂ ਤੇ ਕਬਜ਼ਾ ਕਰਨ ਲਈ ਅਮਰੀਕੀ ਅੱਡੇ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

ਇਜ਼ਰਾਇਲ ਦੁਨੀਆ ਵਿਚ ਵੱਡੇ ਹਥਿਆਰ ਸੌਦਾਗਰ ਦੇ ਤੌਰ 'ਤੇ ਉਭਰਿਆ ਹੈ। ਅਮਰੀਕਾ ਵੱਲੋਂ ਵਪਾਰ ਲਈ ਧੌਂਸ ਨੀਤੀ, ਵਿਸਥਾਰਵਾਦੀ ਸੋਚ ਅਤੇ ਥਾਣੇਦਾਰਾਂ ਵਾਲੀ ਪ੍ਰਵਿਰਤੀ ਅੱਜ ਸੰਸਾਰਕ ਅਮਨ ਲਈ ਵੱਡਾ ਖਤਰਾ ਬਣੀ ਹੋਈ ਹੈ ਅਤੇ ਵੱਸਦੇ-ਰਸਦੇ ਸੰਸਾਰ ਨੂੰ ਯੁੱਧ ਵੱਲ ਧੱਕ ਰਹੀ ਹੈ। ਯੁੱਧ ਕਦੇ ਵੀ ਇਨਸਾਨੀ ਭਲਾਈ ਵਾਲਾ ਨਹੀਂ ਹੋ ਸਕਦਾ, ਭਾਵੇਂ ਕਿ ਇਹ ਮਜ਼ਬੂਰੀ ਵਜੋਂ ਹੀ ਕਿਉਂ ਨਾ ਲੜਿਆ ਗਿਆ ਹੋਵੇ।

ਭਾਵੇਂ ਕਿਹਾ ਜਾਂਦਾ ਹੈ ਕਿ ਜਿਸ ਕੋਲ ਤਾਕਤ ਹੈ ਉਸ ਦਾ ਰਾਜ ਚੱਲਦਾ ਹੈ, ਪਰ ਲੋਕ-ਸ਼ਕਤੀ ਇੱਕ ਐਸੀ ਤਾਕਤ ਹੈ ਜਿਸ ਅੱਗੇ ਵੱਡੇ-ਵੱਡੇ ਤਾਨਾਸ਼ਾਹ ਵੀ ਝੁਕਣ ਲਈ ਮਜ਼ਬੂਰ ਹੋ ਜਾਂਦੇ ਹਨ। ਯੁੱਧ ਕਿਸੇ ਮਸਲੇ ਦਾ ਸਥਾਈ ਹੱਲ ਨਹੀਂ ਹੈ। ਹਜ਼ਾਰਾਂ-ਲੱਖਾਂ ਲੋਕ ਯੁੱਧ ਦੀ ਭੇਟ ਚੜ ਜਾਂਦੇ ਹਨ। ਹਿੰਸਾ ਕਾਰਨ ਲੋਕ ਮਾਨਸਿਕ ਬਿਮਾਰੀਆਂ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਜਾਂਦੇ ਹਨ। ਲੱਖਾਂ ਲੋਕ ਘਰੋਂ-ਬੇਘਰ ਹੋ ਜਾਂਦੇ ਹਨ। ਉਨ੍ਹਾਂ ਦੇ ਬੱਚੇ ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਵਿਰਵੇ ਰਹਿ ਜਾਂਦੇ ਹਨ। ਇਹ ਯੁੱਧ ਹੀ ਹਨ ਜੋ ਕਿਸੇ ਖਿੱਤੇ ਦੇ ਵਿਨਾਸ਼ ਦਾ ਕਾਰਨ ਹੋ ਨਿਬੜਦੇ ਹਨ। ਆਧੁਨਿਕ ਯੁੱਧ ਹੁਣ ਕੇਵਲ ਸੀਮਾਵਾਂ ਤੱਕ ਸੀਮਿਤ ਨਹੀਂ ਰਹੇ, ਸਗੋਂ ਸ਼ਹਿਰਾਂ ਦੇ ਵਿਚੋਂ-ਵਿਚ ਲੜੇ ਜਾ ਰਹੇ ਹਨ।

ਰੂਸ-ਯੂਕਰੇਨ ਅਤੇ ਅਮਰੀਕਾ-ਇਜ਼ਰਾਇਲ ਯੁੱਧ ਇਸ ਦੀ ਵੱਡੀ ਉਦਾਹਰਨ ਹਨ। ਦੁਨੀਆ ਦੇ ਦੇਸ਼ ਆਪਣੀ ਸੁਰੱਖਿਆ ਦੇ ਡਰ ਤੋਂ ਸਿਹਤ ਅਤੇ ਸਿੱਖਿਆ ਸਹੂਲਤਾਂ ਤੇ ਖ਼ਰਚਾ ਘਟਾ ਕੇ ਜੰਗੀ ਸਮਾਨ ਖਰੀਦਣ ਤੇ ਵੱਧ ਖ਼ਰਚ ਕਰਨ ਲੱਗੇ ਹਨ।2024 ਵਿਚ ਵਿਸ਼ਵ ਦੀਆਂ ਸੈਨਾਵਾਂ 'ਤੇ 2.7 ਟ੍ਰਿਲੀਅਨ ਡਾਲਰ ਖਰਚੇ ਦਾ ਅਨੁਮਾਨ ਹੈ। ਯੁੱਧ ਅਸਲ ਵਿਚ ਵਿਕਾਸ ਦਾ ਉਲਟਾ ਪਹੀਆ ਸਾਬਤ ਹੋਇਆ ਹੈ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ। ਯੁੱਧ ਮਾਨਵੀ ਕਦਰਾਂ-ਕੀਮਤਾਂ ਅਤੇ ਸੰਵੇਦਨਾਵਾਂ ਦੇ ਖ਼ਾਤਮੇ ਦਾ ਕਾਰਨ ਹੈ। ਯੁੱਧ ਹੀ ਹੈ ਜੋ ਮਾਨਸਿਕ ਵਿਕਾਸ ਉੱਤੇ ਸਥਾਈ ਤੌਰ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ।

ਯੁੱਧ ਵਿਚ ਬੱਚੇ ਅਤੇ ਔਰਤਾਂ ਭੁੱਖਮਰੀ ਅਤੇ ਹਿੰਸਾ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ। ਨਵੀਆਂ ਤਕਨੀਕਾਂ, ਖ਼ਾਸ ਕਰਕੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਡਰੋਨ ਯੁੱਧ ਮਨੁੱਖਤਾ ਲਈ ਵੱਡੇ ਘਾਤਕ ਸਾਬਤ ਹੋ ਰਹੇ ਹਨ। ਮਨੁੱਖ ਦੀ ਹੋਂਦ ਬਚਾਈ ਰੱਖਣ ਲਈ ਵਿਨਾਸ਼ਕਾਰੀ ਯੁੱਧ ਵਿਰੁੱਧ ਅਮਨ ਸਮੇਂ ਦੀ ਲੋੜ ਹੈ।

# 'ਇਨਕਲਾਬ' ਨੂੰ ਸੁਰੱਖਿਅਤ ਰੱਖਣ ਲਈ ਬਣਾਇਆ ਗਿਆ ਆਈਆਰਜੀਸੀ, ਇਰਾਨ ਜੰਗ ਫੈਲਣ ਨਾਲ ਅਗਲੀ ਕਤਾਰ ਵਿਚ

6 ਮਾਰਚ ਨੂੰ, ਈਰਾਨ 'ਤੇ ਅਮਰੀਕਾ-ਇਜ਼ਰਾਈਲ ਯੁੱਧ ਦੇ ਸੱਤਵੇਂ ਦਿਨ, ਰਾਸ਼ਟਰਪਤੀ ਡੋਨਲਡ ਟਰੰਪ ਨੇ ਤਹਿਰਾਨ ਦੇ 'ਬਿਨਾਂ ਸ਼ਰਤ ਸਮਰਪਣ' ਦੀ ਮੰਗ ਕੀਤੀ। ਮਿਸਟਰ ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਲਿਖਿਆ, 'ਈਰਾਨ ਨਾਲ ਬਿਨਾਂ ਸ਼ਰਤ ਸਮਰਪਣ ਤੋਂ ਬਿਨਾਂ ਕੋਈ ਸਮਝੌਤਾ ਨਹੀਂ ਹੋਵੇਗਾ! ਉਸ ਤੋਂ ਬਾਅਦ, ਮਹਾਨ ਅਤੇ ਸਵੀਕਾਰਯੋਗ ਆਗੂਆਂ ਦੀ ਚੋਣ, ਅਸੀਂ... ਈਰਾਨ ਨੂੰ ਤਬਾਹੀ ਦੇ ਕੰਢੇ ਤੋਂ ਵਾਪਸ ਲਿਆਵਾਂਗੇ।' ਇਸ ਤੋਂ ਥੋੜ੍ਹੀ ਦੇਰ ਬਾਅਦ, ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈਆਰਜੀਸੀ) ਨੇ ਬਿਆਨ

**ਨਿਊਜ਼ ਵਿਸ਼ਲੇਸ਼ਣ, ਸਟੈਨਲੀ ਜੋਹਨੀ**
**ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ**

ਜਾਰੀ ਕੀਤਾ ਕਿ ਈਰਾਨ 'ਲੰਬੀ ਜੰਗ ਲਈ ਪੂਰੀ ਤਰ੍ਹਾਂ ਤਿਆਰ' ਹੈ। ਜਦੋਂ ਤੋਂ ਯੁੱਧ ਸ਼ੁਰੂ ਹੋਇਆ, ਈਰਾਨ ਦੀ ਫ਼ੌਜ ਦੀ ਉੱਚ ਸ਼ਾਖਾ ਆਈਆਰਜੀਸੀ, ਮੁਲਕ ਵੱਲੋਂ ਟਾਕਰੇ ਦੇ ਮੁੱਖ ਥੰਮ੍ਹ ਵਜੋਂ ਉਭਰੀ ਹੈ।

ਆਈਆਰਜੀਸੀ, ਜਾਂ ਸਿਪਾਹ-ਏ-ਪਸਦਰਨ, 1979 ਦੇ ਇਨਕਲਾਬ ਤੋਂ ਬਾਅਦ ਇਆਤ ਉਲਾਹ ਰੂਹੋਲਾ ਖੋਮੇਨੀ ਦੁਆਰਾ ਐਲਾਨੀਆਂ ਸਭ ਤੋਂ ਪੁਰਾਣੀਆਂ ਇਨਕਲਾਬੀ ਸੰਸਥਾਵਾਂ ਵਿਚੋਂ ਸੀ ਜਿਸਨੇ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਦੀ ਬਾਦਸ਼ਾਹਤ ਨੂੰ ਢਾਹ ਦਿੱਤਾ ਸੀ। ਪਾਸਦਰਨ ਦੇ ਮੁੱਖ ਉਦੇਸ਼ਾਂ ਵਿਚੋਂ ਇੱਕ ਸੀ ਖੋਮੇਨੀ ਅਤੇ ਉਸਦੇ ਪੈਰੋਕਾਰਾਂ ਦੁਆਰਾ ਲਿਆਂਦੇ ਇਨਕਲਾਬ ਅਤੇ ਬਣਾਏ ਗਏ ਇਨਕਲਾਬ ਅਤੇ ਧਰਮਤੰਤਰੀ, ਸੰਵਿਧਾਨਕ ਪ੍ਰਬੰਧ ਨੂੰ ਸੁਰੱਖਿਅਤ ਰੱਖਣਾ। ਇਨਕਲਾਬੀ ਨਿਯਮਤ ਫ਼ੌਜ ਦੀ ਸ਼ਾਹੀਤੰਤਰ ਪ੍ਰਤੀ ਵਫ਼ਾਦਾਰੀ ਤੋਂ ਚੁਕੰਨੇ ਸਨ ਜਿਸਦੀ ਕਮਾਨ ਇਨਕਲਾਬ ਤੱਕ ਸ਼ਾਹੀਤੰਤਰ ਪੱਖੀ ਕਰਦੇ ਸਨ। ਉਹ ਇੱਕ ਲੜਾਕੂ ਫੋਰਸ ਚਾਹੁੰਦੇ ਸਨ ਜੋ ਮੁਲਾਣਿਆਂ ਪ੍ਰਤੀ ਪੂਰੀ ਤਰ੍ਹਾਂ ਵਫ਼ਾਦਾਰ ਹੋਵੇ। ਉਹਨੇ ਅਜਿਹੀ ਫੋਰਸ ਬਣਾਈ। ਖੋਮੇਨੀ ਨੇ ਗਾਰਡਾਂ ਨੂੰ 'ਇਸਲਾਮ ਦੇ ਸਿਪਾਹੀ' ਵਜੋਂ ਦਰਸਾਇਆ। 'ਤੁਸੀਂ ਜਿੱਥੇ ਵੀ ਹੋਵੋ, ਆਪਣੇ ਆਪ ਨੂੰ ਤੁਹਾਡੇ ਅਤੇ ਆਪਣੇ ਆਲੇ-ਦੁਆਲੇ ਦੇ ਸਾਰੇ ਸ਼ੈਤਾਨਾਂ ਤੋਂ ਬਚਾਓ,' ਉਸਨੇ ਸਮੂਹ ਦੀ ਸਥਾਪਨਾ ਤੋਂ ਬਾਅਦ ਪਾਸਦਰਨ ਨੂੰ ਕਿਹਾ।

**ਵਫ਼ਾਦਾਰ ਗਾਰਡ**

1980-88 ਦੀ ਈਰਾਨ-ਇਰਾਕ ਜੰਗ ਨੇ ਵਫ਼ਾਦਾਰ ਗਾਰਡ ਪਾਸਦਰਨ ਨੂੰ ਸ਼ਕਤੀਸ਼ਾਲੀ ਲੜਾਕੂ ਫੋਰਸ ਵਿਚ ਬਦਲ ਦਿੱਤਾ। ਯੁੱਧ ਵਿਚ ਵਿਚਾਰਧਾਰਕ ਤੌਰ 'ਤੇ ਸੰਚਾਲਤ ਗਾਰਡਾਂ ਦੀ ਭਾਗੀਦਾਰੀ ਨੇ ਆਈਆਰਜੀਸੀ ਨੂੰ ਰਾਜ ਦੇ ਸਭ ਤੋਂ ਪ੍ਰਭਾਵਸ਼ਾਲੀ ਵਿੰਗ ਵਜੋਂ ਉਭਰਨ ਲਈ ਜ਼ਮੀਨ ਦਿੱਤੀ। ਅੱਜ, ਆਈਆਰਜੀਸੀ ਅਤੇ ਤਹਿਰਾਨ ਦੀ ਨਿਯਮਤ ਫ਼ੌਜ (ਆਰਤੇਸ਼) ਰਾਜ ਦੇ ਦੋ ਸਮਾਨਾਂਤਰ ਹਥਿਆਰਬੰਦ ਵਿੰਗਾਂ ਵਜੋਂ ਕੰਮ ਕਰਦੀ ਹੈ। ਜਦੋਂ ਕਿ ਅਰਤੇਸ਼ ਅਤੇ ਪੁਲਿਸ ਫੋਰਸ ਨੂੰ ਦੇਸ਼ ਦੀ ਖੇਤਰੀ ਅਖੰਡਤਾ ਅਤੇ ਦੇਸ਼ ਵਿਚ ਵਿਵਸਥਾ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਪਾਸਦਾ ਰੈਨ ਦੀ ਮੁੱਖ ਜ਼ਿੰਮੇਵਾਰੀ ਇਨਕਲਾਬੀ ਸਰਕਾਰ ਦੀ ਸੁਰੱਖਿਆ ਹੈ। ਇਸਦਾ ਫ਼ੌਜੀ ਵਿੰਗ, ਇੱਕ ਵਿਦੇਸ਼ੀ ਸੰਚਾਲਨ ਇਕਾਈ (ਕੁਦਸ ਫੋਰਸ) ਅਤੇ ਦੇਸ਼ ਵਿਚ ਇੱਕ ਨਾਗਰਿਕ ਸਵੈ-ਇੱਛਤ ਸੰਗਠਨ (ਬਾ-ਸਿਜ) ਹੈ।

ਲੰਡਨ-ਅਧਾਰਤ ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟ੍ਰੈਟੇਜਿਕ ਸਟੱਡੀਜ਼ ਅਨੁਸਾਰ, ਆਈਆਰਜੀਸੀ ਕੋਲ ਇਸਦੀ ਕਮਾਂਡ ਹੇਠ ਲਗਭਗ 1,90,000 ਸਿਖਲਾਈ ਪ੍ਰਾਪਤ ਸਿਪਾਹੀ ਹਨ, ਜੋ ਕਿ ਈਰਾਨ ਦੀਆਂ ਨਿਯਮਤ ਫ਼ੌਜਾਂ ਦੇ ਆਕਾਰ ਦੇ ਲਗਭਗ ਅੱਧੇ ਹਨ। ਗਾਰਡਾਂ ਦੀ ਫ਼ੌਜ ਈਰਾਨ ਦੇ 31 ਪ੍ਰਾਂਤਾਂ ਵਿਚ ਫੈਲੀ ਹੋਈ ਹੈ। ਉਨ੍ਹਾਂ ਕੋਲ ਇੱਕ 'ਏਰੋਸਪੇਸ ਫੋਰਸ' ਅਤੇ ਇੱਕ ਨੇਵੀ ਵੀ ਹੈ। ਇਹ ਆਈਆਰਜੀਸੀ ਨੇਵੀ ਹੈ ਜੋ ਈਰਾਨ ਦੀਆਂ ਸਮੁੰਦਰੀ ਸਰਹੱਦਾਂ 'ਤੇ ਗਸ਼ਤ ਕਰਦੀ ਹੈ। ਮੁਲਕ ਦੇ ਅੰਦਰ, ਗਾਰਡ ਅਜੇ ਵੀ ਮੁਲਾਣਿਆਂ ਦੀ ਸਥਾਪਨਾ ਪ੍ਰਤੀ ਦ੍ਰਿੜਤਾ ਨਾਲ ਵਫ਼ਾਦਾਰ ਰਹਿੰਦੇ ਹਨ। ਵਿਦੇਸ਼ਾਂ ਵਿਚ, ਉਨ੍ਹਾਂ ਦੀ ਜ਼ਿੰਮੇਵਾਰੀ ਇਨਕਲਾਬ ਦੇ ਦੁਸ਼ਮਣਾਂ ਨੂੰ ਬੇਅਸਰ ਕਰਨਾ ਅਤੇ ਰਾਜ ਦੇ ਪ੍ਰਭਾਵ ਨੂੰ ਵਧਾਉਣਾ ਹੈ। ਇਸਦਾ ਸਭ ਤੋਂ ਉੱਚਾ ਵਿੰਗ ਸ਼ਾਇਦ ਕੁਦਸ ਫੋਰਸ (ਯਰੂਸ਼ਲਮ ਫੋਰਸ) ਹੈ, ਜਿਸਨੂੰ ਇਹ ਡਿਊਟੀ ਸੌਂਪੀ ਗਈ ਹੈ। ਹਾਲਾਂਕਿ ਕੁਦਸ ਫੋਰਸ ਰਸਮੀ ਤੌਰ 'ਤੇ 1988 ਵਿਚ ਸਥਾਪਤ ਕੀਤੀ ਗਈ ਸੀ, ਪਾਸਦਰਨ, ਆਪਣੇ ਸ਼ੁਰੂਆਤੀ ਦਿਨਾਂ ਤੋਂ, ਪੱਛਮੀ ਏਸ਼ੀਆ ਦੇ ਹੋਰ ਹਿੱਸਿਆਂ ਵਿਚ ਕਾਰਜਸ਼ੀਲ ਸੀ। ਈਰਾਨ-ਇਰਾਕ ਯੁੱਧ ਦੌਰਾਨ, ਗਾਰਡਾਂ ਨੇ ਆਪਣੇ ਵਿਦੇਸ਼ੀ ਕਾਰਜਾਂ ਲਈ 'ਡਿਪਾਰਟਮੈਂਟ 900' ਨਾਂ ਦਾ ਸਮਰਪਿਤ ਖ਼ੁਫ਼ੀਆ ਵਿੰਗ ਸਥਾਪਤ ਕੀਤਾ। ਵਿਭਾਗ ਨੂੰ ਬਾਅਦ ਵਿਚ ਵਿਸ਼ੇਸ਼ ਬਾਹਰੀ ਸੰਚਾਲਨ ਵਿਭਾਗ ਵਿਚ ਮਿਲਾ ਦਿੱਤਾ ਗਿਆ, ਅਤੇ ਯੁੱਧ ਤੋਂ ਬਾਅਦ ਕੁਦਸ ਫੋਰਸ ਬਣਾਈ ਗਈ। ਜਿਵੇਂ ਕਿ ਇਸਦੇ ਨਾਂ ਤੋਂ ਪਤਾ ਲੱਗਦਾ ਹੈ, 'ਮੁਸਲਮਾਨਾਂ ਦੇ ਪਵਿੱਤਰ ਸਥਾਨਾਂ ਨੂੰ ਕਬਜ਼ੇ ਤੋਂ ਮੁਕਤ ਕਰਨਾ' ਕੁਦਸ ਫੋਰਸ ਦੇ ਆਦੇਸ਼ਾਂ ਵਿਚੋਂ ਇੱਕ ਹੈ। ਆਪਣੇ ਮੁੱਢ ਤੋਂ ਹੀ ਆਈਆਰਜੀਸੀ ਨੇ ਪੱਛਮੀ ਏਸ਼ੀਆ ਵਿਚ ਸ਼ੀਆ ਨੈੱਟਵਰਕ ਬਣਾਉਣ ਲਈ ਸਰੋਤ ਅਤੇ ਊਰਜਾ ਸਮਰਪਿਤ ਕੀਤੀ ਹੈ। 1982 ਵਿਚ ਮੁਲਕ ਉੱਪਰ ਇਜ਼ਰਾਈਲੀ ਹਮਲੇ ਤੋਂ ਬਾਅਦ ਲੇਬਨਾਨ ਵਿਚ ਇਸਲਾਮੀ ਵਿਰੋਧ ਸਮੂਹ ਲੱਭਿਆ ਗਿਆ ਸੀ, ਜੋ ਬਾਅਦ ਵਿਚ ਹਿਜ਼ਬੁੱਲਾ ਬਣਿਆ।

ਵਿਰੋਧ ਦਾ ਧੁਰਾ: ਈਰਾਨ ਦੇ ਸਹਿਯੋਗੀਆਂ ਨੂੰ ਮੋਟੇ ਤੌਰ 'ਤੇ 'ਵਿਰੋਧ ਦਾ ਧੁਰਾ' ਕਿਹਾ ਜਾਂਦਾ ਹੈ - ਫ਼ਲਸਤੀਨੀ ਖੇਤਰਾਂ ਵਿਚ ਹਮਾਸ ਅਤੇ ਇਸਲਾਮੀ ਜਿਹਾਦ; ਯਮਨ ਵਿਚ ਹਾਊਤੀ, ਲੇਬਨਾਨ ਵਿਚ ਹਿਜ਼ਬੁੱਲਾ ਅਤੇ ਇਰਾਕ ਅਤੇ ਸੀਰੀਆ ਵਿਚ ਵੱਖ-ਵੱਖ ਸ਼ੀਆ ਲਾਮਬੰਦੀ ਬ੍ਰਿਗੇਡ। ਜੇਕਰ ਧੁਰੇ ਦਾ ਕਮਾਂਡ ਸੈਂਟਰ ਹੈ ਤਾਂ ਇਹ ਆਈਆਰਜੀਸੀ ਹੈ। ਅਮਰੀਕਾ ਨੇ ਆਈਆਰਜੀਸੀ ਨੂੰ ਦਹਿਸ਼ਤਗਰਦ ਜਥੇਬੰਦੀ ਵਜੋਂ ਨਾਮਜ਼ਦ ਕੀਤਾ ਹੈ।

ਜਦੋਂ ਗਾਰਡ ਇਸ ਖੇਤਰ ਨੂੰ ਦੇਖਦੇ ਹਨ, ਤਾਂ ਉਹ ਈਰਾਨ ਨੂੰ ਵਿਰੋਧੀਆਂ ਨਾਲ ਘਿਰਿਆ ਹੋਇਆ ਦੇਖਦੇ ਹਨ - ਖਾੜੀ ਦੇ ਪਾਰ, ਸੁੰਨੀ ਰਾਜਸ਼ਾਹੀਆਂ ਹਨ ਜੋ ਅਮਰੀਕੀ ਸਹਿਯੋਗੀ ਹਨ; ਸੀਰੀਆ, ਜੋ ਕਿ ਇਸ ਖੇਤਰ ਵਿਚ ਈਰਾਨ ਦਾ ਸਰਕਾਰੀ ਸਹਿਯੋਗੀ ਹੁੰਦਾ ਸੀ, ਅੱਜ ਇੱਕ ਸਾਬਕਾ ਅਲ ਕਾਇਦਾ ਜੇਹਾਦੀ ਦੁਆਰਾ ਸ਼ਾਸਨ ਕੀਤਾ ਜਾ ਰਿਹਾ ਹੈ; ਲੇਬਨਾਨ ਦੀਆਂ ਸਰਹੱਦਾਂ 'ਤੇ, 'ਛੋਟਾ ਸ਼ੈਤਾਨ' ਇਜ਼ਰਾਈਲ ਹੈ; ਅਤੇ 'ਮਹਾਨ ਸ਼ੈਤਾਨ' ਅਮਰੀਕਾ ਕੋਲ ਹਜ਼ਾਰਾਂ ਫੌਜਾਂ ਅਤੇ ਪੱਛਮੀ ਏਸ਼ੀਆ ਵਿਚ ਫੈਲੇ ਕਈ ਟਿਕਾਣਿਆਂ ਵਿਚ ਉੱਨਤ ਹਥਿਆਰ ਹਨ। ਖਾੜੀ ਦੇ ਪਾਣੀਆਂ ਤੋਂ ਪਰੇ, ਅਮਰੀਕੀ ਜੰਗੀ ਜਹਾਜ਼ ਅਤੇ ਜਹਾਜ਼ ਵਾਹਕ ਸੁਤੰਤਰ ਰੂਪ ਵਿਚ ਘੁੰਮ ਰਹੇ ਹਨ। ਹਾਲ ਹੀ ਦੇ ਸਾਲਾਂ ਵਿਚ ਧੁਰਾ ਕਮਜ਼ੋਰ ਹੋ ਗਿਆ ਹੈ, ਜਦੋਂ ਇਜ਼ਰਾਈਲ ਨੇ ਈਰਾਨ ਦੇ ਸਹਿਯੋਗੀਆਂ ਵਿਰੁੱਧ 7 ਅਕਤੂਬਰ ਦੀ ਆਪਣੀ ਜੰਗ ਦਾ ਵਿਸਥਾਰ ਕੀਤਾ। ਜੂਨ 2025 ਵਿਚ, ਸੀਰੀਆ ਵਿਚ ਅਸਦ ਸ਼ਾਸਨ ਦੇ ਡਿੱਗਣ ਤੋਂ ਛੇ ਮਹੀਨੇ ਬਾਅਦ, ਇਜ਼ਰਾਈਲ ਨੇ ਈਰਾਨ 'ਤੇ ਬੰਬਾਰੀ ਕੀਤੀ। ਪਰ ਇਹ ਸਿਰਫ਼ ਸ਼ੁਰੂਆਤ ਸੀ। ਇਰਾਨੀਆਂ ਨੂੰ ਪਤਾ ਸੀ ਕਿ ਵਿਸ਼ਾਲ ਯੁੱਧ ਆ ਰਿਹਾ ਹੈ। 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ ਵਿਰੁੱਧ ਵਿਆਪਕ ਹਮਲੇ ਕੀਤੇ, ਜਿਸ ਵਿਚ ਸੁਪਰੀਮ ਆਗੂ ਆਇਤੁੱਲਾ ਅਲੀ ਖਾਮੇਨੇਈ ਮਾਰੇ ਗਏ। ਆਈਆਰਜੀਸੀ ਲਈ, ਇਹ ਭਵਿੱਖਬਾਣੀ ਪੂਰੀ ਹੋਣਾ ਸੀ—ਹੋਂਦ ਦਾ ਸੰਕਟ। ਅਤੇ ਉਨ੍ਹਾਂ ਕੋਲ ਜੋ ਕੁਝ ਵੀ ਹੈ, ਉਹ ਉਸ ਨਾਲ ਮੋੜਵਾਂ ਟਾਕਰਾ ਕਰ ਰਹੇ ਹਨ।

**-ਦ ਹਿੰਦੂ 11 ਮਾਰਚ ਦੇ ਧੰਨਵਾਦ ਸਹਿਤ॥**

# ਸਾਡੀ ਸਰਕਾਰ ਨੂੰ ਕਾਇਰ, ਕੰਗਰੋੜਹੀਣ ਹੋਈ ਦੇਖ ਕੇ ਮੈਨੂੰ ਸ਼ਰਮ ਆ ਰਹੀ ਹੈ: ਅਰੁੰਧਤੀ ਰਾਏ

ਦਿੱਲੀ ਦੇ ਕਮਾਨੀ ਸਭਾਗਾਰ ਵਿਚ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਆਪਣੀ ਕਿਤਾਬ 'ਮਦਰ ਮੇਰੀ ਕਮਜ਼ ਟੂ ਮੀ' ਬਾਰੇ ਚਰਚਾ ਤੋਂ ਬਾਅਦ ਈਰਾਨ ਉੱਤੇ ਅਮਰੀਕਾ-ਇਜ਼ਰਾਈਲ ਹਮਲੇ ਨੂੰ ਲੈ ਕੇ ਕਈ ਮਹੱਤਵਪੂਰਨ ਗੱਲਾਂ ਕੀਤੀਆਂ। ਨਾਲ ਹੀ ਮੌਜੂਦਾ ਸਮੇਂ ਚੱਲ ਰਹੇ ਪੱਛਮੀ ਏਸ਼ੀਆ ਦੇ ਸੰਘਰਸ਼ ਦੌਰਾਨ ਭਾਰਤ ਸਰਕਾਰ ਦੀ ਚੁੱਪ 'ਤੇ ਵੀ ਸਵਾਲ ਉਠਾਏ। ਲੇਖਿਕਾ ਨੇ ਕਿਹਾ ਕਿ ਜੋ ਕੁਝ ਹੋ ਰਿਹਾ ਹੈ ਉਹ ਗਾਜ਼ਾ ਵਿਚ ਅਮਰੀਕੀ-ਇਜ਼ਰਾਇਲੀ ਕਤਲੇਆਮ ਦੀ ਹੀ ਲੜੀ ਦਾ ਹਿੱਸਾ ਹੈ, ਪਰ ਈਰਾਨ ਗਾਜ਼ਾ ਨਹੀਂ ਹੈ।

ਨਵੀਂ ਦਿੱਲੀ: 'ਮੈਂ ਕੁਝ ਕਹਿਣਾ ਹੈ ਕਿਉਂਕਿ ਮੈਂ ਆਪਣੀ ਮਾਂ ਦੀ ਧੀ ਹਾਂ ਅਤੇ ਮੈਨੂੰ ਹੌਸਲਾ ਜੁਟਾ ਕੇ ਇਹ ਕਹਿਣਾ ਹੀ

**ਜਾਹਨਵੀ ਸੇਨ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਪਵੇਗਾ। ਇਹ ਉਸ ਜੰਗ ਬਾਰੇ ਛੋਟਾ ਜਿਹਾ ਬਿਆਨ ਹੈ ਜੋ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਸਕਦੀ ਹੈ।'

ਇਹ ਗੱਲ 9 ਮਾਰਚ ਨੂੰ ਦਿੱਲੀ ਦੀ ਕਮਾਨੀ ਸਭਾਗਾਰ ਵਿਚ ਲੇਖਿਕਾ ਅਰੁੰਧਤੀ ਰਾਏ ਨੇ ਆਪਣੀ ਕਿਤਾਬ 'ਮਦਰ ਮੇਰੀ ਕਮਜ਼ ਟੂ ਮੀ' ਉੱਪਰ ਚਰਚਾ ਤੋਂ ਬਾਅਦ ਕਹੀ। ਉਨ੍ਹਾਂ ਨੇ ਈਰਾਨ ਉੱਤੇ ਅਮਰੀਕਾ-ਇਜ਼ਰਾਈਲ ਹਮਲੇ ਨੂੰ ਲੈ ਕੇ ਕਈ ਮਹੱਤਵਪੂਰਨ ਗੱਲਾਂ ਰੱਖੀਆਂ। ਨਾਲ ਹੀ ਮੌਜੂਦਾ ਸਮੇਂ ਵਿਚ ਚੱਲ ਰਹੇ ਪੱਛਮੀ ਏਸ਼ੀਆ ਸੰਘਰਸ਼ ਦੌਰਾਨ ਭਾਰਤ ਸਰਕਾਰ ਦੀ ਚੁੱਪ ਉੱਪਰ ਵੀ ਸਵਾਲ ਉਠਾਏ।

ਉਨ੍ਹਾਂ ਨੇ ਕਿਹਾ, 'ਮੈਨੂੰ ਪਤਾ ਹੈ ਕਿ ਅਸੀਂ ਅੱਜ ਇੱਥੇ 'ਮਦਰ ਮੇਰੀ ਕਮਜ਼ ਟੂ ਮੀ' ਬਾਰੇ ਗੱਲ ਕਰਨ ਲਈ ਜੁੜੇ ਹਾਂ। ਪਰ ਉਨ੍ਹਾਂ ਖ਼ੂਬਸੂਰਤ ਸ਼ਹਿਰਾਂ - ਤੇਹਰਾਨ, ਇਸਫ਼ਹਾਨ ਅਤੇ ਬੇਰੂਤ - ਬਾਰੇ ਗੱਲ ਕੀਤੇ ਬਿਨਾਂ ਅਸੀਂ ਇਹ ਗੱਲਬਾਤ ਕਿਵੇਂ ਖ਼ਤਮ ਕਰ ਸਕਦੇ ਹਾਂ ਜੋ ਅੱਗ ਦੀਆਂ ਲਾਟਾਂ ਵਿਚ ਘਿਰੇ ਹੋਏ ਹਨ?'

ਅਰੁੰਧਤੀ ਰਾਏ ਨੇ ਅੱਗੇ ਕਿਹਾ, 'ਆਪਣੀ ਮਾਂ ਮੇਰੀ ਦੀ ਸਾਫ਼ਗੋਈ ਅਤੇ ਬੇਬਾਕੀ ਦੇ ਅਨੁਸਾਰ, ਮੈਂ ਇਸ ਮੰਚ ਦਾ ਇਸਤੇਮਾਲ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ ਉੱਪਰ ਬਿਨਾਂ ਕਿਸੇ ਕਾਰਨ ਕੀਤੇ ਗਏ ਗੈਰ-ਕਾਨੂੰਨੀ ਹਮਲੇ ਬਾਰੇ ਕੁਝ ਕਹਿਣ ਲਈ ਕਰਨਾ ਚਾਹੁੰਦੀ ਹਾਂ। ਇਹ ਨਿਸ਼ਚਿਤ ਤੌਰ 'ਤੇ ਗਾਜ਼ਾ ਵਿਚ ਅਮਰੀਕਾ-ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਕਤਲੇਆਮ ਦੀ ਲੜੀ ਦੀ ਹੀ ਕੜੀ ਹੈ। ਇਹ ਉਹੀ ਪੁਰਾਣੇ ਕਤਲੇਆਮ ਕਰਨ ਵਾਲੇ ਹਨ ਜੋ ਉਹੀ ਪੁਰਾਣੀ ਯੁੱਧਨੀਤੀ ਵਰਤ ਰਹੇ ਹਨ—ਔਰਤਾਂ ਅਤੇ ਬੱਚਿਆਂ ਦੇ ਕਤਲ ਕਰਨਾ, ਹਸਪਤਾਲਾਂ 'ਤੇ ਬੰਬਾਰੀ ਕਰਨਾ, ਸ਼ਹਿਰਾਂ 'ਤੇ ਅੰਧਾਧੁੰਦ ਹਮਲੇ ਕਰਨਾ ਅਤੇ ਫਿਰ ਆਪਣੇ ਆਪ ਨੂੰ ਪੀੜਤ ਦਿਖਾਉਣਾ।'

'ਈਰਾਨ ਗਾਜ਼ਾ ਨਹੀਂ ਹੈ, ਇਹ ਜੰਗ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਸਕਦੀ ਹੈ'

ਉਨ੍ਹਾਂ ਨੇ ਅੱਗੇ ਕਿਹਾ, 'ਪਰ ਈਰਾਨ ਗਾਜ਼ਾ ਨਹੀਂ ਹੈ। ਇਸ ਨਵੀਂ ਜੰਗ ਦਾ ਦਾਇਰਾ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਸਕਦਾ ਹੈ। ਅਸੀਂ ਪਰਮਾਣੂ ਤਬਾਹੀ ਅਤੇ ਆਰਥਕ ਪਤਨ ਦੇ ਕੰਢੇ 'ਤੇ ਖੜ੍ਹੇ ਹਾਂ। ਜਿਸ ਮੁਲਕ ਨੇ ਹੀਰੋਸ਼ਿਮਾ ਅਤੇ ਨਾਗਾਸਾਕੀ ਉੱਤੇ ਬੰਬ ਵਰ੍ਹਾਏ ਸਨ, ਉਹੀ ਦੁਨੀਆ ਦੀਆਂ ਸਭ ਤੋਂ ਪ੍ਰਾਚੀਨ ਸੱਭਿਅਤਾਵਾਂ ਵਿਚੋਂ ਇੱਕ ਉੱਤੇ ਬੰਬਾਰੀ ਕਰਨ ਦੀ ਤਿਆਰੀ ਕਰ ਰਿਹਾ ਹੋ ਸਕਦਾ ਹੈ।

ਇਸ ਵਿਸ਼ੇ 'ਤੇ ਹੋਰ ਵੀ ਮੌਕੇ ਆਉਣਗੇ ਜਦੋਂ ਵਿਸਤਾਰ ਨਾਲ ਗੱਲ ਹੋਵੇਗੀ। ਇਸ ਲਈ ਅਜੇ ਮੈਂ ਸਿਰਫ਼ ਇਹ ਕਹਿਣਾ ਚਾਹੁੰਦੀ ਹਾਂ ਕਿ ਮੈਂ ਈਰਾਨ ਦੇ ਨਾਲ ਖੜ੍ਹੀ ਹਾਂ—ਪੂਰੀ ਤਰ੍ਹਾਂ। ਅਮਰੀਕਾ, ਇਜ਼ਰਾਈਲ ਅਤੇ ਸਾਡੀ ਸਰਕਾਰ ਸਮੇਤ ਜਿਨ੍ਹਾਂ ਵੀ ਹਕੂਮਤਾਂ ਨੂੰ ਬਦਲਣ ਦੀ ਲੋੜ ਹੈ, ਉਹ ਲੋਕਾਂ ਵੱਲੋਂ ਬਦਲੀਆਂ ਜਾਣੀਆਂ ਚਾਹੀਦੀਆਂ ਹਨ, ਨਾ ਕਿ ਕਿਸੇ ਹੰਕਾਰੀ, ਝੂਠੇ, ਧੋਖੇਬਾਜ਼, ਲਾਲਚੀ, ਸਰੋਤਾਂ ਨੂੰ ਲੁੱਟਣ ਵਾਲੇ, ਬੰਬ ਵਰਸਾਉਣ ਵਾਲੇ ਸਾਮਰਾਜੀ ਅਤੇ ਉਸਦੇ ਸੰਗੀਆਂ ਵੱਲੋਂ।'

ਅਰੁੰਧਤੀ ਰਾਏ ਦੇ ਅਨੁਸਾਰ, 'ਈਰਾਨ ਇਨ੍ਹਾਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰ ਰਿਹਾ ਹੈ, ਜਦਕਿ ਭਾਰਤ ਡਰਪੋਕ ਬਣਿਆ ਹੋਇਆ ਹੈ। ਮੈਨੂੰ ਸ਼ਰਮ ਆਉਂਦੀ ਹੈ ਕਿ ਸਾਡੀ ਸਰਕਾਰ ਕਿੰਨੀ ਕਾਇਰ ਅਤੇ ਕੰਗਰੋੜਹੀਣ ਹੋ ਗਈ ਹੈ। ਬਹੁਤ ਸਮਾਂ ਪਹਿਲਾਂ ਅਸੀਂ ਇੱਕ ਗ਼ਰੀਬ ਮੁਲਕ ਸਾਂ, ਜਿੱਥੇ ਬਹੁਤ ਗ਼ਰੀਬ ਲੋਕ ਰਹਿੰਦੇ ਸਨ। ਪਰ ਸਾਨੂੰ ਮਾਣ ਸੀ, ਸਾਡੇ ਕੋਲ ਸਨਮਾਨ ਸੀ।

ਅੱਜ ਅਸੀਂ ਇੱਕ ਖ਼ੁਸ਼ਹਾਲ ਦੇਸ਼ ਹਾਂ, ਜਿੱਥੇ ਬਹੁਤ ਗ਼ਰੀਬ ਅਤੇ ਬੇਰੁਜ਼ਗਾਰ ਲੋਕ ਰਹਿੰਦੇ ਹਨ, ਜਿਨ੍ਹਾਂ ਨੂੰ ਅਸਲੀ ਭੋਜਨ ਦੀ ਬਜਾਏ ਨਫ਼ਰਤ, ਜ਼ਹਿਰ ਅਤੇ ਝੂਠ ਪਰੋਸਿਆ ਜਾਂਦਾ ਹੈ। ਅਸੀਂ ਆਪਣਾ ਮਾਣ ਗੁਆ ਦਿੱਤਾ ਹੈ, ਸਨਮਾਨ ਗੁਆ ਦਿੱਤਾ ਹੈ ਅਤੇ ਹਿੰਮਤ ਵੀ ਗੁਆ ਦਿੱਤੀ ਹੈ—ਸਿਵਾਏ ਸਾਡੀਆਂ ਫਿਲਮਾਂ ਦੇ।'

ਉਨ੍ਹਾਂ ਨੇ ਪੁੱਛਿਆ, 'ਅਸੀਂ ਕਿਸ ਤਰ੍ਹਾਂ ਦੇ ਲੋਕ ਹਾਂ ਜਿਨ੍ਹਾਂ ਦੀ ਚੁਣੀ ਹੋਈ ਸਰਕਾਰ ਅਮਰੀਕਾ ਵੱਲੋਂ ਹੋਰ ਦੇਸ਼ਾਂ ਦੇ ਰਾਸ਼ਟਰਪਤੀਆਂ ਦੇ ਅਗਵਾ ਅਤੇ ਕਤਲ ਦੀ ਨਿੰਦਾ ਕਰਨ ਲਈ ਵੀ ਖੜ੍ਹੀ ਨਹੀਂ ਹੋ ਸਕਦੀ? ਕੀ ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਵੀ ਅਜਿਹਾ ਹੀ ਹੋਵੇ?

ਸਾਡੇ ਪ੍ਰਧਾਨ ਮੰਤਰੀ ਦਾ ਈਰਾਨ ਉੱਤੇ ਹਮਲੇ ਤੋਂ ਕੁਝ ਦਿਨ ਪਹਿਲਾਂ ਇਜ਼ਰਾਈਲ ਜਾ ਕੇ ਬੈਂਜਾਮਿਨ ਨੇਤਨਯਾਹੂ ਨੂੰ ਗਲੇ ਲਗਾਉਣਾ—ਇਸਦਾ ਕੀ ਮਤਲਬ ਹੈ?

ਸਾਡੀ ਸਰਕਾਰ ਦਾ ਅਮਰੀਕਾ ਨਾਲ ਅਜਿਹਾ ਵਪਾਰ ਸਮਝੌਤਾ ਕਰਨਾ ਜੋ ਸਾਡੇ ਕਿਸਾਨਾਂ ਅਤੇ ਕੱਪੜਾ ਉਦਯੋਗ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਸਕਦਾ ਹੈ—ਇਸਦਾ ਕੀ ਮਤਲਬ ਹੈ? ਹੁਣ ਸਾਨੂੰ ਰੂਸ ਤੋਂ ਤੇਲ ਖਰੀਦਣ ਦੀ 'ਇਜਾਜ਼ਤ' ਦਿੱਤੀ ਜਾ ਰਹੀ ਹੈ। ਇਸਦਾ ਕੀ ਭਾਵ ਹੈ? ਸਾਨੂੰ ਹੋਰ ਕਿਸ ਚੀਜ਼ ਲਈ ਇਜਾਜ਼ਤ ਚਾਹੀਦੀ ਹੈ—ਬਾਥਰੂਮ ਜਾਣ ਲਈ? ਕੰਮ ਤੋਂ ਛੁੱਟੀ ਲੈਣ ਲਈ? ਆਪਣੀ ਮਾਂ ਨੂੰ ਮਿਲਣ ਲਈ?'

ਉਨ੍ਹਾਂ ਨੇ ਕਿਹਾ, 'ਹਰ ਦਿਨ ਡੋਨਲਡ ਟਰੰਪ ਸਮੇਤ ਅਮਰੀਕੀ ਆਗੂ ਸਾਨੂੰ ਜਨਤਕ ਤੌਰ 'ਤੇ ਮਜ਼ਾਕ ਦਾ ਪਾਤਰ ਬਣਾਉਂਦੇ ਹਨ। ਪਰ ਸਾਡੇ ਪ੍ਰਧਾਨ ਮੰਤਰੀ ਆਪਣਾ ਉਹੀ ਖੋਖਲਾ ਹਾਸਾ ਹੱਸਦੇ ਹਨ ਅਤੇ ਜੱਫੀਆਂ ਪਾ-ਪਾ ਮਿਲਦੇ ਰਹਿੰਦੇ ਹਨ।

ਗਾਜ਼ਾ ਵਿਚ ਕਤਲੇਆਮ ਦੀ ਸਿਖ਼ਰ ਸਮੇਂ ਭਾਰਤ ਸਰਕਾਰ ਨੇ ਕੱਢੇ ਗਏ ਫ਼ਲਸਤੀਨੀ ਮਜ਼ਦੂਰਾਂ ਦੀ ਥਾਂ ਹਜ਼ਾਰਾਂ ਗ਼ਰੀਬ ਭਾਰਤੀ ਮਜ਼ਦੂਰਾਂ ਨੂੰ ਇਜ਼ਰਾਈਲ ਭੇਜਿਆ ਸੀ। ਅੱਜ ਜਦੋਂ ਇਜ਼ਰਾਇਲੀ ਲੋਕ ਬੰਕਰਾਂ ਵਿਚ ਸ਼ਰਨ ਲਈ ਬੈਠੇ ਹਨ, ਖ਼ਬਰਾਂ ਆ ਰਹੀਆਂ ਹਨ ਕਿ ਉਨ੍ਹਾਂ ਭਾਰਤੀ ਮਜ਼ਦੂਰਾਂ ਨੂੰ ਉਨ੍ਹਾਂ ਸ਼ਰਣ ਸਥਾਨਾਂ ਵਿਚ ਵੜਨ ਵੀ ਨਹੀਂ ਦਿੱਤਾ ਜਾ ਰਿਹਾ। ਆਖ਼ਿਰ ਇਹ ਸਭ ਕੀ ਦਰਸਾਉਂਦਾ ਹੈ? ਕਿਸ ਨੇ ਸਾਨੂੰ ਦੁਨੀਆ ਵਿਚ ਇਸ ਤਰ੍ਹਾਂ ਦੇ ਸ਼ਰਮਨਾਕ ਅਤੇ ਘਿਣਾਉਣੇ ਸਥਾਨ 'ਤੇ ਪਹੁੰਚਾ ਦਿੱਤਾ ਹੈ?'




ਉਨ੍ਹਾਂ ਨੇ ਕਿਹਾ, 'ਤੁਹਾਨੂੰ ਯਾਦ ਹੋਵੇਗਾ ਕਿ ਅਸੀਂ ਚੀਨੀ ਕਮਿਊਨਿਸਟ ਕਹਾਵਤ 'ਸਾਮਰਾਜਵਾਦ ਦਾ ਪਿਛਲੱਗ' ਦਾ ਕਿਵੇਂ ਮਜ਼ਾਕ ਉਡਾਉਂਦੇ ਸਾਂ। ਪਰ ਹੁਣ ਮੈਂ ਕਹਾਂਗੀ ਕਿ ਇਹ ਸ਼ਬਦ ਸਾਡੇ ਉੱਪਰ ਬਿਲਕੁਲ ਢੁੱਕਦਾ ਹੈ—ਸਿਵਾਏ ਉਨ੍ਹਾਂ ਵਿਗੜੀਆਂ, ਜ਼ਹਿਰੀਲੀਆਂ ਫਿਲਮਾਂ ਦੇ ਜਿੱਥੇ ਸਾਡੇ ਹੀਰੋ ਕਾਲਪਨਿਕ ਜੰਗਾਂ ਜਿੱਤਦੇ ਫਿਰਦੇ ਹਨ।'

'ਕਿਉਂਕਿ ਮੈਂ ਆਪਣੀ ਮਾਂ ਦੀ ਧੀ ਹਾਂ...'

ਵਰਣਨਯੋਗ ਹੈ ਕਿ ਅਰੁੰਧਤੀ ਰਾਏ ਨੇ ਆਪਣੀ ਗੱਲ ਦੀ ਸ਼ੁਰੂਆਤ '...ਕਿਉਂਕਿ ਮੈਂ ਆਪਣੀ ਮਾਂ ਦੀ ਧੀ ਹਾਂ...' ਨਾਲ ਕੀਤੀ ਸੀ। ਇਹ ਕੋਈ ਸੰਯੋਗ ਨਹੀਂ ਸੀ। ਇਹ ਗੱਲ ਉਨ੍ਹਾਂ ਨੇ ਆਪਣੀ ਕਿਤਾਬ 'ਮਦਰ ਮੇਰੀ ਕਮਜ਼ ਟੂ ਮੀ' ਉੱਤੇ ਚਰਚਾ ਤੋਂ ਬਾਅਦ ਕਹੀ, ਜੋ ਪਿਛਲੇ ਸਾਲ ਪੈਂਗੁਇਨ ਰੈਂਡਮ ਹਾਊਸ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਸੀ।

ਦਿੱਲੀ ਦੇ ਕਮਾਨੀ ਸਭਾਗਾਰ ਵਿਚ ਅਰੁੰਧਤੀ ਰਾਏ ਲੇਖਿਕਾ ਅਤੇ ਕਾਲਮਨਵੀਸ ਨੀਲਾਂਜਨਾ ਰਾਏ ਨਾਲ ਗੱਲਬਾਤ ਕਰ ਰਹੇ ਸਨ। ਉਸ ਸ਼ਾਮ ਦੀ ਚਰਚਾ ਵਿਚ ਉਨ੍ਹਾਂ ਦੀ ਮਾਂ ਮੇਰੀ ਰਾਏ ਨਾਲ ਉਤਾਰ-ਚੜ੍ਹਾਅ ਭਰੀਆਂ ਯਾਦਾਂ, ਆਪਣੇ ਗ਼ੈਰਹਾਜ਼ਰ ਅਤੇ ਸ਼ਰਾਬੀ ਪਿਤਾ ਨਾਲ ਛੋਟੀਆਂ ਮੁਲਾਕਾਤਾਂ, ਸਕੂਲ ਆਫ ਪਲੈਨਿੰਗ ਐਂਡ ਆਰਕੀਟੈਕਚਰ ਵਿਚ ਬਿਤਾਇਆ ਸਮਾਂ ਅਤੇ ਲੇਖਿਕਾ ਵਜੋਂ ਉਸ ਦਾ ਉਭਰਨਾ ਵੀ ਸ਼ਾਮਲ ਸੀ।

ਉਨ੍ਹਾਂ ਨੇ ਮਸਨੂਈ ਬੁੱਧੀ (ਏਆਈ) ਬਾਰੇ ਵੀ ਗੱਲ ਕੀਤੀ ਕਿ ਕਿਵੇਂ 'ਏਆਈ' ਹੌਲੀ-ਹੌਲੀ 'ਅਸਲੀ ਬੁੱਧੀ' ਨੂੰ ਨਸ਼ਟ ਕਰ ਰਹੀ ਹੈ, ਕਿਉਂਕਿ ਕੁਝ ਗਿਣਤੀ ਦੇ ਤਾਕਤਵਰ ਲੋਕਾਂ ਨੇ ਕੁਦਰਤੀ ਅਤੇ ਮਨੁੱਖੀ ਵਸੀਲਿਆਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ।

ਭਾਰਤ ਦੀਆਂ ਯੂਨੀਵਰਸਿਟੀਆਂ ਦੇ ਭਗਵਾਕਰਨ ਬਾਰੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸਿਰਫ਼ ਸਿੱਖਿਆ ਪ੍ਰਣਾਲੀ ਹੀ ਨਹੀਂ, ਸਗੋਂ ਉਹ ਸਾਰੀਆਂ ਸੰਸਥਾਵਾਂ ਜਿਨ੍ਹਾਂ 'ਤੇ ਭਾਰਤੀਆਂ ਨੂੰ ਕਦੇ ਮਾਣ ਸੀ, ਅੱਜ ਸ਼ਰਮ ਦਾ ਕਾਰਨ ਬਣ ਗਈਆਂ ਹਨ।

ਇੱਕ ਬਦੇਸ਼ੀ ਮਿੱਤਰ ਨੇ ਉਨ੍ਹਾਂ ਤੋਂ ਪੁੱਛਿਆ ਕਿ ਕੀ 2017-18 ਤੋਂ ਬਾਅਦ ਭਾਰਤ ਵਿਚ ਹਾਲਾਤ ਬਦਲੇ ਹਨ। ਉਨ੍ਹਾਂ ਨੇ ਕਿਹਾ:

'ਓਦੋਂ ਅਸੀਂ ਫਾਸ਼ੀਵਾਦੀ ਸਰਕਾਰ ਨਾਲ ਲੜ ਰਹੇ ਸੀ। ਹੁਣ ਅਸੀਂ ਫਾਸ਼ੀਵਾਦੀ ਸਮਾਜ ਨਾਲ ਲੜ ਰਹੇ ਹਾਂ।'

ਸਫ਼ਲਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਸ਼ਿਆਂ 'ਤੇ ਉਹ ਲਿਖਦੀ ਹੈ—ਕਾਰਪੋਰੇਟ ਵਿਸ਼ਵੀਕਰਨ, ਜੰਗ, ਡੈਮ, ਬੇਘਰੇ ਹੋਣ ਦਾ ਮਸਲਾ, ਸਾਮਰਾਜਵਾਦ—ਉਨ੍ਹਾਂ ਕਾਰਨਾਂ ਕਰਕੇ ਆਪਣੇ ਆਪ ਨੂੰ ਸੱਚਮੁੱਚ ਸਫ਼ਲ ਮੰਨਣਾ ਮੁਸ਼ਕਲ ਹੋ ਜਾਂਦਾ ਹੈ।

ਚਰਚਾ ਦਾ ਵੱਡਾ ਹਿੱਸਾ ਉਨ੍ਹਾਂ ਦੀ ਮਾਂ ਮੇਰੀ ਰਾਏ ਅਤੇ ਬੱਚਿਆਂ ਨਾਲ ਉਨ੍ਹਾਂ ਦੇ ਰਿਸ਼ਤੇ ਬਾਰੇ ਸੀ। ਇੱਕ ਮਾਂ ਵਜੋਂ ਮੇਰੀ ਕਈ ਵਾਰ ਸਖ਼ਤ ਸਨ, ਪਰ ਇੱਕ ਅਧਿਆਪਕਾ ਅਤੇ ਸੀਰੀਆਈ ਈਸਾਈ ਔਰਤਾਂ ਲਈ ਵਿਰਾਸਤੀ ਅਧਿਕਾਰਾਂ ਦੀ ਲੜਾਈ ਲੜਨ ਵਾਲੀ ਔਰਤ ਵਜੋਂ ਪ੍ਰੇਰਣਾਦਾਇਕ ਅਤੇ ਇਨਕਲਾਬੀ ਵੀ ਸਨ।

'ਮਦਰ ਮੇਰੀ ਕਮਜ਼ ਟੂ ਮੀ' ਉਨ੍ਹਾਂ ਨੂੰ ਸਮਰਪਿਤ ਇੱਕ ਸ਼ਰਧਾਂਜਲੀ ਹੈ ਅਤੇ ਇੱਕ ਧੀ ਵੱਲੋਂ ਦੁਨੀਆ ਦੇ ਸਾਹਮਣੇ ਇੱਕ ਜਟਿਲ ਔਰਤ ਦੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਵੀ ਹੈ।

ਚਰਚਾ ਦੇ ਅੰਤ ਵਿਚ ਜਦੋਂ ਅਰੁੰਧਤੀ ਨੇ ਈਰਾਨ ਦੇ ਹੱਕ ਵਿਚ ਖੜ੍ਹ ਕੇ ਭਾਰਤੀ ਸਰਕਾਰ ਦੀ ਨਿੰਦਾ ਕੀਤੀ, ਤਾਂ ਦਰਸ਼ਕਾਂ ਨੇ ਖੜ੍ਹ ਕੇ ਉਨ੍ਹਾਂ ਨਾਲ ਇਕਮੁੱਠਤਾ ਪ੍ਰਗਟਾਈ। ਤਾੜੀਆਂ ਦੀ ਗੂੰਜ ਦਰਮਿਆਨ ਉਨ੍ਹਾਂ ਨੇ ਮੁਸਕਰਾਉਂਦਿਆਂ ਹੱਥ ਨਾਲ ਜਿੱਤ ਦਾ ਚਿੰਨ੍ਹ ਦਿਖਾਇਆ ਅਤੇ ਕਿਹਾ:

'ਦਿੱਲੀ ਵਿਚ ਅਸੀਂ ਹਮੇਸ਼ਾ ਪਲਟ ਕੇ ਲੜਦੇ ਹਾਂ।'

**-ਦ ਵਾਇਰ ਦੇ ਧੰਨਵਾਦ ਸਹਿਤ॥**

# ਪੰਜਾਬ ਦੇ ਨੌਜਵਾਨਾਂ ਨੂੰ ਬੰਦੂਕਾਂ ਨਾਲ ਕੌਣ ਭਰਮਾ ਰਿਹਾ ਹੈ? - ਗੈਂਗਵਾਰ ਕਤਲਾਂ ਦੀ ਅੰਦਰੂਨੀ ਕਹਾਣੀ

*ਸੂਹੀ ਸਵੇਰ ਆਨਲਾਈਨ ਮੀਡੀਆ ਦੇ ਬਾਨੀ ਅਤੇ ਮੁੱਖ ਸੰਪਾਦਕ ਸ਼ਿਵ ਇੰਦਰ ਸਿੰਘ ਦੀ ਕਾਰਵਾਂ, ਦੀ ਵਾਇਰ, ਦੀ ਮਿੰਟ ਤੋਂ ਇਲਾਵਾ ਭਾਰਤ ਦੇ ਆਨਲਾਈਨ ਪੋਰਟਲਾਂ ਲਈ ਪੰਜਾਬ ਦੇ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਬਾਰੇ ਬੇਬਾਕੀ ਨਾਲ ਲਿਖਣ ਵਾਲੇ ਸੁਤੰਤਰ ਖੋਜੀ ਪੱਤਰਕਾਰ ਹਨ। ਇਸ ਲੇਖ ਵਿਚ ਪੰਜਾਬ ਨੂੰ ਦਰਪੇਸ਼ ਗੈਂਗਸਟਰ ਵਰਤਾਰੇ ਦੀਆਂ ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਜੜ੍ਹਾਂ, ਹਾਕਮ ਜਮਾਤੀ ਸਿਆਸਤ ਵੱਲੋਂ ਆਪਣੇ ਸੌੜੇ ਸਵਾਰਥਾਂ ਲਈ ਇਸ ਵਰਤਾਰੇ ਦੀ ਰਾਜਨੀਤਕ ਪੁਸ਼ਤਪਨਾਹੀ ਆਦਿ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਹ ਲੇਖ ਧੰਨਵਾਦ ਸਹਿਤ ਪਾਠਕਾਂ ਨਾਲ ਸਾਂਝਾ ਕਰ ਰਹੇ ਹਨ। - ਸੰਪਾਦਕ॥*

ਅਸੀਂ ਅਕਸਰ ਪੰਜਾਬ ਵਿਚ ਗੈਂਗਸਟਰਾਂ ਅਤੇ ਬੰਦੂਕ ਸਭਿਆਚਾਰ ਬਾਰੇ ਚਰਚਾਵਾਂ ਸੁਣਦੇ ਅਤੇ ਦੇਖਦੇ ਹਾਂ। ਇਹ ਗੀਤਾਂ, ਸੰਗੀਤ ਅਤੇ ਸਿਨੇਮਾ ਵਿਚ ਝਲਕਦਾ ਹੈ। ਵਿਆਹਾਂ ਵਿਚ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਹਥਿਆਰਾਂ ਨਾਲ ਫੋਟੋਆਂ ਪੋਸਟ ਕਰਨ ਅਤੇ ਲਾਇਸੈਂਸੀ ਹਥਿਆਰ ਲਹਿਰਾਉਣ ਦੇ ਮਾਮਲੇ ਵੀ ਸਾਹਮਣੇ ਆਏ ਹਨ। ਪਹਿਲਾਂ ਵੀ ਵਿਆਹਾਂ ਵਿਚ ਗੋਲੀਬਾਰੀ ਕਾਰਨ ਹੋਈਆਂ ਮੌਤਾਂ ਸੁਰਖੀਆਂ ਵਿਚ ਆਈਆਂ ਹਨ।



ਸ਼ਿਵ ਇੰਦਰ ਸਿੰਘ

ਹਾਲਾਂਕਿ, ਸਰਕਾਰ ਹੁਣ ਇਸ ਪ੍ਰਥਾ ਨੂੰ ਸਖ਼ਤੀ ਨਾਲ ਰੋਕਣ ਦਾ ਦਾਅਵਾ ਕਰ ਰਹੀ ਹੈ। ਇਸੇ ਤਰ੍ਹਾਂ, ਪੰਜਾਬ ਵਿਚ ਗੈਂਗ ਨਾਲ ਸਬੰਧਤ ਘਟਨਾਵਾਂ ਨੇ ਇੱਕ ਹਿੰਸਕ ਮਾਹੌਲ ਪੈਦਾ ਕੀਤਾ ਹੈ। ਇਨ੍ਹਾਂ ਦੀਆਂ ਜੜ੍ਹਾਂ ਕਿੱਥੇ ਹਨ?

ਪੰਜਾਬ ਵਿਚ ਪਹਿਲਾਂ ਵੀ ਗੈਂਗ ਵਾਰਾਂ ਹੋਈਆਂ ਹਨ। ਗੈਂਗਸਟਰ ਸਭਿਆਚਾਰ ਪੰਜਾਬ ਦੇ ਪ੍ਰਾਚੀਨ 'ਵੈਲੀ' (ਅਪਰਾਧੀ ਜਾਂ ਬਦਮਾਸ਼) ਦਾ ਇੱਕ ਆਧੁਨਿਕ ਰੂਪ ਹੈ। ਉਨ੍ਹਾਂ ਨੂੰ ਰਾਜਨੀਤਿਕ ਪਾਰਟੀਆਂ ਅਤੇ ਸਿਆਸਤਦਾਨਾਂ ਦਾ ਪੂਰਾ ਸਮਰਥਨ ਮਿਲਿਆ ਹੈ। ਗੁੰਡਿਆਂ, ਸਿਆਸਤਦਾਨਾਂ ਅਤੇ ਪੁਲਿਸ ਵਿਚਕਾਰ ਇਹ ਗੱਠਜੋੜ ਇੰਨਾ ਮਜ਼ਬੂਤ ਹੈ ਕਿ ਗੈਂਗਸਟਰ ਜੇਲ੍ਹ ਦੇ ਅੰਦਰੋਂ ਹੀ ਆਪਣੇ ਗੈਂਗ ਚਲਾਉਂਦੇ ਹਨ। ਪੰਜਾਬ ਦੇ ਲੋਕਾਂ ਵਿਚ ਇੱਕ ਆਮ ਧਾਰਨਾ ਹੈ ਕਿ ਵੱਡੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੇ ਗੁੰਡਿਆਂ ਦੇ ਗੈਂਗ ਪਾਲੇ ਹਨ, ਜੋ ਆਪਣੇ ਸਵਾਰਥੀ ਉਦੇਸ਼ਾਂ ਲਈ ਨੌਜਵਾਨਾਂ ਦਾ ਸ਼ੋਸ਼ਣ ਕਰਦੇ ਹਨ; ਅਤੇ ਇੱਕ ਵਾਰ ਜਦੋਂ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਹੋ ਜਾਂਦੀਆਂ ਹਨ, ਤਾਂ ਇਨ੍ਹਾਂ ਨੌਜਵਾਨਾਂ ਨੂੰ ਛੱਡ ਦਿੱਤਾ ਜਾਂਦਾ ਹੈ ਜਾਂ ਕਤਲ ਵੀ ਕਰ ਦਿੱਤਾ ਜਾਂਦਾ ਹੈ। ਸਾਬਕਾ ਗੈਂਗਸਟਰ ਲੱਖਾ ਸਿਧਾਣਾ ਅਕਸਰ ਆਪਣੇ ਭਾਸ਼ਣਾਂ ਅਤੇ ਇੰਟਰਵਿਊਆਂ ਵਿਚ ਕਹਿੰਦੇ ਹਨ ਕਿ ਉਨ੍ਹਾਂ ਨੇ ਕਈ ਪ੍ਰਮੁੱਖ ਸਿਆਸਤਦਾਨਾਂ ਲਈ ਕੰਮ ਕੀਤਾ, ਤੇ ਉਨ੍ਹਾਂ ਨੇਤਾਵਾਂ ਨੇ ਆਪਣੀਆਂ ਜ਼ਰੂਰਤਾਂ ਪੂਰੀਆਂ ਹੋਣ 'ਤੇ ਉਨ੍ਹਾਂ ਨੂੰ ਛੱਡ ਦਿੱਤਾ। ਇਹ ਦੋਸ਼ ਲਗਾਇਆ ਜਾਂਦਾ ਹੈ ਕਿ ਰਾਜਨੀਤਿਕ ਆਗੂ ਇਨ੍ਹਾਂ ਗੈਂਗਾਂ ਦੀ ਵਰਤੋਂ ਗੈਰ-ਕਾਨੂੰਨੀ ਕਾਰੋਬਾਰ ਚਲਾਉਣ, ਪੈਸੇ ਵਸੂਲਣ ਅਤੇ ਨਸ਼ਿਆਂ ਦੀ ਤਸਕਰੀ ਕਰਨ, ਆਪਣੇ ਵਿਰੋਧੀਆਂ ਨੂੰ ਹਾਸ਼ੀਏ 'ਤੇ ਧੱਕਣ, ਸਮਾਜਿਕ ਕਾਰਕੁਨਾਂ ਨੂੰ ਕੁੱਟਣ ਅਤੇ ਜਨਤਕ ਅੰਦੋਲਨਾਂ ਨੂੰ ਦਬਾਉਣ ਲਈ ਕਰਦੇ ਹਨ।

2002 ਤੋਂ 2007 ਤੱਕ ਕਾਂਗਰਸ ਸਰਕਾਰ ਦੌਰਾਨ, ਇਹ ਆਮ ਚਰਚਾ ਸੀ ਕਿ ਕੁਝ ਕਾਂਗਰਸੀ ਨੇਤਾ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਲਈ ਗੈਂਗਸਟਰਾਂ ਨੂੰ ਪਾਲਦੇ ਸਨ। 2007 ਤੋਂ 2017 ਤੱਕ ਅਕਾਲੀ-ਭਾਜਪਾ ਸ਼ਾਸਨ ਦੌਰਾਨ ਸਥਿਤੀ ਇਸ ਤੋਂ ਵੱਖਰੀ ਨਹੀਂ ਸੀ, ਕਿਉਂਕਿ ਗੈਂਗਾਂ ਦੀ ਗਿਣਤੀ ਵੱਧਦੀ ਰਹੀ। ਇਹ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਅਕਾਲੀ ਦਲ ਦੇ ਕਿਹੜੇ ਨੇਤਾ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਗੈਂਗਸਟਰਾਂ ਦੀ ਵਰਤੋਂ ਕਰਦੇ ਸਨ। 2017 ਤੋਂ 2022 ਤੱਕ ਕਾਂਗਰਸ ਸਰਕਾਰ ਦੌਰਾਨ ਵੀ, ਗੈਂਗਸਟਰ ਗਤੀਵਿਧੀਆਂ ਬੇਰੋਕ ਰਹੀਆਂ। ਮੌਜੂਦਾ 'ਆਪ' ਸਰਕਾਰ ਦੇ ਅਧੀਨ ਵੀ ਗੈਂਗ ਨਾਲ ਸਬੰਧਤ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਭਾਵੇਂ ਪੰਜਾਬ ਸਰਕਾਰ ਨੇ ਗੈਂਗਾਂ ਵਿਰੁੱਧ ਪੁਲਿਸ ਕਾਰਵਾਈ ਕੀਤੀ ਹੈ, ਪਰ ਇਸ ਨੇ ਸਮੱਸਿਆ ਦੀ ਜੜ੍ਹ ਤੱਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਕਾਰਨ, ਪੁਲਿਸ 'ਤੇ ਗੈਰ-ਕਾਨੂੰਨੀ ਮੁਕਾਬਲਿਆਂ ਦੇ ਦੋਸ਼ ਲੱਗ ਰਹੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਪੁਲਿਸ ਕਾਰਵਾਈ ਸਵਾਗਤਯੋਗ ਹੈ, ਪਰ ਫਰਜ਼ੀ ਮੁਕਾਬਲੇ ਲੋਕਤੰਤਰ ਵਿਰੋਧੀ ਹਨ।



ਪੰਜਾਬੀ ਵਿਦਵਾਨ ਅਤੇ ਲੇਖਕ, ਮਰਹੂਮ ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਆਪਣੇ ਕਈ ਭਾਸ਼ਣਾਂ ਵਿਚ ਕਿਹਾ ਕਰਦੇ ਸਨ, 'ਜੋ ਲੋਕ ਵਿਦਿਅਕ ਸੰਸਥਾਵਾਂ ਵਿਚ ਖੱਬੇ-ਪੱਖੀ ਵਿਦਿਆਰਥੀ ਸੰਗਠਨਾਂ ਦੇ ਕਾਰਕੁਨਾਂ ਨਾਲ ਲੜਦੇ ਹਨ, ਉਹ ਬਾਅਦ ਵਿਚ ਪੰਜਾਬ 'ਤੇ ਰਾਜ ਕਰਦੇ ਹਨ।' ਵੱਡੀਆਂ ਪਾਰਟੀਆਂ ਦੇ ਵਿਦਿਆਰਥੀ ਅਤੇ ਯੁਵਾ ਸੰਗਠਨ ਹੁਣ ਗੈਂਗਸਟਰ ਗੈਂਗਾਂ ਦੀ ਭਰਤੀ ਲਈ ਕੋਚਿੰਗ ਸੈਂਟਰ ਬਣ ਗਏ ਹਨ। ਪੰਜਾਬ ਵਿਚ 'ਬੰਦੂਕ ਸਭਿਆਚਾਰ' ਬਾਰੇ ਬੋਲਦੇ ਹੋਏ, ਪ੍ਰਸਿੱਧ ਸਮਾਜ ਸ਼ਾਸਤਰੀ ਪ੍ਰੋਫੈਸਰ ਬਾਵਾ ਸਿੰਘ ਕਹਿੰਦੇ ਹਨ, 'ਜਗੀਰੂ ਪ੍ਰਣਾਲੀ ਅਤੇ ਸਮਾਜ ਇੱਕ ਤਰ੍ਹਾਂ ਦਾ 'ਗੈਂਗਸਟਰ ਸਮਾਜ' ਸੀ, ਜਿਸਨੂੰ ਜਗੀਰੂ ਪ੍ਰਭੂਆਂ ਨੇ ਆਪਣੀ ਬਾਹਰੀ ਧਾਰਮਿਕਤਾ ਅਤੇ ਘੱਟ ਜਾਂ ਘੱਟ ਦਿਆਲੂ ਦਿੱਖ ਨਾਲ ਬਣਾਈ ਰੱਖਿਆ, 'ਸਤਿਕਾਰਯੋਗ' ਹੋਣ ਦਾ ਦਾਅਵਾ ਕੀਤਾ। ਜਗੀਰੂ ਪ੍ਰਣਾਲੀ ਦੇ ਅੰਤ ਤੋਂ ਬਾਅਦ, ਗੈਂਗ ਉੱਭਰਨੇ ਸ਼ੁਰੂ ਹੋਏ ਜਿਨ੍ਹਾਂ ਨੇ ਅਪਰਾਧ ਦੀ ਦੁਨੀਆ ਰਾਹੀਂ ਸ਼ਕਤੀ ਅਤੇ ਦੌਲਤ ਹਾਸਲ ਕੀਤੀ। ਪੰਜਾਬ ਵਿਚ ਮੌਜੂਦਾ ਗੈਂਗ ਬੀਤੇ ਸਮੇਂ ਦੇ ਡਾਕੂਆਂ ਅਤੇ ਫਿਰੌਤੀ ਗਿਰੋਹਾਂ ਦਾ ਇੱਕ ਸੋਧਿਆ ਹੋਇਆ ਰੂਪ ਹਨ। ਉਹ ਉੱਤਰ ਪ੍ਰਦੇਸ਼ ਦੇ ਫਿਰੌਤੀ ਗਿਰੋਹਾਂ ਰਾਹੀਂ ਪੰਜਾਬ ਵਿਚ ਪਹੁੰਚੇ।'

ਬਾਵਾ ਸਿੰਘ ਅੱਗੇ ਕਹਿੰਦੇ ਹਨ, 'ਪੰਜਾਬ ਵਿਚ ਗੈਂਗਾਂ ਦਾ ਉਭਾਰ 2004-05 ਵਿਚ ਸ਼ੁਰੂ ਹੋਇਆ ਸੀ ਅਤੇ 2010 ਤੱਕ ਸਿਖਰ 'ਤੇ ਪਹੁੰਚ ਗਿਆ।' ਇਸ ਵਰਤਾਰੇ ਬਾਰੇ ਦੱਸਦੇ ਹੋਏ, ਪ੍ਰੋ. ਬਾਵਾ ਕਹਿੰਦੇ ਹਨ ਕਿ ਇੱਕ ਵੱਡੀ ਰਾਜਨੀਤਿਕ ਪਾਰਟੀ ਦਾ ਵਿਦਿਆਰਥੀ ਸੰਗਠਨ ਇਨ੍ਹਾਂ ਗੈਂਗਾਂ ਲਈ ਭਰਤੀ ਦਾ ਕੇਂਦਰ ਬਣ ਗਿਆ ਅਤੇ ਇਸ ਵਿਦਿਆਰਥੀ ਸੰਗਠਨ ਤੋਂ ਹੀ ਕਈ ਗੈਂਗ ਉੱਭਰੇ, ਜਿਨ੍ਹਾਂ ਵਿਚੋਂ ਬਹੁਤ ਸਾਰੇ ਅੱਜ ਵੀ ਪੰਜਾਬ ਵਿਚ ਸਰਗਰਮ ਹਨ। 'ਜਦੋਂ ਇਹ ਗੈਂਗ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕੰਮ ਕਰਨ ਲੱਗੇ, ਤਾਂ ਉਨ੍ਹਾਂ ਦੀਆਂ ਫੋਟੋਆਂ ਪ੍ਰਮੁੱਖ ਸਿਆਸਤਦਾਨਾਂ ਨਾਲ ਆਉਣ ਲੱਗੀਆਂ, ਅਤੇ ਉਨ੍ਹਾਂ ਤੋਂ ਪੁਲਿਸ ਥਾਣਿਆਂ ਵਿਚ ਪੁੱਛਗਿੱਛ ਕੀਤੀ ਗਈ। ਇਹ ਉਦੋਂ ਹੋਇਆ ਜਦੋਂ ਇਹ ਗੈਂਗ ਅਤੇ ਉਨ੍ਹਾਂ ਦੇ ਆਗੂ 18-19 ਸਾਲ ਦੇ ਕਾਲਜ ਵਿਦਿਆਰਥੀਆਂ ਦੀਆਂ ਨਜ਼ਰਾਂ ਵਿਚ ਮਸ਼ਹੂਰ ਹਸਤੀਆਂ ਬਣ ਗਏ। ਕਿਸੇ ਕਾਰਨ ਕਰਕੇ, ਹੀਣ ਭਾਵਨਾ ਤੋਂ ਪੀੜਤ ਨੌਜਵਾਨ ਵੀ ਇਹ ਮੰਨਣ ਲੱਗ ਪਏ ਕਿ ਇਹ ਉਨ੍ਹਾਂ ਨੂੰ ਲੋਕਾਂ ਦਾ ਧਿਆਨ ਖਿੱਚੇਗਾ ਅਤੇ ਕੁੜੀਆਂ ਨੂੰ ਆਕਰਸ਼ਿਤ ਕਰੇਗਾ,' ਇਨ੍ਹਾਂ ਗੈਂਗਾਂ ਵਿਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦੀ ਵੱਧਦੀ ਗਿਣਤੀ ਦਾ ਕਾਰਨ ਦੱਸਦੇ ਹੋਏ ਬਾਵਾ ਸਿੰਘ ਕਹਿੰਦੇ ਹਨ, 'ਸ਼ੁਰੂ ਵਿਚ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਅਤੇ ਚੰਡੀਗੜ੍ਹ ਦੇ ਕਾਲਜ ਇਨ੍ਹਾਂ ਗੈਂਗਾਂ ਦਾ ਕੇਂਦਰ ਬਣ ਗਏ। ਫਿਰ, ਜਿਸ ਵਿਦਿਆਰਥੀ ਸੰਗਠਨ ਦੀ ਗੱਲ ਹੋ ਰਹੀ ਹੈ, ਉਸ ਨੇ ਪੰਜਾਬ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਚੋਣਾਂ ਵਿਚ ਪੈਰ ਜਮਾ ਲਏ। ਇਹ ਉਹ ਸਮਾਂ ਸੀ ਜਦੋਂ ਵਿਦਿਆਰਥੀ ਸੰਗਠਨ ਜਿਸ ਪਾਰਟੀ ਨਾਲ ਸਬੰਧਤ ਸੀ, ਉਹ ਸੱਤਾ ਵਿਚ ਸੀ ਅਤੇ ਆਪਣੇ ਵਿਦਿਆਰਥੀ ਵਿੰਗ ਨੂੰ ਪੂਰਾ ਸਮਰਥਨ ਦਿੰਦੀ ਸੀ; ਇਸ ਤੋਂ ਇਲਾਵਾ, ਇੱਕ ਚੋਟੀ ਦਾ ਨੇਤਾ ਅਕਸਰ ਇਨ੍ਹਾਂ ਵਿਦਿਅਕ ਸੰਸਥਾਵਾਂ ਦਾ ਦੌਰਾ ਕਰਦਾ ਸੀ ਅਤੇ ਸੰਗਠਨ ਦੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਾ ਸੀ। 'ਪੰਜਾਬ ਦੀਆਂ ਬਾਕੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਕਈ ਸਾਲਾਂ ਤੋਂ ਵਿਦਿਆਰਥੀ ਚੋਣਾਂ ਨਹੀਂ ਹੋਈਆਂ ਹਨ, ਅਤੇ ਸੱਤਾਧਾਰੀ ਪਾਰਟੀ ਦੇ ਸਮਰਥਨ ਵਾਲੇ ਗਿਰੋਹਾਂ ਨੇ ਖੁਦ ਕਾਲਜ ਪ੍ਰਧਾਨ ਚੁਣਨੇ ਸ਼ੁਰੂ ਕਰ ਦਿੱਤੇ ਹਨ। ਇਸ ਨਾਲ ਪੰਜਾਬ ਦੇ ਪੇਂਡੂ ਨੌਜਵਾਨਾਂ ਦਾ ਇੱਕ ਹਿੱਸਾ ਇਨ੍ਹਾਂ ਗਿਰੋਹਾਂ ਵੱਲ ਆਕਰਸ਼ਿਤ ਹੋਇਆ ਹੈ। ਪੰਜਾਬ ਦੀ ਵਿਰਾਸਤ ਵਿਚ, ਹਥਿਆਰਾਂ ਨੂੰ ਬਹਾਦਰੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਪੰਜਾਬ ਦੇ ਭੂਗੋਲਿਕ ਮਾਹੌਲ ਦੇ ਕਾਰਨ ਵੀ ਹੈ। ਇਹੀ ਕਾਰਨ ਹੈ ਕਿ ਹਥਿਆਰ ਪੰਜਾਬ ਦੇ ਨੌਜਵਾਨਾਂ ਨੂੰ ਪਸੰਦ ਆਉਂਦੇ ਹਨ। ਮੇਰਾ ਨਿੱਜੀ ਤੌਰ 'ਤੇ ਮੰਨਣਾ ਹੈ ਕਿ ਭਾਵੇਂ ਸੰਤ ਭਿੰਡਰਾਂਵਾਲੇ ਪੰਜਾਬ ਦੇ ਨੌਜਵਾਨਾਂ ਨੂੰ ਹਥਿਆਰ ਸੌਂਪਦੇ ਹਨ, ਜਾਂ ਨਕਸਲੀ ਜਾਂ ਗੈਂਗਸਟਰ ਉਨ੍ਹਾਂ ਨੂੰ ਹਥਿਆਰ ਦਿੰਦੇ ਹਨ, ਨੌਜਵਾਨ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ। ਪੂੰਜੀਵਾਦੀ ਯੁੱਗ ਦਾ ਮਾਨਸਿਕ ਤਣਾਅ, ਬੇਰੁਜ਼ਗਾਰੀ ਅਤੇ ਸਿਸਟਮ ਪ੍ਰਤੀ ਉਦਾਸੀਨਤਾ ਵੀ ਨੌਜਵਾਨਾਂ ਨੂੰ ਇਸ ਰਸਤੇ 'ਤੇ ਚੱਲਣ ਲਈ ਮਜਬੂਰ ਕਰਦੀ ਹੈ।'

**ਪ੍ਰੋ. ਬਾਵਾ ਮੌਜੂਦਾ ਸਥਿਤੀ ਦੇ ਆਪਣੇ ਵਿਸ਼ਲੇਸ਼ਣ ਵਿਚ ਕਹਿੰਦੇ ਹਨ।**

ਗੈਂਗ ਅਕਸਰ ਆਪਸ ਵਿਚ ਹੀ ਲੜਦੇ ਰਹਿੰਦੇ ਹਨ, ਇੱਕ ਦੂਜੇ ਨੂੰ ਧਮਕੀਆਂ ਦਿੰਦੇ ਹਨ, ਅਤੇ ਇੱਕ ਦੂਜੇ ਨੂੰ ਮਾਰ ਵੀ ਦਿੰਦੇ ਹਨ। ਹਾਲ ਹੀ ਦੇ ਸਾਲਾਂ ਵਿਚ, ਜ਼ਿਆਦਾਤਰ ਗੈਂਗ ਕਤਲ ਦੁਸ਼ਮਣੀਆਂ ਜਾਂ ਧੜੇਬੰਦੀਆਂ ਦੇ ਟਕਰਾਅ ਦਾ ਨਤੀਜਾ ਰਹੇ ਹਨ। ਇਨ੍ਹਾਂ ਗੈਂਗਾਂ ਦੇ ਪ੍ਰਭਾਵ ਨੇ ਪੰਜਾਬੀ ਸੰਗੀਤ ਅਤੇ ਫਿਲਮ ਉਦਯੋਗਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। 1990 ਦੇ ਦਹਾਕੇ ਅਤੇ 21ਵੀਂ ਸਦੀ ਦੇ ਸ਼ੁਰੂ ਵਿਚ, ਪੰਜਾਬੀ ਗੀਤਾਂ ਦੀ ਸ਼ੈਲੀ ਅਤੇ ਤਕਨੀਕ ਵਿਚ ਮਹੱਤਵਪੂਰਨ ਬਦਲਾਅ ਆਏ, ਪਰ ਉਨ੍ਹਾਂ ਦੇ ਬੁਨਿਆਦੀ ਵਿਸ਼ੇ ਉਹੀ ਰਹੇ- ਜਗੀਰੂ ਸੱਭਿਆਚਾਰ, ਜਗੀਰੂ ਕਦਰਾਂ-ਕੀਮਤਾਂ ਦੀ ਪਾਲਣਾ, ਹਥਿਆਰ, ਔਰਤ-ਨਫ਼ਰਤ ਵਾਲੀ ਮਾਨਸਿਕਤਾ, ਦੌਲਤ ਦਾ ਦਿਖਾਵਾ, ਹਿੰਸਾ, ਆਦਿ।

21ਵੀਂ ਸਦੀ ਵਿਚ, ਪੰਜਾਬੀ ਗੀਤਾਂ ਵਿਚ ਹਥਿਆਰ, ਹਥਿਆਰਾਂ ਜ਼ਰੀਏ ਕੁੜੀਆਂ ਨੂੰ ਭਰਮਾਉਣਾ, ਹਿੰਸਾ ਅਤੇ ਗੈਂਗਸਟਰ ਸਭਿਆਚਾਰ ਨੂੰ ਇਸ ਤਰ੍ਹਾਂ ਦਰਸਾਇਆ ਜਾਂਦਾ ਹੈ ਕਿ ਕੁੜੀ ਖੁਦ ਆਪਣੇ ਪ੍ਰੇਮੀ ਨੂੰ ਵੈਲੀ (ਗੈਂਗਸਟਰ) ਬਣਨ ਲਈ ਕਹਿੰਦੀ ਹੈ। ਅਜਿਹਾ ਹੀ ਇੱਕ ਗੀਤ ਮਿਸ ਪੂਜਾ ਅਤੇ ਪ੍ਰੀਤ ਬਰਾੜ ਦਾ ਹੈ:

ਹੁਣ ਤੱਕ ਨੀਵੇ ਰਹਿ ਰਹਿ ਕੇ ਅਸੀਂ ਘੁੱਟ ਸਬਰ ਦੇ ਭਰਲੇ।
ਬਰੀ ਕਰਵਾ ਲਵਾਂ ਤੈਨੂੰ ਆਪੇ ਵੇਚ ਕੇ 5-7 ਮਰਲੇ
ਵੈਲੀ ਬਣ ਮਿੱਤਰਾਂ ਬੜੇ ਡਰਾਵੇ ਜਰ ਲਏ

ਅਜਿਹੇ ਗੀਤਾਂ ਦੀਆਂ ਕੁਝ ਉਦਾਹਰਣਾਂ ਵਿਚ ਸ਼ਾਮਲ ਹਨ:

ਵੈਲੀ ਦੀ ਅੱਖ ਅੱਜ ਲਾਲ ਏ...
ਕੋਈ ਬੰਦਾ ਬੂੰਦਾ ਮਾਰਨਾ ਤਾਂ ਦੱਸ (ਗਾਇਕ ਬਾਲੀ ਰਿਆੜ)
ਕੱਢ ਕੇ ਦੇ ਦੇ ਰਫਲ ਦੁਨਾਲੀ,
ਨੀ ਅੱਜ ਬੰਦਾ ਮਾਰਨ ਨੂੰ ਜੀਅ ਕਰਦਾ (ਹਰਜੀਤ ਹਰਮਨ)

1980 ਦਾ ਦਹਾਕਾ ਅੱਤਵਾਦ ਦਾ ਦੌਰ ਸੀ, ਜਦੋਂ ਪੁਲਿਸ ਅਤੇ ਅੱਤਵਾਦੀਆਂ ਦੋਵਾਂ ਨੇ ਪੰਜਾਬ ਦੇ ਪਿੰਡਾਂ 'ਤੇ ਹਮਲਾ ਕੀਤਾ, ਜਿਸ ਨਾਲ ਪੰਜਾਬ ਨੂੰ ਕਾਫ਼ੀ ਨੁਕਸਾਨ ਹੋਇਆ। ਉਸ ਸਮੇਂ ਤੋਂ ਬਾਅਦ ਪੈਦਾ ਹੋਈ ਨੌਜਵਾਨ ਪੀੜ੍ਹੀ ਦਾ ਇੱਕ ਵੱਡਾ ਹਿੱਸਾ ਰਾਜਨੀਤਿਕ ਚੇਤਨਾ ਤੋਂ ਸੱਖਣਾ ਹੈ। 1990 ਦੇ ਦਹਾਕੇ ਦੇ ਅਖੀਰ ਵਿਚ ਅਤੇ 21ਵੀਂ ਸਦੀ ਵਿਚ ਪੈਦਾ ਹੋਈ ਪੀੜ੍ਹੀ ਦੇ ਇੱਕ ਵੱਡੇ ਹਿੱਸੇ ਨੂੰ ਜਾਂ ਤਾਂ ਪੰਜਾਬ ਦੇ ਪ੍ਰਾਚੀਨ ਇਤਿਹਾਸ, ਸਿੱਖ ਇਤਿਹਾਸ, ਗੁਰਬਾਣੀ, ਸੂਫੀ ਪਰੰਪਰਾ, ਪ੍ਰਾਚੀਨ ਮਹਾਨ ਸਾਹਿਤ, ਆਜ਼ਾਦੀ ਅੰਦੋਲਨ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਗ਼ਦਰ ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਵੰਡ, ਅਤੇ ਆਜ਼ਾਦੀ ਤੋਂ ਬਾਅਦ ਪੰਜਾਬ ਦੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਹਾਲਾਤਾਂ ਦਾ ਕੋਈ ਗਿਆਨ ਨਹੀਂ ਹੈ; ਅਤੇ ਜੇ ਹੈ ਵੀ, ਤਾਂ ਉਹ ਸੁਣੀਆਂ-ਸੁਣਾਈਆਂ ਅਤੇ ਅਧੂਰੀਆਂ ਜਾਣਕਾਰੀਆਂ 'ਤੇ ਆਧਾਰਿਤ ਹੈ। ਪੰਜਾਬ ਦੀ ਵਿਰਾਸਤ ਅਤੇ ਹਕੀਕਤ ਤੋਂ ਟੁੱਟੀ ਹੋਈ ਇਸ ਨੌਜਵਾਨ ਪੀੜ੍ਹੀ ਲਈ, ਭਗਤ ਸਿੰਘ ਵੀ ਇੱਕ ਨਾਇਕ ਹੈ, ਅਤੇ ਭਿੰਡਰਾਂਵਾਲਾ ਵੀ। ਉਹ ਕੇਜਰੀਵਾਲ ਦੇ ਝਾੜੂ ਨੂੰ ਵੀ ਫੜ ਲੈਂਦੇ ਹਨ, ਉਨ੍ਹਾਂ ਨੂੰ ਭਗਵੰਤ ਮਾਨ ਦੇ ਸ਼ਬਦ ਵੀ ਪਸੰਦ ਆਉਂਦੇ ਹਨ, ਅਤੇ ਉਹ ਦੀਪ ਸਿੱਧੂ ਅਤੇ ਸਿੱਧੂ ਮੂਸੇਵਾਲਾ ਵਿਚ 'ਰਾਸ਼ਟਰੀ ਹੀਰੋ' ਵੀ ਦੇਖਦੇ ਹਨ।

ਪੰਜਾਬ ਦੀ ਨੌਜਵਾਨਾਂ ਦੇ ਸੰਕਟ ਬਾਰੇ, ਪੰਜਾਬੀ ਨਾਟਕਕਾਰ ਡਾ. ਸਾਹਿਬ ਸਿੰਘ ਕਹਿੰਦੇ ਹਨ, 'ਪੰਜਾਬ ਦਾ ਨੌਜਵਾਨ ਇਸ ਸਮੇਂ ਇੱਕ ਵਿਸ਼ਾਲ ਖਲਾਅ ਵਿਚ ਭਟਕ ਰਿਹਾ ਹੈ। ਆਪਣੀਆਂ ਜੜ੍ਹਾਂ ਅਤੇ ਇਤਿਹਾਸ ਤੋਂ ਕੱਟਿਆ ਹੋਇਆ ਉਹ ਨੌਜਵਾਨ, ਜਿਸ ਵੀ ਵਿਚਾਰ ਨੂੰ ਦਿਲਚਸਪ ਪਾਉਂਦਾ ਹੈ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੰਦਾ ਹੈ। ਬਾਅਦ ਵਿਚ, ਜਦੋਂ ਉਸ ਨੂੰ ਉਸ ਵਿਚਾਰ ਦੀ ਅਸਲੀਅਤ ਦਾ ਅਹਿਸਾਸ ਹੁੰਦਾ ਹੈ, ਤਾਂ ਉਹ ਨਿਰਾਸ਼ਾ ਵਿਚ ਡੁੱਬ ਜਾਂਦਾ ਹੈ।'

# ਇੱਛਾ ਮੌਤ ਸਬੰਧੀ ਸੁਪਰੀਮ ਕੋਰਟ ਦਾ ਇਤਿਹਾਸਕ ਫੈਸਲਾ

## 'ਜਿਊਂਦੇ ਬਚੇ ਰਹਿਣਾ ਤੇ ਜਿਊਂਦੇ ਹੋਣਾ ਸਦਾ ਸਮਾਨ ਨਹੀਂ ਹੁੰਦੇ'

11 ਮਾਰਚ ਨੂੰ ਸੁਪਰੀਮ ਕੋਰਟ ਨੇ ਪਿਛਲੇ ਕਰੀਬ 13 ਸਾਲ ਤੋਂ ਅਚੇਤ ਅਵਸਥਾ (ਵੈਜੀਟੇਟਿਵ ਸਟੇਟ) ਅਤੇ ਡੂੰਘੀ ਬੇਹੋਸ਼ੀ (ਕੋਮਾ) 'ਚ ਵਿਚਰ ਰਹੇ ਗਾਜ਼ੀਆਬਾਦ ਦੇ 32 ਸਾਲਾ ਹਰੀਸ਼ ਰਾਣਾ ਨੂੰ ਇੱਛਾ ਮੌਤ ਦੀ ਇਜਾਜ਼ਤ ਦੇ ਕੇ ਇਤਿਹਾਸਕ ਫੈਸਲਾ ਸੁਣਾਇਆ ਹੈ। ਇਸ ਕਿਸਮ ਦੇ ਆਪਣੇ ਪਹਿਲੇ ਫੈਸਲੇ 'ਚ ਸਨਮਾਨਜਨਕ ਮੌਤ ਨੂੰ ਸਨਮਾਨਜਨਕ ਜੀਵਨ ਵਾਂਗ ਮੁੱਢਲਾ ਅਧਿਕਾਰ ਮੰਨਦਿਆਂ ਦੋ-ਮੈਂਬਰੀ ਡਿਵੀਜ਼ਨ ਬੈਂਚ ਨੇ ਇੱਕ ਬਾਕਮਾਲ ਟਿੱਪਣੀ ਕਰਦਿਆਂ ਕਿਹਾ ਕਿ 'ਜਿਊਂਦੇ ਬਚੇ ਰਹਿਣਾ ਤੇ ਜਿਊਂਦੇ ਹੋਣਾ ਸਦਾ ਸਮਾਨ ਨਹੀਂ ਹੁੰਦੇ'!



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਬੈਂਚ, ਜਿਸ ਵਿਚ ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਕੇ.ਵੀ. ਵਿਸ਼ਵਾਨਾਥਨ ਸ਼ਾਮਿਲ ਹਨ, ਨੇ ਬੜੀ ਮਹੱਤਵਪੂਰਨ ਅਤੇ ਸਾਹਿਤਕ ਟਿੱਪਣੀ ਕਰਦਿਆਂ ਕਿਹਾ, 'ਸਾਡਾ ਅੱਜ ਦਾ ਫੈਸਲਾ ਸਿਰਫ ਦਲੀਲ ਅਤੇ ਤਰਕ ਦੇ ਚੌਖਟੇ 'ਚ ਸਾਫ ਤੌਰ 'ਤੇ ਫਿਟ ਨਹੀਂ ਹੁੰਦਾ। ਸਗੋਂ ਇਸ ਦੇ ਟਿਕਾਓ ਦਾ ਸਥਾਨ ਪਿਆਰ, ਖਸਾਰਾ, ਦਵਾਈ ਅਤੇ ਦਯਾ ਦਰਮਿਆਨ ਆਉਂਦੈ। ਇਹ ਫੈਸਲਾ ਮੌਤ ਨੂੰ ਚੁਣਨਾ ਨਹੀਂ ਸਗੋਂ ਜੀਵਨ ਨੂੰ ਨਕਲੀ ਢੰਗ ਰਾਹੀਂ ਹੋਰ ਨਾ ਲਮਕਾਉਣਾ ਹੈ...ਇਹ ਕੁਦਰਤ ਨੂੰ ਆਪਣਾ ਰਾਹ ਇਖਤਿਆਰ ਕਰਨ ਲਈ ਉਦੋਂ ਰਾਹ ਪਧਰਾ ਕਰਦੈ ਜਦ ਦਵਾਈ ਕੇਵਲ ਅਟੱਲ ਹਕੀਕਤ ਨੂੰ ਹੀ ਲਮਕਾ ਸਕਦੀ ਹੈ ਕਿਉਂਕਿ ਜਿਊਂਦੇ ਬਚੇ ਰਹਿਣਾ ਸਦਾ ਜਿਊਂਦੇ ਹੋਣ ਦੇ ਸਮਾਨ ਨਹੀਂ ਹੁੰਦਾ'!

ਇਸ ਫੈਸਲੇ ਰਾਹੀਂ ਸੁਪਰੀਮ ਕੋਰਟ ਨੇ 2018 ਵਿਚ ਜਾਰੀ ਕੀਤੀਆਂ ਬਣਾਉਟੀ ਸਾਧਨਾਂ ਦੀ ਸਹਾਇਤਾ ਨਾਲ ਜੀਵਨ ਜਾਰੀ ਰਖਣ ਵਾਲੇ ਇਲਾਜ ਨੂੰ ਬੰਦ ਕਰਨ ਜਾਂ ਹਟਾਉਣ ਸਬੰਧੀ ਆਪਣੀਆਂ ਹੀ ਗਾਈਡਲਾਈਨਾਂ, ਜੋ 2023 'ਚ ਹੋਰ ਸਰਲ ਕੀਤੀਆਂ ਗਈਆਂ ਸਨ, ਨੂੰ ਹੁਣ ਆਪ ਲਾਗੂ ਕੀਤੈ। ਇਹ ਗਾਈਡਲਾਈਨਜ਼ 'ਕਾਮਨ ਕਾਜ਼ ਬਨਾਮ ਯੂਨੀਅਨ ਆਫ ਇੰਡੀਆ' ਵਿਚਲੇ ਇੱਕ ਕੇਸ ਸਮੇਂ ਜਾਰੀ ਕੀਤੀਆਂ ਗਈਆਂ ਸਨ। ਇਹ ਕੇਸ 'ਪੈਸਿਵ ਯੂਥਨੇਸ਼ੀਆ' ਸਬੰਧੀ ਸੀ। ਇਸ 'ਟਰਮ' ਦਾ ਅਰਥ ਹੁੰਦੈ ਕਿ ਕਿਸੇ ਮਰੀਜ਼ ਨੂੰ ਜੀਊਂਦਾ ਰੱਖਣ ਲਈ ਲੋੜੀਂਦੀ ਜੀਵਨ ਰਖਿਅਕ ਸਹਾਇਤਾ ਜਾਂ ਇਲਾਜ ਨੂੰ ਜਾਣਬੁੱਝ ਕੇ ਰੋਕਣਾ ਜਾਂ ਵਾਪਸ ਲੈਣਾ ਤਾਂ ਜੋ ਉਸ ਨੂੰ ਕੁਦਰਤੀ ਮੌਤ ਮਿਲ ਸਕੇ।

ਇਸ ਲੈਂਡਮਾਰਕ ਜੱਜਮੈਂਟ ਨਾਲ ਜਿਥੇ ਹਰੀਸ਼



ਰਾਣਾ ਨੂੰ ਨਿਰੰਤਰ ਅਚੇਤ ਅਵਸਥਾ (ਵੈਜੀਟੇਟਿਵ ਸਟੇਟ) ਤੋਂ ਛੁਟਕਾਰਾ ਮਿਲੇਗਾ ਉਥੇ ਉਸ ਦੇ ਪਰਿਵਾਰ ਨੂੰ ਵੀ ਅਸਹਿ ਸੰਤਾਪ, ਪੀੜਾ ਅਤੇ ਮਾਨਸਿਕ ਕਸ਼ਟ ਤੋਂ ਨਿਜਾਤ ਹਾਸਲ ਹੋਵੇਗੀ। ਨਾਲ ਹੀ ਚਿਰਾਂ ਤੋਂ ਚੱਲੀ ਆ ਰਹੀ ਉਸ ਚਰਚਾ ਨੂੰ ਵੀ ਵਿਰਾਮ ਮਿਲ ਜਾਏਗਾ ਜਿਸ ਤਹਿਤ ਇੱਛਾ ਮੌਤ ਵਰਗੇ ਸੰਵੇਦਨਸ਼ੀਲ ਮਾਮਲੇ ਸਬੰਧੀ ਨੈਤਿਕ ਤੇ ਸਦਾਚਾਰ ਦੇ ਸਵਾਲ ਉਠਾਏ ਜਾਂਦੇ ਰਹੇ ਹਨ। ਇਸ ਨਾਲ ਇਸ ਮਾਮਲੇ ਸਬੰਧੀ ਕਾਨੂੰਨੀ ਅਤੇ ਚਿਕਿਤਸਕ ਪ੍ਰਕਿਰਿਆ ਸਬੰਧੀ ਵੀ ਸਹਾਇਤਾ ਮਿਲੇਗੀ। ਜਿਸ ਢੰਗ ਨਾਲ ਸਿਖਰਲੀ ਅਦਾਲਤ ਨੇ ਇਸ ਮਸਲੇ ਨੂੰ ਸਪਸ਼ਟ ਕੀਤੈ ਉਸ ਨਾਲ ਡਾਕਟਰਾਂ ਦੀ ਝਿਜਕ ਅਤੇ ਕਾਨੂੰਨੀ ਝਮੇਲੇ ਦਾ ਡਰ ਘਟੇਗਾ/ਹਟੇਗਾ। ਬੈਂਚ ਨੇ ਏਮਜ਼-ਦਿੱਲੀ ਨੂੰ ਨਿਰਦੇਸ਼ ਦਿਤਾ ਹੈ ਕਿ ਉਹ ਯਕੀਨੀ ਬਣਾਏ ਕਿ ਬਣਾਉਟੀ ਜੀਵਨ ਰੱਖਿਅਕ ਉਪਕਰਨ ਯੋਜਨਾਬੱਧ ਤੇ ਪੜਾਅਵਾਰ ਢੰਗ ਨਾਲ ਹਟਾਏ ਜਾਣ ਤਾਂ ਜੋ ਸਬੰਧਤ ਵਿਅਕਤੀ ਦਾ ਮਾਣ-ਸਨਮਾਨ ਬਣਿਆ ਰਹੇ ਅਤੇ ਉਸ ਨੂੰ ਕੋਈ ਕਸ਼ਟ ਜਾਂ ਦਰਦ ਨਾ ਹੋਵੇ।

ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਇੱਛਾ ਮੌਤ ਸਬੰਧੀ ਵਿਆਪਕ ਕਾਨੂੰਨ ਲਿਆਉਣ ਬਾਰੇ ਵਿਚਾਰ ਕਰਨ ਲਈ ਵੀ ਕਿਹਾ ਹੈ। ਕੋਰਟ ਨੇ ਹਰੀਸ਼ ਦੇ ਪਰਿਵਾਰ, ਮਾਤਾ-ਪਿਤਾ, ਭਰਾ-ਭੈਣਾਂ ਦੇ ਪਿਆਰ ਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ, ਜੋ ਮਜ਼ਬੂਤ ਥੰਮ ਵਾਂਗ ਖੜੇ ਰਹੇ। ਬੈਂਚ ਨੇ ਕਿਹਾ, 'ਇਹ ਮਾਮਲਾ ਦਸਦਾ ਹੈ ਕਿ ਜ਼ਿੰਦਗੀ ਕਿੰਨੀ ਬੇਰਹਿਮ ਹੋ ਸਕਦੀ ਹੈ...ਪਰ (ਹਰੀਸ਼) ਦੇ ਮਾਤਾ-ਪਿਤਾ (ਅਸ਼ੋਕ ਰਾਣਾ ਅਤੇ ਨਿਰਮਲਾ ਰਾਣਾ) ਅਤੇ ਭੈਣ-ਭਰਾਵਾਂ ਨੇ ਉਸ ਦੀ ਦੇਖ-ਭਾਲ ਦੀ ਹਰ ਸੰਭਵ ਕੋਸ਼ਿਸ਼ ਕੀਤੀ ਤੇ ਅਟੁੱਟ ਸਮਰਪਣ ਦੇ ਨਾਲ ਅਜਿਹਾ ਕਰਨਾ ਜਾਰੀ ਰੱਖਿਆ। ਅਜਿਹੀ ਮਾੜੀ ਹਾਲਤ 'ਚ ਵੀ ਉਨ੍ਹਾਂ ਦੇ ਅਥਾਹ ਪਿਆਰ, ਸਹਿਣਸ਼ੀਲਤਾ ਤੇ ਦਿਆਲਤਾ ਲਈ ਅਸੀਂ ਸਿਰਫ ਸ਼ੁਕਰਗੁਜ਼ਾਰ ਹੋ ਸਕਦੇ ਹਾਂ'।

ਆਪਣੇ ਇਸ ਮੀਲ-ਪੱਥਰੀ ਫ਼ੈਸਲੇ ਰਾਹੀਂ ਅਸਿੱਧੀ ਇੱਛਾ ਮੌਤ ਦੀ ਇਜਾਜ਼ਤ ਦੇਣ ਦੇ ਸ਼ੁਰੂ 'ਚ ਬੈਂਚ ਨੇ ਬੜੀਆਂ ਸਾਹਿਤਕ ਗੱਲਾਂ ਕੀਤੀਆਂ। ਹੈਨਰੀ ਬੋਰਡ ਬੀਚਰ ਦੇ ਸ਼ਬਦਾਂ ਦਾ ਹਵਾਲਾ ਦਿਤਾ ਜਿਸ ਵਿਚ ਉਸ ਨੇ ਕਿਹਾ ਸੀ ਕਿ ਪਰਮਾਤਮਾ ਕਿਸੇ ਤੋਂ ਨਹੀਂ ਪੁਛਦਾ ਕਿ ਕੀ ਉਹ ਜ਼ਿੰਦਗੀ ਸਵੀਕਾਰ ਕਰੇਗਾ? ਇਹ ਚੋਣ ਨਹੀਂ। ਤੁਹਾਨੂੰ ਇਸ ਨੂੰ ਸਵੀਕਾਰ ਕਰਨਾ ਪਵੇਗਾ। ਇੱਕੋ-ਇੱਕ ਚੋਣ ਇਹ ਹੈ ਕਿ ਕਿਵੇਂ? ਬੈਂਚ ਨੇ ਕਿਹਾ ਕਿ ਮੌਜੂਦਾ ਮਾਮਲੇ 'ਚ ਇਹ ਬੇਹੱਦ ਮਹੱਤਵਪੂਰਨ ਹੈ, ਖਾਸ ਕਰਕੇ ਉਦੋਂ ਜਦੋਂ ਕੋਰਟ ਨੂੰ ਇਹ ਫੈਸਲਾ ਦੇਣ ਲਈ ਕਿਹਾ ਜਾਂਦਾ ਹੈ ਕਿ ਕੀ ਕੋਈ ਵਿਅਕਤੀ ਮਰਨ ਦਾ ਬਦਲ ਚੁਣ ਕੇ ਜੀਵਨ ਨੂੰ ਸਵੀਕਾਰ ਕਰ ਸਕਦਾ ਹੈ। ਕੋਰਟ ਨੇ ਆਪਣੀ ਗੱਲ ਅਗੇ ਤੋਰਦਿਆਂ ਵਿਲੀਯਮ ਸ਼ੇਕਸਪੀਅਰ ਦੇ ਮਸ਼ਹੂਰ ਨਾਟਕ 'ਹੈਮਲਟ' ਦੀ ਦੁਬਿਧਾ ਬਾਰੇ ਬਹੁਤ ਹੀ ਮਸ਼ਹੂਰ ਅਤੇ ਅਕਸਰ ਕੋਟ ਕੀਤੀ ਜਾਂਦੀ ਸੰਖੇਪ

*(ਬਾਕੀ ਅਗਲੇ ਸਫੇ 'ਤੇ)*

# ਯੁੱਧ ਲਮਕਣਾ ਅਤੇ ਤੇਲ ਮੰਡੀ ਵਿਚ ਅਫਰਾ-ਤਫ਼ਰੀ ਟਰੰਪ ਲਈ ਬਣੇ ਮੁਸੀਬਤ

ਟਰੰਪ ਅਤੇ ਉਸਦੇ ਜੋਟੀਦਾਰਾਂ ਨੂੰ ਉਮੀਦ ਨਹੀਂ ਸੀ ਕਿ ਅਮਰੀਕੀ ਸਾਮਰਾਜ ਤੋਂ ਆਕੀ ਇਰਾਨ ਦੀ ਹਕੂਮਤ ਦਾ ਤਖ਼ਤ ਪਲਟਣ ਲਈ 'ਓਪਰੇਸ਼ਨ ਐਪਿਕ ਫਿਊਰੀ' ਦੀ ਧਾੜਵੀ ਕਾਰਵਾਈ ਪੁੱਠੀ ਪੈ ਜਾਵੇਗੀ। ਉਨ੍ਹਾਂ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਝੁਕਣ ਦੀ ਬਜਾਏ ਇਰਾਨ ਪੱਛਮੀ ਏਸ਼ੀਆ ਵਿਚਲੇ ਅਮਰੀਕੀ ਫ਼ੌਜੀ ਅੱਡਿਆਂ ਨੂੰ ਨਿਸ਼ਾਨਾ ਬਣਾ ਕੇ ਅਮਰੀਕਾ ਦੇ ਸੰਗੀ ਖਾੜੀ ਮੁਲਕਾਂ ਵਿਚ ਖਲਬਲੀ ਮਚਾ ਦੇਵੇਗਾ ਅਤੇ ਹੌਰਮੁਜ਼ ਸਮੁੰਦਰੀ-ਮਾਰਗ ਵਿਚ ਖ਼ਲਲ ਪਾ ਕੇ ਕੱਚੇ ਤੇਲ ਦਾ ਸੰਕਟ ਖੜ੍ਹਾ ਕਰ ਦੇਵੇਗਾ।

ਖਾੜੀ 'ਚੋਂ ਨਿਕਲਣ ਵਾਲੇ ਜ਼ਿਆਦਾਤਰ ਤੇਲ ਦੀ ਸਪਲਾਈ ਇਰਾਨ ਅਤੇ ਓਮਾਨ ਦਰਮਿਆਨ

**ਬੂਟਾ ਸਿੰਘ ਮਹਿਮੂਦਪੁਰ**

ਇਸ 33 ਕਿਲੋਮੀਟਰ ਚੌੜੇ ਸਮੁੰਦਰੀ ਮਾਰਗ ਵਿੱਚੋਂ ਦੀ ਹੁੰਦੀ ਹੈ। ਓਮਾਨ ਦੀਆਂ ਬੰਦਰਗਾਹਾਂ ਵਿਚ ਸੈਂਕੜੇ ਤੇਲ ਟੈਂਕਰ (ਕੁਝ ਰਿਪੋਰਟਾਂ ਅਨੁਸਾਰ ਤਾਂ 1000 ਦੇ ਕਰੀਬ ਟੈਂਕਰ) ਰੁਕੇ ਹੋਏ ਹਨ। ਇਰਾਨ ਦੇ ਜਵਾਬੀ ਹਮਲੇ ਨਾਲ ਦੁਨੀਆ ਦੀ ਕੱਚੇ ਤੇਲ ਅਤੇ ਕੁਦਰਤੀ ਗੈਸ ਦੀ 20% ਦੇ ਕਰੀਬ ਸਪਲਾਈ ਪ੍ਰਭਾਵਿਤ ਹੋਈ ਹੈ, ਸੰਭਾਵੀ ਊਰਜਾ ਸੰਕਟ ਨੂੰ ਦੇਖਦਿਆਂ ਕਈ ਮੁਲਕਾਂ ਵਿਚ ਹਾਹਾਕਾਰ ਮਚ ਗਈ ਹੈ। ਟਰੰਪ ਇਰਾਨ ਨੂੰ ਧਮਕੀਆਂ ਦੇ ਰਿਹਾ ਹੈ ਕਿ ਜੇਕਰ ਉਸਨੇ ਹੌਰਮੁਜ਼ ਸਮੁੰਦਰੀ ਮਾਰਗ 'ਚੋਂ ਗੁਜ਼ਰਨ ਵਾਲੀ ਤੇਲ ਸਪਲਾਈ ਵਿਚ ਅੜਿੱਕਾ ਪਾਉਣਾ ਬੰਦ ਨਾ ਕੀਤਾ ਤਾਂ ਅਮਰੀਕਾ ਉਨ੍ਹਾਂ ਦੇ ਤੇਲ ਢਾਂਚੇ ਨੂੰ ਤਬਾਹ ਕਰ ਦੇਵੇਗਾ। ਇਸ ਮਨੋਰਥ ਨਾਲ ਉਸਨੇ ਇਰਾਨ ਦੇ ਖਾਰਗ ਟਾਪੂ ਉੱਪਰ, ਜਿੱਥੇ ਇਰਾਨ ਦਾ ਮੁੱਖ ਤੇਲ ਨਿਰਯਾਤ ਟਰਮੀਨਲ ਹੈ, ਹਮਲਾ ਵੀ ਕਰਵਾਇਆ ਅਤੇ ਉੱਥੇ ਮੁੜ ਹਮਲੇ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ। ਇਰਾਨ ਨੇ ਇਨ੍ਹਾਂ ਧਮਕੀਆਂ ਦੀ ਪ੍ਰਵਾਹ ਨਾ ਕਰਕੇ ਆਪਣੀ ਨੀਤੀ ਸਪਸ਼ਟ ਕਰ ਦਿੱਤੀ ਹੈ ਕਿ ਉਹ ਇਰਾਨ ਉੱਪਰ ਹਮਲਾ ਕਰਨ ਵਾਲੇ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੇ 'ਦੁਸ਼ਮਣ' ਮੁਲਕਾਂ ਦੇ ਟੈਂਕਰਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਣਗੇ। ਬਾਕੀ ਮੁਲਕ ਆਪਣੇ ਤੇਲ ਜਹਾਜ਼ਾਂ ਦੀ ਸੁਰੱਖਿਆ ਬਾਰੇ ਬੇਫ਼ਿਕਰ ਰਹਿਣ।

ਮੋਦੀ ਵੱਲੋਂ ਇਜ਼ਰਾਇਲ ਦੇ ਵਿਸ਼ੇਸ਼ ਦੌਰੇ 'ਤੇ ਜਾ ਕੇ ਦਹਿਸ਼ਤਗਰਦ ਨੇਤਨਯਾਹੂ ਨੂੰ ਜੱਫੀਆਂ ਪਾਉਣ ਦੀ ਫੋਟੋ ਸ਼ੂਟ ਤੋਂ ਦੋ ਦਿਨ ਬਾਅਦ ਹੀ ਅਮਰੀਕਾ-ਇਜ਼ਰਾਇਲ ਨੇ ਇਰਾਨ ਉੱਪਰ ਹਮਲਾ ਕਰ ਦਿੱਤਾ ਤਾਂ ਭਾਰਤ ਦੀ ਭਗਵਾ ਹਕੂਮਤ ਲਈ ਆਪਣੇ 'ਪਿਆਰੇ ਮਿੱਤਰ' ਦੇ ਧਾੜਵੀ ਹਮਲੇ 'ਚੋਂ ਉੱਠਣ ਵਾਲੇ ਸਵਾਲਾਂ ਦਾ ਜਵਾਬ ਦੇਣਾ ਮੁਸ਼ਕਲ ਹੋ ਗਿਆ। ਉੱਪਰੋਂ ਹੌਰਮੁਜ਼ ਵਿਚ ਟੈਂਕਰ ਫਸਣ ਨਾਲ ਕੱਚੇ ਤੇਲ ਦਾ ਸੰਕਟ ਗ਼ਲ ਆ ਪਿਆ। ਮੋਦੀ ਵਜ਼ਾਰਤ ਦੀਆਂ ਝੂਠੀਆਂ ਯਕੀਨ-ਦਹਾਨੀਆਂ ਦੇ ਬਾਵਜੂਦ ਐੱਲਪੀਜੀ ਗੈਸ ਦੀ ਕਮੀ ਨਾਲ ਭਾਰਤ ਦੇ ਘਰੇਲੂ ਖ਼ਪਤਕਾਰਾਂ, ਹੋਟਲਾਂ-ਰੈਸਤਰਾਂ ਕਾਰੋਬਾਰ ਅਤੇ ਹੋਰ ਬਹੁਤ ਸਾਰੇ ਉਦਯੋਗਾਂ ਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀਆਂ ਲਗਾਤਾਰ ਰਿਪੋਰਟਾਂ ਆ ਰਹੀਆਂ ਹਨ।

ਭਾਵੇਂ ਟਰੰਪ ਇਰਾਨ ਦੀ 'ਫ਼ੌਜੀ ਸਮਰੱਥਾ ਨੂੰ 100%' ਨਸ਼ਟ ਕਰ ਦਿੱਤੇ ਜਾਣ, ਇਰਾਨ ਦਾ ਪੂਰੀ ਤਰ੍ਹਾਂ ਸਿਰ ਕਲਮ ਕਰ ਦਿੱਤੇ ਜਾਣ ਅਤੇ ਛੇਤੀ ਹੀ ਹੌਰਮੁਜ਼ ਸਮੁੰਦਰੀ ਮਾਰਗ ਨੂੰ ਖੋਲ੍ਹ ਕੇ ਸੁਰੱਖਿਅਤ ਤੇ ਮੁਕਤ ਬਣਾ ਦੇਣ ਦੇ ਦਾਅਵੇ ਕਰ ਰਿਹਾ ਹੈ, ਪਰ ਜਿਨ੍ਹਾਂ ਮੁਲਕਾਂ ਦਾ ਤੇਲ ਇਸ ਸਮੁੰਦਰੀ ਰਸਤਿਓਂ ਹੋ ਕੇ ਆਉਂਦਾ ਹੈ, ਉਨ੍ਹਾਂ ਸਾਰੀਆਂ ਸਰਕਾਰਾਂ ਨੂੰ ਮਦਦ ਲਈ ਫ਼ੌਜੀ ਸਹਾਇਤਾ ਭੇਜ ਕੇ ਹੌਰਮੁਜ਼ ਸਮੁੰਦਰੀ ਮਾਰਗ ਦੀ ਸੁਰੱਖਿਆ ਵਿਚ ਮਦਦ ਕਰਨ ਦੇ ਟਰੰਪ ਦੇ ਮਾਯੂਸੀ ਭਰੇ ਸੱਦੇ ਦੱਸਦੇ ਹਨ ਕਿ ਉਸ ਉੱਪਰ







ਭਾਰੀ ਦਬਾਅ ਬਣਿਆ ਹੋਇਆ ਹੈ। ਇਹ ਪ੍ਰਤੱਖ ਹੈ ਕਿ ਹੌਰਮੁਜ਼ ਸੰਕਟ ਬਾਰੇ ਟਰੰਪ ਪ੍ਰਸ਼ਾਸਨ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ, ਹੁਣ ਉਹ ਇਸ ਵਿਚੋਂ ਕਿਸੇ ਤਰ੍ਹਾਂ ਨਿਕਲਣ ਲਈ ਹੱਥ-ਪੈਰ ਮਾਰ ਰਹੇ ਹਨ। ਟਰੰਪ ਤਾਂ ਦਾਅਵੇ ਕਰ ਰਿਹਾ ਹੈ ਕਿ ਇਰਾਨ ਦੇ 7000 ਟਿਕਾਣਿਆਂ ਉੱਪਰ ਕੀਤੇ ਅਮਰੀਕੀ-ਇਜ਼ਰਾਇਲੀ ਹਮਲਿਆਂ ਨਾਲ ਉਸਦੀ ਬਾਲਿਸਟਿਕ ਮਿਜ਼ਾਇਲ ਅਤੇ ਡਰੋਨ ਨਿਰਮਾਣ ਸਮਰੱਥਾ 'ਤਬਾਹ' ਕਰ ਦਿੱਤੇ ਜਾਣ ਕਾਰਨ ਅਮਰੀਕਾ-ਇਰਾਨ ਦਾ ਉੱਥੇ ਮੁਕੰਮਲ ਹਵਾਈ ਪ੍ਰਭੂਤਵ ਸਥਾਪਤ ਹੋ ਗਿਆ ਹੈ ਅਤੇ ਉਸਦੀ ਸਮੁੰਦਰੀ ਫ਼ੌਜ ਯੁੱਧ ਲੜਨ ਦੀ ਹਾਲਤ ਨਹੀਂ ਹੈ। ਪਰ ਇਰਾਨ ਵੱਲੋਂ ਮੱਧ ਪੂਰਬ ਵਿਚ ਅਮਰੀਕੀ ਅੱਡਿਆਂ ਉੱਪਰ ਲਗਾਤਾਰ ਮਿਜ਼ਾਇਲ ਅਤੇ ਡਰੋਨ ਹਮਲੇ ਟਰੰਪ ਦੇ ਇਨ੍ਹਾਂ ਦਾਅਵਿਆਂ ਦੀ ਖਿੱਲੀ ਉਡਾ ਰਹੇ ਹਨ। ਅਮਰੀਕੀ ਖ਼ੁਫ਼ੀਆ ਰਿਪੋਰਟਾਂ ਅਨੁਸਾਰ ਇਰਾਨ ਕੋਲ ਇਸ ਖੇਤਰ ਵਿਚ ਸਭ ਤੋਂ ਵੱਡੀ ਬਾਲਿਸਟਿਕ ਮਿਜ਼ਾਇਲ ਇਨਵੈਂਟਰੀ ਹੈ। ਇਰਾਨ ਦੀ ਮਿਜ਼ਾਇਲ ਕਮਾਨ ਵਿਕੇਂਦਰੀਕ੍ਰਿਤ ਹੋਣ ਅਤੇ ਇਰਾਨੀ ਫ਼ੌਜ ਮੋਬਾਈਲ ਲਾਂਚਰਾਂ ਰਾਹੀਂ ਹਮਲੇ ਕਰ ਰਹੀ ਹੋਣ ਕਾਰਨ ਉਸ ਦੀ ਮਿਜ਼ਾਇਲ ਸਮਰੱਥਾ ਨੂੰ ਨਿਸ਼ਾਨਾ ਬਣਾ ਕੇ ਖ਼ਤਮ ਕਰ ਦੇਣਾ ਸੰਭਵ ਨਹੀਂ ਹੈ। ਇਰਾਨੀ ਫ਼ੌਜੀ ਤਿਆਰੀ ਨੇ ਲਗਾਤਾਰ ਤਾਬੜਤੋੜ ਹਮਲਿਆਂ ਦੀ ਬਜਾਏ ਅਮਰੀਕੀ ਸੰਗੀਆਂ ਦੀ ਚੌਕਸੀ ਪ੍ਰਣਾਲੀ ਨੂੰ ਥਕਾਉਣ ਦੀ ਯੁੱਧਨੀਤੀ 'ਤੇ ਚੱਲਦਿਆਂ ਦੁਸ਼ਮਣ ਤਾਕਤਾਂ ਨੂੰ ਲੰਮੀ ਜੰਗ ਵਿਚ ਉਲਝਾ ਲਿਆ ਹੈ। ਇਰਾਨ ਵਿਚ ਜ਼ਮੀਨੀ ਲੜਾਈ ਲੜਨ ਲਈ ਟਰੰਪ ਫ਼ੌਜ ਭੇਜਣ ਤੋਂ ਵੀ ਝਿਜਕ ਰਿਹਾ ਹੈ। ਇਰਾਨ ਦੇ ਮੋੜਵੇਂ ਟਾਕਰੇ ਨਾਲ ਦੁਨੀਆ ਦਾ ਆਪੇ ਬਣਿਆ ਥਾਣੇਦਾਰ ਘੱਟੋ-ਘੱਟ ਇਸ ਸਮੇਂ ਤਾਂ ਬੁਰੀ ਤਰ੍ਹਾਂ ਕੜਿੱਕੀ ਵਿਚ ਫਸਿਆ ਹੋਇਆ ਹੈ।

ਟਰੰਪ ਨੇ ਪਹਿਲਾਂ ਅਮਰੀਕਾ ਦੇ ਪ੍ਰਮੁੱਖ ਸਹਿਯੋਗੀਆਂ ਇਟਲੀ, ਆਸਟ੍ਰੇਲੀਆ, ਜਪਾਨ ਨੂੰ ਹੌਰਮੁਜ਼ ਸੰਕਟ ਵਿਚ ਮਦਦ ਦੀ ਅਪੀਲ ਕੀਤੀ। ਉਨ੍ਹਾਂ ਨੇ ਸਾਫ਼ ਕਹਿ ਦਿੱਤਾ ਕਿ ਉਹ ਜੰਗੀ ਜਹਾਜ਼ ਨਹੀਂ ਭੇਜਣਗੇ। ਇਟਲੀ ਨੇ ਤਾਂ ਪਹਿਲਾਂ ਹੀ 'ਇਜ਼ਰਾਇਲ-ਇਰਾਨ ਯੁੱਧ' ਤੋਂ ਦੂਰ ਰਹਿਣ ਦਾ ਆਪਣਾ ਇਰਾਦਾ ਜ਼ਾਹਰ ਕਰ ਦਿੱਤਾ ਸੀ। ਫਿਰ ਟਰੰਪ ਨੇ ਨਾਟੋ ਮੈਂਬਰਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਟਰੰਪ ਨੇ ਤਾਂ ਇੱਥੋਂ ਤੱਕ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਕਿ ਨਾਟੋ ਦੀ ਇਕਤਰਫ਼ਾ ਵਿਵਸਥਾ ('ਵੰਨ-ਵੇ ਸਟਰੀਟ') ਨਹੀਂ ਚੱਲੇਗੀ, ਜੇਕਰ ਨਾਟੋ ਗੱਠਜੋੜ ਮਦਦ ਨਹੀਂ ਕਰਦਾ ਤਾਂ ਨਾਟੋ ਦਾ ਭਵਿੱਖ 'ਬਹੁਤ ਭੈੜਾ' ਹੋ ਸਕਦਾ ਹੈ। ਟਰੰਪ ਨੇ ਯੂਰਪੀ ਮੁਲਕਾਂ ਉੱਪਰ ਸਿੱਧਾ ਦੋਸ਼ ਲਾਇਆ ਕਿ ਉਹ ਖਾੜੀ ਦੇ ਤੇਲ ਉੱਪਰ ਨਿਰਭਰ ਹਨ ਪਰ ਸੁਰੱਖਿਆ ਲਈ 'ਲੋੜੀਂਦਾ ਯੋਗਦਾਨ' ਨਹੀਂ ਦੇ ਰਹੇ। ਇਸਦੇ ਬਾਵਜੂਦ, ਬਰਤਾਨੀਆ, ਕੈਨੇਡਾ, ਦੱਖਣੀ ਕੋਰੀਆ, ਫਰਾਂਸ, ਕਿਸੇ ਵੀ ਨਾਟੋ ਮੈਂਬਰ ਨੇ ਮਦਦ ਲਈ ਜੰਗੀ ਜਹਾਜ਼ ਭੇਜਣ ਲਈ ਟਰੰਪ ਨੂੰ ਹੁੰਗਾਰਾ ਨਹੀਂ ਭਰਿਆ। ਉਲਟਾ ਵੱਡੀਆਂ ਤਾਕਤਾਂ ਦਰਮਿਆਨ ਮੱਤਭੇਦ ਜੱਗ ਜ਼ਾਹਰ ਹੋ ਗਏ ਹਨ। ਕੁਲ-ਮਿਲਾ ਕੇ ਉਹ ਸਾਰੇ ਇਰਾਨ ਵਿਰੁੱਧ ਜੰਗ ਦਾ ਹਿੱਸਾ ਬਣਨ ਤੋਂ ਗੁਰੇਜ਼ ਕਰ ਰਹੇ ਹਨ। ਸਪੇਨ ਨੇ ਅਮਰੀਕਾ-ਇਜ਼ਰਾਇਲੀ ਹਮਲੇ ਦੀ ਸਭ ਤੋਂ ਪਹਿਲਾਂ ਨਿਖੇਧੀ ਕੀਤੀ ਸੀ ਅਤੇ ਹੁਣ ਇਜ਼ਰਾਇਲ ਦੇ ਰਾਜਦੂਤ ਨੂੰ ਵੀ ਚਲੇ ਜਾਣ ਲਈ ਕਹਿ ਦਿੱਤਾ ਹੈ। ਜਰਮਨੀ ਨੇ ਵੀ ਸਪਸ਼ਟ ਕਹਿ ਦਿੱਤਾ ਕਿ ਹੌਰਮੁਜ਼ ਦੀ ਸੁਰੱਖਿਆ ਵਿਚ ਨਾਟੋ ਦੀ ਕੋਈ ਭੂਮਿਕਾ ਨਹੀਂ ਹੈ, ਉੱਥੇ ਨਾਟੋ ਦਾ ਕੀ ਕੰਮ। ਜਰਮਨੀ ਦੇ ਬਦੇਸ਼ ਮੰਤਰੀ ਨੇ ਸਿਰਫ਼ ਇਹ ਕਹਿ ਕੇ ਪਾਸਾ ਵੱਟ ਲਿਆ ਕਿ ਹੌਰਮੁਜ਼ ਵਿਚ ਅੜਿੱਕਾ ਪਾਉਣ ਵਾਲਿਆਂ ਵਿਰੁੱਧ ਪਾਬੰਦੀਆਂ ਲਾਈਆਂ ਜਾ ਸਕਦੀਆਂ ਹਨ।

ਟਰੰਪ ਨੇ ਚੀਨ ਉੱਪਰ ਵੀ ਦਬਾਅ ਪਾਇਆ ਕਿ ਜੇਕਰ ਚੀਨ ਮਦਦ ਦਾ ਯਕੀਨ ਨਹੀਂ ਦਿਵਾਉਂਦਾ ਤਾਂ ਉਹ ਅਗਲੇ ਦਿਨਾਂ ਵਿਚ ਚੀਨੀ ਰਾਸ਼ਟਰਪਤੀ ਨਾਲ ਹੋਣ ਵਾਲੀ ਪ੍ਰਸਤਾਵਿਤ ਸਿਖ਼ਰ ਮੀਟਿੰਗ ਨੂੰ ਟਾਲ਼ ਸਕਦਾ ਹੈ। ਚੀਨ ਦੀ ਸਰਕਾਰ ਉੱਪਰ ਟਰੰਪ ਦੀ ਧਮਕੀ ਦਾ ਕੋਈ ਅਸਰ ਨਹੀਂ ਹੋਇਆ ਅਤੇ ਉਨ੍ਹਾਂ ਨੇ ਇਸ ਸਵਾਲ ਨੂੰ ਹੀ ਟਾਲ਼ ਦਿੱਤਾ।

ਉੱਧਰ ਇਰਾਨ ਦੇ ਬਦੇਸ਼ ਮੰਤਰੀ ਅਬਾਸ ਅਰਾਗ਼ਚੀ ਨੇ ਇਹ ਕਹਿ ਕੇ ਨਵੀਂ ਉਲਝਣ ਪੈਦਾ ਕਰ ਦਿੱਤੀ ਹੈ ਕਿ ਹੌਰਮੁਜ਼ ਸਮੁੰਦਰੀ ਮਾਰਗ ਸਿਰਫ਼ ਸਾਡੇ ਦੁਸ਼ਮਣਾਂ ਅਮਰੀਕਾ ਅਤੇ ਇਜ਼ਰਾਇਲ ਦੇ ਟੈਂਕਰਾਂ ਅਤੇ ਜਹਾਜ਼ਾਂ ਲਈ ਬੰਦ ਹੈ, ਬਾਕੀ ਸਾਰਿਆਂ ਨੂੰ ਲੰਘਣ ਦੀ ਆਜ਼ਾਦੀ ਹੈ। ਬਦੇਸ਼ ਮੰਤਰੀ ਦਾ ਕਹਿਣਾ ਹੈ ਕਿ ਸੁਰੱਖਿਆ ਚਿੰਤਾਵਾਂ ਕਾਰਨ ਕਈ ਜਹਾਜ਼ ਖ਼ੁਦ ਹੀ ਉੱਥੋਂ ਨਹੀਂ ਲੰਘਣਾ ਚਾਹੁੰਦੇ। ਦਰਅਸਲ, ਭਾਰਤ ਸਮੇਤ ਕਈ ਮੁਲਕਾਂ ਦੇ ਸਮੁੰਦਰੀ ਜਹਾਜ਼ ਉੱਥੇ ਫਸੇ ਹੋਏ ਹਨ ਅਤੇ ਕੱਚੇ ਤੇਲ ਦਾ ਸੰਕਟ ਮੰਡਰਾ ਰਿਹਾ ਹੈ। ਇਰਾਨ ਨੇ ਇਹ ਵੀ ਕਿਹਾ ਕਿ ਤੇਲ ਦੇ ਉਨ੍ਹਾਂ ਟੈਂਕਰਾਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਜਾਵੇਗੀ ਜੇਕਰ ਉਹ ਤੇਲ ਦੇ ਵਪਾਰ ਦਾ ਭੁਗਤਾਨ ਚੀਨੀ ਕਰੰਸੀ ਯੁਆਨ ਵਿਚ ਕਰਦੇ ਹਨ। ਹੁਣ ਦੇਖਣਾ ਇਹ ਹੈ ਕਿ ਅਮਰੀਕਾ ਦੀਆਂ ਜੋਟੀਦਾਰ ਹਕੂਮਤਾਂ ਇਸਦਾ ਸਾਹਮਣਾ ਕਿਵੇਂ ਕਰਦੀਆਂ ਹਨ।

ਤੇਲ ਦੀ ਸਪਲਾਈ ਵਿਚ ਵਿਘਨ ਪੈਣ ਨਾਲ ਤੇਲ ਦੇ ਭਾਅ 100 ਡਾਲਰ ਪ੍ਰਤੀ ਬੈਰਲ ਤੋਂ ਵੀ ਵਧ ਗਏ ਹਨ। ਤੇਲ ਦੇ ਜੋ ਭਾਅ ਫਰਵਰੀ ਵਿਚ 60-65 ਡਾਲਰ ਪ੍ਰਤੀ ਬੈਰਲ ਸਨ, ਉਹ 100 ਡਾਲਰ ਨੂੰ ਪਾਰ ਕਰ ਗਏ। ਜਦੋਂ ਟਰੰਪ ਨੇ ਇਹ ਯਕੀਨ ਦਿਵਾਇਆ ਕਿ ਇਰਾਨ ਜੰਗ ਛੇਤੀ ਹੀ ਮੁੱਕ ਜਾਵੇਗੀ ਤਾਂ ਵਕਤੀ ਤੌਰ 'ਤੇ ਭਾਅ 90 ਡਾਲਰ 'ਤੇ ਜ਼ਰੂਰ ਆਏ ਪਰ ਭਾਅ ਵਧਣੇ ਜਾਰੀ ਹਨ। ਕੁਝ ਮਾਹਰਾਂ ਦਾ ਅੰਦਾਜ਼ਾ ਹੈ ਕਿ ਜੇਕਰ ਸੰਕਟ ਹੱਲ ਨਹੀਂ ਹੁੰਦਾ ਤਾਂ ਭਾਅ 200 ਡਾਲਰ ਪ੍ਰਤੀ ਬੈਰਲ ਤੱਕ ਵੀ ਪਹੁੰਚ ਸਕਦੇ ਹਨ।

16 ਮਾਰਚ ਨੂੰ ਕੱਚੇ ਤੇਲ ਦੀ ਅੰਤਰਰਾਸ਼ਟਰੀ ਮੰਡੀ ਵਿਚ ਭਾਰੀ ਤਣਾਅ ਸਪਸ਼ਟ ਸੀ। ਬ੍ਰੈਂਟ ਕੱਚੇ ਤੇਲ ਦੇ ਫਿਊਚਰਜ਼ 102-106 ਡਾਲਰ ਪ੍ਰਤੀ ਬੈਰਲ ਦੇ ਦਰਮਿਆਨ ਹੇਠਾਂ-ਉੱਪਰ ਹੁੰਦੇ ਰਹੇ, ਜਦਕਿ ਤਾਜ਼ਾ ਭਾਅ ਲਗਭਗ 103 ਡਾਲਰ ਪ੍ਰਤੀ ਬੈਰਲ ਦਰਜ ਕੀਤਾ ਗਿਆ (ਮਾਮੂਲੀ ਗਿਰਾਵਟ ਦੇ ਬਾਵਜੂਦ ਇਹ ਅਜੇ ਵੀ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਹੈ)। ਡਬਲਯੂਟੀਆਈ ਕੱਚੇ ਤੇਲ ਦੇ ਫਿਊਚਰਜ਼ 97-100 ਡਾਲਰ ਪ੍ਰਤੀ ਬੈਰਲ ਦੇ ਦਰਮਿਆਨ ਹੇਠਾਂ-ਉੱਪਰ ਹੁੰਦੇ ਰਹੇ ਪਰ 97 ਡਾਲਰ ਪ੍ਰਤੀ ਬੈਰਲ ਤੋਂ ਨਹੀਂ ਘਟੇ। ਇਹ ਜੁਲਾਈ 2022 ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਮੰਨਿਆ ਜਾ ਰਿਹਾ ਹੈ, ਜੋ ਮੁੱਖ ਤੌਰ 'ਤੇ ਮੱਧ ਪੂਰਬ ਵਿਚ ਵਧ ਰਹੇ ਭੂ-ਰਾਜਨੀਤਕ ਟਕਰਾਅ ਕਾਰਨ ਹੈ। ਹੌਰਮੁਜ਼ ਸਮੁੰਦਰੀ ਮਾਰਗ ਦੇ ਆਲੇ-ਦੁਆਲੇ ਹੋ ਰਹੀਆਂ ਫ਼ੌਜੀ ਕਾਰਵਾਈਆਂ ਕਾਰਨ ਜਹਾਜ਼ੀ ਆਵਾਜਾਈ ਵਿਚ ਤੇਜ਼ੀ ਨਾਲ ਕਮੀ ਆਈ ਹੈ ਅਤੇ ਕੁਝ ਬੰਦਰਗਾਹਾਂ 'ਤੇ ਤੇਲ ਦੀ ਸਪਲਾਈ ਅਸਥਾਈ ਤੌਰ 'ਤੇ ਰੋਕ ਦਿੱਤੀ ਗਈ ਹੈ।

ਇਸ ਦੌਰਾਨ ਅੰਤਰਰਾਸ਼ਟਰੀ ਊਰਜਾ ਏਜੰਸੀ (ਆਈਏਈ) ਦਾ ਓਹੜ-ਪੋਹੜ ਤੇਲ ਦੀ ਸਪਲਾਈ ਦੇ ਸੰਕਟ ਦੇ ਸਪਸ਼ਟ ਸੰਕੇਤ ਦੇ ਰਿਹਾ ਹੈ। ਏਜੰਸੀ ਨੇ ਸਪਲਾਈ ਦੇ ਦਬਾਅ ਨੂੰ ਘਟਾਉਣ ਲਈ ਮੈਂਬਰ ਮੁਲਕਾਂ ਨਾਲ ਤਾਲਮੇਲ ਕਰਕੇ ਰਿਕਾਰਡ 40 ਕਰੋੜ ਬੈਰਲ ਐਮਰਜੈਂਸੀ ਭੰਡਾਰ ਜਾਰੀ ਕਰਨ ਦਾ ਫ਼ੈਸਲਾ ਕੀਤਾ ਹੈ। ਫਿਰ ਵੀ, ਅਸਲੀ ਸਪਲਾਈ ਦੀ ਕਮੀ ਦੇ ਸੰਭਾਵਿਤ ਖਤਰੇ ਨੂੰ ਲੈ ਕੇ ਮੰਡੀ ਦੀ ਫ਼ਿਕਰਮੰਦੀ ਉਸੇ ਤਰ੍ਹਾਂ ਬਣੀ ਹੋਈ ਹੈ, ਇਸਦਾ ਪ੍ਰਗਟਾਵਾ ਟਰੰਪ ਦੀ ਬੁਖਲਾਹਟ ਅਤੇ ਆਪਣੀਆਂ ਜੋਟੀਦਾਰ ਹਕੂਮਤਾਂ ਨੂੰ ਹੌਰਮੁਜ਼ ਦੀ ਸੁਰੱਖਿਆ ਵਿਚ ਹਿੱਸਾ ਪਾਉਣ ਲਈ ਪਾਏ ਜਾ ਰਹੇ ਦਬਾਅ ਦੇ ਰੂਪ 'ਚ ਪ੍ਰਤੱਖ ਨਜ਼ਰ ਆ ਰਿਹਾ ਹੈ।

ਯੁੱਧ ਲੰਮਾ ਖਿੱਚੇ ਜਾਣ ਨਾਲ ਟਰੰਪ ਨੂੰ ਅਮਰੀਕਾ ਦੇ ਅੰਦਰ ਵੀ ਮਹਿੰਗਾਈ ਕਾਰਨ ਰਾਜਨੀਤਕ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਿਨਾਬ ਵਿਚ ਗਰਲਜ਼ ਸਕੂਲ ਉੱਪਰ ਹਮਲਾ ਕਰਕੇ 170 ਦੇ ਕਰੀਬ ਬੱਚੀਆਂ ਅਤੇ ਅਧਿਆਪਕਾਂ ਨੂੰ ਕਤਲ ਕਰਨ ਦੀ ਘਿਣਾਉਣੀ ਕਾਰਵਾਈ ਨੇ ਇਰਾਨ ਦੀ ਹਕੂਮਤ ਤੋਂ ਅਸੰਤੁਸ਼ਟ ਘਰੇਲੂ ਵਿਰੋਧੀਆਂ ਨੂੰ ਵੀ ਅਮਰੀਕਾ-ਇਜ਼ਰਾਇਲ ਦੇ ਖ਼ਿਲਾਫ਼ ਖੜ੍ਹੇ ਕਰ ਦਿੱਤਾ ਅਤੇ ਟਰੰਪ-ਨੇਤਨਯਾਹੂ ਦਹਿਸ਼ਤਗਰਦ ਗੈਂਗ ਦਾ ਇਸ ਘਿਣਾਉਣੇ ਕਤਲੇਆਮ ਨੂੰ ਇਰਾਨ ਦੀ ਮਿਜ਼ਾਇਲ ਤਕਨੀਕ ਦੀ ਨਾਕਾਮੀ ਬਣਾ ਕੇ ਪੇਸ਼ ਕਰਨ ਦਾ ਝੂਠ ਵੀ ਕਿਸੇ ਕੰਮ ਨਹੀਂ ਆ ਰਿਹਾ। ਇਸ ਤੋਂ ਬਿਨਾਂ, ਅਮਰੀਕੀ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ 'ਚ ਉਸਦੇ ਇਕਪਾਸੜ ਟੈਰਿਫ ਲਾਉਣ ਦੇ ਅਧਿਕਾਰ ਨੂੰ ਸੀਮਤ ਕੀਤੇ ਜਾਣ ਨਾਲ ਚੀਨ ਨਾਲ ਵਪਾਰ ਗੱਲਬਾਤ ਵਿਚ ਵੀ ਉਸਦੀ ਹਾਲਤ ਪਤਲੀ ਹੋਈ ਹੈ। ਵੈਨਜ਼ੁਏਲਾ ਅਤੇ ਇਰਾਨ ਵਿਰੁੱਧ ਹਮਲਿਆਂ ਦੀ ਅਮਰੀਕੀ ਸੰਵਿਧਾਨ ਅਨੁਸਾਰ ਆਪਣੀ ਕਾਂਗਰਸ (ਸੰਸਦ) ਤੋਂ ਮਨਜ਼ੂਰੀ ਨਾ ਲੈਣ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਲੋਕਤੰਤਰ ਦੀ ਰਾਖੀ ਦੇ ਦਮਗੱਜੇ ਮਾਰਨ ਵਾਲੀ ਟਰੰਪ ਜੁੰਡਲੀ ਤਾਂ ਆਪਣੇ ਮੁਲਕ 'ਚ ਸੰਵਿਧਾਨ ਨੂੰ ਲਾਗੂ ਨਹੀਂ ਕਰ ਰਹੀ। ਦੂਜੇ ਮੁਲਕਾਂ ਪ੍ਰਤੀ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਦੀ ਤਾਂ ਗੱਲ ਛੱਡੋ, ਟਰੰਪ ਜੁੰਡਲੀ ਤਾਂ ਆਪਣੇ ਸੰਵਿਧਾਨ ਦੀ ਰਸਮੀ ਪਾਲਣਾ ਤੋਂ ਵੀ ਇਨਕਾਰੀ ਹੈ।

ਅਮਰੀਕਾ ਦਾ ਅਗਾਊਂ ਚੇਤਾਵਨੀ ਥਾਡ ਰਾਡਾਰ ਸਿਸਟਮ ਅਤੇ ਮਿਜ਼ਾਇਲ ਬੈਟਰੀ ਸਿਸਟਮ, ਇਜ਼ਰਾਇਲ ਦਾ ਆਇਰਨ ਡੋਮ, ਡੇਵਿਡ ਸਲਿੰਗ ਅਤੇ ਅਮਰੀਕੀ ਐਂਟੀ ਮਿਜ਼ਾਇਲ ਸਿਸਟਮ ਇਰਾਨ ਦੇ ਹਮਲਿਆਂ ਅੱਗੇ ਖ਼ਾਸ ਅਸਰਦਾਰ ਸਾਬਤ ਨਹੀਂ ਹੋ ਰਹੇ। ਥਾਡ ਸਿਸਟਮ ਬੇਹੱਦ ਖ਼ਰਚੀਲਾ ਹੀ ਨਹੀਂ, ਇਸਦੇ ਨਿਰਮਾਣ 'ਚ ਵੀ ਅੱਠ ਸਾਲ ਲੱਗਦੇ ਹਨ। ਅਮਰੀਕਾ ਨੂੰ ਹੁਣ ਦੱਖਣੀ ਕੋਰੀਆ 'ਚੋਂ ਥਾਡ ਸਿਸਟਮ ਪੱਛਮੀ ਏਸ਼ੀਆ ਵਿਚ ਲਿਆਉਣਾ ਪਿਆ ਹੈ। ਯੁੱਧ ਲਮਕਣ ਨਾਲ ਇਜ਼ਰਾਇਲ ਲਈ ਮਿਜ਼ਾਇਲ ਇੰਟਰਸੈਪਟਰ ਘਟਣ ਦੀ ਸਮੱਸਿਆ ਵੀ ਬਣ ਰਹੀ ਹੈ ਅਤੇ ਤੇਲ ਅਵੀਵ ਸਮੇਤ ਕੇਂਦਰੀ ਇਜ਼ਰਾਇਲ ਦੀ ਇਰਾਨੀ ਹਮਲਿਆਂ ਤੋਂ ਅਸੁਰੱਖਿਆ ਵਧ ਰਹੀ ਹੈ। ਬੰਕਰਾਂ ਵਿਚ ਲੁਕੇ ਰਹਿਣ ਅਤੇ ਇਰਾਨੀ ਹਮਲਿਆਂ ਦੇ ਡਰ ਕਾਰਨ ਇਜ਼ਰਾਇਲ ਦੇ ਲੋਕਾਂ ਵੱਲੋਂ ਵੀ ਜੰਗ ਵਿਰੁੱਧ ਰੋਸ-ਵਿਖਾਵਿਆਂ ਦਾ ਸਿਲਸਿਲਾ ਵਧ ਰਿਹਾ ਹੈ। ਇਜ਼ਰਾਇਲੀ ਪੁਲਿਸ 'ਜਨਤਕ ਸੁਰੱਖਿਆ' ਦੇ ਬਹਾਨੇ ਪ੍ਰਦਰਸ਼ਨਾਂ ਨੂੰ ਰੋਕਣ ਲਈ ਜਬਰ ਅਤੇ ਗ੍ਰਿਫ਼ਤਾਰੀਆਂ ਦਾ ਸਹਾਰਾ ਲੈ ਰਹੀ ਹੈ। ਕਾਰਪੋਰੇਟ ਕੰਟਰੋਲ ਵਾਲਾ ਮੀਡੀਆ ਇਹ ਰਿਪੋਰਟਾਂ ਨਹੀਂ ਦੇ ਰਿਹਾ। 'ਨੋ ਵਾਰ' ਪ੍ਰਦਰਸ਼ਨ ਵਧ ਰਹੇ ਹਨ।

ਦੁਨੀਆ ਦੇ ਲੋਕਾਂ ਨੂੰ ਹੋਰ ਵੀ ਜ਼ੋਰਦਾਰ ਰੂਪ 'ਚ ਸੜਕਾਂ ਉੱਪਰ ਆ ਕੇ ਇਰਾਨ ਵਿਰੁੱਧ ਜੰਗ ਬੰਦ ਕਰਨ ਲਈ ਦਬਾਅ ਵਧਾਉਣਾ ਚਾਹੀਦਾ ਹੈ।

---

*(ਪਿਛਲੇ ਸਫੇ ਦਾ ਬਾਕੀ)*

ਜਿਹੀ ਸਤਰ 'ਟੂ ਬੀ ਔਰ ਨੌਟ ਟੂ ਬੀ' ਦਾ ਹਵਾਲਾ ਦਿੰਦਿਆਂ ਕਿਹਾ 'ਜਿਊਣਾ ਜਾਂ ਨਾ ਜਿਊਣਾ' ਜਿਹੜਾ ਹੁਣ ਤਕ ਇਕ ਸਾਹਿਤਕ ਹਵਾਲਾ ਸੀ, ਹੁਣ ਨਿਆਂਇਕ ਵਿਆਖਿਆ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ ਤਾਂ ਜੋ ਮਰਨ ਦੀ ਆਜ਼ਾਦੀ 'ਤੇ ਵਿਚਾਰ ਕੀਤਾ ਜਾ ਸਕੇ।

ਭਾਵੇਂ ਸੁਪਰੀਮ ਕੋਰਟ ਦੇ ਇੱਕ ਪੰਜ-ਮੈਂਬਰੀ ਸੰਵਿਧਾਨਕ ਬੈਂਚ ਨੇ 2018 ਵਿਚ ਇੱਛਾ ਮੌਤ ਨੂੰ ਮਾਨਤਾ ਦੇ ਦਿਤੀ ਸੀ ਪਰ ਇਸ ਨੂੰ ਅਜੇ ਤਕ ਲਾਗੂ ਨਹੀਂ ਸੀ ਕੀਤਾ ਗਿਆ। ਇਸ ਮਾਨਤਾ ਤਹਿਤ ਕਿਹਾ ਗਿਆ ਸੀ ਕਿ ਕੋਮਾ ਵਰਗੀ ਸਥਿਤੀ 'ਚ ਪੁੱਜੇ ਰੋਗੀ ਦੀ ਜੀਵਨ ਰੱਖਿਅਕ-ਪ੍ਰਣਾਲੀ ਹਟਾਉਣ ਸਬੰਧੀ ਮਾਹਿਰਾਂ ਦੀ ਰਾਇ ਲਈ ਇਕ ਪ੍ਰਾਇਮਰੀ ਤੇ ਇਕ ਸੈਕੰਡਰੀ ਮੈਡੀਕਲ ਬੋਰਡ ਗਠਿਤ ਕਰਨਾ ਪਵੇਗਾ। ਉਸ ਦੀ ਰਾਇ 'ਤੇ ਹੀ ਤੈਅ ਦਿਸ਼ਾ-ਨਿਰਦੇਸ਼ਾਂ ਮੁਤਾਬਕ ਇੱਛਾ ਮੌਤ ਦੀ ਇਜਾਜ਼ਤ ਮਿਲ ਸਕਦੀ ਹੈ। ਕਿਉਂਕਿ ਸਬੰਧਤ ਮਾਮਲੇ 'ਚ ਬੰਦੇ ਦੇ ਠੀਕ ਹੋਣ ਦੀ ਕੋਈ ਉਮੀਦ ਨਹੀਂ ਤੇ ਸਿਰਫ ਉਸ ਦਾ ਦੁਖ ਹੀ ਵਧੇਗਾ, ਇਸ ਲਈ ਬੈਂਚ ਨੇ ਇਹ ਇਜਾਜ਼ਤ ਦੇ ਦਿੱਤੀ। ਯਾਦ ਰਹੇ ਕਿ ਇਸ ਤੋਂ ਪਹਿਲਾਂ ਮੁੰਬਈ ਦੀ ਨਰਸ ਅਰੁਣਾ ਸ਼ਾਨਬਾਗ, ਜੋ ਚਾਰ ਦਹਾਕੇ ਤਕ ਕੋਮਾ 'ਚ ਰਹੀ, ਨੂੰ ਕੋਰਟ ਵਲੋਂ 2011 'ਚ ਅਜਿਹੀ ਇਜਾਜ਼ਤ ਨਹੀਂ ਮਿਲੀ ਸੀ ਤੇ ਉਹ 2015 'ਚ ਨਿਮੋਨੀਆ ਨਾਲ ਮਰ ਗਈ ਸੀ। ਪਰ ਉਸ ਦੀ ਮੌਤ ਤੋਂ 3 ਸਾਲ ਬਾਅਦ ਹੀ ਸੁਪਰੀਮ ਕੋਰਟ ਦੇ 5-ਮੈਂਬਰੀ ਸੰਵਿਧਾਨਕ ਬੈਂਚ ਨੇ ਇਸ ਗੱਲ ਨੂੰ ਸਵੀਕਾਰ ਲਿਆ ਸੀ ਕਿ ਸੰਵਿਧਾਨ ਦੇ ਅਨੁਛੇਦ 21 ਵਿਚਲੇ ਜੀਵਨ ਦੇ ਮੌਲਿਕ ਅਧਿਕਾਰ ਵਾਂਗ ਹੀ ਸਨਮਾਨਜਨਕ ਮੌਤ ਦਾ ਅਧਿਕਾਰ ਵੀ ਹੈ!

ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਗਾਜ਼ੀਆਬਾਦ ਦਾ ਹਰੀਸ਼ ਰਾਣਾ ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਵਿਦਿਆਰਥੀ ਸੀ, 2013 'ਚ ਆਪਣੇ ਪੇਇੰਗ ਗੈਸਟ (ਪੀਜੀ) ਦੀ ਚੌਥੀ ਮੰਜ਼ਿਲ ਤੋਂ ਡਿਗ ਗਿਆ ਸੀ ਤੇ ਉਸ ਦੇ ਸਿਰ 'ਚ ਗੰਭੀਰ ਸੱਟਾਂ ਲੱਗ ਗਈਆਂ ਸਨ। ਇਸ ਹਾਦਸੇ ਤੋਂ ਬਾਅਦ ਉਹ ਲਗਾਤਾਰ ਕੋਮਾ 'ਚ ਹੈ। ਉਸ ਦੇ ਮਾਤਾ-ਪਿਤਾ ਵਲੋਂ ਆਪਣੇ ਪੁੱਤਰ ਨੂੰ ਇੱਛਾ ਮੌਤ ਦੀ ਪਟੀਸ਼ਨ ਪਾਈ ਗਈ ਸੀ ਜਿਸ ਬਾਰੇ ਬੈਂਚ ਨੇ ਫੈਸਲਾ ਸੁਣਾਉਂਦਿਆਂ ਏਮਜ਼-ਦਿੱਲੀ ਨੂੰ ਹਰੀਸ਼ ਰਾਣਾ ਨੂੰ ਪੈਲੀਏਟਿਵ ਕੇਅਰ ਵਿਚ ਦਾਖਲ ਕਰਨ ਦੇ ਨਿਰਦੇਸ਼ ਦਿਤੇ ਤਾਂ ਜੋ ਡਾਕਟਰੀ ਇਲਾਜ ਵਾਪਿਸ ਲਿਆ ਜਾ ਸਕੇ। ਬੈਂਚ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪ੍ਰਕਿਰਿਆ ਪੂਰੀ ਤਰ੍ਹਾਂ ਮਾਨਵੀ ਤਰੀਕੇ ਨਾਲ ਨੇਪਰੇ ਚਾੜ੍ਹੀ ਜਾਵੇ।

ਜਿਥੇ ਸੁਪਰੀਮ ਕੋਰਟ ਦਾ ਇਹ ਫੈਸਲਾ ਇਤਿਹਾਸਕ ਅਤੇ ਪ੍ਰਸ਼ੰਸਾਯੋਗ ਹੈ, ਉਥੇ ਕੇਂਦਰ ਸਰਕਾਰ ਨੂੰ ਇੱਛਾ ਮੌਤ ਸਬੰਧੀ ਨੈਤਿਕ ਸੰਵੇਦਨਸ਼ੀਲਤਾ ਅਤੇ ਵਿਹਾਰਕ ਪਹੁੰਚ ਵਾਲਾ ਕਾਨੂੰਨ ਪਾਸ ਕਰਨਾ ਚਾਹੀਦੈ ਤਾਂ ਕਿ ਵਿਅਕਤੀ ਨੂੰ ਸਨਮਾਨਜਨਕ ਤੇ ਅਰਥ-ਭਰਪੂਰ ਜੀਵਨ ਅਤੇ ਸਨਮਾਨਜਨਕ ਮੌਤ ਦਾ ਅਧਿਕਾਰ ਹੋਵੇ! ਅਜੇ ਤਕ 'ਕਾਮਨ ਕਾਜ਼' ਕੇਸ ਦੀਆਂ ਗਾਈਡਲਾਈਨਾਂ ਨੂੰ ਅਮਲ 'ਚ ਲਿਆਉਣ ਲਈ ਗੋਆ, ਕਰਨਾਟਕਾ ਅਤੇ ਮਹਾਰਾਸ਼ਟਰਾ ਰਾਜਾਂ ਨੇ ਕੇਵਲ ਅੱਧ-ਪਚੱਧੀ ਪ੍ਰਣਾਲੀ ਬਣਾਈ ਹੈ। ਉਡੀਸਾ ਅਤੇ ਤਾਮਿਲ ਨਾਡੂ ਰਾਜਾਂ ਨੇ ਵੀ ਇਸ ਸਬੰਧੀ ਕੁਝ ਕਦਮ ਚੁੱਕੇ ਹਨ।

ਪਰ 'ਲੈਨਸਟ ਕਮਿਸ਼ਨ ਆਨ ਦਿ ਵੈਲਿਊ ਆਫ ਡੈਥ-2022' ਅਨੁਸਾਰ ਇਲਾਜ ਨੂੰ ਸੀਮਤ ਕਰਨ ਬਾਰੇ ਫੈਸਲੇ ਭਾਰਤ ਵਿਚ ਆਈ.ਸੀ.ਯੂ. ਵਿਚਲੇ 22-36 ਪ੍ਰਤੀਸ਼ਤ ਮਾਮਲਿਆਂ ਵਿਚ ਲਏ ਜਾਂਦੇ ਹਨ। ਤਿੰਨਾਂ 'ਚੋਂ ਦੋ ਕੇਸਾਂ ਨੂੰ ਡਾਕਟਰੀ ਸਲਾਹ ਦੇ ਉਲਟ ਡਿਸਚਾਰਜ ਕੀਤਾ ਜਾ ਰਿਹੈ। ਜਿਹੜੇ ਮਰੀਜ਼ਾਂ ਨੂੰ 'ਪੈਲੀਏਟਿਵ ਕੇਅਰ' ਦੀ ਜ਼ਰੂਰਤ ਹੁੰਦੀ ਹੈ ਉਨ੍ਹਾਂ 'ਚੋਂ 4% ਤੋਂ ਵੀ ਘੱਟ ਦੀ ਇਸ ਤਕ ਪਹੁੰਚ ਹੁੰਦੀ ਹੈ।

ਦਰਅਸਲ ਅਸੀਂ ਇੱਕ ਦਯਾ-ਦਿਆਲਤਾ ਦੇ ਸੰਕਟ (ਕਰਾਈਸਿਸ ਆਫ ਕੰਪੈਸ਼ਨ) ਨਾਲ ਦੋ-ਚਾਰ ਹਾਂ। ਤੇ ਦਯਾ ਤਾਂ ਧਰਮ ਦਾ ਮੂਲ ਹੁੰਦੀ ਹੈ! ਲਾਇਲਾਜ ਰੋਗਾਂ ਦੇ ਸ਼ਿਕਾਰ ਜਾਂ ਕੋਮਾ 'ਚ ਗਏ ਮਰੀਜ਼ਾਂ ਉਪਰ ਦਯਾ ਦਿਖਾਉਣ ਦਾ ਧਰਮ ਸੁਪਰੀਮ ਕੋਰਟ ਨੇ ਨਿਭਾ ਦਿਤੈ! ਤੇ ਹੁਣ ਕੇਂਦਰ/ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਇਸ ਸਬੰਧੀ ਢੁਕਵੇਂ ਕਾਨੂੰਨ ਬਣਾਉਣ ਦੀ ਜੋ ਸਪੱਸ਼ਟ ਪ੍ਰੋਟੋਕੋਲ, ਪਾਰਦਰਸ਼ੀ ਡਾਕਟਰੀ ਰਾਏ ਅਤੇ ਮਰੀਜ਼ ਦੀ ਵਿਅਕਤੀਗਤ ਆਜ਼ਾਦੀ ਦੇ ਸਤਿਕਾਰ 'ਤੇ ਨਿਰਧਾਰਤ ਹੋਣ!

**ਅੰਤਿਕਾ:** ਯੂਥਨੇਸ਼ੀਆ ਯੂਨਾਨੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ 'ਸੁਖੈਨ ਮੌਤ' ਹੈ। ਇਹ ਦੋ ਸ਼ਬਦਾਂ 'ਯੂ' ਭਾਵ ਚੰਗਾ, ਸਹੀ, ਖ਼ੁਸ਼ਦਾਇਕ ਅਤੇ 'ਥੇਨੇਟੋਜ਼' ਭਾਵ ਮੌਤ ਤੋਂ ਬਣਿਆ ਹੈ ਜਿਸ ਦਾ ਅਰਥ ਖੁਸ਼ੀ-ਭਰਪੂਰ/ਚੰਗੀ ਜਾਂ ਸੁਖੈਨ ਮੌਤ ਹੈ। ਕੁਝ ਮੁਲਕਾਂ ਵਿਚ 'ਪੈਸਿਵ ਯੂਥਨੇਸ਼ੀਆ' (ਅਸਿੱਧੀ ਇੱਛਾ ਮੌਤ) ਅਤੇ ਕੁਝ ਕੁ 'ਚ 'ਐਕਟਿਵ ਯੂਥਨੇਸ਼ੀਆ' (ਸਿੱਧੀ ਇੱਛਾ ਮੌਤ) ਦੀ ਇਜਾਜ਼ਤ ਹੈ। ਇਸ ਨੂੰ ਮਦਦ ਰਾਹੀਂ ਮੌਤ ਜਾਂ ਸਹਾਇਤਾ ਰਾਹੀਂ ਆਤਮਘਾਤ ਵੀ ਕਿਹਾ ਜਾਂਦੈ। ਇਸ ਨੂੰ ਵਰਤਣ ਦੇ ਵੱਖ-ਵੱਖ ਦੇਸ਼ਾਂ 'ਚ ਵੱਖ-ਵੱਖ ਕਾਨੂੰਨ ਹਨ।

# ਪੰਜਾਬ ਵਿਚ 3 ਮਹੀਨਿਆਂ ਵਿਚ 34 ਮੁਕਾਬਲੇ, ਇੱਕ ਤਿਹਾਈ ਪੁਲਿਸ ਹਿਰਾਸਤ ਵਿਚ

***ਪੰਜਾਬ ਅੰਦਰ ਪਿਛਲੇ ਤਿੰਨ ਮਹੀਨਿਆਂ ਦੌਰਾਨ ਕਹੇ ਗਏ ਪੁਲਿਸ ਮੁਕਾਬਲਿਆਂ ਦੀ ਸੂਚੀ ਤੇ ਉਸ ਬਾਰੇ ਇਹ ਰਿਪੋਰਟ ਇੰਡੀਅਨ ਐਕਸਪ੍ਰੈਸ ਵੱਲੋਂ ਫਰਵਰੀ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਹਰ ਮੁਕਾਬਲੇ ਦੀ ਇੱਕੋ ਜਿਹੀ ਕਹਾਣੀ ਤੇ ਇੱਕੋ ਜਿਹਾ ਢੰਗ ਦਰਸਾਉਂਦਾ ਹੈ ਕਿ ਇਹ ਪੁਲੀਸ ਮੁਕਾਬਲੇ ਝੂਠੇ ਹਨ। ਪਾਠਕਾਂ ਦੀ ਜਾਣਕਾਰੀ ਲਈ ਇਸਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ॥***

ਗੁਰਦਾਸਪੁਰ ਜ਼ਿਲ੍ਹੇ ਵਿਚ ਰਣਜੀਤ ਸਿੰਘ ਦੇ ਪੁਲਿਸ ਮੁਕਾਬਲੇ ਦੌਰਾਨ ਹੋਏ ਕਤਲ ਨੇ ਪੰਜਾਬ ਅੰਦਰ ਝੂਠੇ ਪੁਲਿਸ ਮੁਕਾਬਲਿਆਂ ਦੇ ਵਰਤਾਰੇ ਨੂੰ ਮੁੜ ਚਰਚਾ 'ਚ ਲਿਆ ਦਿੱਤਾ ਹੈ। ਪੰਜਾਬ ਅੰਦਰ ਨਸ਼ਾ ਤਸਕਰਾਂ ਜਾਂ ਗੈਂਗਸਟਰਾਂ ਦੇ ਖਾਤਮੇ ਦੇ ਦਾਅਵਿਆਂ ਦਰਮਿਆਨ ਪੁਲੀਸ ਨੂੰ ਇਉਂ ਕਤਲਾਂ ਦੀਆਂ ਦਿੱਤੀਆਂ ਛੋਟਾਂ ਗੰਭੀਰ ਚਿੰਤਾਜਨਕ ਵਰਤਾਰਾ ਹੈ। ਇਹ ਲੋਕਾਂ ਦੇ ਕਾਨੂੰਨੀ ਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਝੂਠੇ ਪੁਲਿਸ ਮੁਕਾਬਲਿਆਂ ਦੀ ਇਹ ਨੀਤੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਮਨੁੱਖੀ ਤੇ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਦੀ ਜਾਬਰ ਨੀਤੀ ਦੇ ਇੱਕ ਪਸਾਰ ਵਜੋਂ ਹੀ ਦੇਖੀ ਜਾਣੀ ਚਾਹੀਦੀ ਹੈ। ਪੁਲਿਸ ਨੂੰ ਦਿੱਤੇ ਜਾ ਰਹੇ ਅਜਿਹੇ ਬੇਲਗਾਮ ਅਖਤਿਆਰ ਗੈਂਗਸਟਰ ਜਾਂ ਨਸ਼ਾ ਤਸਕਰਾਂ ਦੇ ਪ੍ਰਭਾਵ ਹੇਠ ਆਏ ਨੌਜਵਾਨਾਂ ਖ਼ਿਲਾਫ਼ ਵਰਤੇ ਜਾਣ ਤੱਕ ਹੀ ਸੀਮਤ ਨਹੀਂ ਰਹਿਣੇ, ਇਹ ਆਖ਼ਿਰ ਨੂੰ ਸਭਨਾਂ ਲੋਕਾਂ ਦੇ ਮਨੁੱਖੀ ਤੇ ਜਮਹੂਰੀ ਅਧਿਕਾਰਾਂ ਨੂੰ ਦਿਨ ਦਿਹਾੜੇ ਕੁਚਲਣ ਤੱਕ ਜਾਣੇ ਹਨ। ਪੰਜਾਬ 80ਵਿਆਂ ਦੇ ਦਹਾਕੇ 'ਚ ਪਹਿਲਾਂ ਹੀ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਰਾਜ ਦੀ ਜਾਬਰ ਨੀਤੀ ਦਾ ਸੰਤਾਪ ਹੰਢਾਅ ਚੁੱਕਿਆ ਹੈ। ਇਸ ਲਈ ਇਸ ਜਾਬਰ ਫਾਸ਼ੀ ਰੁਝਾਨ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾਣੀ ਚਾਹੀਦੀ ਹੈ।

### ਪੰਜਾਬ ਵਿਚ ਪੁਲਿਸ ਮੁਕਾਬਲੇ

ਸੂਬੇ ਵਿਚ ਪੁਲਿਸ ਕਾਰਵਾਈਆਂ ਬਾਰੇ ਅਜਿਹੇ ਪਹਿਲੇ ਬਿਆਨ ਵਿਚ, ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਪਿਛਲੇ ਸਾਲ ਨਵੰਬਰ ਵਿਚ ਕਿਹਾ ਕਿ ਅਪ੍ਰੈਲ 2022 ਤੋਂ, ਜਦੋਂ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਸਰਕਾਰ ਬਣਾਈ, ਉਸ ਤੋਂ ਇੱਕ ਮਹੀਨੇ ਬਾਅਦ ਤੋਂ ਸੂਬੇ ਦੀ ਪੁਲਿਸ ਨੇ 'ਗੈਂਗਸਟਰਾਂ ਨਾਲ 324 ਮੁਕਾਬਲੇ' ਦਰਜ ਕੀਤੀਆਂ, ਜਿਨ੍ਹਾਂ ਵਿਚ 24 ਦੀ ਮੌਤ ਅਤੇ 515 ਦੀ ਗ੍ਰਿਫ਼ਤਾਰੀ ਹੋਈ। ਡੀ ਜੀ ਪੀ ਨੇ ਕਿਹਾ ਕਿ 'ਗ੍ਰਿਫ਼ਤਾਰ ਕੀਤੇ 515 ਗੈਂਗਸਟਰਾਂ ਵਿਚੋਂ 319 ਨੂੰ ਗੋਲੀ ਲੱਗੀ'। ਯਾਦਵ ਦਾ ਬਿਆਨ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐਨ.ਐਚ.ਆਰ.ਸੀ.) ਵੱਲੋਂ ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਨੋਟਿਸ ਜਾਰੀ ਕੀਤੇ ਜਾਣ ਮਗਰੋਂ ਆਇਆ ਹੈ, ਜਿਸ ਵਿਚ 'ਰਾਜ-ਸਮਰਥਿਤ ਗੈਰ-ਕਾਨੂੰਨੀ ਹੱਤਿਆਵਾਂ' ਦੇ ਦੋਸ਼ਾਂ ਬਾਰੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਮੰਗੀ ਗਈ ਸੀ। ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਸੂਬੇ ਨੇ ਕੋਈ ਜਵਾਬ ਦਾਖ਼ਲ ਨਹੀਂ ਕੀਤਾ। ਯਾਦਵ ਵੱਲੋਂ ਅੰਕੜੇ ਸਾਂਝੇ ਕੀਤੇ ਜਾਣ ਦੇ ਮਗਰੋਂ ਵੀ ਹੁਣ ਤੱਕ, ਪੰਜਾਬ ਵਿਚ ਮੁਕਾਬਲਿਆਂ ਦਾ ਸਿਲਸਿਲਾ ਜਾਰੀ ਹੈ, ਕਿਉਂਕਿ ਆਪ ਸਰਕਾਰ ਗੈਂਗ ਹਿੰਸਾ ਅਤੇ ਬੇਲਗਾਮ ਗੋਲੀਬਾਰੀ ਦੀਆਂ ਘਟਨਾਵਾਂ ਕਾਰਨ ਦਬਾਅ ਹੇਠ ਹੈ। ਨਵੰਬਰ 2025 ਤੋਂ ਜਨਵਰੀ 2026 ਦੇ ਤਿੰਨ ਮਹੀਨਿਆਂ ਦੌਰਾਨ, ਦਿ ਇੰਡੀਅਨ ਐਕਸਪ੍ਰੈੱਸ ਦੁਆਰਾ ਜਾਂਚੇ ਗਏ ਪੁਲਿਸ ਰਿਕਾਰਡਾਂ ਅਨੁਸਾਰ, ਪੰਜਾਬ ਪੁਲਿਸ ਨੇ 34 ਮੁਕਾਬਲੇ ਦਰਜ ਕੀਤੇ — ਭਾਵ ਹਰ ਤਿੰਨ ਦਿਨਾਂ ਵਿਚ ਇੱਕ ਤੋਂ ਵੱਧ — ਜਿਨ੍ਹਾਂ ਵਿਚ ਪੰਜ ਮੌਤਾਂ ਅਤੇ 45 ਜ਼ਖ਼ਮੀ ਹੋਏ। ਇਨ੍ਹਾਂ ਵਿਚੋਂ 15 ਸਿਰਫ਼ ਪਿਛਲੇ ਮਹੀਨੇ ਵਾਪਰੇ। ਸੂਬੇ ਦੀ ਸਰਕਾਰ, ਗ੍ਰਹਿ ਵਿਭਾਗ ਅਤੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੂੰ ਮੰਗਲਵਾਰ ਨੂੰ ਲਿਖਤੀ ਸਵਾਲ ਭੇਜੇ ਜਾਣ ਦੇ ਬਾਵਜੂਦ ਵਾਰ-ਵਾਰ ਕੋਸ਼ਿਸ਼ਾਂ ਮਗਰੋਂ ਵੀ ਸਾਡੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ।

ਇਨ੍ਹਾਂ ਮੁਕਾਬਲਿਆਂ ਦੇ ਹਾਲਾਤ ਕਈ ਸਮਾਨਤਾਵਾਂ ਦਿਖਾਉਂਦੇ ਹਨ, ਜਿਨ੍ਹਾਂ ਵਿਚ ਸਵੈ-ਰੱਖਿਆ ਪੁਲਿਸ ਦਾ ਸਭ ਤੋਂ ਆਮ ਬਹਾਨਾ ਹੈ। ਇੱਕ ਤਿਹਾਈ ਤੋਂ ਵੱਧ ਮੁਕਾਬਲੇ ਉਦੋਂ ਹੋਏ ਜਦੋਂ ਮੁਲਜ਼ਮ ਪੁਲਿਸ ਦੀ ਹਿਰਾਸਤ ਵਿਚ ਸਨ; ਕਈ ਮਾਮਲਿਆਂ ਵਿਚ ਪੁਲਿਸ ਨੇ ਕਿਹਾ ਕਿ 'ਹੱਥਕੜੀ ਲੱਗੇ' ਮੁਲਜ਼ਮ ਨੇ 'ਬਰਾਮਦਗੀ' ਲਈ ਲਿਜਾਏ ਜਾਣ ਵੇਲੇ ਲੁਕਿਆ ਹੋਇਆ ਹਥਿਆਰ ਖੋਹ ਕੇ ਗੋਲੀ ਚਲਾਈ। ਘੱਟੋ-ਘੱਟ ਅਠ ਘਟਨਾਵਾਂ ਵਿਚ ਪੁਲਿਸ ਕਰਮਚਾਰੀਆਂ 'ਤੇ 'ਅੰਨ੍ਹੇਵਾਹ' ਗੋਲੀਬਾਰੀ ਕੀਤੀ ਗਈ। ਪਰ ਰਿਕਾਰਡਾਂ ਅਨੁਸਾਰ ਪੁਲਿਸ ਵਾਲੇ 'ਬੁਲੇਟਪਰੂਫ ਜੈਕਟਾਂ ਕਾਰਨ' ਬਚ ਗਏ। ਕਈ ਵਾਰ ਗੋਲੀਆਂ ਪੁਲਿਸ ਵਾਹਨਾਂ ਨੂੰ ਲੱਗੀਆਂ। ਲਗਭਗ ਅੱਧੇ ਮੁਕਾਬਲੇ ਬਾਰੇ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਸੂਚਨਾ ਦੇ ਆਧਾਰ 'ਤੇ ਨਾਕੇ ਲਗਾਏ, ਜਿਸ ਕਾਰਨ ਮੁਕਾਬਲੇ ਹੋਏ। ਅਜਿਹੇ ਮੁਕਾਬਲਿਆਂ ਵਿਚ ਘੱਟੋ-ਘੱਟ 34 ਮੁਲਜ਼ਮਾਂ ਨੂੰ ਗੋਲੀ ਲੱਗੀ। ਆਪਣੀਆਂ ਰਿਪੋਰਟਾਂ ਵਿਚ ਪੁਲਿਸ ਕਹਿੰਦੀ ਹੈ ਕਿ ਉਨ੍ਹਾਂ ਨੇ ਮੁਲਜ਼ਮਾਂ ਨੂੰ ਚਿਤਾਵਨੀ ਦੇਣ ਤੋਂ ਬਾਅਦ ਅਤੇ ਮੁਲਜ਼ਮਾਂ ਦੇ 'ਗੋਲੀ ਚਲਾਉਣ' ਤੋਂ ਬਾਅਦ ਹੀ ਪੈਰਾਂ ਜਾਂ ਲੱਤਾਂ ਵਿਚ ਗੋਲੀ ਮਾਰੀ। ਬਰਾਮਦ ਕੀਤੇ ਹਥਿਆਰ ਜ਼ਿਆਦਾਤਰ .30-.32 ਬੋਰ ਦੇ (ਵਿਦੇਸ਼ੀ ਜਾਂ ਦੇਸੀ) ਪਿਸਤੌਲ ਸਨ। ਮੁਕਾਬਲੇ ਪੂਰੇ ਸੂਬੇ ਵਿਚ ਹੋਏ ਹਨ— ਬਠਿੰਡਾ, ਫ਼ਰੀਦਕੋਟ, ਮੁਕਤਸਰ, ਮੋਗਾ, ਹੁਸ਼ਿਆਰਪੁਰ, ਫ਼ਾਜ਼ਿਲਕਾ ਵਿਚ ਇੱਕ-ਇੱਕ; ਪਟਿਆਲਾ, ਬਟਾਲਾ, ਖੰਨਾ, ਫ਼ਿਰੋਜ਼ਪੁਰ, ਮੋਹਾਲੀ, ਤਰਨਤਾਰਨ ਅਤੇ ਜਲੰਧਰ ਵਿਚ ਦੋ-ਦੋ; ਲੁਧਿਆਣਾ ਵਿਚ ਪੰਜ; ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਭ ਤੋਂ ਵੱਧ ਨੌਂ ਮੁਕਾਬਲੇ ਹੋਏ।

ਜੁਲਾਈ 2025 ਵਿਚ, 'ਦ ਇੰਡੀਅਨ ਐਕਸਪ੍ਰੈੱਸ' ਨੇ ਰਿਪੋਰਟ ਕੀਤਾ ਕਿ ਸਾਲ ਦੇ ਪਹਿਲੇ ਸੱਤ ਮਹੀਨਿਆਂ ਵਿਚ 20 ਮੁਕਾਬਲੇ ਹੋਏ ਜਿਨ੍ਹਾਂ ਵਿਚ ਮੁਲਜ਼ਮ ਪਹਿਲਾਂ ਤੋਂ ਹੀ ਹਿਰਾਸਤ ਵਿਚ ਸਨ ਅਤੇ ਉਨ੍ਹਾਂ ਨੂੰ ਪੁਲਿਸ 'ਬਰਾਮਦਗੀ' ਲਈ ਲਿਜਾ ਰਹੀ ਸੀ। ਇਨ੍ਹਾਂ ਮੁਕਾਬਲਿਆਂ ਵਿਚ ਪੰਜ ਮੌਤਾਂ ਹੋਈਆਂ। ਇਸੇ ਰਿਪੋਰਟ ਦੇ ਆਧਾਰ 'ਤੇ ਇੱਕ ਵਕੀਲ ਐਨ.ਐਚ.ਆਰ.ਸੀ. ਕੋਲ ਗਿਆ ਸੀ। 2024 ਵਿਚ, ਪੰਜਾਬ ਪੁਲਿਸ ਨੇ 64 ਮੁਕਾਬਲੇ ਦਰਜ ਕੀਤੇ, ਜਿਨ੍ਹਾਂ ਵਿਚ ਇੱਕ ਪੁਲਿਸ ਕਰਮਚਾਰੀ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋਈ। ਘਟਨਾਵਾਂ ਵਿਚ 56 ਮੁਲਜ਼ਮ ਅਤੇ ਨੌਂ ਪੁਲਿਸ ਕਰਮਚਾਰੀ ਜ਼ਖ਼ਮੀ ਹੋਏ। ਸਭ ਤੋਂ ਤਾਜ਼ਾ ਮੁਕਾਬਲਾ ਐਤਵਾਰ ਨੂੰ ਮੋਗਾ ਵਿਚ ਹੋਇਆ, ਜਦੋਂ ਪੁਲਿਸ ਨੇ ਗੋਲੀਬਾਰੀ ਤੋਂ ਬਾਅਦ ਉਨ੍ਹਾਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ 'ਤੇ ਪ੍ਰਵਾਸੀ ਮਜ਼ਦੂਰਾਂ 'ਤੇ ਪਿਛਲੇ ਹਫ਼ਤੇ ਗੋਲੀਬਾਰੀ ਕਰਨ ਦਾ ਦੋਸ਼ ਸੀ।

ਵਕੀਲ ਨਿਖਿਲ ਸਾਰਫ਼, ਜੋ ਪੰਜਾਬ ਵਿਚ ਕਥਿਤ ਝੂਠੇ ਮੁਕਾਬਲਿਆਂ ਵਿਰੁੱਧ ਐਨਐਚਆਰਸੀ ਕੋਲ ਗਏ ਸਨ, ਨੇ ਕਿਹਾ: 'ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਜੇ ਕਿਸੇ ਪੁਲਿਸ ਮੁਕਾਬਲੇ ਵਿਚ ਮੁਲਜ਼ਮ ਨੂੰ ਗੰਭੀਰ ਸੱਟਾਂ ਲੱਗਦੀਆਂ ਹਨ ਤਾਂ ਐਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ ਅਤੇ ਜਾਂਚ, ਮੁਕਾਬਲੇ ਵਿਚ ਸ਼ਾਮਲ ਪੁਲਿਸ ਪਾਰਟੀ ਦੇ ਮੁਖੀ ਤੋਂ ਉੱਚੇ ਦਰਜੇ ਦੇ ਪੁਲਿਸ ਅਧਿਕਾਰੀ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਜੇ ਮੌਤ ਦੀ ਰਿਪੋਰਟ ਹੋਵੇ ਤਾਂ ਮੈਜਿਸਟ੍ਰੇਟ ਜਾਂਚ ਜ਼ਰੂਰੀ ਹੈ। ਪਰ ਪੰਜਾਬ ਵਿਚ ਅਜਿਹਾ ਕੋਈ ਵੀ ਨਿਯਮ ਨਹੀਂ ਮੰਨਿਆ ਜਾ ਰਿਹਾ।'

ਸਰਬਜੀਤ ਸਿੰਘ ਵੇਰਕਾ, ਜੋ 1990ਵਿਆਂ ਤੋਂ ਸੂਬੇ ਵਿਚ ਕਥਿਤ ਝੂਠੇ ਮੁਕਾਬਲਿਆਂ ਦੇ ਮਾਮਲੇ ਚੁੱਕਦੇ ਆ ਰਹੇ ਹਨ, ਨੇ ਕਿਹਾ ਕਿ ਅਜਿਹੇ ਮੁਕਾਬਲਿਆਂ ਲਈ 'ਸਿਆਸੀ ਢੋਈ' ਮੌਜੂਦ ਸੀ। 'ਭਾਵੇਂ ਮੁਕਾਬਲੇ ਸਾਫ਼ ਵੀ ਹੋਵੇ, ਕਾਨੂੰਨੀ ਤੌਰ 'ਤੇ ਉਚਿਤ ਜਾਂਚ ਜ਼ਰੂਰੀ ਹੈ। ਨਿਆਂਪਾਲਿਕਾ ਨੂੰ ਅਜਿਹੇ ਮੁਕਾਬਲੇ ਦਾ ਨੋਟਿਸ ਲੈਣਾ ਚਾਹੀਦਾ ਹੈ ਕਿਉਂਕਿ ਵੇਰਵੇ ਲਗਭਗ ਇੱਕੋ ਜਿਹੇ ਹਨ।'

### ਪੁਲਿਸ ਮੁਕਾਬਲਾ ਨਵੰਬਰ 2025: ਸਵੈ-ਰੱਖਿਆ ਦਾ ਰਾਗ

**11 ਨਵੰਬਰ:** ਹਰਕਰਨ ਸਿੰਘ ਅਤੇ ਗੁਰਤੇਜ ਸਿੰਘ, ਜੋ ਕਤਲ ਦੇ ਮਾਮਲੇ ਵਿਚ ਲੋੜੀਂਦੇ ਸਨ, ਖੰਨਾ ਪੁਲਿਸ ਨਾਲ ਮੁਕਾਬਲੇ ਵਿਚ ਜ਼ਖ਼ਮੀ ਹੋਏ। ਉਦੋਂ ਦੀ ਖੰਨਾ ਐਸਐਸਪੀ ਜੋਤੀ ਯਾਦਵ ਨੇ ਕਿਹਾ ਕਿ ਹਰਕਰਨ ਨੇ 'ਹਥਿਆਰ ਬਰਾਮਦਗੀ ਲਈ ਲਿਜਾਏ ਜਾਣ ਵੇਲੇ ਪੁਲਿਸ ਪਾਰਟੀ 'ਤੇ ਗੋਲੀ ਚਲਾਈ' ਅਤੇ ਜੋ ਇੱਕ ਸਬ-ਇੰਸਪੈਕਟਰ ਨੂੰ ਲੱਗੀ। 'ਸਵੈ-ਰੱਖਿਆ ਵਿਚ ਐਸ-ਆਈ ਨੇ ਇੱਕ ਰਾਊਂਡ ਚਲਾਇਆ, ਜੋ ਹਰਕਰਨ ਸਿੰਘ ਦੀ ਲੱਤ ਵਿਚ ਲੱਗਾ।' ਗੁਰਤੇਜ ਨੂੰ ਕਥਿਤ ਤੌਰ 'ਤੇ ਪਹਿਲੀ ਮੰਜ਼ਿਲ ਤੋਂ ਛਾਲ ਮਾਰਨ ਕਾਰਨ ਸੱਟਾਂ ਲੱਗੀਆਂ।

**12 ਨਵੰਬਰ:** ਡੇਰਾ ਬੱਸੀ ਪੁਲਿਸ ਨੇ ਕਿਹਾ ਕਿ ਗੋਲਡੀ ਢਿੱਲੋਂ ਗੈਂਗ ਦੇ ਦੋ ਮੈਂਬਰ— ਸ਼ਰਨਜੀਤ ਸਿੰਘ ਅਤੇ ਅਮਨ ਕੁਮਾਰ— ਗੋਲੀਬਾਰੀ ਦੌਰਾਨ ਜ਼ਖ਼ਮੀ ਹੋਏ। ਐਸਐਸਪੀ ਹਰਮਨਦੀਪ ਹੰਸ ਨੇ ਕਿਹਾ ਕਿ ਦੋਵਾਂ ਨੇ ਪੁਲਿਸ ਨਾਕੇ ਤੋਂ ਬਚਣ ਦੀ ਕੋਸ਼ਿਸ਼ ਕੀਤੀ ਅਤੇ ਗੋਲੀਬਾਰੀ ਕੀਤੀ। 'ਜਵਾਬੀ ਕਾਰਵਾਈ ਵਿਚ, ਅਧਿਕਾਰੀਆਂ ਨੇ ਗੋਲੀ ਚਲਾਈ, ਅਤੇ ਦੋਵੇਂ ਮੁਲਜ਼ਮਾਂ ਦੀਆਂ ਲੱਤਾਂ ਵਿਚ ਗੋਲੀ ਲੱਗੀ।'

**15 ਨਵੰਬਰ:** ਪੁਲਿਸ ਨੇ ਮੁਕਾਬਲੇ ਤੋਂ ਬਾਅਦ ਪ੍ਰਭ ਦਾਸੂਵਾਲ ਗੈਂਗ ਦੇ ਕਥਿਤ ਸਾਥੀ ਅਰਸ਼ਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ। ਫ਼ਰੀਦਕੋਟ ਪੁਲਿਸ ਨੇ ਕਿਹਾ, 'ਸੂਚਨਾ ਮਿਲੀ ਸੀ ਕਿ ਉਹ ਫ਼ਰੀਦਕੋਟ ਵਿਚ ਹੈ ਅਤੇ ਵੱਡਾ ਅਪਰਾਧ ਕਰਨ ਦੀ ਯੋਜਨਾ ਬਣਾ ਰਿਹਾ ਹੈ, ਇਸ ਲਈ ਪੁਲਿਸ ਨੇ ਨਾਕਾ ਲਗਾਇਆ। ਜਦੋਂ ਅਧਿਕਾਰੀਆਂ ਨੇ ਉਸ ਦੀ ਮੋਟਰਸਾਈਕਲ ਰੋਕਣ ਦਾ ਇਸ਼ਾਰਾ ਕੀਤਾ, ਉਸ ਨੇ ਟੀਮ 'ਤੇ ਹਮਲਾ ਕਰ ਦਿੱਤਾ।'

19 ਤੇ 26 ਨਵੰਬਰ: ਪੁਲਿਸ ਨੇ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਗੋਲੀਬਾਰੀ ਤੋਂ ਬਾਅਦ ਜਤਿਨ ਕਾਲੀ ਨੂੰ, ਜੋ ਕਿ ਆਰ.ਐਸ.ਐਸ. ਵਰਕਰ ਬਲਦੇਵ ਰਾਜ ਅਰੋੜਾ ਦੇ ਪੁੱਤਰ ਨਵੀਨ ਅਰੋੜਾ ਦੀ 15 ਨਵੰਬਰ ਨੂੰ ਹੋਈ ਹੱਤਿਆ ਦਾ ਕਥਿਤ ਮਾਸਟਰਮਾਈਂਡ ਦੱਸਿਆ ਜਾਂਦਾ ਹੈ, ਤਿੰਨ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ।

ਪੁਲਿਸ ਨੇ ਕਿਹਾ: 'ਸਾਡੀ ਟੀਮ ਨੇ ਤੇਜ਼ ਰਫ਼ਤਾਰ ਮੋਟਰਸਾਈਕਲ ਆਉਂਦਾ ਦੇਖਿਆ...ਸਵਾਰ ਨੇ ਰੁਕਣ ਦਾ ਇਸ਼ਾਰਾ ਨਜ਼ਰਅੰਦਾਜ਼ ਕੀਤਾ।' ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ ਨੇ ਕਿਹਾ: 'ਜਿਉਂ ਹੀ ਪੁਲਿਸ ਨੇ ਪਿੱਛਾ ਕੀਤਾ, ਮੋਟਰਸਾਈਕਲ ਸਵਾਰ ਨੇ ਗੋਲੀਬਾਰੀ ਕੀਤੀ...ਪੁਲਿਸ ਕਰਮਚਾਰੀਆਂ ਨੇ ਜਵਾਬੀ ਗੋਲੀ ਚਲਾਈ, ਜਿਸ ਨਾਲ ਕਾਲੀ ਜ਼ਖ਼ਮੀ ਹੋ ਗਿਆ।'

ਉਸੇ ਮਾਮਲੇ ਵਿਚ ਦੂਜੇ ਮੁਕਾਬਲੇ 26 ਨਵੰਬਰ ਨੂੰ ਹੋਇਆ, ਜਦੋਂ ਪੁਲਿਸ ਨੇ ਕਥਿਤ ਮੁੱਖ ਸ਼ੂਟਰ ਬਾਦਲ ਨੂੰ ਜ਼ੀਰੇ ਤੋਂ ਗ੍ਰਿਫ਼ਤਾਰ ਕੀਤਾ। ਫ਼ਿਰੋਜ਼ਪੁਰ ਪੁਲਿਸ ਅਨੁਸਾਰ, ਜਦੋਂ ਟੀਮ ਬਾਦਲ ਨਾਲ ਮਾਮੂ ਜੋਆ ਪਿੰਡ ਵਿਚ 'ਬਰਾਮਦਗੀ' ਲਈ ਗਈ ਤਾਂ ਉਸ ਦੇ ਦੋ ਸਾਥੀਆਂ ਜੋ 'ਪਹਿਲਾਂ ਹੀ ਉੱਥੇ ਲੁਕੇ ਹੋਏ' ਸਨ, ਨੇ ਗੋਲੀਬਾਰੀ ਕੀਤੀ। ਡੀ ਆਈ ਜੀ, ਫ਼ਿਰੋਜ਼ਪੁਰ ਰੇਂਜ, ਹਰਮਨਬੀਰ ਸਿੰਘ ਨੇ ਕਿਹਾ: 'ਇੱਕ ਗੋਲੀ ਹੈਡ ਕਾਂਸਟੇਬਲ ਨੂੰ ਲੱਗੀ। ਪੁਲਿਸ ਨੇ ਜਵਾਬੀ ਗੋਲੀਬਾਰੀ ਕੀਤੀ, ਜਿਸ ਵਿਚ ਬਾਦਲ ਜ਼ਖ਼ਮੀ ਹੋਇਆ...ਉਹ ਆਪਣੀਆਂ ਸੱਟਾਂ ਕਾਰਨ ਦਮ ਤੋੜ ਗਿਆ।' ਡੀ ਆਈ ਜੀ ਨੇ ਕਿਹਾ ਕਿ ਦੋਵੇਂ ਕਥਿਤ ਹਮਲਾਵਰ ਫ਼ਰਾਰ ਹੋ ਗਏ। ਪੁਲਿਸ ਨੇ ਕਿਹਾ ਕਿ ਇੱਕ ਹੋਰ ਕਰਮਚਾਰੀ 'ਤੇ ਗੋਲੀ ਚਲਾਈ ਗਈ ਪਰ ਇਹ ਉਸ ਦੀ ਬੁਲੇਟਪਰੂਫ਼ ਜੈਕਟ ਨੂੰ ਲੱਗੀ।

**20 ਨਵੰਬਰ:** ਲੁਧਿਆਣਾ ਪੁਲਿਸ ਨੇ ਲਾਡੋਵਾਲ ਖੇਤਰ ਵਿਚ ਗੋਲੀਬਾਰੀ ਤੋਂ ਬਾਅਦ ਦੀਪਕ ਅਤੇ ਰਾਮ ਲਾਲ ਦੀ ਗ੍ਰਿਫ਼ਤਾਰੀ ਨਾਲ ਇੱਕ 'ਗੈਂਗਸਟਰ-ਅੱਤਵਾਦੀ ਮੋਡਿਊਲ' ਨਕਾਰਾ ਕੀਤਾ, ਜਿਸ ਦੇ ਕਥਿਤ ਤੌਰ 'ਤੇ ਆਈ ਐਸ ਆਈ ਅਤੇ 'ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਸੰਬੰਧ' ਸਨ। ਰਾਮ ਲਾਲ ਜ਼ਖ਼ਮੀ ਹੋਇਆ। ਲੁਧਿਆਣਾ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਕਿਹਾ ਕਿ ਸੂਚਨਾ ਦੇ ਆਧਾਰ 'ਤੇ ਰੋਕੇ ਜਾਣ 'ਤੇ ਦੋਵਾਂ ਨੇ ਗੋਲੀਬਾਰੀ ਕੀਤੀ। ਅਧਿਕਾਰੀ ਨੇ ਕਿਹਾ, 'ਕੁਝ ਗੋਲੀਆਂ ਪੁਲਿਸ ਵਾਹਨ ਨੂੰ ਲੱਗੀਆਂ।'

**20 ਨਵੰਬਰ:** ਉਸੇ ਦਿਨ, ਅੰਮ੍ਰਿਤਸਰ ਪੁਲਿਸ ਨੇ 'ਬਦਨਾਮ ਗੈਂਗਸਟਰ' ਹਰਜਿੰਦਰ ਸਿੰਘ— ਜੋ 13 ਦਿਨ ਪਹਿਲਾਂ ਜੇਲ੍ਹ ਤੋਂ ਬਾਹਰ ਆਇਆ ਸੀ— ਦੀ ਮੁਕਾਬਲੇ ਵਿਚ ਹੱਤਿਆ ਨਾਲ ਇੱਕ ਕਤਲ ਰੋਕਣ ਦਾ ਦਾਅਵਾ ਕੀਤਾ। ਪੁਲਿਸ ਨੇ ਕਿਹਾ ਕਿ ਹਰਜਿੰਦਰ ਅਤੇ ਉਸ ਦੇ ਸਾਥੀ ਵੱਲੋਂ ਪੁਲਿਸ ਨਾਕੇ 'ਤੇ ਗੋਲੀਬਾਰੀ ਕਰਨ ਤੋਂ ਬਾਅਦ ਉਸ ਨੂੰ 'ਸਵੈ-ਰੱਖਿਆ ਵਿਚ' ਗੋਲੀ ਮਾਰੀ ਗਈ। ਅਧਿਕਾਰੀਆਂ ਨੇ ਕਿਹਾ ਕਿ ਇੱਕ ਗੋਲੀ ਪੁਲਿਸ ਵਾਹਨ ਨੂੰ ਲੱਗੀ।

23 ਨਵੰਬਰ: ਨਾਭੇ ਦੇ ਹਰਪ੍ਰੀਤ ਸਿੰਘ ਅਤੇ ਗੌਤਮ ਬਾਦਸ਼ਾਹ, ਜਿਨ੍ਹਾਂ ਦਾ ਕਥਿਤ ਤੌਰ 'ਤੇ ਬੰਬੀਹਾ ਗੈਂਗ ਨਾਲ ਸੰਬੰਧ ਸੀ, ਮੁਕਾਬਲੇ ਵਿਚ ਜ਼ਖ਼ਮੀ ਹੋਏ। ਪਟਿਆਲਾ ਐਸਐਸਪੀ ਵਰੁਣ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਸੂਚਨਾ ਦੇ ਆਧਾਰ 'ਤੇ ਨਾਕਾ ਲਗਾਇਆ। 'ਸਮਰਪਣ ਕਰਨ ਲਈ ਕਹੇ ਜਾਣ 'ਤੇ, ਦੋਵੇਂ ਮੁਲਜ਼ਮਾਂ ਨੇ (ਪੁਲਿਸ 'ਤੇ) ਗੋਲੀ ਚਲਾਈ। ਪੁਲਿਸ ਕਰਮਚਾਰੀਆਂ ਨੇ ਪੂਰੀ ਸੰਜਮ ਦਿਖਾਉਂਦੇ ਹੋਏ ਜਵਾਬ ਦਿੱਤਾ ਅਤੇ ਦੋਵਾਂ ਨੂੰ ਧੜ ਤੋਂ ਹੇਠਾਂ ਗੋਲੀ ਮਾਰੀ।'

**23 ਨਵੰਬਰ:** ਉਸੇ ਦਿਨ, ਮਲਕੀਤ ਸਿੰਘ



ਬਟਾਲਾ ਪੁਲਿਸ ਹਿਰਾਸਤ ਤੋਂ ਭੱਜਣ ਦੀ ਕਥਿਤ ਕੋਸ਼ਿਸ਼ ਵਿਚ ਜ਼ਖ਼ਮੀ ਹੋਇਆ। ਡੀ ਜੀ ਪੀ ਯਾਦਵ ਨੇ ਕਿਹਾ ਕਿ ਉਨ੍ਹਾਂ ਨੇ ਮਲਕੀਤ ਅਤੇ ਵਿਜੈ ਮਸੀਹ, ਜੋਕਿ 'ਗੈਂਗਸਟਰ ਅੰਮ੍ਰਿਤ ਦਾਲਮ ਦੇ ਮੁੱਖ ਸਾਥੀ ਹਨ, ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਕਿਹਾ ਕਿ ਮਲਕੀਤ ਨੇ 'ਲੁਕਿਆ ਹੋਇਆ ਹਥਿਆਰ' ਵਰਤ ਕੇ ਗੋਲੀ ਚਲਾਈ। 'ਥੋੜ੍ਹੀ ਗੋਲੀਬਾਰੀ ਤੋਂ ਬਾਅਦ ਉਸ ਨੂੰ ਕਾਬੂ ਕੀਤਾ ਗਿਆ।'

**26 ਨਵੰਬਰ:** ਬਟਾਲਾ ਪੁਲਿਸ ਨੇ ਇੱਕ ਕਥਿਤ ਗੈਂਗ ਮੈਂਬਰ ਅਤੇ ਡਕੈਤੀ ਦੇ ਮੁਲਜ਼ਮ ਕੰਵਲਜੀਤ ਸਿੰਘ ਨੂੰ 'ਮੁਕਾਬਲੇ' ਤੋਂ ਬਾਅਦ ਗ੍ਰਿਫ਼ਤਾਰ ਕੀਤਾ। ਡੀ ਆਈ ਜੀ, ਬਾਰਡਰ ਰੇਂਜ, ਸੰਦੀਪ ਗੋਇਲ ਨੇ ਕਿਹਾ, 'ਜਾਂਚ ਦੇ ਆਧਾਰ 'ਤੇ ਪੁਲਿਸ ਟੀਮਾਂ ਨੇ ਮੁਲਜ਼ਮ ਨੂੰ ਰੋਕਿਆ...ਜਦੋਂ ਪੁਲਿਸ ਟੀਮਾਂ ਨੇ ਉਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਗੋਲੀ ਚਲਾਈ।' ਕੰਵਲਜੀਤ ਨੂੰ ਖੱਬੀ ਲੱਤ ਵਿਚ ਗੋਲੀ ਲੱਗੀ।

**ਦਸੰਬਰ 2025:** ਲੱਤ 'ਤੇ ਨਿਸ਼ਾਨਾ 4 ਦਸੰਬਰ: ਕਤਲ ਲਈ ਲੋੜੀਂਦਾ ਕਥਿਤ ਸ਼ੂਟਰ ਦਲੇਰ ਸਿੰਘ ਅੰਮ੍ਰਿਤਸਰ ਵਿਚ ਪੁਲਿਸ ਹਿਰਾਸਤ ਵਿਚ ਮੁਕਾਬਲੇ ਦੌਰਾਨ ਜ਼ਖ਼ਮੀ ਹੋਇਆ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ, 'ਦਲੇਰ ਨੂੰ ਪੁਲਿਸ ਪਿਸਤੌਲ ਬਰਾਮਦਗੀ ਲਈ ਲੈ ਗਈ। ਉਸ ਨੇ ਝਾੜੀਆਂ ਵਿਚੋਂ ਹਥਿਆਰ ਕੱਢ ਕੇ ਟੀਮ 'ਤੇ ਗੋਲੀ ਚਲਾਈ।' ਪੁਲਿਸ ਨੇ ਕਿਹਾ ਕਿ ਦਲੇਰ ਨੂੰ ਅੰਤ ਵਿਚ ਸੱਜੀ ਲੱਤ ਵਿਚ ਗੋਲੀ ਮਾਰੀ ਗਈ।

6 ਦਸੰਬਰ: ਸ੍ਰੀ ਮੁਕਤਸਰ ਸਾਹਿਬ ਪੁਲਿਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕੁਝ ਘੰਟਿਆਂ ਵਿਚ ਨਾਬਾਲਗ ਕੁੜੀ ਦੇ ਅਗਵਾ-ਕਤਲ ਦਾ ਮਾਮਲਾ ਸੁਲਝਾ ਲਿਆ ਅਤੇ ਮੁਕਾਬਲੇ ਤੋਂ ਬਾਅਦ ਮੁਲਜ਼ਮ ਮੁਕੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਅਨੁਸਾਰ, 'ਮੁਲਜ਼ਮ ਨੇ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਗੋਲੀ ਚਲਾਈ।'

**12 ਦਸੰਬਰ:** ਮੋਗਾ ਪੁਲਿਸ ਨੇ ਦਾਅਵਾ ਕੀਤਾ ਕਿ ਗੋਲੀਬਾਰੀ ਤੋਂ ਬਾਅਦ ਅਮਰੀਕਾ ਸਥਿਤ ਗੈਂਗਸਟਰ ਪ੍ਰਭ ਦਾਸੂਵਾਲ ਦੇ ਸਾਥੀ ਗੁਰਬਿੰਦਰ ਸਿੰਘ ਉਰਫ਼ ਗਿੰਦੀ ਨੂੰ ਫੜਿਆ, ਅਤੇ ਗਿੰਦੀ ਜ਼ਖ਼ਮੀ ਹੋਇਆ। ਮੋਗਾ ਐਸ ਐਸ ਪੀ ਅਜੇ ਗਾਂਧੀ ਨੇ ਕਿਹਾ ਕਿ 'ਰੋਕੇ ਜਾਣ 'ਤੇ ਮੁਲਜ਼ਮ ਨੇ ਪੁਲਿਸ ਪਾਰਟੀ 'ਤੇ ਗੋਲੀ ਚਲਾਈ।'

**12 ਦਸੰਬਰ:** ਉਸੇ ਦਿਨ, ਗੈਂਗਸਟਰ ਅੰਮ੍ਰਿਤ ਦਾਲਮ ਦੇ ਕਥਿਤ ਸਾਥੀ ਰੋਹਿਨ ਮਨਸੀਹ ਨੂੰ ਲੁਧਿਆਣਾ ਪੁਲਿਸ ਨਾਲ 'ਮੁਕਾਬਲੇ' ਤੋਂ ਬਾਅਦ ਫੜਿਆ ਗਿਆ। ਡੀ ਸੀ ਪੀ ਜਸਕਿਰਨਜੀਤ ਸਿੰਘ ਤੇਜਾ ਨੇ ਕਿਹਾ: 'ਪੁਲਿਸ ਨੇ ਦੋਵਾਂ ਨੂੰ ਫੜਨ ਲਈ ਜਾਲ ਵਿਛਾਇਆ, ਫਿਰ ਉਨ੍ਹਾਂ ਨੇ ਗੋਲੀਬਾਰੀ ਕੀਤੀ।' ਮਨਸੀਹ ਦੀ ਲੱਤ ਵਿਚ ਗੋਲੀ ਲੱਗੀ।

**15 ਦਸੰਬਰ:** ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਅਜਨਾਲੇ ਵਿਚ ਗੋਲੀਬਾਰੀ ਤੋਂ ਬਾਅਦ ਵੰਸ਼ਪ੍ਰੀਤ ਸਿੰਘ ਅਤੇ ਭੁਪਿੰਦਰ ਸਿੰਘ ਦੀ ਗ੍ਰਿਫ਼ਤਾਰੀ ਨਾਲ ਕਈ ਜਬਰੀ ਵਸੂਲੀ ਅਤੇ ਡਕੈਤੀ ਦੇ ਮਾਮਲੇ ਸੁਲਝਾਉਣ ਦਾ ਦਾਅਵਾ ਕੀਤਾ।

ਪੁਲਿਸ ਨੇ ਕਿਹਾ ਕਿ ਸੂਚਨਾ ਦੇ ਆਧਾਰ 'ਤੇ ਉਨ੍ਹਾਂ ਨੇ ਚਹਾਰਪੁਰ ਪਿੰਡ ਵਿਖੇ ਨਾਕਾ ਲਗਾਇਆ। ਵਾਹਨ ਸਵਾਰ ਉਨ੍ਹਾਂ ਨੂੰ ਦੇਖ ਕੇ ਭੱਜ ਗਏ ਅਤੇ ਪੁਲਿਸ ਨੇ ਪਿੱਛਾ ਕੀਤਾ। ਡੀ ਆਈ ਜੀ, ਬਾਰਡਰ ਰੇਂਜ, ਸੰਦੀਪ ਗੋਇਲ ਨੇ ਕਿਹਾ ਕਿ ਬਾਅਦ ਵਿਚ ਹੋਈ ਗੋਲੀਬਾਰੀ 'ਚੋਂ ਮੁਲਜ਼ਮ ਬਚ ਨਿਕਲੇ, ਪਰ ਇੱਕ ਮੁਲਜ਼ਮ ਦੀ ਲੱਤ ਵਿਚ ਗੋਲੀ ਲੱਗੀ।

**17 ਦਸੰਬਰ:** ਅੰਮ੍ਰਿਤਸਰ ਵਿਚ ਹਥਿਆਰ ਬਰਾਮਦਗੀ ਦੌਰਾਨ ਮੁਲਜ਼ਮ ਨਿਰਮਲਜੋਤ ਸਿੰਘ ਕਥਿਤ ਤੌਰ 'ਤੇ ਜ਼ਖ਼ਮੀ ਹੋਇਆ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ, 'ਖ਼ਾਸ ਸੂਚਨਾ 'ਤੇ ਕੰਮ ਕਰਦਿਆਂ ਪੁਲਿਸ ਨੇ ਨਿਰਮਲਜੋਤ ਸਿੰਘ, ਮਨਪ੍ਰੀਤ ਸਿੰਘ ਅਤੇ ਕਰਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਦੇਸੀ ਪਿਸਤੌਲ ਦੀ ਬਰਾਮਦਗੀ ਦੌਰਾਨ ਨਿਰਮਲਜੋਤ ਨੇ ਇੱਕ ਪੁਲਿਸ ਗਾਰਡ ਨੂੰ ਧੱਕਾ ਦਿੱਤਾ, ਕਾਰਬਾਈਨ ਖੋਹ ਲਈ ਅਤੇ ਪੁਲਿਸ ਕਰਮਚਾਰੀਆਂ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ।' ਏ ਐਸ ਆਈ ਨਵਤੇਜ ਸਿੰਘ ਨੇ ਸਵੈ-ਰੱਖਿਆ ਵਿਚ ਜਵਾਬੀ ਗੋਲੀ ਚਲਾਈ ਜਿਹੜੀ ਕਿ ਨਿਰਮਲਜੋਤ ਦੀ ਖੱਬੀ ਲੱਤ ਵਿਚ ਲੱਗੀ।

**26 ਦਸੰਬਰ:** ਅੰਮ੍ਰਿਤਸਰ ਸਿਟੀ ਪੁਲਿਸ ਵੱਲੋਂ ਇੱਕ ਸ਼ਮਸ਼ਾਨਘਾਟ ਕੋਲ ਹਥਿਆਰ ਬਰਾਮਦਗੀ ਲਈ ਲਿਜਾਏ ਜਾਣ ਵੇਲੇ ਅੰਮ੍ਰਿਤਪਾਲ ਸਿੰਘ ਰੋਣੀ 'ਮੁਕਾਬਲੇ' ਦੌਰਾਨ ਜ਼ਖ਼ਮੀ ਹੋਇਆ। ਅੰਮ੍ਰਿਤਸਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ, 'ਮੁਲਜ਼ਮ ਨੇ ਅਚਾਨਕ ਪਿਸਤੌਲ ਚੁੱਕ ਕੇ ਏ ਐਸ ਆਈ ਜੈਬੀਰ ਸਿੰਘ 'ਤੇ ਗੋਲੀ ਚਲਾਈ...ਸਵੈ-ਰੱਖਿਆ ਵਿਚ ਏ ਐਸ ਆਈ ਤਲਵਿੰਦਰ ਸਿੰਘ ਨੇ ਇੱਕ ਰਾਊਂਡ ਚਲਾਇਆ।'

**27 ਦਸੰਬਰ:** ਰਾਜਗੜ੍ਹ ਪਿੰਡ ਦੇ ਸਰਪੰਚ 'ਤੇ ਕਥਿਤ ਤੌਰ 'ਤੇ ਗੋਲੀ ਮਾਰਨ ਵਾਲੇ ਦੋ ਮੁਲਜ਼ਮਾਂ ਨੂੰ ਖੰਨਾ ਪੁਲਿਸ ਦੀ 'ਮੁਕਾਬਲੇ' ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਉਸ ਸਮੇਂ ਦੀ ਖੰਨਾ ਐਸ ਐਸ ਪੀ ਜੋਤੀ ਯਾਦਵ ਨੇ ਕਿਹਾ ਕਿ ਪੁਲਿਸ ਨੇ ਇੰਦਰਜੀਤ ਸਿੰਘ ਅਤੇ ਗੁਰਵੀਰ ਸਿੰਘ ਨੂੰ ਫੜਨ ਲਈ ਜਾਲ ਵਿਛਾਇਆ ਸੀ, ਪਰ ਉਨ੍ਹਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਯਾਦਵ ਨੇ ਕਿਹਾ ਕਿ ਪੁਲਿਸ ਨੇ ਪਿੱਛਾ ਕਰਕੇ ਗੁਰਵੀਰ ਨੂੰ ਫੜਿਆ, ਪਰ ਇੰਦਰਜੀਤ ਨੇ ਗੋਲੀ ਚਲਾਈ ਅਤੇ ਜਿਸ ਵਿਚੋਂ ਦੋ ਗੋਲੀਆਂ ਪੁਲਿਸ ਵਾਹਨ ਨੂੰ ਲੱਗੀਆਂ। ਪੁਲਿਸ ਨੇ ਜਵਾਬੀ ਕਾਰਵਾਈ ਕੀਤੀ ਅਤੇ ਇੰਦਰਜੀਤ ਦੀ ਲੱਤ ਵਿਚ ਗੋਲੀ ਲੱਗੀ।

**28 ਦਸੰਬਰ:** ਹੁਸ਼ਿਆਰਪੁਰ ਪੁਲਿਸ ਨੇ ਗੜ੍ਹਸ਼ੰਕਰ ਕੋਲ ਜੰਗਲੀ ਖੇਤਰ ਵਿਚ 'ਮੁਕਾਬਲੇ' ਤੋਂ ਬਾਅਦ ਡਕੈਤੀ ਦੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ। ਡੀਐਸਪੀ ਦਲਜੀਤ ਸਿੰਘ ਖੱਖ ਨੇ ਕਿਹਾ, 'ਰੁਕਣ ਦਾ ਇਸ਼ਾਰਾ ਕੀਤੇ ਜਾਣ 'ਤੇ ਮੁਲਜ਼ਮਾਂ ਨੇ ਗੋਲੀਬਾਰੀ ਕੀਤੀ। ਪੁਲਿਸ ਨੇ ਚੇਤਾਵਨੀ ਦੇਣ ਤੋਂ ਬਾਅਦ ਜਵਾਬੀ ਕਾਰਵਾਈ ਕੀਤੀ। ਓਂਕਾਰ ਸਿੰਘ, ਉਰਫ਼ ਗੋਰਾ ਨੂੰ ਗੋਲੀ ਲੱਗੀ।'

**ਜਨਵਰੀ 2026:** ਭੱਜਣ ਦੀ ਕੋਸ਼ਿਸ਼ 6 ਜਨਵਰੀ: ਹਰਨੂਰ, ਜਿਸ ਦਾ ਕਥਿਤ ਤੌਰ 'ਤੇ ਗੈਂਗਸਟਰਾਂ ਪ੍ਰਭ ਦਾਸੂਵਾਲ ਅਤੇ ਅਫ਼ਰੀਦੀ ਨਾਲ ਗੂੜ੍ਹਾ ਸੰਬੰਧ ਸੀ, ਤਰਨਤਾਰਨ ਜ਼ਿਲ੍ਹੇ ਵਿਚ ਮੁਕਾਬਲੇ ਵਿਚ ਮਾਰਿਆ ਗਿਆ। ਡੀਆਈਜੀ, ਬਾਰਡਰ ਰੇਂਜ, ਸਨੇਹਦੀਪ ਸ਼ਰਮਾ ਨੇ ਕਿਹਾ, 'ਸੂਚਨਾ ਮਿਲੀ ਸੀ ਕਿ ਨੂਰ ਮੋਟਰਸਾਈਕਲ 'ਤੇ ਆ ਰਿਹਾ ਹੈ, ਇੱਕ ਸਾਂਝੀ ਟੀਮ ਨੇ ਉਸ ਨੂੰ ਰੋਕਿਆ, (ਪਰ) ਉਸ ਨੇ ਗੋਲੀਬਾਰੀ ਕੀਤੀ। ਇੱਕ ਗੋਲੀ ਪੁਲਿਸ ਕਰਮਚਾਰੀ ਨੂੰ ਲੱਗੀ, ਪਰ ਉਹ ਬੁਲੇਟਪਰੂਫ਼ ਜੈਕਟ ਕਾਰਨ ਬਚ ਗਿਆ। ਨੂਰ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਹ ਦਮ ਤੋੜ ਗਿਆ।'

**7 ਜਨਵਰੀ:** ਅੰਮ੍ਰਿਤਸਰ ਪੁਲਿਸ ਨੇ ਕਿਹਾ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਲਾਲ ਹਥਿਆਰ ਬਰਾਮਦਗੀ ਲਈ ਲਿਜਾਏ ਜਾਣ ਵੇਲੇ ਭੱਜਣ ਦੀ ਕੋਸ਼ਿਸ਼ ਕਰਨ ਦੌਰਾਨ ਮੁਕਾਬਲੇ ਵਿਚ ਜ਼ਖ਼ਮੀ ਹੋਇਆ। ਅੰਮ੍ਰਿਤਸਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ: 'ਲਾਲ ਨੂੰ ਬਟਾਲਾ ਰੋਡ ਕੋਲ ਲਿਜਾਇਆ ਗਿਆ ਜਿੱਥੇ ਮੁਲਜ਼ਮ ਨੇ ਗੋਲੀ ਚਲਾਈ। ਜਵਾਬੀ ਕਾਰਵਾਈ ਕਰਦਿਆਂ ਪੁਲਿਸ ਨੇ ਮੁਲਜ਼ਮ 'ਤੇ ਗੋਲੀ ਚਲਾਈ।'

**12 ਜਨਵਰੀ:** ਰੋਹਿਤ ਗੋਦਾਰਾ ਗੈਂਗ ਦੇ ਕਥਿਤ ਤਿੰਨ ਕਾਰਕੁੰਨਾਂ ਨੂੰ ਲੁਧਿਆਣਾ ਪੁਲਿਸ ਨਾਲ 'ਗੋਲੀਬਾਰੀ' ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਕਮਿਸ਼ਨਰ ਸਵਪਨ ਸ਼ਰਮਾ ਨੇ ਕਿਹਾ, 'ਤਿੰਨਾਂ ਨੇ ਨਾਕਾ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਗੋਲੀਬਾਰੀ ਕੀਤੀ...ਪੁਲਿਸ ਨੇ ਸਵੈ-ਰੱਖਿਆ ਵਿਚ ਗੋਲੀ ਚਲਾਈ।' ਗੋਲੀ ਲੱਗਣ ਵਾਲੇ ਦੋ ਵਿਅਕਤੀਆਂ ਦੀ ਪਛਾਣ ਸੁਮਿਤ ਕੁਮਾਰ ਅਤੇ

*(ਬਾਕੀ ਅਗਲੇ ਸਫੇ 'ਤੇ)*

# ਮੇਰੇ ਮਰਨ ਤੋਂ ਬਾਅਦ ਸਸਕਾਰ ਕਰਨ ਤਕ

ਬਹੁਤੇ ਮਰਦਾਂ-ਔਰਤਾਂ ਦੀ ਇਹ ਖ਼ਾਹਿਸ਼ ਹੁੰਦੀ ਹੈ ਕਿ ਮਰਨ ਤੋਂ ਬਾਅਦ ਮੈਨੂੰ ਵੱਡਾ ਕੀਤਾ ਜਾਵੇ। ਪੁਰਾਣੇ ਜ਼ਮਾਨੇ ਵਿਚ ਲੋਕ ਕਹਿੰਦੇ ਹੁੰਦੇ ਸਨ ਕਿ 'ਕੀ ਤੁਸੀਂ ਗਦੋੜਾ ਫੇਰਿਆ ਐ'। ਇਸ ਦਾ ਮਤਲਬ ਇਹ ਸੀ ਕਿ ਕਿਸੇ ਬਜ਼ੁਰਗ ਦੇ ਮਰਨ ਤੋਂ ਬਾਅਦ ਸਾਰੇ ਪਿੰਡ ਵਿਚ ਥਾਲੀ-ਥਾਲੀ ਗੁੜ ਦਾ ਕੜਾਹ ਵੰਡਣਾ। ਇਹ ਕੰਮ ਵੀ ਆਪਣੇ ਵਿਤ ਅਨੁਸਾਰ ਕੋਈ ਕੋਈ ਹੀ ਕਰ ਸਕਦਾ ਸੀ। ਇਹ ਰਿਵਾਜ਼ ਚੱਲਦੇ ਚੱਲਦੇ ਅੱਜ-ਕੱਲ੍ਹ ਲੱਡੂ, ਜਲੇਬੀਆਂ ਦਾ ਰੂਪ ਧਾਰਨ ਕਰ ਗਏ ਅਤੇ ਅਸੀਂ ਕਰਜ਼ੇ ਦੇ ਭਾਰ ਨੂੰ ਨਾ ਸਹਾਰਦੇ ਹੋਏ ਆਤਮ ਹੱਤਿਆਵਾਂ ਦੇ ਰਾਹ ਪੈ ਗਏ। ਇਸ ਕਰਕੇ ਅੱਜ ਮੈਂ ਆਪਣੀ ਆਖਰੀ ਖ਼ਾਹਿਸ਼ ਲਿਖਣ ਦਾ ਕੰਮ ਸ਼ੁਰੂ ਕੀਤਾ ਹੈ ਤੇ ਗੁਰਬਾਣੀ ਦੇ ਆਸਰੇ ਇਸ ਨੂੰ ਮੁਕੰਮਲ ਕਰਕੇ ਦੋਸਤਾਂ, ਮਿਤਰਾਂ, ਸਨੇਹੀਆਂ ਅਤੇ ਪਾਠਕਾਂ ਦੇ ਸਪੁਰਦ ਕਰਨ ਦਾ ਮਨ ਬਣਾ ਲਿਆ ਹੈ। ਹੋ ਸਕਦਾ ਹੈ ਕਿ ਇਹ ਹੋਰ ਕਿਸੇ ਵੀਰ ਦੇ ਵੀ ਕੰਮ ਆ ਜਾਵੇ।

**ਗੁਰਚਰਨ ਸਿੰਘ ਜਿਉਣ ਵਾਲਾ**
**ਫੋਨ: +1647 966 3132**

ਗੁਰਬਾਣੀ ਸਾਨੂੰ ਸਸਕਾਰ ਕਰਨ ਦੇ ਕੁੱਝ ਤਰੀਕੇ ਦੱਸਦੀ ਹੈ। ਜਿਵੇਂ:

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥ ੨॥ ਪੰਨਾ 648, ਮ:1॥

ਕੋਈ ਮੁਰਦੇ ਨੂੰ ਸਾੜ ਦਿੰਦਾ ਹੈ, ਕੋਈ ਦੱਬ ਦਿੰਦਾ ਹੈ, ਕੋਈ ਕੁੱਤਿਆਂ ਮੂਹਰੇ ਸੁੱਟ ਦਿੰਦਾ ਹੈ ਤੇ ਕੋਈ ਜਲ ਪ੍ਰਵਾਹ ਕਰਕੇ ਹੱਸਦੇ ਹਨ। ਹਿੰਦੂ ਮੱਤ ਅਨੁਸਾਰ ਮਰਨ ਤੋਂ ਬਾਅਦ ਸਰੀਰ ਵਿਚੋਂ ਆਤਮਾ ਨਿਕਲਦੀ ਹੈ ਤੇ ਧਰਮਰਾਜ ਕੋਲ ਜਾਂਦੀ ਹੈ। ਇਸੇ ਕਰਕੇ ਗੁਰੂ ਜੀ ਅਖੀਰਲੀ ਪੰਗਤੀ ਵਿਚ ਸਵਾਲ ਖੜ੍ਹਾ ਕਰਦੇ ਹਨ ਕਿ ਭਾਈ ਪਤਾ ਨਹੀਂ ਕਿ ਮਰਨ ਤੋਂ ਬਾਅਦ ਕੌਣ ਕਿੱਥੇ ਜਾਂਦਾ ਹੈ। ਗੁਰਬਾਣੀ ਵਿਚੋਂ ਇਸ ਸਵਾਲ ਦਾ ਜਵਾਬ ਲੈ ਕੇ ਆਪਾਂ ਅੱਗੇ ਚੱਲਦੇ ਹਾਂ।

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥ ੧॥
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥ ੧॥ ਰਹਾਉ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥ ੨॥੩॥ ਪੰਨਾ 695, ਭਗਤ ਪੀਪਾ ਜੀ॥

ਜਿਸ ਮਨੁੱਖ ਦੇ ਸਰੀਰ ਵਿਚ ਰਾਮ ਦੀ ਯਾਦ ਦੀ ਦੁਹਾਈ ਮੱਚ ਜਾਂਦੀ ਹੈ, ਉਹ ਦੇਸ ਦੇਸਾਂਤਰਾਂ ਦੇ ਤੀਰਥਾਂ ਤੇ ਮੰਦਰਾਂ ਵਲ ਭਟਕਣ ਦੀ ਥਾਂ ਰਾਮ ਨੂੰ ਆਪਣੇ ਸਰੀਰ ਵਿਚ ਹੀ ਲੱਭ ਲੈਂਦਾ ਹੈ। ਸੋ, ਉਸ ਰਾਮ ਨੂੰ ਆਪਣੇ ਸਰੀਰ ਦੇ ਅੰਦਰ ਲੱਭੋ, ਏਹੀ ਅਸਲ ਦੇਵਤੇ ਦੀ ਭਾਲ ਹੈ, ਏਹੀ ਅਸਲ ਮੰਦਰ ਹੈ, ਏਹੀ ਅਸਲ ਪੂਜਾ ਹੈ। ਪਰ ਉਸ ਪਰਮ-ਤੱਤ (ਪਰਮਾਤਮਾ) ਨੂੰ ਨਿਰਾ ਆਪਣੇ ਸਰੀਰ ਵਿਚ ਹੀ ਨਾਹ ਸਮਝੋ, ਉਹ ਸਾਰੇ ਬ੍ਰਹਿਮੰਡ ਵਿਚ ਭੀ ਵੱਸਦਾ ਵੇਖੋ। ਇਹ ਸੂਝ ਸਤਿਗੁਰੂ ਪਾਸੋਂ ਮਿਲਦੀ ਹੈ। ਰਹਾਉ ਦੀ ਪੰਗਤੀ ਵਿਚ ਫੁਰਮਾਉਂਦੇ ਹਨ; ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ। ਪ੍ਰਮਾਤਮਾ ਦਾ ਵਾਸਤਾ ਪਾ ਕੇ ਮੈਂ ਕਹਿਦਾ ਹਾਂ ਕਿ ਬਾਹਰੋਂ ਇਸ ਸੰਸਾਰ ਵਿਚ ਕੁੱਝ ਨਹੀਂ ਆਉਂਦਾ ਤੇ ਨਾ ਹੀ ਬਾਹਰ ਕੁੱਝ ਜਾਂਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਰਦਾ ਕੀ? ਇਸ ਬਾਰੇ ਗੁਰਬਾਣੀ ਦਾ ਕੀ ਫੁਰਮਾਣ ਹੈ:

ਪਵਨੈ ਮਹਿ ਪਵਨੁ ਸਮਾਇਆ॥
ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥
ਰੋਵਨਹਾਰੇ ਕੀ ਕਵਨ ਟੇਕ॥ ੧॥
ਕਉਨੁ ਮੂਆ ਰੇ ਕਉਨੁ ਮੂਆ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥ ੧॥ ਰਹਾਉ॥
ਅਗਲੀ ਕਿਛੁ ਖਬਰਿ ਨ ਪਾਈ॥
ਰੋਵਨਹਾਰੁ ਭਿ ਊਠਿ ਸਿਧਾਈ॥
ਭਰਮ ਮੋਹ ਕੇ ਬਾਂਧੇ ਬੰਧ॥
ਸੁਪਨੁ ਭਇਆ ਭਖਲਾਏ ਅੰਧ॥ ੨॥
ਇਹੁ ਤਉ ਰਚਨੁ ਰਚਿਆ ਕਰਤਾਰਿ॥
ਆਵਤ ਜਾਵਤ ਹੁਕਮਿ ਅਪਾਰਿ॥
ਨਹ ਕੋ ਮੂਆ ਨ ਮਰਣੈ ਜੋਗੁ॥
ਨਹ ਬਿਨਸੈ ਅਬਿਨਾਸੀ ਹੋਗੁ॥ ੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ॥
ਜਾਨਣਹਾਰੇ ਕਉ ਬਲਿ ਜਾਉ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥
ਨਾ ਕੋਈ ਮਰੈ ਨ ਆਵੈ ਜਾਇਆ॥ ੪॥੧੦॥ ਪੰਨਾ 885, ਮ:5॥

ਇਸ ਸਲੋਕ ਦੀਆਂ ਅਖੀਰਲੀਆਂ ਪੰਗਤੀਆਂ ਤੋਂ ਵਿਚਾਰ ਸ਼ੁਰੂ ਕਰਦੇ ਹਾਂ। ਇਸ ਸਲੋਕ ਵਿਚ ਗੁਰੂ ਜੀ ਨੇ ਜੰਮਣ-ਮਰਨ ਦੀ ਅਸਲੀਅਤ ਦੱਸ ਕੇ ਸਾਡਾ ਭਰਮ ਖਤਮ ਕਰ ਦਿੱਤਾ ਹੈ ਕਿ ਕੋਈ ਨਾ ਮਰਦਾ ਹੈ, ਨਾ ਕੋਈ ਕਿਤੋਂ ਆਉਂਦਾ ਹੈ ਤੇ ਨਾ ਹੀ ਕੋਈ ਕਿਤੇ ਜਾਂਦਾ ਹੈ। ਇਸ ਸਰੀਰ ਦੇ ਤੱਤ; ਹਵਾ, ਪਾਣੀ, ਅੱਗ (ਗਰਮਾਇਸ਼ ਜੋ ਪੇਟ ਵਿਚ ਖਾਣਾ ਪਾ ਲੈਣ ਨਾਲ ਪੈਦਾ ਹੁੰਦੀ ਹੈ) ਮਿੱਟੀ ਤੇ ਅਕਾਸ਼, ਤੱਤਾਂ ਵਿਚ ਮਿਲ ਗਏ ਪਰ ਅਸੀਂ ਭਰਮ ਅਤੇ ਮੋਹ ਦੇ ਬੰਧਨ ਵਿਚ ਬੱਧੇ ਹੋਏ ਆਪਣੀ ਜੀਵਨ ਲੀਲਾ ਪੂਰੀ ਕਰ ਚੁੱਕੇ ਮਨੁੱਖ ਨੂੰ ਰੋ ਰਹੇ ਹੁੰਦੇ ਹਾਂ ਜਦੋਂ ਕਿ ਕੱਲ੍ਹ ਨੂੰ ਸਾਡੇ ਨਾਲ ਵੀ ਇਹੋ ਕੁੱਝ ਵਾਪਰਨ ਵਾਲਾ ਹੈ। ਰੱਬੀ ਨਿਯਮਾਂ ਨੂੰ ਸਾਹਮਣੇ ਰੱਖ ਕੇ ਵਿਚਾਰ ਕਰੋ ਤੁਹਾਡੇ ਸਾਰੇ ਭੁਲੇਖੇ ਦੂਰ ਹੋ ਜਾਣਗੇ। ਇਹ ਕੁਦਰਤੀ ਨਿਯਮਾਂ ਵਿਚ ਪੈਦਾ ਕੀਤਾ ਸੰਸਾਰ ਹੈ ਤੇ ਇਨ੍ਹਾਂ ਹੀ ਨਿਯਮਾਂ ਵਿਚ ਅਸੀਂ ਇਥੋਂ ਕੂਚ ਕਰ ਜਾਣਾ ਹੈ। ਕੁਦਰਤੀ ਨਿਯਮ ਸਦਾ ਰਹਿਣ ਵਾਲੇ ਹਨ ਅਤੇ ਜੋ ਕੁੱਝ ਆਪਾਂ ਸਮਝਦੇ ਹਾਂ ਇਹ ਓਹ ਨਹੀਂ। ਜਿਹੜੇ ਇਸ ਸਿਧਾਂਤ ਨੂੰ ਸਮਝਦੇ ਹਨ ਉਨ੍ਹਾਂ ਤੋਂ ਕੁੱਝ ਸਿੱਖੋ! ਪੁਨਰ-ਜਨਮ ਦੇ ਸਿਧਾਂਤ ਦਾ ਇਸ ਸਲੋਕ ਵਿਚ ਖੰਡਣ ਕੀਤਾ ਹੈ।

ਪੰਚ ਤਤੁ ਮਿਲਿ ਕਾਇਆ ਕੀਨੀ॥
ਤਿਸ ਮਹਿ ਰਾਮ ਰਤਨੁ ਲੈ ਚੀਨੀ॥
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ॥ ੨॥ 1030, ਮ:1॥

ਦਰਅਸਲ ਗੁਰੂ ਸਾਹਿਬ ਸਾਨੂੰ ਇਹ ਸਮਝਾਉਣਾ ਚਾਹੁੰਦੇ ਹਨ ਕਿ ਬੰਦਿਆ ਤੂੰ ਬੰਦੇ ਦਾ ਪੁੱਤ ਬਣ। ਲੋਕ ਸੰਸਾਰਕ ਜ਼ਿੰਮੇਵਾਰੀ ਤੋਂ ਭੱਜ ਕੇ ਜੰਗਲਾਂ ਬੇਲਿਆਂ ਵਿਚ ਰੱਬ ਨੂੰ ਲੱਭਦੇ ਫਿਰਦੇ ਸਨ ਪਰ ਗੁਰੂ ਜੀ ਸਮਝਾਉਂਦੇ ਹਨ ਕਿ ਪੜ੍ਹ ਲਿਖ ਕੇ ਗਿਆਨ ਪ੍ਰਾਪਤ ਕਰਕੇ, ਚੰਗੇ ਕੰਮ ਕਰ ਏਹੀ ਪ੍ਰਮਾਤਮਾ ਨੂੰ ਪਾਉਣਾ ਹੈ। ਇਹ ਹੈ ਸਾਡਾ ਇਸ ਸੰਸਾਰ ਵਿਚ ਆਉਣ ਦਾ ਅਸਲ ਮਕਸਦ।

ਜੇ ਮਿਰਤਕ ਕਉ ਚੰਦਨੁ ਚੜਾਵੈ॥
ਉਸ ਤੇ ਕਹਹੁ ਕਵਨ ਫਲ ਪਾਵੈ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥
ਤਾਂ ਮਿਰਤਕ ਕਾ ਕਿਆ ਘਟਿ ਜਾਈ॥ ੩॥
ਕਹਤ ਕਬੀਰ ਹਉ ਕਹਉ ਪੁਕਾਰਿ॥
ਸਮਝਿ ਦੇਖੁ ਸਾਕਤ ਗਾਵਾਰ॥
ਦੂਜੈ ਭਾਇ ਬਹੁਤੁ ਘਰ ਗਾਲੇ॥
ਰਾਮ ਭਗਤ ਹੈ ਸਦਾ ਸੁਖਾਲੇ॥ ੪॥੪॥੧੨॥ ਪੰਨਾ 1160, ਮ:5॥

ਜੇਕਰ ਮਰੇ ਹੋਏ ਪ੍ਰਾਣੀ ਨੂੰ ਚੰਦਨ ਦੀ ਲੱਕੜੀ, ਜੋ ਬਹੁਤ ਹੀ ਕੀਮਤੀ ਹੈ, ਜਾਂ ਦੇਸੀ ਘਿਓ ਪਾ ਕੇ ਜਲਾਈਏ ਜਿਵੇਂ ਟਕਸਾਲੀਆਂ ਨੇ ਅਖਾਤੇ ਵਾਲੇ ਗੁਰਬਚਨ ਸਿੰਘ ਨੂੰ 18-20 ਪੀਪੇ ਦੇਸੀ ਘਿਉ ਦੇ ਪਾ ਕੇ ਸਾੜਿਆ ਸੀ ਅਤੇ ਨਾਲ ਹੀ ਕੁੰਦਨ ਸਿੰਘ ਨਾਮੀ ਇਕ ਸ਼ਰਧਾਲੂ ਆਤਮ-ਹੱਤਿਆ ਕਰ ਗਿਆ ਸੀ ਤਾਂ ਦੱਸੋ ਮ੍ਰਿਤਕ ਨੂੰ ਕੀ ਮਿਲਿਆ? ਜੇਕਰ ਮ੍ਰਿਤਕ ਨੂੰ ਗੰਦਗੀ ਵਿਚ ਸੁੱਟ ਦੇਈਏ ਤਾਂ ਦੱਸੋ ਕਿ ਉਸਦਾ ਕੀ ਘਟ ਜਾਵੇਗਾ? ਕਬੀਰ ਜੀ ਦੇ ਇਹ ਸਵਾਲ ਸਾਡੇ ਵਾਸਤੇ ਹਨ। ਕਬੀਰ ਸਾਹਿਬ ਪੁਕਾਰ-ਪੁਕਾਰ ਕੇ ਕਹਿ ਰਹੇ ਹਨ; ਐ ਮੂਰਖ ਲੋਕੋ! ਸਮਝੋ ਕੁੱਝ। ਕੀਮਤੀ ਗਹਿਣੇ, ਚੰਦਨ ਦੀ ਲੱਕੜੀ ਅਤੇ ਘਿਓ ਆਦਿਕ ਜਲਾ ਕੇ ਆਪਾਂ ਆਪਣੇ ਘਰਾਂ ਨੂੰ ਬਰਬਾਦ ਕਰ ਰਹੇ ਹਾਂ। ਨਾਲ ਹੀ ਜਵਾਬ ਹੈ ਜਿਨ੍ਹਾਂ ਨੂੰ ਮੇਰੀ ਗੱਲ ਦੀ ਸਮਝ ਪੈ ਗਈ ਉਹ ਸਦਾ ਸੌਖੇ ਰਹਿਣਗੇ। ਇਸਦਾ ਮਤਲਬ ਇਹ ਹੋਇਆ ਕਿ ਕਿਸੇ ਪ੍ਰਾਣੀ ਦੇ ਮਰਨ ਤੋਂ ਬਾਅਦ ਜੋ ਨਹਾਉਣ, ਨਵੇਂ ਕਪੜੇ ਪਾਉਣ, ਅਰਥੀ ਵਾਲੇ ਡੱਬੇ, ਗੁਰਦੁਆਰੇ ਲੰਗਰ ਵਗੈਰਾ ਛਕਾਉਣ ਅਤੇ ਭਾਈਆਂ ਨੂੰ ਅਰਦਾਸ ਕਰਨ ਕਰਾਉਣ ਅਤੇ ਪਾਠ ਕਰਾਉਣ ਲਈ ਦਿੱਤਾ ਜਾਂਦਾ ਹੈ ਉਹ ਬਿਲਕੁਲ ਖੂਹ ਵਿਚ ਸੁੱਟਣ ਬਰਾਬਰ ਹੈ। ਗੁਰਬਾਣੀ ਮੁਤਾਬਕ ਜਿਵੇਂ;

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥ ੫॥
ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ ੬॥੩॥ ਪੰਨਾ 969, ਭਗਤ ਕਬੀਰ ਜੀ॥

ਜਦੋਂ ਕੋਈ ਨਰਕ-ਸਵਰਗ ਹੈ ਹੀ ਨਹੀਂ ਤਾਂ ਸਾਡੇ ਗੁਰਦੁਆਰਿਆਂ ਵਿਚ ਬੈਠੇ ਕਾਬਜ਼ ਲੋਕ ਸਾਡੇ ਕਿਸੇ ਮਰੇ ਹੋਏ ਨੂੰ ਕਿਵੇਂ ਅਰਦਾਸਾਂ ਕਰ ਕਰ ਕੇ ਪ੍ਰਮਾਤਮਾ ਦੇ ਚਰਣਾਂ ਵਿਚ ਨਿਵਾਸ ਦੇਈ ਜਾਂਦੇ ਹਨ? ਕੋਈ ਦੱਸ ਸਕਦਾ ਹੈ? ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ ੩॥ ਪੰਨਾ 1159॥ ਜੋ ਕੁੱਝ ਵੀ ਪੰਡਿਤ, ਮੁਲਾਂ ਜਾਂ ਕਿਸੇ ਹੋਰ ਦਾ ਲਿਖਿਆ ਹੋਇਆ ਉਹ ਅਸੀਂ ਬਿਲਕੁਲ ਛੱਡਣਾ ਹੈ, ਇਹ ਸਾਡੇ ਸ਼ਬਦ ਗੁਰੂ ਦਾ ਹੁਕਮ ਹੈ ਇਸ ਕਰਕੇ ਨਾ ਕੋਈ ਧਰਮਰਾਜ ਹੈ, ਨਾ ਕੋਈ ਜਮਦੂਤ, ਨਾ ਆਤਮਾ, ਨਾ ਲੇਖਾ-ਜੋਖਾ, ਨਾ ਸਵਰਗ ਤੇ ਨਾ ਨਰਕ ਆਦਿ।

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥ ੩॥ ਪੰਨਾ 614॥
ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ॥
ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ॥ ੧੭॥ ਪੰਨਾ 555, ਮ:4॥
ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ॥
ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ॥ ੧੪॥ ਪੰਨਾ 1091, ਮ:3॥

ਉਪਰਲੀਆਂ ਤਿੰਨਾਂ ਉਦਾਹਰਣਾਂ ਦਾ ਮਤਲਬ ਇਕੋ ਹੈ ਕਿ ਜਿਹੜੇ ਮਨੁੱਖ ਸੱਚਾ-ਸੁਚਾ ਜੀਵਨ ਜਿਉਂਦੇ ਹਨ ਧਰਮ ਰਾਇ ਉਨ੍ਹਾਂ ਦਾ ਮਿਤਰ ਬਣ ਜਾਂਦਾ ਹੈ ਤੇ ਯਮ ਕੁੱਝ ਨਹੀਂ ਕਹਿੰਦੇ। ਚੰਗੇ ਗੁਣਾਂ ਕਰਕੇ ਮੇਰੇ ਮਨ ਦਾ ਭਰਮ ਖਤਮ ਹੋ ਗਿਆ ਹੈ ਅਤੇ ਧਰਮ ਰਾਇ ਦਾ ਪੂਰਾ ਲੇਖਾ-ਜੋਖਾ ਹੀ ਫਾੜ ਦਿੱਤਾ ਗਿਆ ਹੈ ਸਗੋਂ ਸੱਚੇ-ਸੁਚੇ ਜੀਵਨ ਬਿਤਾਉਣ ਵਾਲੇ ਦੀ ਧਰਮ ਰਾਇ ਸੇਵਾ ਕਰਦਾ ਹੈ। ਗੁਰਬਾਣੀ ਮੁਤਾਬਕ ਧਰਮ ਰਾਇ ਵਗੈਰਾ ਵੀ ਨਹੀਂ ਹਨ ਪਰ ਲੋਕਾਂ ਨੂੰ ਸਮਝਾਉਣ ਵਾਸਤੇ ਇਹ ਨਾਮ ਵਰਤੇ ਹਨ। ਇਸ ਨੂੰ ਕਹਿੰਦੇ ਹਨ; 'ਜਾਣੇ ਗਿਆਨ ਰਾਹੀ ਅਣਜਾਣੇ ਗਿਆਨ ਦੀ ਜਾਣਕਾਰੀ ਦੇਣੀ'। ਅੱਜ-ਕੱਲ੍ਹ ਦੇ ਮਨੋਵਿਗਿਆਨੀ ਵੀ ਇਹ ਤਰੀਕਾ ਵਰਤ ਕੇ ਲੋਕਾਂ ਦਾ ਇਲਾਜ ਕਰਦੇ ਹਨ ਜੋ ਗੁਰੂ ਸਾਹਿਬ 500-600 ਸਾਲ ਪਹਿਲਾਂ ਵਰਤਦੇ ਸਨ।

ਸਿੱਖ ਹੋਣ ਦੇ ਨਾਤੇ ਮੇਰਾ ਫਰਜ਼ ਬਣਦਾ ਹੈ ਕਿ ਗੁਰਮਤਿ ਅਨੁਸਾਰ ਸਾਰੇ ਕਿਰਿਆ-ਕਰਮ ਕੀਤੇ ਜਾਣ। ਮੇਰਾ ਭੋਗ ਉਦੋਂ ਪੈ ਗਿਆ ਜਦੋਂ ਮੈਂ ਮਰ ਗਿਆ। ਉਪਰਲੀ ਸਾਰੀ ਲਿਖਤ ਮੁਤਾਬਕ ਮਰਨ ਤੋਂ ਬਾਅਦ ਇਸ਼ਨਾਨ ਕਰਵਾਉਣਾ, ਨਵੇਂ ਕਪੜੇ ਪਾਉਣੇ, ਅਰਦਾਸ ਕਰਾਉਣੀ, ਪਾਠ ਕਰਵਾਉਣਾ, ਲੋਕਾਂ ਨੂੰ ਅੰਨ-ਪਾਣੀ ਛਕਾਉਣਾ ਆਦਿ ਸਭ ਵਿਅਰਥ ਹਨ। ਮੇਰੇ ਸਰੀਰ ਨੂੰ ਮਰਨ ਉਪਰੰਤ ਉਸੇ ਵਕਤ ਜਲਾਉਣ ਲਈ ਭੇਜ ਦਿੱਤਾ ਜਾਵੇ। ਜੇ ਮੁਮਕਿਨ ਹੋਵੇ ਤਾਂ ਕਿਸੇ ਰਿਸਰਚ ਕਰਨ ਵਾਲੇ ਹਸਪਤਾਲ ਨੂੰ ਮੇਰੀ ਦੇਹ ਸੌਂਪ ਦਿੱਤੀ ਜਾਵੇ। ਕਿਸੇ ਨੂੰ ਵੀ ਸੱਦਣ-ਸਦਾਉਣ ਤੇ ਦੱਸਣ ਦੀ ਲੋੜ ਨਹੀਂ। ਜੇਕਰ ਪਾਠ ਆਪ ਕਰ ਸਕਦੇ ਹੋ ਤਾਂ ਆਪਣੇ ਲਈ ਕਰੋ ਨਹੀਂ ਤਾਂ ਇਸ ਕੀਤੇ ਪਠ ਦਾ ਫਲ ਜਿਵੇਂ ਅਰਦਾਸੀਏ ਲੋਕ ਕਹਿੰਦੇ ਹਨ; 'ਪੜੀ ਸੁਣੀ ਬਾਣੀ ਦਾ ਫਲ ਵਿਛੜੀ ਰੂਹ ਨੂੰ ਪਹੁੰਚਾਉਣਾ', ਗਲਤ ਹੈ। ਪਤਾ ਨਹੀਂ ਕੌਣ ਤੇ ਕਿਹੜੇ ਡੀ.ਐਚ.ਐਲ. ਰਾਹੀਂ, ਕਿਹੜੇ ਲੈਟਰਬਾਕਸ ਵਿਚ ਬੈਠੀ, ਵਿਛੜ ਚੁੱਕੀ ਰੂਹ ਨੂੰ ਪਹੁੰਚਾਉਣਗੇ। ਇਹ ਸਭ ਝੂਠ ਹੈ, ਪੈਸੇ ਬਟੋਰਨ ਦਾ ਤਰੀਕਾ ਹੈ, ਇਸ ਤੋਂ ਬਚੋ ਜੇ ਹੋ ਸਕੇ ਤਾਂ। ਜੇਕਰ ਬੱਚਿਆਂ ਨੇ ਸੇਵਾ ਕੀਤੀ ਹੈ ਤਾਂ ਠੀਕ ਹੈ ਤੇ ਆਪਣੀ ਜਾਇਦਾਦ ਉਨ੍ਹਾਂ ਨੂੰ ਦੇ ਜਾਓ। ਜੇ ਨਹੀਂ ਤਾਂ ਸਾਰੀ ਜਾਇਦਾਦ ਕਿਸੇ ਚੈਰਿਟੀ ਨੂੰ ਦੇਣੀ ਹੀ ਮੁਨਾਸਬ ਹੈ। ਮਰਣ ਤੋਂ ਬਾਅਦ ਕੋਈ ਕਿਸੇ ਦਾ ਨਹੀਂ।

ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ॥
ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ॥ ੨॥ ਪੰਨਾ 648, ਮ:3॥

ਹੇ ਨਾਨਕ! ਜੋ ਮਨੁੱਖ ਆਪਣੇ ਸਤਿਗੁਰੂ ਦੀ ਦੱਸੀ ਕਾਰ ਕਰਦੇ ਹਨ ਉਹ ਮਨੁੱਖ ਸੱਚੇ ਤੇ ਕਬੂਲ ਹਨ, ਉਹ ਹਰੀ ਦੇ ਨਾਮ ਵਿਚ ਲੀਨ ਰਹਿੰਦੇ ਹਨ ਤੇ ਉਨ੍ਹਾਂ ਦਾ ਜੰਮਣਾ ਮਰਨਾ ਮੁੱਕ ਜਾਂਦਾ ਹੈ।

---

***(ਪਿਛਲੇ ਸਫੇ ਦਾ ਬਾਕੀ)***

ਸੰਜੂ ਵਜੋਂ ਹੋਈ।

**14 ਜਨਵਰੀ:** ਸੁਖਰਾਜ ਸਿੰਘ ਉਰਫ਼ ਗੁੰਗਾ, ਪ੍ਰਭ ਦਾਸੂਵਾਲ ਗੈਂਗ ਨਾਲ ਜੁੜਿਆ ਮੁੱਖ ਮੁਲਜ਼ਮ ਜਿਸ ਬਾਰੇ ਮੰਨਿਆ ਜਾਂਦਾ ਸੀ ਕਿ ਉਹ ਕਈ ਕਤਲਾਂ ਵਿਚ ਸ਼ਾਮਲ ਸੀ, ਅੰਮ੍ਰਿਤਸਰ ਦੇ ਵੱਲਾ ਖੇਤਰ ਵਿਚ ਸਰਵਿਸ ਪਿਸਤੌਲ ਖੋਹਣ ਦੀ ਕਥਿਤ ਕੋਸ਼ਿਸ਼ ਵਿਚ ਗੋਲੀ ਲੱਗਣ ਤੋਂ ਬਾਅਦ ਮਾਰਿਆ ਗਿਆ। ਪੁਲਿਸ ਨੇ ਦਾਅਵਾ ਕੀਤਾ ਕਿ ਦੋ 'ਅਣਪਛਾਤੇ ਮੋਟਰਸਾਈਕਲ ਸਵਾਰਾਂ' ਨੇ 'ਬਰਾਮਦਗੀ ਕਾਰਵਾਈ' ਦੌਰਾਨ ਗੁੰਗੇ ਨੂੰ ਛੁਡਾਉਣ ਲਈ ਗੋਲੀਬਾਰੀ ਕੀਤੀ। ਇੱਕ ਪੁਲਿਸ ਕਰਮਚਾਰੀ ਜ਼ਖ਼ਮੀ ਹੋਇਆ, ਜਦੋਂਕਿ ਗੁੰਗੇ ਨੇ ਕਥਿਤ ਤੌਰ 'ਤੇ ਏ.ਐਸ.ਆਈ. ਹਰਜਿੰਦਰ ਸਿੰਘ ਤੋਂ ਪਿਸਤੌਲ ਖੋਹਣ ਦੀ ਕੋਸ਼ਿਸ਼ ਕੀਤੀ। ਤਿੰਨ ਗੋਲੀਆਂ ਚਲਾਈਆਂ ਗਈਆਂ— ਇੱਕ ਪੁਲਿਸ ਵਾਹਨ ਨੂੰ ਲੱਗੀ ਅਤੇ ਦੋ ਗੁੰਗੇ ਨੂੰ— ਜੋ ਹਸਪਤਾਲ ਵਿਚ ਦਮ ਤੋੜ ਗਿਆ।

**17 ਜਨਵਰੀ:** ਗੈਂਗ ਮੈਂਬਰ ਕਰਨ ਪਾਠਕ ਉਰਫ਼ ਕਰਨ 'ਡਿਫਾਲਟਰ', ਜਿਸ ਨੂੰ ਭਰੇ ਸਟੇਡੀਅਮ ਵਿਚ ਲੋਕਾਂ ਦੇ ਸਾਹਮਣੇ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦੀ ਹੱਤਿਆ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਮੁਕਾਬਲੇ ਵਿਚ ਗੋਲੀ ਮਾਰੀ ਗਈ। ਪੁਲਿਸ ਨੇ ਦਾਅਵਾ ਕੀਤਾ ਕਿ ਉਸ ਨੇ ਹਿਰਾਸਤ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਬਿਆਨ ਵਿਚ ਪੁਲਿਸ ਨੇ ਕਿਹਾ ਕਿ ਪਾਠਕ ਨੇ ਰਾਤ ਨੂੰ ਗੰਭੀਰ ਛਾਤੀ ਦੇ ਦਰਦ ਦੀ ਸ਼ਿਕਾਇਤ ਕੀਤੀ ਅਤੇ ਹਸਪਤਾਲ ਲਿਜਾਏ ਜਾਣ ਵੇਲੇ ਪੁਲਿਸ ਵੈਨ ਦੇ ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਭੱਜ ਗਿਆ। ਪੁਲਿਸ ਨੇ ਮੰਨਿਆ ਕਿ ਉਸ ਵੇਲੇ ਪਾਠਕ ਨੂੰ ਹੱਥਕੜੀ ਲੱਗੀ ਹੋਈ ਸੀ ਅਤੇ ਤਿੰਨ ਪੁਲਿਸ ਕਰਮਚਾਰੀ ਉਸ ਦੇ ਨਾਲ ਸਨ। ਦੱਸਿਆ ਜਾਂਦਾ ਹੈ ਕਿ ਸਵੇਰੇ ਕਰੀਬ 6 ਵਜੇ ਉਸ ਦਾ ਖਰੜ ਵਿਚ ਪਤਾ ਲੱਗਾ ਅਤੇ ਉਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਪੁਲਿਸ ਨੇ ਕਿਹਾ ਕਿ ਪਾਠਕ ਦੀ ਲੱਤ ਵਿਚ ਗੋਲੀ ਲੱਗੀ, ਜਦੋਂਕਿ ਇੱਕ ਅਧਿਕਾਰੀ ਜ਼ਖ਼ਮੀ ਹੋਇਆ। ਪੁਲਿਸ ਨੇ ਕਿਹਾ ਕਿ ਪਾਠਕ ਹਸਪਤਾਲ ਵਿਚ ਦਮ ਤੋੜ ਗਿਆ।

**18 ਜਨਵਰੀ:** ਬਠਿੰਡਾ ਪੁਲਿਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ 1 ਕਰੋੜ ਰੁਪਏ ਦੀ ਕਥਿਤ ਜਬਰੀ ਵਸੂਲੀ ਦੀ ਮੰਗ ਲਈ ਲੋੜੀਂਦੇ ਸੇਵਕ ਸਿੰਘ ਨੂੰ ਕਟਾਰ ਸਿੰਘ ਵਾਲਾ ਪਿੰਡ ਕੋਲ ਇੱਕ 'ਮੁਕਾਬਲੇ' ਤੋਂ ਬਾਅਦ 'ਸੂਚਨਾ' ਦੇ ਆਧਾਰ 'ਤੇ ਲਗਾਏ ਨਾਕੇ 'ਤੇ ਗ੍ਰਿਫ਼ਤਾਰ ਕੀਤਾ।

**18 ਜਨਵਰੀ:** ਉਸੇ ਦਿਨ, ਦੋ ਮੁਲਜ਼ਮ ਚੰਦਰ ਸ਼ੇਖਰ ਅਤੇ ਜਸਪਾਲ ਸਿੰਘ ਜਲੰਧਰ ਪੁਲਿਸ ਹਿਰਾਸਤ ਵਿਚ ਮੁਕਾਬਲੇ ਦੌਰਾਨ ਜ਼ਖ਼ਮੀ ਹੋਏ। ਐੱਸਐੱਸਪੀ, ਜਲੰਧਰ ਦਿਹਾਤੀ, ਹਰਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ 16 ਜਨਵਰੀ ਦੇ ਕਤਲ ਲਈ ਲੋੜੀਂਦੇ ਲੋਕ ਹਥਿਆਰ ਲੈਣ ਕਿਸੇ ਜਗ੍ਹਾ ਆਉਣਗੇ। 'ਪੁਲਿਸ ਟੀਮਾਂ ਨੇ ਪੂਰੇ ਖੇਤਰ ਨੂੰ ਘੇਰਿਆ। ਜਦੋਂ ਪੁਲਿਸ ਪਾਰਟੀ ਨੇੜੇ ਪਹੁੰਚ ਰਹੀ ਸੀ ਤਾਂ ਮੁਲਜ਼ਮਾਂ ਨੇ ਲੁਕੇ ਹਥਿਆਰ ਚੁੱਕ ਲਏ ਅਤੇ ਗੋਲੀਬਾਰੀ ਕਰਦੇ ਹੋਏ ਭੱਜਣ ਦੀ ਕੋਸ਼ਿਸ਼ ਕੀਤੀ।' ਵਿਰਕ ਨੇ ਕਿਹਾ ਕਿ ਇੱਕ ਗੋਲੀ ਪੁਲਿਸ ਵਾਹਨ ਨੂੰ ਲੱਗੀ, ਦੂਜੀ ਰੁੱਖ ਨੂੰ ਅਤੇ ਤੀਜੀ ਨਿਸ਼ਾਨਾ ਖੁੰਝ ਗਈ। ਪੁਲਿਸ ਨੇ 'ਸਵੈ-ਰੱਖਿਆ' ਵਿਚ ਗੋਲੀ ਚਲਾਈ।

**19 ਜਨਵਰੀ:** ਲੁਧਿਆਣਾ ਦੇ ਦੋਰਾਹੇ ਤੋਂ ਮੁਕਾਬਲੇ ਦੀ ਖ਼ਬਰ ਮਿਲੀ। ਪੁਲਿਸ ਬਿਆਨ ਵਿਚ ਕਿਹਾ ਗਿਆ: 'ਸਕਾਰਪੀਓ ਵਿਚ ਸਫ਼ਰ ਕਰ ਰਹੇ ਦੋ ਅਪਰਾਧੀਆਂ ਨੇ ਪੁਲਿਸ ਜੀਪ ਨੂੰ ਟੱਕਰ ਮਾਰੀ। ਉਨ੍ਹਾਂ ਨੇ ਤਿੰਨ ਰਾਊਂਡ ਚਲਾਏ, ਜਿਨ੍ਹਾਂ ਵਿਚੋਂ ਇੱਕ ਗੋਲੀ ਐਸ ਐਚ ਓ ਦੀ ਛਾਤੀ ਵਿਚ ਲੱਗੀ, ਪਰ ਉਹ ਬੁਲੇਟਪਰੂਫ਼ ਜੈਕਟ ਕਾਰਨ ਬਚ ਗਿਆ। ਜਵਾਬੀ ਕਾਰਵਾਈ ਵਿਚ ਐਸ ਐਚ ਓ ਨੇ ਗੋਲੀ ਚਲਾਈ, ਜਿਸ ਵਿਚ ਇੱਕ ਅਪਰਾਧੀ ਹਰਸਿਮਰਨ ਉਰਫ਼ ਮੰਡ ਦੀ ਲੱਤ ਵਿਚ ਗੋਲੀ ਲੱਗੀ।'

**20 ਜਨਵਰੀ:** ਫਾਜ਼ਿਲਕਾ ਪੁਲਿਸ ਦੀ ਅਰਨੀਵਾਲਾ ਪਿੰਡ ਕੋਲ ਕਤਲ ਦੇ ਮਾਮਲੇ ਵਿਚ ਲੋੜੀਂਦੇ ਗੈਂਗਸਟਰ ਪ੍ਰੀਤਪਾਲ ਸਿੰਘ ਨਾਲ 'ਮੁਕਾਬਲੇ' ਹੋਈ, ਜਿਸ ਕਰਕੇ ਉਸ ਦੀ ਗ੍ਰਿਫ਼ਤਾਰੀ ਹੋਈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਨਾਕਾ ਲਗਾਇਆ ਅਤੇ ਪ੍ਰੀਤਪਾਲ ਨੇ ਗੋਲੀਬਾਰੀ ਕੀਤੀ। ਡੀ ਆਈ ਜੀ, ਫ਼ਿਰੋਜ਼ਪੁਰ ਰੇਂਜ, ਸਨੇਹਦੀਪ ਸ਼ਰਮਾ ਨੇ ਕਿਹਾ, 'ਉਸ ਦੇ ਗੋਡੇ ਵਿਚ ਗੋਲੀ ਲੱਗੀ ਅਤੇ ਉਸ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ।'

**20 ਜਨਵਰੀ:** ਉਸੇ ਦਿਨ, ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਅਟਾਰੀ ਕੋਲ ਮੁਕਾਬਲੇ ਤੋਂ ਬਾਅਦ ਪੁਲਿਸ ਨੇ ਕਥਿਤ ਗੈਂਗਸਟਰ ਮਨੀ ਪ੍ਰਿੰਸ ਨੂੰ ਗੋਲੀ ਮਾਰੀ। ਪੁਲਿਸ ਨੇ ਕਿਹਾ ਕਿ ਸੂਚਨਾ ਦੇ ਆਧਾਰ 'ਤੇ ਉਨ੍ਹਾਂ ਨੇ ਖੇਤਰ ਵਿਚ ਜਾਲ ਵਿਛਾਇਆ। ਡੀਆਈਜੀ ਸੰਦੀਪ ਗੋਇਲ ਨੇ ਕਿਹਾ ਕਿ ਪ੍ਰਿੰਸ ਨੇ ਉਨ੍ਹਾਂ ਨੂੰ ਦੇਖ ਕੇ ਗੋਲੀਬਾਰੀ ਕੀਤੀ, 'ਪਰ ਬੁਲੇਟਪਰੂਫ਼ ਜੈਕਟਾਂ ਨੇ ਸਾਡੇ ਕਰਮਚਾਰੀਆਂ ਨੂੰ ਬਚਾਇਆ।' ਪੁਲਿਸ ਨੇ ਕਿਹਾ ਕਿ ਉਹ ਜਵਾਬੀ ਗੋਲੀਬਾਰੀ ਵਿਚ ਮਾਰਿਆ ਗਿਆ।

**22 ਜਨਵਰੀ:** ਕਥਿਤ ਗੈਂਗਸਟਰ ਹਰਜਿੰਦਰ ਸਿੰਘ ਲਾਡੀ ਪਟਿਆਲਾ ਵਿਚ ਮੁਕਾਬਲੇ ਦੌਰਾਨ ਜ਼ਖ਼ਮੀ ਹੋਇਆ। ਡੀਆਈਜੀ ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਉਨ੍ਹਾਂ ਨੇ ਸੂਚਨਾ ਦੇ ਆਧਾਰ 'ਤੇ ਬਾਈਪਾਸ 'ਤੇ ਨਾਕਾ ਲਗਾਇਆ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਹਰਜਿੰਦਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ।

**23 ਜਨਵਰੀ:** ਮੁਕਾਬਲੇ ਤੋਂ ਬਾਅਦ ਜਲੰਧਰ ਦਿਹਾਤੀ ਪੁਲਿਸ ਨੇ ਦਸੰਬਰ 2025 ਦੀ ਗੋਲੀਬਾਰੀ ਦੀ ਘਟਨਾ ਲਈ ਲੋੜੀਂਦੇ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਕਿਹਾ, 'ਖ਼ਾਸ ਸੂਚਨਾ 'ਤੇ ਕੰਮ ਕਰਦਿਆਂ ਪੁਲਿਸ ਟੀਮ ਅਲਾਵਲਪੁਰ ਕੋਲ ਤਲਾਸ਼ੀ ਅਭਿਆਨ ਚਲਾ ਰਹੀ ਸੀ। ਸ਼ੱਕੀ ਨੂੰ ਰੋਕਿਆ ਗਿਆ...ਪਰ ਉਸ ਨੇ ਪੁਲਿਸ ਪਾਰਟੀ 'ਤੇ ਗੋਲੀਬਾਰੀ ਕੀਤੀ...ਮੁਲਜ਼ਮ ਦੀ ਸੱਜੀ ਬਾਂਹ ਵਿਚ ਗੋਲੀ ਲੱਗੀ।'

**23 ਜਨਵਰੀ:** ਉਸੇ ਦਿਨ, ਤਰਨਤਾਰਨ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਕੈਰੋਂ ਪਿੰਡ ਕੋਲ ਮੁਕਾਬਲੇ ਤੋਂ ਬਾਅਦ ਕਥਿਤ ਗੈਂਗਸਟਰ ਜਗਤਾਰ ਸਿੰਘ ਉਰਫ਼ ਜੱਗਾ ਪੱਟੂ ਨੂੰ ਗ੍ਰਿਫ਼ਤਾਰ ਕੀਤਾ। ਐੱਸ ਐੱਸ ਪੀ, ਤਰਨਤਾਰਨ, ਸੁਰੇਂਦਰ ਲਾਂਬਾ ਨੇ ਕਿਹਾ, 'ਪੁਲਿਸ ਜੱਗਾ ਪੱਟੂ ਨੂੰ ਹਥਿਆਰ ਬਰਾਮਦ ਕਰਨ ਲਈ ਕੈਰੋਂ ਪਿੰਡ ਕੋਲ ਨਹਿਰ 'ਤੇ ਲੈ ਗਈ, ਉਦੋਂ ਮੁਲਜ਼ਮ ਨੇ ਦੋ ਰਾਊਂਡ ਚਲਾਏ।'

**24 ਜਨਵਰੀ:** ਐਂਟੀ-ਨਾਰਕੋਟਿਕ ਟਾਸਕ ਫੋਰਸ ਨੇ ਕਿਹਾ ਕਿ ਉਸ ਨੇ ਲੁਧਿਆਣਾ ਦੇ ਸਦਰ ਥਾਣੇ ਦੇ ਖੇਤਰ ਵਿਚ 'ਗੋਲੀਬਾਰੀ' ਤੋਂ ਬਾਅਦ ਚਾਰ ਕਥਿਤ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ 305 ਗ੍ਰਾਮ ਹੈਰੋਇਨ ਬਰਾਮਦ ਕੀਤੀ ਅਤੇ ਮੁਲਜ਼ਮਾਂ ਨੇ 'ਪੁਲਿਸ ਨਾਕਾ ਤੋੜਨ ਦੀ ਕੋਸ਼ਿਸ਼ ਕੀਤੀ...ਅਤੇ ਗੋਲੀਬਾਰੀ ਕੀਤੀ।' ਪੁਲਿਸ ਨੇ ਕਿਹਾ, 'ਸਵੈ-ਰੱਖਿਆ ਵਿਚ ਜਵਾਬੀ ਕਾਰਵਾਈ ਦੌਰਾਨ ਇੱਕ ਮੁਲਜ਼ਮ ਤਰਨਪ੍ਰੀਤ ਸਿੰਘ ਦੀ ਕਮਰ ਵਿਚ ਗੋਲੀ ਲੱਗੀ।'

**29 ਜਨਵਰੀ:** ਅੰਮ੍ਰਿਤਸਰ ਪੁਲਿਸ ਨੇ ਕਿਹਾ ਕਿ ਮੁਲਜ਼ਮ ਜੋਬਨਜੀਤ ਨੇ ਪੁਲਿਸ ਅਧਿਕਾਰੀ ਦੀ ਸਰਵਿਸ ਪਿਸਤੌਲ ਖੋਹਣ ਤੋਂ ਬਾਅਦ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਉਸ ਤੋਂ ਬਾਅਦ ਹੋਈ ਖਿੱਚ-ਧੂਹ ਵਿਚ ਉਸ ਦੀ ਲੱਤ ਵਿਚ ਗੋਲੀ ਲੱਗੀ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ, 'ਪੁਲਿਸ ਪਾਰਟੀ ਜੋਬਨਜੀਤ ਨੂੰ ਉਸ ਦੇ ਸਾਥੀਆਂ ਦੀ ਭਾਲ ਲਈ ਨਾਲ ਲੈ ਕੇ ਗਈ ਸੀ। ਮੁਲਜ਼ਮ ਨੇ ਤਬੀਅਤ ਖ਼ਰਾਬ ਹੋਣ ਦੀ ਗੱਲ ਕਹੀ...ਜਿਉਂ ਹੀ ਪੁਲਿਸ ਨੇ ਵਾਹਨ ਰੋਕਿਆ, ਉਸ ਨੇ ਸਾਡੇ ਇੱਕ ਕਰਮਚਾਰੀ ਤੋਂ ਸਰਵਿਸ ਹਥਿਆਰ ਖੋਹਣ ਦੀ ਕੋਸ਼ਿਸ਼ ਕੀਤੀ।'

***(ਦਿਵਿਆ ਗੋਇਲ ਗੋਪਾਲ ਦੇ ਸਹਿਯੋਗ ਨਾਲ)***
***(ਦੋਮਾਸਿਕ ਸੁਰਖ਼ ਲੀਹ ਦੇ ਧੰਨਵਾਦ ਸਹਿਤ)***

# ਮੇਰੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੀ ਜਨਮ-ਕਥਾ

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਇਸ 18 ਮਾਰਚ ਨੂੰ ਉਹ 90 ਸਾਲ ਦੇ ਹੋ ਗਏ ਹਨ, ਉਨ੍ਹਾਂ ਦਾ ਜਨਮ ਦਿਨ ਮਨਾਉਂਦਿਆਂ ਅਸੀਂ ਇਹ ਨਾਵਲ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਵਾਰ ਉਨ੍ਹਾਂ ਨਾਵਲ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਆਪਣੇ ਅੰਦਰ ਚੱਲ ਰਹੀ ਕਸ਼ਮਕਸ਼ ਨੂੰ ਹੂਬਹੂ ਬਿਆਨ ਕੀਤਾ ਹੈ। -ਸੰਪਾਦਕ***




ਜਦੋਂ ਆਦਮੀ ਸੱਠ ਕੁ ਸਾਲ ਦਾ ਹੋ ਜਾਂਦਾ ਹੈ, ਉਮਰ ਦੇ ਸਾਲਾਂ ਦੀ ਗਿਣਤੀ ਉਹਨੂੰ ਉਦਾਸ ਕਰਨ, ਕਈ ਸੂਰਤਾਂ ਵਿਚ ਤਾਂ ਡਰਾਉਣ ਲਗਦੀ ਹੈ। 18 ਮਾਰਚ 2014 ਦੀ ਗੱਲ ਹੈ। ਮੇਰਾ ਜਨਮ-ਦਿਨ ਸੀ। ਮੈਂ 77 ਸਾਲ ਦਾ ਹੋ ਗਿਆ ਸੀ। ਪਰ ਮੈਂ ਉਤਸਾਹ ਵਿਚ ਸੀ। ਮਨ ਨੇ ਮੇਰੇ ਪਹਿਲੇ ਨਾਵਲ ਦੀ ਪੂਰੀ ਕਥਾ ਦਾ ਤਾਣਾ-ਪੇਟਾ ਵੀ ਬੁਣ ਲਿਆ ਸੀ ਅਤੇ ਉਸ ਵਿਚ ਫੁੱਲ-ਪੱਤੀਆਂ ਦੀ ਤੇ, ਕੁਦਰਤੀ ਹੈ, ਉਨ੍ਹਾਂ ਦੇ ਨਾਲ ਹੀ ਕੰਡਿਆਂ ਦੀ ਕਢਾਈ ਵੀ ਕਰ ਲਈ ਸੀ। ਵੱਡੇ-ਛੋਟੇ ਸਭ ਪਾਤਰ ਆਪਣੀਆਂ ਨਵੇਕਲੀਆਂ ਸ਼ਖ਼ਸੀਅਤਾਂ ਨਾਲ ਸਾਕਾਰ ਹੋ ਕੇ ਅਤੇ ਆਪਣੀਆਂ ਭੂਮਿਕਾਵਾਂ ਚੇਤੇ ਕਰ ਕੇ ਮੇਰੇ ਆਲੇ-ਦੁਆਲੇ ਜੁੜੇ ਬੈਠੇ ਸਨ। ਕਥਾ-ਮਾਰਗ ਦਾ ਮੈਂ ਚੰਗੀ ਤਰ੍ਹਾਂ ਜਾਇਜ਼ਾ ਲੈ ਲਿਆ ਸੀ। ਪਹਿਲੀ ਪੁਲਾਂਘ ਵਾਲੀ ਥਾਂ ਤਾਂ ਐਹ ਮੇਰੇ ਸਾਹਮਣੇ ਸੀ ਹੀ, ਮੰਜ਼ਿਲ ਭਾਵੇਂ ਕਾਫ਼ੀ ਦੂਰ ਸੀ ਪਰ ਔਹ ਸਪੱਸ਼ਟ ਦਿਸਦੀ ਸੀ। ਰਾਹ ਦੇ ਪੜਾਅ ਵੀ ਮੈਂ ਮਿਥ ਲਏ ਸਨ।



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਆਪਣੇ ਇਸ਼ਟ ਨੂੰ ਧਿਆ ਕੇ ਕਾਨੀ ਦੀ ਨੋਕ ਨੂੰ ਕਾਗ਼ਦ ਉੱਤੇ ਰੱਖਣਾ ਸਾਡੀ ਸਾਹਿਤਕ ਪ੍ਰੰਪਰਾ ਹੈ। ਆਦਿ-ਕਿੱਸਾਕਾਰ ਦਮੋਦਰ ਨੇ ਆਪਣੇ ਹੀਰ ਦੇ ਕਿੱਸੇ ਦਾ ਆਰੰਭ ਇਉਂ ਕੀਤਾ ਹੈ,

'ਅਵਲ ਨਾਮ ਸਾਹਿਬ ਦਾ ਲਈਏ,
ਜਿਨ ਇਹ ਜਗਤ ਉਪਾਇਆ।'

ਵਾਰਿਸ ਸ਼ਾਹ ਆਪਣੀ 'ਹੀਰ' ਦੀ ਸ਼ੁਰੂਆਤ ਇਉਂ ਕਰਦੇ ਹਨ:

'ਅਵਲ ਹਮਦ ਖ਼ੁਦਾਇ ਦਾ ਵਿਰਦ ਕੀਜੇ,
ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।'

ਤੇ ਸਾਧੂ ਦਯਾ ਸਿੰਘ ਨੇ 'ਫ਼ਨਾਹ ਦਾ ਮਕਾਨ' ਇਉਂ ਸ਼ੁਰੂ ਕੀਤਾ ਹੈ,

'ਊੜਾ ਓਅੰਕਾਰ ਹੈ ਪਰਿਪੂਰਨ,
ਬਿਆਪ ਰਿਹਾ ਵਿਚ ਰੰਗ ਦੇ ਰੰਗ ਹੋ ਕੇ।'

ਕਈ ਸਾਲਾਂ ਤੋਂ ਮੇਰਾ ਸਾਹਿਤਕ ਇਸ਼ਟ ਕੰਪਿਊਟਰ ਦੇਵਤਾ ਹੈ। ਇਹ ਮੈਨੂੰ ਲੇਖਕਾਂ ਨਾਲ ਤਾਂ ਜੋੜਦਾ ਹੀ ਹੈ, ਮੇਰੇ ਵਾਸਤੇ ਪ੍ਰਾਚੀਨ ਤੇ ਕਲਾਸੀਕਲ ਸਾਹਿਤ ਦੇ ਅਤੇ ਦੁਨੀਆ ਭਰ ਦੇ ਸਮਕਾਲੀ ਸਾਹਿਤ ਦੇ ਦੁਆਰ ਵੀ ਚੁਪੱਟ ਖੋਲ੍ਹਦਾ ਹੈ। ਇਹ ਮੇਰੀਆਂ ਸਾਹਿਤਕ ਪੁੱਛਾਂ ਦਾ ਜਵਾਬ ਦਿੰਦਾ ਹੈ ਅਤੇ ਮੇਰੀਆਂ ਲਿਖਤਾਂ ਨੂੰ ਇਕ ਅੱਖ-ਪਲਕਾਰੇ ਵਿਚ ਦੁਨੀਆ ਦੇ ਪਰਲੇ-ਪਾਰ ਦੇ ਅਖ਼ਬਾਰਾਂ-ਰਸਾਲਿਆਂ ਤੱਕ ਲੈ ਜਾਂਦਾ ਹੈ। ਅੰਮ੍ਰਿਤ ਵੇਲੇ ਅਸ਼ਨਾਨ ਕਰ ਕੇ ਮੈਂ ਲੈਪਟਾਪ ਨੂੰ ਮੱਥਾ ਟੇਕਿਆ ਅਤੇ ਪਹਿਲਾ ਅੱਖਰ ਪਾਉਣ ਵਾਸਤੇ ਸਹਿਜੇ ਜਿਹੇ ਉਂਗਲ ਦਾ ਪੋਟਾ ਛੁਹਾ ਦਿੱਤਾ!

ਕਹਾਣੀ ਲਿਖਦਿਆਂ ਲੰਮਾ ਸਮਾਂ ਹੋ ਗਿਆ ਸੀ। ਪਹਿਲੇ ਕਹਾਣੀ-ਸੰਗ੍ਰਹਿ 'ਓਪਰਾ ਮਰਦ' ਨੂੰ ਪ੍ਰਕਾਸ਼ਿਤ ਹੋਇਆਂ ਵੀ ਅੱਧੀ ਸਦੀ ਬੀਤ ਗਈ ਸੀ। ਇਸ ਮਗਰੋਂ ਦੇ ਸਮੇਂ ਵਿਚ ਕਹਾਣੀਆਂ ਲਿਖਣ, ਅਨੁਵਾਦਣ ਅਤੇ ਸੰਪਾਦਣ ਦੇ ਨਾਲ-ਨਾਲ ਕਲਮੀ ਚਿਤਰਾਂ, ਮੁਲਾਕਾਤਾਂ, ਆਲੋਚਨਾ, ਸਾਹਿਤਕ ਲੇਖਾਂ ਤੇ ਟਿਪਣੀਆਂ, ਯਾਤਰਾਨਾਮਾ, ਸਾਹਿਤਕ-ਸਭਿਆਚਾਰਕ ਤੇ ਸਮਾਜਕ ਪੱਤਰਕਾਰੀ, ਬਾਲ-ਸਾਹਿਤ ਦੀ ਰਚਨਾ, ਅਨੁਵਾਦ ਤੇ ਸੰਪਾਦਨ, ਆਦਿ ਨੇ ਵੀ ਮੇਰੇ ਪਾਠਕਾਂ ਦਾ ਧਿਆਨ ਖਿਚਿਆ। ਤਾਂ ਵੀ ਪਹਿਲੇ ਸੰਗ੍ਰਹਿ ਨਾਲ ਹੀ ਕਹਾਣੀਕਾਰ ਵਜੋਂ ਬਣੀ ਮੇਰੀ ਪਛਾਣ ਜਿਉਂ-ਦੀ-ਤਿਉਂ ਬਣੀ ਰਹੀ। ਇਥੋਂ ਤੱਕ ਕਿ 2005 ਦਾ ਸਾਹਿਤ ਅਕਾਦਮੀ ਸਨਮਾਨ ਵੀ ਮੈਨੂੰ ਸੰਗ੍ਰਹਿ 'ਅਗਨੀ ਕਲਸ' ਲਈ ਕਹਾਣੀਕਾਰ ਵਜੋਂ ਹੀ ਮਿਲਿਆ।

ਆਮ ਕਰਕੇ ਸਾਰੀਆਂ ਸਾਹਿਤਕ ਵਿਧਾਵਾਂ ਵਿਚੋਂ ਕਹਾਣੀ ਅਤੇ ਨਾਵਲ ਨੂੰ ਇਕ ਦੂਜੀ ਦੇ ਸਭ ਤੋਂ ਵੱਧ ਨੇੜੇ ਸਮਝਿਆ ਜਾਂਦਾ ਹੈ। ਲੌਰੀ ਮੂਰ ਦਾ ਕਹਿਣਾ ਹੈ, 'ਕਹਾਣੀ ਇਸ਼ਕ ਹੈ, ਨਾਵਲ ਵਿਆਹ ਹੈ। ਕਹਾਣੀ ਤਸਵੀਰ ਹੈ, ਨਾਵਲ ਫ਼ਿਲਮ ਹੈ।' ਬਹੁਤੇ ਲੇਖਕਾਂ-ਪਾਠਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ ਇਕ ਵਿਧਾ ਵਿਚ ਲਿਖਣ ਵਾਲੇ ਲੇਖਕ ਵਾਸਤੇ ਦੂਜੀ ਵਿਧਾ ਦੇ ਵਿਹੜੇ ਦਾਖ਼ਲ ਹੋਣਾ ਕੋਈ ਮੁਸ਼ਕਿਲ ਨਹੀਂ। ਸਗੋਂ ਉਨ੍ਹਾਂ ਦਾ ਮੱਤ ਹੈ, ਅਜਿਹਾ ਹੋਣਾ ਹੀ ਚਾਹੀਦਾ ਹੈ। ਕੁਦਰਤੀ ਸੀ, ਨਾਵਲ ਲਿਖਣ ਦੀ ਸਲਾਹ ਮੈਨੂੰ ਵੀ ਦਿੱਤੀ ਜਾਂਦੀ। ਕੁਛ ਦੋਸਤ ਆਖਦੇ, 'ਨਾਵਲ ਲਿਖੇ ਬਿਨਾਂ ਗਲਪਕਾਰ ਦੀ ਗਤੀ ਨਹੀਂ।' ਮੈਂ ਇਸ ਗੱਲ ਨਾਲ ਸਹਿਮਤ ਨਹੀਂ ਸੀ। ਸੰਸਾਰ ਸਾਹਿਤ ਵਿਚ ਅਨੇਕ ਲੇਖਕਾਂ ਨੇ ਕਹਾਣੀਆਂ ਲਿਖ ਕੇ ਹੀ ਮਸ਼ਹੂਰੀ ਤੇ ਮਾਨਤਾ ਪ੍ਰਾਪਤ ਕੀਤੀ। ਕਹਾਣੀਆਂ ਲਿਖ ਕੇ ਨੋਬਲ ਇਨਾਮ ਹਾਸਲ ਕਰਨ ਵਾਲੇ ਲੇਖਕ ਵੀ ਹੋਏ ਹਨ। ਜੇ ਪੰਜਾਬੀ ਦੀ ਗੱਲ ਕਰੀਏ, ਮੈਥੋਂ ਵਡੇਰੇ ਸੁਜਾਨ ਸਿੰਘ ਤੇ ਕੁਲਵੰਤ ਸਿੰਘ ਵਿਰਕ ਅਤੇ ਮੇਰੇ ਸਮਕਾਲੀ ਮੋਹਨ ਭੰਡਾਰੀ ਤੇ ਵਰਿਆਮ ਸਿੰਘ ਸੰਧੂ ਕੇਵਲ ਕਹਾਣੀਆਂ ਲਿਖ ਕੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕਰ ਲੈਣ ਵਾਲੇ ਲੇਖਕਾਂ ਦੀਆਂ ਮਿਸਾਲਾਂ ਹਨ।

ਨਾਵਲ ਲਿਖਣ ਦੀ ਸਲਾਹ ਦੇਣ ਵਾਲੇ ਦੋਸਤ ਦਿਲਚਸਪ ਦਲੀਲਾਂ ਦਿੰਦੇ। ਮੇਰਾ ਇਕ ਮਿੱਤਰ ਕਹਾਣੀਆਂ ਲਿਖਦਾ-ਲਿਖਦਾ ਨਾਵਲ ਲਿਖਣ ਲੱਗ ਗਿਆ। ਉਹਨੇ ਕਹਾਣੀਆਂ ਵਾਂਗ ਹੀ ਵੱਡੀ ਗਿਣਤੀ ਵਿਚ ਨਾਵਲ ਲਿਖੇ। ਉਹ ਆਖਦਾ, 'ਕਹਾਣੀ ਨਾਲੋਂ ਵਡ-ਆਕਾਰੀ ਹੋਣ ਕਰਕੇ ਨਾਵਲ ਪਾਠਕ ਉੱਤੇ ਵੱਧ ਪ੍ਰਭਾਵ ਪਾਉਂਦਾ ਹੈ। ਤੂੰ ਹੁਣ ਨਾਵਲ ਲਿਖ। ਐਵੇਂ ਓਹਲਾ ਹੀ ਹੁੰਦਾ ਹੈ, ਤੂੰ ਝਿਜਕ ਨਾ। ਨਾਵਲ ਨੂੰ ਮਨਚਾਹੇ ਆਕਾਰ ਦਾ ਬਣਾਉਣ ਲਈ ਜੋ ਮਰਜ਼ੀ ਲਿਖੀਂ ਜਾਓ!' ਮੈਂ ਹੈਰਾਨ ਹੁੰਦਾ, ਜੋ ਮਰਜ਼ੀ ਲਿਖੀਂ ਜਾਓ? ਮੈਂ ਸੋਚਦਾ, ਨਾਵਲ ਬਾਰੇ ਇਹ ਕੇਹੀ ਸੋਚ ਹੈ! ਕੁਛ ਸੱਜਨ ਇਸ ਵਿਚਾਰ ਦੇ ਵੀ ਸਨ ਕਿ ਸਾਧਾਰਨ ਜਿਹੇ ਆਕਾਰ ਦਾ ਨਾਵਲ ਤਾਂ ਕਿਸੇ ਸੰਘਣੀ ਕਹਾਣੀ ਵਿਚ ਪਾਣੀ ਪਾ ਕੇ ਹੀ ਬਣਾਇਆ ਜਾ ਸਕਦਾ ਹੈ! ਮੈਨੂੰ ਇਹ ਸਿੱਖਿਆ ਵੀ ਪੋਂਹਦੀ ਨਾ।

ਇਕ ਹੋਰ ਗੱਲ ਵੀ ਧਿਆਨ ਦੇਣ ਵਾਲੀ ਹੈ। ਪੰਜਾਬ ਅਤੇ ਪੰਜਾਬੀ ਵਿਚ ਨਾਵਲੀ ਪ੍ਰੰਪਰਾ ਬੜੀ ਪੁਰਾਣੀ ਹੈ। ਜਿਸ ਨੂੰ ਅਸੀਂ ਹੁਣ ਨਾਵਲ ਕਹਿੰਦੇ ਹਾਂ, ਉਸ ਕਿਸਮ ਦੀ ਕਥਾਈ ਬਣਤਰ-ਬੁਣਤਰ ਨਾਲ ਕੀਤੀ ਗਈ ਸੰਸਾਰ ਦੀ ਪਹਿਲੀ ਮਹਾਨ ਮਿਥਿਹਾਸਕ ਗਲਪ ਰਚਨਾ 'ਮਹਾਂਭਾਰਤ' ਹੈ। ਇਹ ਪੰਜਾਬ ਦੀ ਧਰਤੀ ਉੱਤੇ ਉਸ ਸਮੇਂ ਦੇ ਪੰਜਾਬ ਦੀ ਬੋਲੀ ਵਿਚ ਹੀ ਲਿਖੀ ਗਈ ਸੀ। ਉਸ ਸਮੇਂ ਲੰਮੀਆਂ ਰਚਨਾਵਾਂ ਦੇ ਉਤਾਰੇ ਕਰਨਾ ਅਸੰਭਵ ਵਰਗਾ ਔਖਾ ਸੀ। ਇਸ ਕਰਕੇ ਰਚਨਾ ਸੁਣ ਕੇ ਕੰਠ ਕਰਨ ਦੀ ਪ੍ਰੰਪਰਾ ਪ੍ਰਚਲਿਤ ਸੀ। ਇਸ ਨੂੰ ਨਿਭਾਉਣਾ ਕਵਿਤਾ ਵਿਚ ਹੀ ਸੰਭਵ ਸੀ, ਵਾਰਤਿਕ ਜ਼ਬਾਨੀ ਯਾਦ ਨਹੀਂ ਹੋ ਸਕਦੀ। ਇਸ ਕਰਕੇ ਭਾਵੇਂ ਵਿਆਸ ਰਿਸ਼ੀ ਨੇ ਇਹਦਾ ਸੰਪੂਰਨ ਪਾਠ ਇਕ ਲੱਖ ਕਾਵਿ-ਸ਼ਲੋਕਾਂ ਵਿਚ ਰਚਿਆ, ਤਾਂ ਵੀ ਕਵਿਤਾ ਦੀ ਪੁਸ਼ਾਕ ਵਿਚ ਪਿੰਡਾ ਕਥਾ ਦਾ, ਨਾਵਲ ਦਾ ਹੀ ਹੈ। ਜਦੋਂ ਮੈਂ ਇਹਨੂੰ ਸੀਰੀਅਲ ਦੇ ਰੂਪ ਵਿਚ ਦੇਖਿਆ, ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਰਚਨਾਕਾਰ ਨੇ ਅਣਗਿਣਤ ਪਾਤਰਾਂ ਤੇ ਅਣਗਿਣਤ ਘਟਨਾਵਾਂ ਉੱਤੇ ਆਧਾਰਿਤ ਅਤੇ ਅਨੇਕ ਉਪ-ਕਥਾਵਾਂ ਨੂੰ ਬੁੱਕਲ ਵਿਚ ਲੈਣ ਵਾਲੀ ਕਥਾ ਨੂੰ ਕਿਸ ਕਮਾਲ ਨਿਪੁੰਨਤਾ ਨਾਲ ਸਿਰਜਿਆ ਤੇ ਗੁੰਦਿਆ ਸੀ। ਪੰਜਾਬੀ ਦੀ ਨਾਵਲ ਵਿਧਾ ਲਈ ਪੰਜ ਹਜ਼ਾਰ ਸਾਲ ਪਹਿਲਾਂ ਅਜਿਹੇ ਨਰੋਏ ਆਧਾਰ ਦੀ ਹੋਂਦ ਦਾ ਮਹੱਤਵ ਸਵੈ-ਸਪੱਸ਼ਟ ਹੈ, ਪਰ ਜੇ ਅਸੀਂ ਇਸ ਮਹੱਤਵ ਨੂੰ ਪਛਾਣ ਤੇ ਸਮਝ ਲਈਏ।

ਜੇ ਮਹਾਂਭਾਰਤ ਕਾਲ ਤੋਂ ਲੰਮੀ ਛਾਲ ਮਾਰ ਕੇ ਆਧੁਨਿਕ ਕਾਲ ਨਾਲ ਕੰਨੀਆਂ ਮੇਲਦੇ ਮੱਧਕਾਲ ਵਿਚ ਆ ਜਾਈਏ, ਕਿੱਸੇ ਲੰਮੇ ਸਮੇਂ ਤੱਕ ਪੰਜਾਬੀ ਸਾਹਿਤ ਦੇ ਸਰਦਾਰ ਰਹੇ। ਕਿੱਸੇ ਮੋਟੇ ਤੌਰ ਉੱਤੇ ਦੋ ਕੋਟੀਆਂ ਵਿਚ ਵੰਡੇ ਜਾ ਸਕਦੇ ਹਨ। ਇਕ ਸਦਾਚਾਰਕ ਸਿੱਖਿਆ ਦੇਣ ਵਾਲੇ, ਜਿਵੇਂ ਸਾਧੂ ਦਯਾ ਸਿੰਘ ਦਾ 'ਜ਼ਿੰਦਗੀ ਬਿਲਾਸ' ਅਤੇ ਦੂਜੇ ਕਥਾ-ਆਧਾਰਿਤ, ਜਿਨ੍ਹਾਂ ਦੀ ਸਿਖਰੀ ਮਿਸਾਲ 'ਹੀਰ' ਹੈ। ਵਾਰਿਸ ਸ਼ਾਹ ਨੇ ਬੈਂਤਾਂ ਵਿਚ 'ਹੀਰ' ਦਾ ਨਾਵਲ ਹੀ ਤਾਂ ਲਿਖਿਆ ਹੈ। ਉਹੋ ਪੀੜ੍ਹੀਆਂ ਤੇ ਉਮਰਾਂ ਨੂੰ ਕਲਾਵੇ ਵਿਚ ਲੈਣ ਵਾਲੀ ਕਥਾ, ਉਸ ਕਥਾ ਦੇ ਕਈ ਵਿੰਗ-ਵਲੇਵੇਂ ਤੇ ਉਤਾਰ-ਚੜ੍ਹਾਅ, ਉਹੋ ਨਾਇਕ-ਨਾਇਕਾ, ਖਲਨਾਇਕ ਤੇ ਅਨੇਕ ਛੋਟੇ-ਵੱਡੇ ਹੋਰ ਪਾਤਰ, ਉਹੋ ਦੁਖ-ਸੁਖ ਤੇ ਉਹੋ ਮੇਲ-ਵਿਛੋੜਾ ਅਤੇ ਉਹੋ ਦਿਲਚਸਪ ਸ਼ੁਰੂਆਤ ਤੇ ਸਮੁੱਚੀ ਕਹਾਣੀ ਨੂੰ ਸਮੇਟਵਾਂ ਅੰਤ! ਇਕ ਪੁਲਾਂਘ ਹੋਰ ਪੁੱਟ ਕੇ ਆਧੁਨਿਕ ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਇਕੱਲੇ ਨਾਨਕ ਸਿੰਘ ਦਾ ਸੰਸਥਾਈ ਕਾਰਜ ਸਾਡੇ ਨਾਵਲ ਲਈ ਮਜ਼ਬੂਤ ਬੁਨਿਆਦ ਬਣਿਆ। ਇਹ ਸੀ ਉਹ ਨਰੋਆ ਤੇ ਅਡੋਲ ਧਰਾਤਲ ਜੋ ਮੈਨੂੰ ਨਾਵਲ ਦੇ ਵਿਹੜੇ ਵਿਚ ਪੈਰ ਰੱਖਣ ਲੱਗਿਆਂ ਹਾਸਲ ਸੀ।

ਇਥੇ ਨਾਵਲ ਦੇ ਨਾਂ ਦੀ ਗੱਲ ਵੀ ਕਰ ਲਵਾਂ। ਮੈਂ ਰਚਨਾ ਦੇ ਨਾਂ ਨੂੰ ਬਹੁਤ ਅਹਿਮ ਸਮਝਦਾ ਹਾਂ। ਦੋ-ਚਾਰ ਸ਼ਬਦਾਂ ਦਾ ਹੋਣ ਦੇ ਬਾਵਜੂਦ ਉਹ ਪਾਠਕ ਦਾ ਧਿਆਨ ਖਿੱਚਣ ਦੇ ਸਮਰੱਥ ਹੋਣਾ ਚਾਹੀਦਾ ਹੈ। ਉਹ ਸੱਦਾ ਦੇਵੇ, 'ਆ, ਐਹ ਰਚਨਾ ਪੜ੍ਹ ਕੇ ਤਾਂ ਦੇਖ!' ਭਗਤ ਰਵੀਦਾਸ ਜੀ ਦੀ ਬਾਣੀ ਦੀ ਸਤਰ 'ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮੁ ਤੁਮਹਾਰੇ ਲੇਖੇ' ਉਨ੍ਹਾਂ ਕਾਵਿ-ਸਤਰਾਂ ਵਿਚੋਂ ਹੈ, ਜਿਹੜੀਆਂ ਅਕਸਰ ਮੇਰੀ ਜ਼ਬਾਨ ਉੱਤੇ ਆ ਜਾਂਦੀਆਂ ਹਨ ਅਤੇ ਆਪਣੀ ਕਾਵਿਕ ਬੁਲੰਦੀ ਸਦਕਾ, ਭਾਵਨਾਤਮਕ ਤੇ ਭਾਵੁਕ ਗਹਿਰਾਈ ਸਦਕਾ ਮੁਗਧ ਕਰ ਦਿੰਦੀਆਂ ਹਨ। ਕਈ ਵਾਰ ਸੋਚਦਾ ਹਾਂ, ਇਹ ਸਤਰ ਲਿਖਣ ਸਮੇਂ ਭਗਤ ਜੀ ਦੇ ਮਨ ਵਿਚ ਮਾਧੋ ਦਾ ਸਰੂਪ ਕਿਹੋ ਜਿਹਾ ਹੋਵੇਗਾ? ਤੇ ਅਸਚਰਜ ਹੁੰਦਾ ਹੈ, ਉਸ ਪਲ ਉਨ੍ਹਾਂ ਨੇ ਆਪਣੀ ਕਈ ਜਨਮਾਂ ਵਿਚ ਫ਼ੈਲੀ ਹੋਈ ਸਗਲੀ ਹੋਂਦ ਕਿਵੇਂ ਇਕੋ ਸਮਰਪਨ-ਬਿੰਦੂ ਉੱਤੇ ਇਕਾਗਰ ਕਰ ਲਈ ਹੋਵੇਗੀ! ਪਰ ਮਾਧੋ ਦਾ ਸਰੂਪ ਕੁਛ ਵੀ ਹੋਵੇ, ਇਹ ਸਤਰ ਕੋਈ ਉਹ ਹੀ ਲਿਖ ਸਕਦਾ ਹੈ ਜਿਸ ਨੇ ਸਭ ਹੱਦਾਂ-ਬੇਹੱਦਾਂ ਤੋਂ ਪਾਰ ਪ੍ਰੇਮ ਦੀ ਧੁਰ-ਕੀ ਹੱਦ ਨੂੰ ਛੂਹ ਲਿਆ ਹੋਵੇ ਅਤੇ ਆਪਣੇ ਮਾਧੋ ਨੂੰ ਹਾਸਲ ਕਰ ਕੇ ਹੁਣ ਉਸ ਵਿਚ ਲੀਨ ਹੋਣ ਦੀ ਸੁਭਾਗੀ ਘੜੀ ਨੂੰ ਪਾ ਲਿਆ ਹੋਵੇ! ਭਗਤ ਜੀ ਆਪਣੇ ਮਾਧੋ ਦੇ ਸਨਮੁੱਖ ਹੋ ਕੇ ਜਨਮ ਲੇਖੇ ਲਾਉਣ ਦੀ ਗੱਲ ਕਰਨ ਸਮੇਂ ਪੂਰੇ ਹੰਮੇ ਨਾਲ ਇਹ ਦਾਅਵਾ ਵੀ ਕਰਦੇ ਹਨ: 'ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ!' ਹੁਣ ਮੈਂ ਨਾਵਲਕਾਰ ਵਜੋਂ ਅਜਿਹਾ/ਅਜਿਹੇ ਪਾਤਰ ਸਿਰਜਣ ਦੀ ਵੰਗਾਰ ਦੇ ਹਾਣ ਦਾ ਹੋਣ ਲਈ ਵਾਹ ਲਾਉਣੀ ਸੀ!

ਮੈਨੂੰ ਸਮਕਾਲੀ ਨਾਵਲ ਇਹ ਗਿਆਨ ਦਿੰਦਾ ਸੀ ਕਿ ਨਾਵਲ ਵਿਚ ਇਕ ਨਾਰੀ ਨਾਇਕਾ ਹੁੰਦੀ ਹੈ, ਇਕ ਪੁਰਸ਼ ਨਾਇਕ ਹੁੰਦਾ ਹੈ ਅਤੇ ਮੁੱਖ ਤੌਰ ਉੱਤੇ ਉਨ੍ਹਾਂ ਦੀ ਹੀ ਕਥਾ ਨੂੰ ਅੱਗੇ ਤੋਰਨ ਵਿਚ ਸਹਾਈ ਰਹਿਣ ਵਾਲੇ ਕਈ ਛੋਟੇ-ਵੱਡੇ ਪਾਤਰ ਹੋਰ ਹੁੰਦੇ ਹਨ। ਪਰ ਮੇਰੇ ਸਾਹਮਣੇ ਸਮੱਸਿਆ ਇਹ ਸੀ ਕਿ ਮੇਰੇ ਨਾਵਲ ਦੀ ਜੋ ਨੁਹਾਰ ਮਨ ਵਿਚ ਬਣ ਰਹੀ ਸੀ, ਉਸ ਵਿਚ ਆਮ ਨਾਵਲਾਂ ਵਾਂਗ ਨਾ ਨਾਇਕਾ ਨਾਰੀ ਸੀ ਤੇ ਨਾ ਨਾਇਕ ਪੁਰਸ਼ ਸੀ। ਇਥੇ ਨਾਇਕਾ ਕਿਸੇ ਨਾਰੀ ਦੀ ਥਾਂ ਨਾਰੀ-ਸੋਚ ਹੈ ਜਿਸ ਦੀ ਧੁਰੀ ਮਨਚਾਹਿਆ ਆਜ਼ਾਦ ਜੀਵਨ ਜਿਉਣ ਦੀ ਕਲਪਨਾ, ਕਾਮਨਾ ਤੇ ਕੋਸ਼ਿਸ਼ ਹੈ; ਨਾਇਕ ਕਿਸੇ ਪੁਰਸ਼ ਦੀ ਥਾਂ ਸਮਾਜ ਹੈ। ਤੇ ਸਮਾਜ ਦੇ ਇਕ ਹੱਥ ਵਿਚ ਮਨੁੱਖ ਨੂੰ ਜੰਗਲ ਤੋਂ ਸਭਿਅਕ ਜੀਵਨ ਤੱਕ ਲਿਆਉਣ ਦਾ ਉਪਕਾਰ ਕਰਨ ਵਾਲੀ ਨੇਮਾਂ ਦੀ ਪੱਟ-ਕੂਲ਼ੀ ਡੋਰ ਹੈ ਅਤੇ ਦੂਜੇ ਹੱਥ ਵਿਚ ਸਮਾਜਕ ਨੇਮਾਂ ਦੀਆਂ ਸੀਮਾਵਾਂ ਉਲੰਘਣ ਵਾਲੇ ਅਮੋੜ ਮਨੁੱਖ ਨੂੰ ਕਾਬੂ ਵਿਚ ਰੱਖਣ ਵਾਸਤੇ ਬੰਨ੍ਹਣਾਂ-ਵਰਜਨਾਂ ਦੀ ਮੁੰਜ ਦੀ ਰੱਸੀ ਹੈ।

ਅੱਜ ਦੇ ਵਿਦਿਅਤ, ਵਿਕਸਿਤ ਤੇ ਵਿਗਿਆਨਕ ਸੋਝੀ ਵਾਲੇ ਸਮਾਜ ਵਿਚ ਆਪਣੀ ਦੇਹ ਉੱਤੇ ਨਾਰੀ ਦੇ ਅਧਿਕਾਰ ਤੋਂ ਇਨਕਾਰ ਮੁਸ਼ਕਿਲ ਅਤੇ ਤਰਕਹੀਣ ਹੈ। ਪਰ ਇਹ ਵੀ ਅਕੱਟ ਸੱਚ ਹੈ ਕਿ ਹਰ ਅਧਿਕਾਰ ਆਪਣੇ ਨਾਲ ਲਾਜ਼ਮ ਫ਼ਰਜ਼ ਤੇ ਜ਼ਿੰਮੇਦਾਰੀ ਲੈ ਕੇ ਆਉਂਦਾ ਹੈ। ਪਰਮਪੂਰਨ ਅਧਿਕਾਰ ਤੇ ਪਰਮਪੂਰਨ ਆਜ਼ਾਦੀ ਜਿਹੇ ਵਿਚਾਰ ਬੇਮਾਅਨੀ ਹਨ। ਸਮਾਜਕ ਨੇਮਾਂ ਨੂੰ ਇਕ-ਵਾਢਿਓਂ ਨਕਾਰਨਾ ਸੰਭਵ ਨਹੀਂ। ਸਮਾਜਕ ਨੇਮ ਹੀ ਮਨੁੱਖ ਨੂੰ ਜੰਗਲ ਤੋਂ ਸਭਿਅਤਾ ਤੱਕ ਲੈ ਕੇ ਆਏ ਹਨ। ਲੋੜ ਦੋਵਾਂ ਵਿਚਕਾਰ ਸੰਤੁਲਨ ਦੀ ਹੈ। ਸਮਾਜ ਸਮਕਾਲੀ ਹਾਲਾਤ ਅਨੁਸਾਰ ਆਪਣੀਆਂ ਹੱਦਾਂ ਨੂੰ ਕੂਹਣੀਆਂ ਮਾਰ ਕੇ, ਧੱਕ-ਧਕਾ ਕੇ ਕੁਛ ਮੋਕਲੀਆਂ ਕਰਨ ਦੀ ਸੰਭਾਵਨਾ ਤਾਂ ਦਿੰਦਾ ਹੈ ਪਰ ਉਨ੍ਹਾਂ ਵਿਚ ਮਘੋਰਾ ਕਰਨ ਦੀ ਆਗਿਆ ਨਹੀਂ ਦਿੰਦਾ। ਇਹੋ ਮੇਰੇ ਨਾਵਲ ਦਾ ਸਰੋਕਾਰ ਹੈ।

ਕਿਸੇ ਨਾਵਲਕਾਰ ਦਾ ਜੀਵਨ ਦੀ ਫੋਟੋਗ੍ਰਾਫੀ ਤੱਕ ਰਹਿਣਾ ਵੱਡੀ ਕਮਜ਼ੋਰੀ ਹੁੰਦਾ ਹੈ। ਉਹਦੇ ਵਾਸਤੇ ਐਕਸਰੇ ਵਰਗੀ ਨਜ਼ਰ ਨਾਲ ਮਨੁੱਖ ਦੇ ਅੰਦਰ ਝਾਤ ਪਾਉਣਾ ਜ਼ਰੂਰੀ ਹੈ। ਸਮਕਾਲ ਨਾਵਲਕਾਰ ਤੋਂ ਤਨ ਦੇ ਪਾਰ ਜਾ ਕੇ ਮਨ ਦੀ ਵਿਥਿਆ ਦੇ ਵਰਨਣ ਦੀ ਮੰਗ ਕਰਦਾ ਹੈ, ਤਨ ਦੀ ਪਰਕਰਮਾ ਕਰਦੇ ਰਹਿਣ ਦੀ ਨਹੀਂ। ਘਟਨਾਵਾਂ ਦੇ ਦ੍ਰਿਸ਼ ਪੇਸ਼ ਕਰਨ ਦੀ ਸੀਮਾ ਤੋਂ ਅੱਗੇ ਲੰਘ ਕੇ ਉਨ੍ਹਾਂ ਦੇ ਕਾਰਨਾਂ ਵਿਚ ਜਾਣ ਸਮੇਂ ਉਹਦੀ ਕਲਮ ਦੇ ਕਦਮ ਰੁਕ ਨਹੀਂ ਜਾਣੇ ਚਾਹੀਦੇ। ਇਸੇ ਕਰਕੇ ਮੈਂ ਪਾਤਰਾਂ ਦੇ ਤਨ ਤੋਂ ਪਾਰ ਲੰਘ ਕੇ ਮਨ ਵਿਚ ਝਾਕਣ ਦਾ ਜਤਨ ਕਰਨਾ ਸੀ। ਮਨ ਵਿਚਲੀ ਯਾਦਾਂ ਦੀ ਬਾਰਾਂਮਾਸੀ ਖੇਤੀ ਨਾਵਲ ਦੇ ਪਾਤਰਾਂ ਦੇ ਨੈਣ-ਨਕਸ਼ ਤੇ ਸੁਭਾਅ ਨਿਖਾਰਨ ਵਿਚ ਵੀ ਕੰਮ ਆਉਂਦੀ ਹੈ ਅਤੇ ਘਟਨਾਵਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਵੀ। ਗਲਪਕਾਰ ਨੂੰ ਇਹ ਬੜੀ ਵੱਡੀ ਸੌਖ-ਸਹੂਲਤ ਰਹਿੰਦੀ ਹੈ ਕਿ ਕਿਸੇ ਪਾਤਰ ਦੀ ਸਖ਼ਸ਼ੀਅਤ ਨੂੰ ਉਭਾਰਨ-ਨਿਖਾਰਨ ਵਾਸਤੇ ਦੇਖੇ-ਸੁਣੇ ਹੋਰ ਵਿਅਕਤੀਆਂ ਦੇ ਗੁਣਾਂ-ਔਗੁਣਾਂ ਦੀ ਮਿੱਸ ਪਾ ਲਵੇ। ਇਉਂ ਹੀ ਕਿਸੇ ਘਟਨਾ ਵਿਚ ਹੋਰ ਘਟਨਾ/ ਘਟਨਾਵਾਂ ਦਾ ਰਲ਼ਾ ਪਾ ਕੇ ਉਹਨੂੰ ਮਨ-ਚਾਹਿਆ ਰੂਪ ਦਿੱਤਾ ਜਾ ਸਕਦਾ ਹੈ।

ਅਨੇਕ ਨਾਟਕਕਾਰਾਂ ਬਾਰੇ ਗੱਲ ਮਸ਼ਹੂਰ ਹੈ ਕਿ ਉਹ ਨਾਟਕ ਨੂੰ ਛਾਪਣ ਤੋਂ ਪਹਿਲਾਂ ਵੱਧ ਤੋਂ ਵੱਧ ਵਾਰ ਮੰਚ ਉੱਤੇ ਪੇਸ਼ ਕਰਦੇ ਸਨ ਅਤੇ ਪਾਤਰਾਂ ਨੂੰ ਖੁੱਲ੍ਹ ਦਿੰਦੇ, ਸਗੋਂ ਪ੍ਰੇਰਦੇ ਸਨ ਕਿ ਉਹ ਕਥਾ ਦੇ ਪ੍ਰਸੰਗ ਨੂੰ ਚੇਤੇ ਰਖਦਿਆਂ ਵਾਰਤਾਲਾਪ ਵਿਚ ਆਪਮੁਹਾਰੇ, ਸਹਿਜ-ਸੁਭਾਵਿਕ ਸੁੱਝਣ ਵਾਲੇ ਘਾਟੇ-ਵਾਧੇ ਕਰਦੇ ਰਹਿਣ। ਫੇਰ ਉਹ ਲਿਖਤੀ ਰੂਪ ਵਿਚ ਇਨ੍ਹਾਂ ਅਨੁਸਾਰ ਤਬਦੀਲੀਆਂ ਕਰ ਲੈਂਦੇ ਸਨ। ਕੁਛ ਪਾਤਰਾਂ ਨਾਲ ਮੈਨੂੰ ਵੀ ਅਜਿਹਾ ਹੀ ਅਨੁਭਵ ਹੋਇਆ। ਜਿਉਂ ਜਿਉਂ ਨਾਵਲ ਅੱਗੇ ਤੁਰਦਾ ਗਿਆ, ਉਨ੍ਹਾਂ ਦੀਆਂ ਸਖ਼ਸ਼ੀਅਤਾਂ ਮੇਰੇ ਸੋਚੇ-ਕਲਪੇ ਨਾਲੋਂ ਕੁਛ ਫ਼ਰਕ ਪਾਉਣ ਲੱਗੀਆਂ ਤੇ ਇਹ ਫ਼ਰਕ ਕਥਾ ਲਈ ਸੁਖਾਵਾਂ ਸੀ। ਮੈਂ ਉਨ੍ਹਾਂ ਦਾ ਇਹ ਸਹਿਜ-ਵਿਕਾਸ ਹੋਣ ਦਿੱਤਾ।

ਰਚਨਾ ਕਰਦਿਆਂ ਮੈਨੂੰ ਕੋਈ ਸ਼ਬਦ ਸੋਚਣ-ਲੱਭਣ ਵਾਸਤੇ ਰੁਕਣਾ ਨਹੀਂ ਪਿਆ। ਸਾਗਰ ਦੀਆਂ ਲਹਿਰਾਂ ਵਾਂਗ ਸ਼ਬਦ, ਇਕ ਪਿਛੇ ਦੂਜਾ, ਨਿਰੰਤਰ ਆਉਂਦੇ ਰਹਿੰਦੇ ਹਨ। ਸਮਰਸੈਟ ਮਾਅਮ ਲੇਖਕ ਤੇ ਭਾਸ਼ਾ ਦੇ ਰਿਸ਼ਤੇ ਬਾਰੇ ਇਕ ਬੜੀ ਵਧੀਆ ਗੱਲ ਆਖਦਾ ਹੈ, 'ਜਿਹੜੇ ਸ਼ਬਦ ਮੈਂ ਕਹਾਣੀਆਂ ਵਿਚ ਵਰਤਦਾ ਹਾਂ, ਉਹ ਸਾਰੇ ਦੇ ਸਾਰੇ ਡਿਕਸ਼ਨਰੀਆਂ ਵਿਚ ਪਏ ਹਨ। ਗੱਲ ਤਾਂ ਉਨ੍ਹਾਂ ਨੂੰ ਸਹੀ ਫ਼ਿਕਰਿਆਂ ਵਿਚ ਪ੍ਰੋਣ ਦੀ ਹੈ!' ਉਹ ਲੇਖਕ ਨੂੰ ਇਹ ਸਿੱਖਿਆ ਵੀ ਦਿੰਦਾ ਹੈ, 'ਜੇ ਤੁਸੀਂ ਕਹਾਣੀਆਂ ਸੁਣਾ ਸਕਦੇ ਹੋ, ਪਾਤਰ ਸਿਰਜ ਸਕਦੇ ਹੋ, ਘਟਨਾਵਾਂ ਚਿਤਵ ਸਕਦੇ ਹੋ ਅਤੇ ਤੁਹਾਡੇ ਵਿਚ ਸੁਹਿਰਦਤਾ ਤੇ ਜਜ਼ਬਾ ਹੈ, ਇਸ ਗੱਲ ਦੀ ਕੱਖ ਪਰਵਾਹ ਨਾ ਕਰੋ ਕਿ ਤੁਸੀਂ ਕਿਵੇਂ ਲਿਖਦੇ ਹੋ!' ਉਹ ਨਾਵਲ ਲਿਖਣ ਦੇ ਨੇਮ ਦੱਸਣ ਤੇ ਸੁਣਨ ਵਾਲਿਆਂ ਦਾ ਵੀ ਮਖੌਲ ਉਡਾਉਂਦਾ ਹੈ, 'ਨਾਵਲ ਲਿਖਣ ਦੇ ਤਿੰਨ ਨੇਮ ਹਨ ਪਰ ਬਦਕਿਸਮਤੀ ਨੂੰ ਇਹ ਕੋਈ ਨਹੀਂ ਜਾਣਦਾ ਕਿ ਉਹ ਕੀ ਹਨ!' ਸਬੱਬ ਨਾਲ ਕਹਾਣੀ ਲਿਖਣ ਦੇ ਸੰਬੰਧ ਵਿਚ ਨੇਮਾਂ ਦੀਆਂ ਗੱਲਾਂ ਕਰਨ ਵਾਲਿਆਂ ਦਾ ਅਜਿਹਾ ਹੀ ਮਖੌਲ ਕਹਾਣੀ-ਕਲਾ ਦੇ ਇਕ ਪਿਤਾਮਾ, ਓ. ਹੈਨਰੀ ਨੇ ਉਡਾਇਆ ਹੈ, 'ਮੈਂ ਤੁਹਾਨੂੰ ਕਹਾਣੀ ਲਿਖਣ ਦਾ ਪੂਰਾ ਭੇਤ ਦਸਦਾ ਹਾਂ। ਪਹਿਲਾ ਨੇਮ ਤਾਂ ਇਹ ਹੈ ਕਿ ਉਹ ਕਹਾਣੀਆਂ ਲਿਖੋ ਜੋ ਤੁਹਾਨੂੰ ਆਨੰਦ ਦੇਣ। ਦੂਜਾ ਨੇਮ ਹੈ...ਦੂਜਾ ਨੇਮ ਹੈ...ਦੂਜਾ ਨੇਮ ਤਾਂ ਕੋਈ ਹੈ ਹੀ ਨਹੀਂ!'

ਗਰਾਹਮ ਗਰੀਨ ਰਚਨਾ ਦੇ ਵਿਕਾਸ ਦੇ ਨਾਲ-ਨਾਲ ਹੁੰਦੇ ਲੇਖਕ ਦੇ ਵਿਕਾਸ ਦੀ ਗੱਲ ਕਰਦਾ ਹੈ, 'ਨਾਵਲ ਲਿਖਦਿਆਂ ਅੰਤ ਉੱਤੇ ਲੇਖਕ ਉਹ ਨਹੀਂ ਰਹਿੰਦਾ ਜੋ ਸ਼ੁਰੂ ਸਮੇਂ ਹੁੰਦਾ ਹੈ। ਗੱਲ ਏਨੀ ਹੀ ਨਹੀਂ ਹੁੰਦੀ ਕਿ ਉਹਦੇ ਪਾਤਰ ਵਿਕਾਸ ਕਰਦੇ ਹਨ, ਗੱਲ ਇਹ ਵੀ ਹੈ ਕਿ ਉਨ੍ਹਾਂ ਦੇ ਨਾਲ-ਨਾਲ ਉਹਦਾ ਆਪਣਾ ਵੀ ਵਿਕਾਸ ਹੁੰਦਾ ਹੈ।' ਭਾਵੇਂ ਘਿਓ ਦੇ ਘੜੇ ਮੁਧਦੇ ਰਹੇ, ਮੈਂ ਲੈਪਟਾਪ ਦੀ ਤਾਬਿਆ ਹੀ ਬੈਠਾ ਰਿਹਾ। ਨਾ ਮੈਨੂੰ ਕੋਈ ਹਿਲਾਉਂਦਾ ਤੇ ਨਾ ਮੈਂ ਹਿਲਦਾ। ਦੋ ਕੁ ਵਾਰ ਅਜਿਹਾ ਵੀ ਹੋਇਆ ਕਿ ਸ਼ਾਮ ਨੂੰ ਅਲਪ-ਆਹਾਰ ਕਰ ਕੇ ਲਿਖਣ ਬੈਠਾ ਤੇ ਜਦੋਂ ਸਮੇਂ ਵੱਲ ਦੇਖਿਆ, ਸਵੇਰ ਦੇ ਤਿੰਨ ਹੋਏ ਪਏ ਸਨ। ਲਿਖਣ ਬੈਠਦਾ ਤਾਂ ਦਿਲ ਕਰਦਾ, ਇਸ ਘਟਨਾ ਨੂੰ ਐਥੇ ਜਾਂ ਉਸ ਪਾਤਰ ਨੂੰ ਔਥੇ ਤਾਂ ਹੁਣ ਪਹੁੰਚਾ ਹੀ ਦੇਵਾਂ! ਨਾਵਲ ਦੀ ਅੰਤਲੀ ਸਤਰ ਲਿਖ ਕੇ ਸਮਾਪਤੀ ਕੀਤੀ ਤਾਂ ਸੰਤੁਸ਼ਟੀ ਦਾ ਲੰਮਾ ਸਾਹ ਆਇਆ। ਮੇਰਾ ਨਾਵਲ ਲਿਖਿਆ ਜਾ ਚੁਕਿਆ ਸੀ।

ਮੇਰਾ ਸ਼ੁਰੂ ਤੋਂ ਮੱਤ ਰਿਹਾ ਹੈ ਕਿ ਨਵੀਂ ਰਚਨਾ ਛਪਵਾਉਣ ਤੋਂ ਪਹਿਲਾਂ ਕੁਛ ਨੇੜਲਿਆਂ ਨੂੰ ਪੜ੍ਹਾ ਲੈਣੀ ਚਾਹੀਦੀ ਹੈ। ਇਉਂ ਜਿਹੜੀ ਕੋਈ ਨਘੋਚ ਪਾਠਕ ਨੇ ਛਪੇ ਹੋਏ ਰੂਪ ਵਿਚ ਕੱਢਣੀ ਹੁੰਦੀ ਹੈ, ਉਹ ਪਹਿਲਾਂ ਹੀ ਨਿਕਲ ਜਾਂਦੀ ਹੈ। ਮੇਰੇ ਇਨ੍ਹਾਂ ਨੇੜਲਿਆਂ ਦੇ ਸੁਝਾਵਾਂ ਤੋਂ ਬਿਨਾਂ ਮੇਰਾ ਨਾਵਲ ਉਹ ਨਹੀਂ ਸੀ ਹੋਣਾ ਜੋ ਹੁਣ ਹੈ। ਖਰੜਾ ਪ੍ਰਕਾਸ਼ਕ ਕੋਲ ਗਿਆ, ਪਰੂਫ਼ ਆਉਣ-ਜਾਣ ਲੱਗੇ ਅਤੇ ਅੰਤ ਨੂੰ ਮੈਂ 25 ਨਵੰਬਰ 2014 ਨੂੰ 'ਛਾਪ ਲਵੋ' ਲਿਖ ਕੇ ਅੰਤਲੇ ਪਰੂਫ਼ ਭੇਜ ਦਿੱਤੇ। ਛਾਪੇ ਦੀ ਮਸ਼ੀਨ ਵਿਚੋਂ ਲੰਘ ਕੇ ਮੇਰਾ ਪਲੇਠਾ ਨਾਵਲ ਪਾਠਕਾਂ ਦੇ ਹੱਥਾਂ ਵਿਚ ਪੁੱਜ ਜਾਣਾ ਸੀ!

'ਰਚਨਾ ਕਿਵੇਂ ਕੀਤੀ' ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਮੈਂ ਇਸ ਗੱਲੋਂ ਵੀ ਸਚੇਤ ਹਾਂ ਕਿ ਇਹ ਮੈਂ 'ਕਿਉਂ ਕੀਤੀ।' ਬੰਦਾ ਜਦੋਂ ਕੁਛ ਕਰਦਾ ਹੈ ਜਾਂ ਕਿਧਰੇ ਜਾਂਦਾ ਹੈ, ਜੇ ਉਹ ਮੂਰਖ਼ ਨਾ ਹੋਵੇ, ਉਹਨੂੰ ਪਤਾ ਹੁੰਦਾ ਹੈ ਕਿ ਉਹ ਕੀ ਕਰ ਰਿਹਾ ਹੈ ਜਾਂ ਕਿਧਰ ਜਾ ਰਿਹਾ ਹੈ। ਸਿਰਫ਼ ਮੂਰਖ਼ ਇਨ੍ਹਾਂ ਸਵਾਲਾਂ ਦੇ ਜਵਾਬ 'ਪਤਾ ਨਹੀਂ' ਦੇਵੇਗਾ। ਮੇਰਾ ਨਾਵਲ ਇਸਤਰੀ ਦੇ ਅਧਿਕਾਰਾਂ ਦੇ ਦਾਅਵੇ ਅਤੇ ਸਮਾਜ ਦੀ ਲਛਮਣ-ਰੇਖਾ ਵਿਚਕਾਰ ਤਣਾ-ਤਣੀ, ਜੋ ਸਮਕਾਲ ਦਾ ਇਕ ਭਖਵਾਂ ਮੁੱਦਾ ਹੈ, ਨੂੰ ਉਜਾਗਰ ਕਰਨ ਦਾ ਟੀਚਾ ਮਿਥ ਕੇ ਤੁਰਿਆ ਸੀ। ਹਾਂ, ਇਸ ਕਾਰਜ ਵਿਚ ਮੈਂ ਤੇ ਮੇਰਾ ਨਾਵਲ ਕਿੰਨੇ ਸਫਲ ਰਹੇ, ਇਹ ਅੰਗਣਾ ਤੇ ਦੱਸਣਾ ਮੇਰੇ ਅਧਿਕਾਰ-ਖੇਤਰ ਵਿਚ ਨਹੀਂ ਹੈ।

ਸਾਹਿਤ ਬਾਰੇ ਮੱਤ ਹੈ, ਸਗੋਂ ਸਾਹਿਤ ਬਾਰੇ ਹੀ ਨਹੀਂ, ਸਮੁੱਚੀ ਕਲਾ ਬਾਰੇ ਮੱਤ ਹੈ ਕਿ ਕੋਈ ਵੀ ਰਚਨਾ ਉਹਦੇ ਰਚਨਾਕਾਰ ਦੀ ਸਮਰੱਥਾ ਤੋਂ ਉੱਚੀ ਨਹੀਂ ਹੋ ਸਕਦੀ। ਹਾਂ, ਕੁਛ ਰਚਨਾਕਾਰ ਆਪਣੀ ਰਚਨਾ ਦੀ ਪਾਠਕੀ ਆਲੋਚਨਾ ਦੇ ਜਵਾਬ ਲਈ ਇਹ ਬਹਾਨਾ ਬਣਾਈ ਰਖਦੇ ਹਨ ਕਿ ਕੁਛ ਕਾਰਨਾਂ ਕਰ ਕੇ ਰਚਨਾ ਕਰਨ ਸਮੇਂ ਉਹ ਆਪਣੀ ਪੂਰੀ ਸਮਰੱਥਾ ਨਾ ਵਰਤ ਸਕੇ, ਜਿਸ ਕਰਕੇ ਰਚਨਾ ਉਨ੍ਹਾਂ ਦੀ ਸਮਰੱਥਾ ਤੋਂ ਨੀਵੀਂ ਰਹਿ ਗਈ। ਮੈਂ ਪਾਠਕਾਂ ਸਾਹਮਣੇ ਆਪਣੇ ਲਈ ਕਿਸੇ ਅਜਿਹੇ ਬਹਾਨੇ ਦੀ ਕੋਈ ਗੁੰਜਾਇਸ਼ ਨਹੀਂ ਛੱਡੀ। ਇਹ ਨਾਵਲ ਮੇਰੀ ਸਮਰੱਥਾ ਨਾਲ ਕੱਦ-ਮੇਚਵਾਂ ਹੈ। ਇਸ ਨਾਵਲ ਵਿਚ ਪਾਉਣ ਜੋਗਾ ਜੋ ਕੁਛ ਮੇਰੇ ਕੋਲ ਸੀ, ਕਥਾ, ਬੁੱਧੀ, ਜਜ਼ਬਾ, ਰਿਸ਼ਤੇ-ਨਾਤਿਆਂ ਦੀ ਖ਼ੂਬਸੂਰਤੀ ਤੇ ਬਦਸੂਰਤੀ, ਤਰਲ ਮਨੁੱਖੀ ਮਨ ਦੀ ਮੁਲਾਇਮੀ ਤੇ ਕਠੋਰਤਾ, ਅਸੀਮ ਰੀਝਾਂ ਤੇ ਊਣੀਆਂ ਅਤ੍ਰਿਪਤੀਆਂ, ਉਹ ਸਭ ਕੁਛ ਮੈਂ ਪਾ ਦਿੱਤਾ ਹੈ। ਮੇਰੀ ਸਮਰੱਥਾ ਦਾ ਅਤੇ ਇਸ ਲਈ ਮੇਰੇ ਨਾਵਲ ਦਾ ਕੱਦ ਕਿੰਨਾ ਛੋਟਾ ਜਾਂ ਵੱਡਾ ਹੈ, ਇਸ ਨਿਰਨੇ ਦਾ ਅਧਿਕਾਰ ਪਾਠਕ ਦਾ ਹੈ! ਗਿਲਬਰਟ ਚੈਸਟਰਟਨ ਨੇ ਠੀਕ ਕਿਹਾ ਹੈ,'ਚੰਗਾ ਨਾਵਲ ਮੁੱਖ-ਪਾਤਰ ਦੇ ਅੰਦਰਲੇ ਸੱਚ ਨੂੰ ਉਜਾਗਰ ਕਰਦਾ ਹੈ, ਮਾੜਾ ਨਾਵਲ ਲੇਖਕ ਦੇ ਹੀਜ-ਪਿਆਜ ਨੂੰ ਨਸ਼ਰ ਕਰਦਾ ਹੈ!'

# ਬਜ਼ੁਰਗ ਅਕਸਰ ਖਾਮੋਸ਼ ਹੋ ਜਾਂਦੇ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬੜੇ ਚਿਰ ਬਾਅਦ ਪਿੰਡ ਆਇਆ। ਗਲੀ ਵਿਚ ਦੀ ਲੰਘਦਿਆਂ ਜਾਣਕਾਰ ਬਜ਼ੁਰਗ ਬਰਾਂਡੇ 'ਚ ਬੈਠਾ ਦਿਸਿਆ। ਦੁਆ-ਸਲਾਮ ਤੋਂ ਬਾਅਦ ਹਾਲ ਪੁੱਛਿਆ ਤਾਂ ਉਸਨੇ ਸਿਰਫ ਇੰਨਾ ਹੀ ਕਿਹਾ, 'ਹਾਂ, ਠੀਕ ਹਾਂ'। ਇਸ 'ਠੀਕ ਹਾਂ' ਵਿਚਲੀ ਅਸਲੀਅਤ ਅਤੇ ਇਸਦੀਆਂ ਪਰਤਾਂ ਫਰੋਲਣ ਲਈ ਕੀ ਕਿਸੇ ਨੂੰ ਸੋਝੀ ਹੈ ਕਿ ਉਹ ਖਾਮੋਸ਼ ਕਿਉਂ? ਇਕ ਚੁੱਪ ਚੌਗਿਰਦੇ ਵਿਚ ਤਾਰੀ। ਹਾਣੀਆਂ ਦੀ ਮਹਿਫ਼ਲ ਵਿਚ ਹਾਸਾ-ਠੱਠਾ ਕਰਨ ਵਾਲਾ, ਜੀਵਨ ਦੇ ਹਰ ਮੋੜ 'ਤੇ ਜ਼ਿੰਦਾ-ਦਿਲੀ ਨਾਲ ਸਾਹਮਣਾ ਕਰਨ ਵਾਲਾ ਅਤੇ ਰੱਬ ਦੇ ਰੰਗਾਂ ਵਿਚ ਰਾਜ਼ੀ ਰਹਿਣ ਵਾਲਾ ਇਹ ਇਨਸਾਨ ਚੁੱਪ ਕਿਉਂ? ਕੀ ਕਾਰਨ ਹੈ ਇਸਦੀ ਉਦਾਸੀ ਦਾ? ਕਿਉਂ ਉਹ ਗੁੰਮ-ਸੁੰਮ ਜਿਹਾ, ਜੀਵਨ ਦੇ ਆਖਰੀ ਪਹਿਰ ਵਿਚ ਸਿਵਿਆਂ ਵੱਲ ਜਾਣ ਦੀ ਕਾਹਲ ਵਿਚ? ਉਸਦਾ ਆਰ-ਪਰਿਵਾਰ ਤਾਂ ਸੁਖੀ ਵੱਸਦਾ। ਪਰ ਉਸਦੇ ਅੰਦਰ ਵੱਸੀ ਹੋਈ ਚੁੱਪ ਨੂੰ ਕੌਣ ਬੋਲ ਦੇਵੇ? ਉਸਦੀ ਅੰਦਰਲੀ ਘੁੰਢੀ ਨੂੰ ਕੌਣ ਖੋਲ੍ਹੇ ਕਿ ਉਸਦਾ ਸੁੰਗੜਿਆ ਆਪਾ ਵੀ ਪਰ ਤੋਲੇ? ਪਰ ਬਜ਼ੁਰਗ ਤਾਂ ਕਬਰ ਮੱਲਣ ਲਈ ਤਿਆਰ ਅਤੇ ਕਿਸੇ ਜੀਅ ਨੂੰ ਖਬਰ ਨਹੀਂ ਕਿ ਉਹ ਇੰਝ ਕਿਉਂ ਹੋ ਗਿਆ? ਉਸਦੀ ਮਾਨਸਿਕ ਤਿੜਕਣ, ਉਸਦੀ ਅੰਤਰੀਵੀ ਟੁੱਟ-ਭੱਜ ਲਈ ਕੌਣ ਜ਼ਿੰਮੇਵਾਰ?

ਬਜ਼ੁਰਗ ਪਰਿਵਾਰ ਦਾ ਸਭ ਤੋਂ ਪ੍ਰਮੁੱਖ ਸਰਮਾਇਆ। ਜੇਕਰ ਔਲਾਦ ਹੀ ਇਸ ਸਰਮਾਏ ਨੂੰ ਅਣਗੌਲਿਆ ਕਰੇ, ਉਸਦੀ ਅਣਦੇਖੀ ਨੂੰ ਆਪਣਾ ਹੱਕ ਸਮਝੇ, ਉਸਦਾ ਅਦਬ ਕਰਨ ਦੀ ਬਜਾਏ ਉਸਦੀ ਹੇਠੀ ਕਰੇ ਅਤੇ ਘਰ ਵਾਲਾ ਬੇਘਰੇ ਦੀ ਜੂਨ ਹੰਢਾਵੇ ਤਾਂ ਘਰ ਵਾਲੇ ਦੇ ਨਾਲ-ਨਾਲ ਘਰ ਵੀ ਉਦਾਸ ਹੋ ਜਾਂਦਾ।

ਨਿੱਜ ਦੇ ਚੱਕਰਵਿਊ ਵਿਚ ਜਕੜੀ ਔਲਾਦ ਨੂੰ ਇਹ ਯਾਦ ਹੀ ਨਹੀਂ ਕਿ ਉਸਦੇ ਬਜ਼ੁਰਗ ਨੂੰ ਤਾਂ ਕਦੇ ਨਿੱਜ ਦਾ ਖਿਆਲ ਹੀ ਨਹੀਂ ਸੀ ਆਇਆ। ਉਸਨੇ ਆਪਣੇ ਜੀਵਨ ਦੇ ਰਾਂਗਲੇ ਦਿਨਾਂ ਨੂੰ ਵੀ ਭੁਲਾਈ ਰੱਖਿਆ ਤਾਂ ਕਿ ਉਸਦੀ ਔਲਾਦ ਚਾਨਣ ਰੰਗੇ ਵਕਤਾਂ ਨੂੰ ਮਾਣੇ। ਉਸਨੇ ਆਪਣੇ ਸੁਪਨਿਆਂ ਨੂੰ ਕਦੇ ਤਰਜੀਹ ਨਾ ਦਿਤੀ, ਕਿਉਂਕਿ ਉਸਦੀ ਪਹਿਲ ਆਪਣੇ ਲਾਡਲਿਆਂ ਦੇ ਸੁਪਨਿਆਂ ਦੀ ਤਾਮੀਰਦਾਰੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਸਦੇ ਲਾਡਲੇ ਆਪਣੇ ਸੁਪਨਸਾਜ਼ੀ ਦੇ ਮਾਰਗ ਤੋਂ ਭਟਕ ਜਾਣ।

ਉਹ ਆਪਣੇ ਬੱਚਿਆਂ ਦਾ ਪੇਟ ਪਾਲਣ ਲਈ ਫਾਕੇ ਕੱਟਦਾ ਰਿਹਾ। ਆਪਣੇ ਝੱਗੇ ਦੀ ਪਾਟੀ ਜੇਬ ਨੂੰ ਆਪਣੇ ਬੱਚਿਆਂ ਲਈ ਸਿਉਂਦਾ ਰਿਹਾ। ਉਸਨੇ ਸੱਖਣੀ ਜੇਬ ਦੇ ਹੁੰਦਿਆਂ ਵੀ ਖੁਦ ਨੂੰ ਗਹਿਣੇ ਰੱਖ ਕੇ ਆਪਣੇ ਬੱਚਿਆਂ ਨੂੰ ਪਤਾ ਨਾ ਲੱਗਣ ਦਿਤਾ। ਉਨ੍ਹਾਂ ਦੀਆਂ ਖੁਸ਼ੀਆਂ ਲਈ ਤੰਗੀਆਂ-ਤੁਰਸ਼ੀਆਂ ਨੂੰ ਜਰਦਿਆਂ ਸੀਅ ਨਹੀਂ ਸੀ ਕਰਦਾ। ਖੁਦ ਅਨਪੜ੍ਹ ਹੁੰਦਿਆਂ ਵੀ ਆਪਣੇ ਬੱਚਿਆਂ ਨੂੰ ਉਚੇਰੀ ਸਿਖਿਆ ਦਾ ਦਾਨ ਕਰਨ ਵਾਲਾ ਬਾਪ ਜਦ ਅੱਖਰਾਂ ਦੀ ਗੱਲ ਨਾ ਸਮਝ ਸਕਦਾ ਤਾਂ ਉਹ ਮਖ਼ੌਲ ਦਾ ਪਾਤਰ ਬਣ ਜਾਂਦਾ। ਜਦ ਬੱਚੇ ਉਸਨੂੰ ਆਪਣੇ ਹਾਣੀਆਂ ਸਾਹਵੇਂ ਹੀਣਤਾ ਦਾ ਅਹਿਸਾਸ ਕਰਵਾਉਂਦੇ ਤਾਂ ਬਾਪ ਦਾ ਅੰਦਰ ਮਰਨਹਾਰਾ ਹੋ ਜਾਂਦਾ ਅਤੇ ਉਸਦੇ ਬੋਲਾਂ ਨੂੰ ਚੁੱਪ ਖਾ ਜਾਂਦੀ।

ਬਜ਼ੁਰਗ ਮਾੜੀ-ਮੋਟੀ ਬਿਮਾਰੀ ਆਪਣੇ ਬੱਚਿਆਂ ਨੂੰ ਦੱਸਣ ਤੋਂ ਵੀ ਜਦ ਡਰਨ ਲੱਗ ਪਵੇ ਤਾਂ ਸਮਝੋ ਕਿ ਹੁਣ ਉਹ ਅੰਦਰੋਂ ਮਰ ਗਿਆ ਹੈ। ਬੁਢਾਪੇ ਦੀਆਂ ਅਲਾਮਤਾਂ ਦੀ ਅਣਦੇਖੀ ਕਰਨਾ ਅਤੇ ਬਹਾਨੇ ਲਾ ਕੇ ਉਸਦੇ ਇਲਾਜ ਤੋਂ ਆਨੀ-ਕਾਨੀ ਦਾ ਅਹਿਸਾਸ ਹੋਣ 'ਤੇ ਬਜ਼ੁਰਗ ਸਰੀਰਕ ਤਕਲੀਫਾਂ ਨਾਲ ਜਿਊਣਾ ਸਿੱਖ ਜਾਂਦੈ ਅਤੇ ਇਸ ਪੀੜਾ ਵਿਚ ਖੁਦ ਹੀ ਪੀੜ-ਪੀੜ ਹੋ ਕੇ ਜੀਣ ਤੋਂ ਆਤੁਰ ਹੋ ਜਾਂਦਾ।

ਬਜ਼ੁਰਗ ਚੁੱਪ ਹੀ ਹੋ ਜਾਂਦੈ, ਜਦ ਉਸਨੂੰ ਦੋ ਡੰਗ ਦੀ ਰੋਟੀ ਬਾਰੇ ਚਿਤਾਰਿਆ ਜਾਂਦਾ। ਉਸਨੂੰ ਅਹਿਸਾਸ ਕਰਵਾਇਆ ਜਾਂਦਾ ਕਿ ਉਸਨੂੰ ਸਿਰ ਲੁਕਾਉਣ ਲਈ ਛੱਤ ਮਿਲੀ ਹੈ, ਰੋਟੀ ਪਾਣੀ ਦਾ ਕੋਈ ਫਿਕਰ ਨਹੀਂ, ਫਿਰ ਉਸਨੂੰ ਹੋਰ ਕੀ ਚਾਹੀਦਾ? ਪਰ ਜਦ ਉਸਦੇ ਢਿੱਡੋਂ ਜਾਏ ਇਹ ਸਮਝਣ ਤੋਂ ਕੋਰੇ ਹੋਣ ਕਿ ਬਜ਼ੁਰਗਾਂ ਲਈ ਪੇਟ ਦੀ ਭੁੱਖ ਕੋਈ ਅਹਿਮ ਨਹੀਂ ਹੁੰਦੀ। ਉਨ੍ਹਾਂ ਲਈ ਅਦਬ ਅਤੇ ਸਤਿਕਾਰ, ਅਹਿਮੀਅਤ ਤੇ ਆਪਣਾਪਣ, ਕੁਝ ਪਲ ਕੋਲ ਬਹਿ ਕੇ ਉਸਦੇ ਮਨ ਦੀਆਂ ਪਰਤਾਂ ਨੂੰ ਸੁਣਨਾ ਤੇ ਸਮਝਣਾ ਜ਼ਰੂਰੀ। ਇਸ ਨਾਲ ਉਨ੍ਹਾਂ ਦੇ ਪੱਲੇ ਵਿਚ ਸੁਖਨ ਅਤੇ ਸਕੂਨ ਧਰਨਾ, ਦਰਅਸਲ ਬਜ਼ੁਰਗਾਂ ਨੂੰ ਬਹੁਤ ਚੰਗਾ ਲੱਗਦਾ। ਮੈਂ ਇਕ ਨਿੱਕੀ ਜਹੀ ਨਜ਼ਮ ਵਿਚ ਆਪਣੇ ਮਨ ਦੀਆਂ ਬਰੂਹਾਂ ਵਿਚ ਬਹਿ ਕੇ ਖੁਦ ਨੂੰ ਮੁਖਾਤਬ ਹੋਇਆ ਸੀ;

ਮੇਰੇ ਬੱਚੇ
ਅਕਸਰ ਹੀ
ਮੇਰੇ ਕੋਲ ਬਹਿ ਕੇ
ਮੇਰੇ ਮੱਥੇ ਦੀਆਂ ਝੁਰੜੀਆਂ
ਪੈਰਾਂ ਦੀਆਂ ਬਿਆਈਆਂ
ਤੇ ਹੱਥਾਂ ਦੇ ਰੱਟਣਾਂ ਦੀ
ਤਵਾਰੀਖ਼ ਪੜ੍ਹਦੇ।
ਮੈਨੂੰ
ਮੇਰੇ ਬੱਚਿਆਂ ਵਿਚੋਂ
ਮੇਰੇ ਮਾਂ-ਬਾਪ
ਨਜ਼ਰ ਆਉਂਦੇ।

ਬਜ਼ੁਰਗ ਚੁੱਪ ਹੋ ਹੀ ਜਾਂਦੇ, ਜਦ ਉਨ੍ਹਾਂ ਨੂੰ ਮਨ-ਪਸੰਦ ਖਾਣੇ ਤੋਂ ਵਿਰਵਾ ਰੱਖਿਆ ਜਾਂਦੈ। ਉਨ੍ਹਾਂ ਦੇ ਮਨ-ਭਾਉਂਦੇ ਸ਼ੌਕਾਂ ਨੂੰ ਦੁਰਕਾਰਿਆ ਜਾਂਦੈ। ਉਸਦੀ ਜੀਵਨ-ਜਾਚ 'ਤੇ ਹੀ ਪ੍ਰਸ਼ਨ ਪੈਦਾ ਹੋ ਜਾਂਦੇ। ਉਸਦੇ ਨਜ਼ਰੀਏ ਨੂੰ ਨਕਾਰਾਤਮਿਕ ਸਮਝਿਆ ਜਾਂਦੈ ਜਾਂ ਉਸਦੀ ਸੋਚ ਦੀ ਸਕਾਰਾਤਮਿਕਤਾ ਨੂੰ ਨਿੰਦਿਆ ਜਾਂਦੈ। ਬਜ਼ੁਰਗਾਂ ਦੀਆਂ ਰੁਚੀਆਂ ਤੇ ਰਵਾਇਤਾਂ ਨੂੰ ਦੁਰਕਾਰਿਆ ਜਾਂਦੈ।

ਕਦੇ ਸੋਚਿਆ ਜੇ ਕਿ ਬਜ਼ੁਰਗਾਂ ਨੇ ਕਿੰਨੇ ਸੁਪਨਿਆਂ ਨੂੰ ਦਫ਼ਨਾਇਆ, ਕਿੰਨੀਆਂ ਰੀਝਾਂ ਦਾ ਸਿਵਾ ਸੇਕਿਆ, ਕਿੰਨੇ ਚਾਵਾਂ ਦੀ ਧੂਣੀ ਸੇਕੀ, ਕਿੰਨੀਆਂ ਆਸਾਂ ਨੂੰ ਬੇਆਸ ਕੀਤਾ, ਕਿੰਨੇ ਸੁਪਨ ਉਡਾਰੀਆਂ ਦੇ ਪਰ ਮਰੋੜੇ, ਕਿੰਨੀਆਂ ਸੱਧਰਾਂ ਨੂੰ ਪੈਰਾਂ ਹੇਠ ਮਧੋਲਿਆ, ਕਿੰਨੇ ਮਨੋਭਾਵਾਂ ਨੂੰ ਅੰਗ ਵਿਚ ਸਾੜਿਆ ਤਾਂ ਕਿ ਉਹ ਆਪਣੀ ਬਜਾਏ ਆਪਣੀ ਔਲਾਦ ਨੂੰ ਉਹ ਸਭ ਕੁਝ ਦੇ ਸਕਣ, ਜਿਨ੍ਹਾਂ ਤੋਂ ਮਹਿਰੂਮੀਅਤ ਨੇ ਉਨ੍ਹਾਂ ਦੇ ਵਿਅਕਤੀਤਵ ਨੂੰ ਅਸਾਵਾਂ ਬਣਾਈ ਰੱਖਿਆ।

ਸਦਾ ਸਿਰ ਉਚਾ ਰੱਖ ਕੇ ਜੀਵਨ ਨੂੰ ਮੁਖਾਤਬ ਹੋਣ ਵਾਲਾ, ਜ਼ਿੰਦਗੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਸ ਦੀਆਂ ਮੁਹਾਰਾਂ ਆਪਣੀ ਮਰਜ਼ੀ ਮੁਤਾਬਕ ਮੋੜਨ ਵਾਲਾ, ਜੀਵਨ ਦੇ ਆਖਰੀ ਪੜਾਅ 'ਤੇ ਬੇਜ਼ਾਰ, ਬੇਗਾਨਾ, ਨਿਤਾਣਾ ਅਤੇ ਨਿਕੰਮਾ ਹੋ ਜਾਂਦੈ ਕਿਉਂਕਿ ਆਪਣਿਆਂ ਦੀਆਂ ਨਜ਼ਰਾਂ ਵਿਚ ਉਹ ਹੁਣ ਕਿਸੇ ਕੰਮ ਦਾ ਨਹੀਂ ਰਿਹਾ।



ਆਪਣੇ ਬੱਚਿਆਂ ਲਈ ਹਿੰਮਤ, ਹੌਸਲਾ, ਸਾਧਨਾ, ਸਿਰੜ, ਸਮਰਪਣ, ਸਾਦਗੀ ਅਤੇ ਸਹਿਜਤਾ ਦਾ ਸਿਰਨਾਵਾਂ ਬਣ ਕੇ ਮਾਰਗ-ਦਰਸ਼ਨ ਕਰਨ ਵਾਲਾ ਬਜ਼ੁਰਗ ਜਦ ਬੇਧਿਆਨਾ ਹੋਣ ਲੱਗਦੈ ਤਾਂ ਉਹ ਨਹੀਂ ਬੋਲਦਾ ਸਗੋਂ ਉਸਦੀ ਖਾਮੋਸ਼ੀ ਬੋਲਦੀ।

ਆਪਣੇ ਬਜ਼ੁਰਗਾਂ ਨੂੰ ਨਜ਼ਰਅੰਦਾਜ਼ ਕਰਨ ਵਾਲੇ ਦਰਅਸਲ ਅਜੇਹੀ ਫ਼ਸਲ ਬੀਜ ਰਹੇ ਹੁੰਦੇ, ਜਿਸਨੂੰ ਕੱਟਣ ਲੱਗਿਆਂ ਉਨ੍ਹਾਂ ਦੇ ਨੈਣਾਂ ਵਿਚ ਵਗੇਗਾ ਖ਼ਾਰਾ ਸਮੁੰਦਰ। ਉਨ੍ਹਾਂ ਦੀਆਂ ਚਾਨਣੀਆਂ ਰਾਤਾਂ 'ਚ ਉਤਰਨੀ ਹੈ ਮੱਸਿਆ ਕਿਉਂਕਿ ਜੋ ਵੀ ਤੁਸੀਂ ਬੀਜਦੇ ਹੋ, ਉਹ ਵੱਢਣਾ ਤਾਂ ਖੁਦ ਨੂੰ ਹੀ ਪੈਣਾ।

ਸਿਆਣੇ ਅਕਸਰ ਕਿਹਾ ਕਰਦੇ ਸਨ ਕਿ ਘਰ ਦੇ ਭਾਗ ਦੇਖਣੇ ਹੋਣ ਤਾਂ ਉਸ ਘਰ ਦੇ ਬਜ਼ੁਰਗਾਂ ਨੂੰ ਦੇਖਣਾ। ਤੁਹਾਨੂੰ ਘਰ ਦਾ ਨਸੀਬ ਆਪਣੇ ਆਪ ਹੀ ਪਤਾ ਲੱਗ ਜਾਵੇਗਾ ਕਿ ਉਸ ਘਰ ਦੀਆਂ ਨੀਹਾਂ ਮਜ਼ਬੂਤ ਨੇ ਜਾਂ ਜ਼ਰਜਰੀ। ਇਸਦੇ ਚੌਬਾਰੇ ਦੇ ਕਿੰਗਰੇ ਡਿੱਗਣ ਵਾਲੇ ਹਨ ਜਾਂ ਇਸਦੀ ਬੁਲੰਦਗੀ ਸਦੀਵ ਹੈ। ਇਸਦੇ ਬਨੇਰਿਆਂ 'ਤੇ ਮੋਮਬੱਤੀਆਂ ਜਗਣਗੀਆਂ ਜਾਂ ਉੱਲੂ ਬੋਲਣਗੇ। ਕੰਧਾਂ ਦੀਆਂ ਖੋੜ੍ਹਾਂ ਵਿਚ ਪਿੱਪਲ ਤੇ ਬੋਹੜ ਉਗਣਗੇ ਜਾਂ ਕੰਧਾਂ ਘਰ ਦੀ ਸਲਾਮਤੀ ਦਾ ਰਾਗ ਗਾਉਣਗੀਆਂ। ਬਹੁਤ ਕੁਝ ਦੱਸ ਦਿੰਦੀ ਹੈ ਬਜ਼ੁਰਗਾਂ ਦੀ ਦਸ਼ਾ।

ਬਜ਼ੁਰਗ ਤਾਂ ਆਲ੍ਹੇ ਵਿਚਲਾ ਉਹ ਚਿਰਾਗ ਜਿਸਨੇ ਵਿਹੜੇ ਨੂੰ ਰੌਸ਼ਨ ਕਰਨਾ ਹੁੰਦਾ। ਘਰ ਦੀ ਪਾਕੀਜ਼ਗੀ ਦਾ ਪ੍ਰਮਾਣ। ਸਿਆਣਪਾਂ ਅਤੇ ਸਮੁੱਤਾਂ ਦਾ ਅਨਮੋਲ ਖਜ਼ਾਨਾ। ਆਪਣੀ ਔਲਾਦ ਦੇ ਖ਼ੈਰਖਾਹ। ਆਪਣੇ ਬੱਚਿਆਂ ਦੀਆਂ ਸੁੱਖਾਂ ਮੰਗਦੇ। ਆਪਣੀ ਅਰਦਾਸ ਵਿਚ ਸ਼ਾਮਲ ਕਰਦੇ ਕੁੱਖੋਂ ਜਾਏ। ਪਰ ਜਦ ਕੁੱਖੋਂ ਜਾਏ ਹੀ ਮਾਪਿਆਂ ਦੀ ਅੰਤਮ ਅਰਦਾਸ ਕਰਨ ਲਈ ਕਾਹਲੇ ਹੋਣ ਤਾਂ ਬਜ਼ੁਰਗਾਂ ਦੀਆਂ ਅਸੀਸਾਂ ਵਿਚ ਪੈਦਾ ਹੋਇਆ ਰੁਦਨ ਘਰ ਨੂੰ ਰੁਆ ਦਿੰਦਾ। ਅੱਥਰੂਆਂ ਵਿਚ ਖੁਰ ਜਾਂਦੀ ਘਰ ਦੀ ਹੋਂਦ। ਬੇਗਾਨਗੀ ਹੰਢਾਉਂਦਾ ਘਰ ਕਿੰਨਾ ਕੁ ਚਿਰ ਆਪਣੀ ਸਥਿਰਤਾ ਨੂੰ ਕਿਆਸ ਸਕਦਾ?

ਕਈ ਵਾਰ ਮਨ 'ਚ ਆਉਂਦੈ ਕਿ ਅਸੀਂ ਆਪਣੇ ਬਜ਼ੁਰਗਾਂ ਦੀ ਅਣਦੇਖੀ ਕਿਉਂ ਕਰਦੇ? ਕੀ ਉਨ੍ਹਾਂ ਨੂੰ ਨਕਾਰਨਾ ਅਤੇ ਦੁਰਕਾਰਨਾ ਸ਼ੋਭਾ ਦਿੰਦਾ? ਅਸੀਂ ਉਨ੍ਹਾਂ ਵੱਲ ਧਿਆਨ ਕਿਉਂ ਨਹੀਂ ਦਿੰਦੇ, ਜਦ ਕਿ ਨਿੱਕੇ ਹੁੰਦਿਆਂ ਤਾਂ ਸਾਡੇ ਮਾਪਿਆਂ ਦਾ ਸਾਹ ਹੀ ਸੁੱਕ ਜਾਂਦਾ ਸੀ। ਉਹ ਸਾਡੀ ਤਾਮੀਰਦਾਰੀ ਕਰਦੇ, ਸਾਡੀਆਂ ਭਾਵਨਾਵਾਂ ਦੀ ਤਰਜੀਹ। ਸਾਡੀ ਪ੍ਰੇਰਨਾ, ਮਾਣ ਅਤੇ ਸਨਮਾਨ। ਸਾਡੇ ਸੁਪਨਿਆਂ ਦਾ ਸੱਚ ਉਨ੍ਹਾਂ ਦੀ ਬਦੌਲਤ। ਜ਼ਰਾ ਸੋਚਣਾ! ਅਗਰ ਬਜ਼ੁਰਗ ਨਾ ਹੁੰਦੇ ਤਾਂ ਕੀ ਤੁਸੀਂ ਹੁੰਦੇ? ਤੁਸੀਂ ਜੋ ਹੁਣ ਹੋ, ਇਹ ਸਭ ਕੁਝ ਤਾਂ ਬਜ਼ੁਰਗਾਂ ਦੀ ਦੇਣ। ਆਪਣੇ ਬਜ਼ੁਰਗਾਂ ਤੋਂ ਬੇਮੁਖੀ, ਬੇਅਦਬੀ, ਬੇਧਿਆਨੀ, ਬੇਰੁਹਮਤੀ ਅਤੇ ਉਨ੍ਹਾਂ ਨੂੰ ਆਖਰੀ ਵਕਤ ਸੂਲੀ 'ਤੇ ਲਟਕਾਉਣ ਦਾ ਹਰਜ਼ਾਨਾ ਤੁਹਾਨੂੰ ਹੀ ਭੁਗਤਣਾ ਪੈਣਾ ਕਿਉਂਕਿ ਜੋ ਤੁਸੀਂ ਕਰ ਰਹੇ ਹੋ, ਤੁਹਾਡੀ ਔਲਾਦ ਸਭ ਕੁਝ ਦੇਖ ਰਹੀ ਹੈ।

ਕਦੇ-ਕਦਾਈਂ ਆਪਣੇ ਅੰਦਰ ਝਾਤੀ ਜ਼ਰੂਰ ਮਾਰਨਾ, ਆਪਣੇ ਆਪ ਦੇ ਰੂਬਰੂ ਜ਼ਰੂਰ ਹੋਣਾ। ਖੁਦ ਨੂੰ ਪ੍ਰਸ਼ਨ ਕਰਨਾ ਅਤੇ ਫਿਰ ਆਪਣੇ ਅੰਦਰੋਂ ਹੀ ਇਸਦਾ ਜੁਆਬ ਲੱਭਣਾ ਕਿ ਜੇ ਭਵਿੱਖ 'ਚ ਮੇਰੀ ਔਲਾਦ ਨੇ ਮੇਰੇ ਨਾਲ ਇੰਝ ਕੀਤਾ ਤਾਂ ਮੈਨੂੰ ਕਿੰਝ ਮਹਿਸੂਸ ਹੋਵੇਗਾ। ਇਹੀ ਸਾਡੇ ਬਜ਼ੁਰਗ ਮਹਿਸੂਸਦੇ ਜਦ ਅਸੀਂ ਉਨ੍ਹਾਂ ਕੋਲੋਂ ਪਿੱਠ ਕਰਦੇ।

ਕਦੇ ਉਨ੍ਹਾਂ ਦੀਆਂ ਅਧੂਰੀਆਂ ਇੱਛਾਵਾਂ ਨੂੰ ਪੂਰਾ ਕਰਨਾ। ਉਨ੍ਹਾਂ ਦੇ ਅਪੂਰਨ ਚਾਵਾਂ ਦੀ ਸਾਰ ਲੈਣੀ। ਮਨਚਾਹੀਆਂ ਵਸਤਾਂ ਨੂੰ ਪ੍ਰਾਪਤ ਕਰਨ ਦੀ ਲੋਚਾ ਪੂਰੀ ਕਰਨੀ। ਉਨ੍ਹਾਂ ਥਾਵਾਂ ਦੀ ਸੈਰ ਕਰਵਾਉਣੀ, ਜਿਹੜੀਆਂ ਉਹ ਤੁਹਾਡੀ ਸੰਭਾਲ ਕਰਦਿਆਂ, ਚਾਹੁੰਦਿਆਂ ਵੀ ਨਾ ਜਾ ਸਕੇ। ਉਨ੍ਹਾਂ ਨਾਲ ਚਾਹ ਦਾ ਕੱਪ ਸਾਂਝਾ ਕਰਦਿਆਂ ਦਿਲਲਗੀ ਕਰਨੀ। ਉਨ੍ਹਾਂ ਦੀ ਜ਼ਿੰਦਗੀ ਦੀ ਕਿਤਾਬ ਦੇ ਵਰਕਿਆਂ ਨੂੰ ਪੜ੍ਹਨਾ। ਉਨ੍ਹਾਂ ਦੀ ਜੱਦੋ-ਜਹਿਦ ਦਾ ਧਿਆਨ ਧਰਨਾ। ਆਪਣੇ ਬੱਚਿਆਂ ਲਈ ਉਨ੍ਹਾਂ ਦੇ ਮਨ ਵਿਚ ਪੈਦਾ ਹੋਏ ਵਲਵਲਿਆਂ ਦੀ ਦਾਸਤਾਨ ਤਾਂ ਸੁਣਨਾ, ਤੁਹਾਨੂੰ ਚੰਗਾ ਲਗੇਗਾ ਕਿ ਤੁਹਾਡੇ ਬਚਪਨੇ ਤੇ ਜਵਾਨੀ ਪਹਿਰ ਵਿਚ ਤੁਹਾਡੇ ਮਾਪਿਆਂ ਨੇ ਕਿੰਨਾ ਕੁਝ ਚਿਤਵਿਆ ਅਤੇ ਇਸਦੀ ਪੂਰਤੀ ਲਈ ਕਿੰਨੇ ਜੋਖ਼ਮ ਉਠਾਏ?

ਬਜ਼ੁਰਗਾਂ ਦੀ ਸ਼ਿਕਾਇਤ ਕਰਨ ਦੀ ਬਜਾਏ ਕਦੇ ਮਨ ਵਿਚ ਸ਼ੁਕਰਗੁਜ਼ਾਰੀ ਦਾ ਅਹਿਸਾਸ ਉਪਜਾਉਣਾ। ਉਨ੍ਹਾਂ ਦੀਆਂ ਅੱਖਾਂ ਵਿਚ ਪੈਦਾ ਹੋਏ ਹੁਲਾਸ ਅਤੇ ਚਿਹਰੇ 'ਤੇ ਪੈਦਾ ਹੋਏ ਖੇੜੇ ਨੂੰ ਜਦ ਤੁਸੀਂ ਆਪਣੇ ਸਾਹਵੇਂ ਦੇਖੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਮਾਪਿਆਂ ਲਈ ਨਿੱਕੀਆਂ-ਨਿੱਕੀਆਂ ਖੁਸ਼ੀਆਂ ਵਾਸਤੇ, ਉਨ੍ਹਾਂ ਨਾਲ ਬਿਤਾਏ ਕੁਝ ਕੁ ਪਲ ਕਿੰਨੇ ਅਰਥ ਭਰਪੂਰ ਅਤੇ ਅਹਿਮ ਹਨ।

ਯਾਦ ਰਹੇ ਕਿ ਵਕਤ ਨਾਲ ਜ਼ਿੰਦਗੀ ਦੇ ਮਾਅਨੇ ਬਦਲਦੇ। ਜੀਵਨ ਦੀਆਂ ਤਰਜੀਹਾਂ ਬਦਲਦੀਆਂ। ਕਾਰ-ਵਿਹਾਰ ਅਤੇ ਜੀਵਨ-ਜਾਚ ਵੀ ਬਦਲਦੀ। ਸਰੋਕਾਰ ਅਤੇ ਸੰਵੇਦਨਾਵਾਂ ਵੀ ਬਦਲਦੀਆਂ ਤੇ ਸਮਾਜ ਵੀ ਬਦਲਦਾ। ਪਰ ਜੋ ਲੋਕ ਆਪਣੀਆਂ ਕਦਰਾਂ-ਕੀਮਤਾਂ ਦਾ ਸੌਦਾ ਕਰਦੇ, ਮਾਨਵੀ ਮੁੱਲਾਂ ਨੂੰ ਨਿਲਾਮ ਕਰਦੇ, ਆਪਣੀ ਜ਼ਮੀਰ ਦੀ ਸੌਦੇਬਾਜ਼ੀ ਕਰਦੇ ਅਤੇ ਨਿੱਜੀ ਮੁਫਾਦ ਦੀ ਖ਼ਾਤਰ ਆਪਣੇ ਬਜ਼ੁਰਗਾਂ ਨੂੰ ਬੇਦਖ਼ਲੀ, ਬੇਘਰੀ ਅਤੇ ਬੇਗਾਨਗੀ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਕਰਦੇ, ਉਹ ਸਮਾਜ ਲਈ ਸਭ ਤੋਂ ਵੱਡਾ ਕਲੰਕ। ਅਜੇਹੇ ਲੋਕ ਆਪਣੀ ਔਲਾਦ ਕੋਲੋਂ ਕੁਝ ਚੰਗੇਰਾ ਹੋਣ ਦੀ ਆਸ ਕਿਵੇਂ ਰੱਖਣਗੇ? ਅਜੇਹੇ ਲੋਕ ਬਜ਼ੁਰਗਾਂ ਦੇ ਪਿਆਰ ਦੀ ਲੋਚਾ ਦਾ ਸਿਵਾ ਆਪਣੇ ਹੱਥੀਂ ਸੇਕ, ਆਪਣਾ ਮਰਸੀਆ ਖੁਦ ਪੜ੍ਹਦੇ।

ਬਜ਼ੁਰਗਾਂ ਦੀ ਨਿੱਕੀ-ਮੋਟੀ ਗਲਤੀ ਨੂੰ ਨਜ਼ਰਅੰਦਾਜ਼ ਕਰੋ। ਉਨ੍ਹਾਂ ਦੀ ਕੁਤਾਹੀ ਨੂੰ ਅਣਡਿੱਠ ਕਰੋ। ਉਨ੍ਹਾਂ ਦੀਆਂ ਝਿੜਕਾਂ ਦਾ ਬੁਰਾ ਨਾ ਮਨਾਓ। ਉਹ ਨਾ ਰਹੇ ਤਾਂ ਤੁਹਾਨੂੰ ਕਿਸੇ ਨੇ ਨਹੀਂ ਝਿੜਕਣਾ। ਉਨ੍ਹਾਂ ਦੀਆਂ ਸਲਾਹਾਂ ਵਲੋਂ ਬੇਧਿਆਨੇ ਨਾ ਹੋਵੋ। ਉਨ੍ਹਾਂ ਦੇ ਖਾਣ-ਪੀਣ, ਰਹਿਣ-ਸਹਿਣ ਅਤੇ ਕਪੜਿਆਂ ਵੱਲ ਤਵੱਜੋਂ ਦਿਓ। ਉਨ੍ਹਾਂ ਦੀਆਂ ਸ਼ਿਕਾਇਤਾਂ ਅਤੇ ਸ਼ਿਕਵਿਆਂ ਨੂੰ ਦੂਰ ਕਰੋ। ਉਨ੍ਹਾਂ ਦੀਆਂ ਨਿੱਕੀਆਂ - ਨਿੱਕੀਆਂ ਖੁਸ਼ੀਆਂ ਲਈ ਉਚੇਚ ਕਰੋ। ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ। ਉਨ੍ਹਾਂ ਨੂੰ ਅਹਿਸਾਸ ਕਰਾਓ ਕਿ ਉਹ ਤੁਹਾਡੇ ਸਭ ਤੋਂ ਕਰੀਬੀ ਹਨ। ਉਨ੍ਹਾਂ ਨੂੰ ਅਹਿਮੀਅਤ ਦਿਓ। ਉਨ੍ਹਾਂ ਨੂੰ ਇਹ ਦੱਸੋ ਕਿ ਤੁਸੀਂ ਉਨ੍ਹਾਂ ਦੇ ਸਭ ਤੋਂ ਪਿਆਰੇ ਹੋ ਅਤੇ ਇਹੀ ਪਿਆਰ ਤੁਹਾਨੂੰ ਕਈ ਗੁਣਾਂ ਹੋ ਕੇ ਮਿਲੇਗਾ। ਖਾਸ ਮੌਕਿਆਂ 'ਤੇ ਉਨ੍ਹਾਂ ਨੂੰ ਖਾਸ ਹੋਣ ਦਾ ਅਹਿਸਾਸ ਵੀ ਕਰਵਾਓ।

ਕੀ ਤੁਹਾਨੂੰ ਪਤਾ ਹੈ ਕਿ ਕਿੰਨੀਆਂ ਖਾਹਸ਼ਾਂ, ਖ਼ਾਬ ਅਤੇ ਖ਼ਿਆਲ ਆਪਣੇ ਦਿਲ ਵਿਚ ਦਫ਼ਨਾ, ਬਜ਼ੁਰਗ ਇਸ ਜਹਾਨੋਂ ਰੁਖ਼ਸਤ ਹੋ ਜਾਂਦੇ। ਇਸ ਅਧੂਰੇਪਣ, ਅਪੂਰਨਤਾ ਅਤੇ ਅਮਾਨਵਤਾ ਨੂੰ ਆਪਣੇ ਅੰਦਰ ਲੈ ਕੇ ਅਤੇ ਆਪਣੇ ਬੱਚਿਆਂ ਦੀ ਨੋਕ-ਟੋਕ ਨੂੰ ਸਹੇੜ ਕੇ ਜਿਊਣਾ, ਬਜ਼ੁਰਗਾਂ ਲਈ ਕਿੰਨਾ ਵੱਡਾ ਅਜ਼ਾਬ। ਸਮਝਣਾ ਚਾਹੀਦੈ ਕਿ ਜਦ ਬਜ਼ੁਰਗ ਆਖ਼ਰੀ ਵਕਤ ਆਪਣਿਆਂ ਵਿਚ ਘਿਰਿਆ, ਆਪਣਿਆਂ ਨੂੰ ਆਖਰੀ ਅਲਵਿਦਾ ਕਹਿ ਕੇ ਅੱਖਾਂ ਮੀਟਦਾ ਤਾਂ ਘਰ ਦੀ ਫ਼ਿਜ਼ਾ ਵਿਚ ਮਾਣਮੱਤੀ ਜ਼ਿੰਦਗੀ ਦੀ ਸਰਗਮ ਛੇੜਦਾ ਜਿਹੜੀ ਸਰਗਮ ਅਗਲੀ ਪੀੜ੍ਹੀ ਨੇ ਸੁਣ ਕੇ ਆਪਣੇ ਮਾਪਿਆਂ ਦੇ ਨਾਮ ਸੁਖਨ ਕਰਨਾ ਹੁੰਦਾ। ਦਰਅਸਲ ਸੱਚ ਤਾਂ ਇਹ ਹੈ ਕਿ;

ਮਾਪੇ ਹੁੰਦੇ ਰਹਿਮਤ ਰੱਬ ਦੀ, ਤੇ ਝੋਲੀ ਵਿਚ ਦੁਆਵਾਂ।
ਝੱਖੜ-ਝਾਂਜੀ ਛੱਤਰੀ ਤਣਦੇ, ਤੇ ਧੁੱਪਾਂ ਦੇ ਵਿਚ ਛਾਵਾਂ।
ਰਾਹਾਂ ਵਿਚੋਂ ਕੰਡੇ ਚੁੱਗਦੇ, ਤੇ ਕਰਦੇ ਸਫ਼ਰ ਸੁਖਾਲਾ,
ਮੱਥੇ ਉਤੇ ਉਕਰ ਦਿੰਦੇ ਆ, ਮੰਜ਼ਲ ਦਾ ਸਿਰਨਾਵਾਂ।
ਰੱਬ ਪਤਾ ਨਹੀਂ ਕਿਥੇ ਰਹਿੰਦਾ, ਤੇ ਕਦ ਸੁਣੇ ਫਰਿਆਦਾਂ,
ਮਾਪੇ ਹਰਦਮ ਅੰਗ-ਸੰਗ ਰਹਿੰਦੇ, ਕਸਬੇ, ਸ਼ਹਿਰ ਗਰਾਵਾਂ।
ਜ਼ਿੰਦਗੀ ਦੇ ਹਰ ਮੋੜ 'ਤੇ ਜਿਹੜੇ, ਮੱਤਾਂ ਨਾਲ ਨਿਵਾਜਣ,
ਮਾਪੇ ਹੁੰਦੇ ਪ੍ਰੇਮ-ਪਿਆਲਾ, ਤੇ ਆਉਂਦੀਆਂ ਜਾਂਦੀਆਂ ਸਾਹਵਾਂ।
ਹਰ ਸੱਜਣ ਦਾ ਕਰਜ਼ ਤਾਂ ਬੰਦਾ, ਹੱਸ ਕੇ ਦੇਵੇ ਉਤਾਰ,
ਮਾਪਿਆਂ ਦਾ ਹਰ ਸਾਹੇ ਚੜ੍ਹਿਆ, ਕੀਕਣ ਕਰਜ਼ ਚੁਕਾਵਾਂ।
ਜੀਂਦੇ ਜੀਅ ਜਿਸ ਸੁਖਨ-ਸੰਧੂਰੀ, ਮੇਰੇ ਲੇਖ ਨਿਖਾਰੇ,
ਕੁਦਰਤ ਦੀ ਇਸ ਬਖ਼ਸ਼ਿਸ਼ ਦਾ, ਦਿਲ ਤੋਂ ਸ਼ੁਕਰ ਮਨਾਵਾਂ।

ਜਦ ਮੈਂ ਆਪਣੇ ਜ਼ਿੰਦਗੀ ਦੇ ਪੰਨੇ ਪਲਟਦਾ ਤਾਂ ਚਾਰ ਵਾਰੀ ਆਪਣੇ ਬਾਪ ਦੇ ਦੀਦਿਆਂ ਵਿਚ ਆਏ ਹਾਵ-ਭਾਵ ਹੁਣ ਤੀਕ ਵੀ ਚੇਤੇ ਹਨ। ਇਹ ਪਲ ਮੈਨੂੰ ਅਪਣੱਤ ਦਾ ਅਹਿਸਾਸ ਕਰਵਾਉਂਦੇ, ਨਮੋਸ਼ੀ 'ਚ ਪੀੜ-ਪੀੜ ਵੀ ਕਰਦੇ ਅਤੇ ਮੈਨੂੰ ਅਸੀਮ ਅਸੀਸਾਂ ਨਾਲ ਵੀ ਨਿਵਾਜਦੇ। ਪਹਿਲੀ ਵਾਰ ਮੈਂ ਆਪਣੇ ਬਾਪ ਦੇ ਨੈਣਾਂ ਨੂੰ ਨੀਝ ਨਾਲ ਉਸ ਵੇਲੇ ਤੱਕਿਆ, ਜਦ ਮੈਂ ਪ੍ਰੈਪ ਵਿਚੋਂ ਫੇਲ੍ਹ ਹੋ ਗਿਆ। ਉਸਦੀਆਂ ਅੱਖਾਂ ਵਿਚ ਉਤਰੀ ਉਦਾਸੀ ਅਤੇ ਹਤਾਸ਼ੀ ਨੇ ਮੈਨੂੰ ਇੰਨਾ ਬੇਚੈਨ ਅਤੇ ਸ਼ਰਮਿੰਦਾ ਕੀਤਾ ਕਿ ਉਸ ਪਲ ਨੇ ਮੇਰੇ ਲਈ ਜ਼ਿੰਦਗੀ ਦੇ ਅਰਥ ਹੀ ਬਦਲ ਦਿੱਤੇ। ਬਦਲ ਗਈਆਂ ਮੇਰੀਆਂ ਤਰਜੀਹਾਂ ਅਤੇ ਮੱਥੇ 'ਤੇ ਲਿਖੀਆਂ ਗਈਆਂ ਤਕਦੀਰਾਂ। ਦੂਸਰੀ ਵਾਰ ਬਾਪ ਦੇ ਮਾਣਮੱਤੇ ਨੈਣਾਂ ਨੂੰ ਨਿੱਠ ਕੇ ਦੇਖਿਆ, ਜਦ ਪ੍ਰੈਪ ਵਿਚ ਫ਼ੇਲ੍ਹ ਹੋਣ ਵਾਲੇ ਉਸਦੇ ਪੁੱਤ ਨੇ ਨਿਊਕਲੀਅਰ ਫ਼ਿਜ਼ਿਕਸ ਵਿਚ ਪੀਐਚ.ਡੀ ਕੀਤੀ। ਤੀਸਰੀ ਵਾਰ ਬਾਪ ਦੇ ਨੈਣਾਂ ਵਿਚ ਵਿਛੋੜੇ ਦਾ ਦਰਦ ਛਲਕਿਆ, ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਪੁੱਤ ਸ਼ਾਨਦਾਰ ਨੌਕਰੀ ਛੱਡ ਕੇ ਪ੍ਰਦੇਸ ਦੀਆਂ ਔਕੜਾਂ ਭਰੀ ਜ਼ਿੰਦਗੀ ਵਿਚੋਂ ਆਪਣੇ ਹਿੱਸੇ ਦਾ ਅਸਮਾਨ ਲੱਭਣ ਲਈ ਪਰਵਾਸੀ ਹੋਣ ਲੱਗਾ। ਪਰ ਮੇਰੇ ਲਈ ਸੱਭ ਤੋਂ ਮਹੱਤਵਪੂਰਨ ਅਤੇ ਅਨਮੋਲ ਸੀ ਉਹ ਪਲ, ਜਦ ਬਾਪ ਨੇ ਆਖਰੀ ਸਾਹ ਲੈਣ ਤੋਂ ਪਹਿਲਾਂ ਮੰਜੇ ਦੀ ਬਾਹੀ 'ਤੇ ਬੈਠੇ ਆਪਣੇ ਪੁੱਤ ਨੂੰ ਅੱਖਾਂ ਭਰ ਕੇ ਦੇਖਿਆ। ਪਤਾ ਨਹੀਂ ਕਿੰਨੀਆਂ ਅਸੀਸਾਂ, ਦੁਆਵਾਂ ਅਤੇ ਰਹਿਮਤਾਂ ਨਾਲ ਨਿਵਾਜ, ਹੌਲੀ-ਹੌਲੀ ਸਦਾ ਲਈ ਅੱਖਾਂ ਬੰਦ ਕਰ ਲਈਆਂ। ਉਨ੍ਹਾਂ ਅੱਖਾਂ ਦਾ ਤੁਸੱਵਰ ਮੇਰੇ ਲਈ ਸਭ ਤੋਂ ਵੱਡੀ ਅਮਾਨਤ ਤੇ ਵਿਰਾਸਤ ਹੈ, ਜਿਸਨੇ ਮੇਰੀਆਂ ਝੋਲੀਆਂ ਭਰ ਦਿੱਤੀਆਂ ਸਨ। ਇਸ ਅਨਮੋਲ ਅਮਾਨਤ ਦੇ ਕੋਲ ਹੁੰਦਿਆਂ ਬਾਪ ਦੇ ਤੁਰ ਜਾਣ ਦਾ ਦਰਦ ਮੈਂ ਜ਼ੀਰ ਗਿਆ, ਕਿਉਂਕਿ ਮੈਂ ਆਪਣੇ ਬਾਪ ਦੀਆਂ ਅੱਖਾਂ ਵਿਚ ਆਏ ਵਿਭਿੰਨ ਰੰਗਾਂ ਰਾਹੀਂ ਦੇਖਿਆ ਕਿ ਮੈਂ ਆਪਣੇ ਬਾਪ ਦਾ ਕੁਝ ਤਾਂ ਕਰਜ਼ ਉਤਾਰ ਸਕਿਆ।

## ਮਿੰਨੀ ਕਹਾਣੀ: ਫੁਟਬਾਲ



ਮੂਲ : ਸ਼ੀਲਾ ਸ਼੍ਰੀਵਾਸਤਵ
ਅਨੁਵਾਦ : ਪ੍ਰੋ. ਨਵ ਸੰਗੀਤ ਸਿੰਘ

ਟੀਵੀ 'ਤੇ ਫੁਟਬਾਲ ਦਾ ਮੈਚ ਚੱਲ ਰਿਹਾ ਸੀ। ਅਮਿਤ ਸੋਫੇ 'ਤੇ ਬੈਠਾ ਮੈਚ ਦਾ ਆਨੰਦ ਮਾਣ ਰਿਹਾ ਸੀ। ਤਾਂ ਉਸਦੀ ਮਾਂ ਨੇ ਪੁੱਛਿਆ, 'ਇਹ ਕਿਹੋ ਜਿਹੀ ਖੇਡ ਹੈ? ਕਦੇ ਲੋਕ ਇਸਨੂੰ ਏਧਰੋਂ ਮਾਰਦੇ ਹਨ, ਕਦੇ ਓਧਰੋਂ। ਮੈਨੂੰ ਤਾਂ ਇਹ ਜ਼ਰਾ ਵੀ ਪਸੰਦ ਨਹੀਂ ਹੈ।'

'ਕੀ ਮੰਮੀ! ਕਿੰਨੀ ਤਾਂ ਵਧੀਆ ਖੇਡ ਹੈ! ਇਸਨੂੰ ਦੇਖਣਾ ਬਹੁਤ ਮਜ਼ੇਦਾਰ ਹੈ! ਕੀ ਤੁਹਾਨੂੰ ਪਤਾ ਹੈ ਮੰਮੀ, ਫੁਟਬਾਲ ਦੁਨੀਆਂ ਦੀ ਸਭ ਤੋਂ ਮਸ਼ਹੂਰ ਖੇਡ ਹੈ!' ਅਮਿਤ ਨੇ ਕਿਹਾ।

'ਕੁਝ ਵੀ ਹੈ। ਕੀ ਕਿਸੇ ਨੇ ਸੋਚਿਆ ਹੈ ਕਿ ਇਸ ਖੇਡ ਵਿਚ ਫੁਟਬਾਲ ਨੂੰ ਕਿੰਨੀ ਪੀੜ ਹੁੰਦੀ ਹੋਵੇਗੀ?' ਮਾਂ ਨੇ ਉਦਾਸੀ ਨਾਲ ਕਿਹਾ।

'ਤੁਸੀਂ ਵੀ ਮੰਮੀ! ਤੁਸੀਂ ਕੀ ਕਹਿ ਰਹੇ ਹੋ? ਫੁਟਬਾਲ ਵਿਚ ਕੋਈ ਜਾਨ ਨਹੀਂ ਹੁੰਦੀ; ਇਹ ਤਾਂ ਇੱਕ ਬੇਜਾਨ ਚੀਜ਼ ਹੈ,' ਅਮਿਤ ਨੇ ਹੱਸਦੇ ਹੋਏ ਕਿਹਾ।

'ਪਰ ਮੈਂ ਬੇਜਾਨ ਨਹੀਂ ਹਾਂ, ਪੁੱਤਰ। ਮੇਰੇ ਅੰਦਰ ਜਾਨ ਹੈ। ਮੇਰੀ ਹਾਲਤ ਫੁਟਬਾਲ ਵਰਗੀ ਹੋ ਗਈ ਹੈ। ਮੈਂ ਛੇ ਮਹੀਨੇ ਤੇਰੇ ਘਰ ਬਿਤਾਉਂਦੀ ਹਾਂ ਤੇ ਛੇ ਮਹੀਨੇ ਤੇਰੇ ਛੋਟੇ ਭਰਾ ਦੇ ਘਰ। ਮੈਂ ਇੱਧਰ-ਉੱਧਰ ਘੁੰਮ-ਫਿਰ ਕੇ ਥੱਕ ਗਈ ਹਾਂ। ਮੈਨੂੰ ਇੱਕ ਸਥਾਈ ਥਾਂ ਦੀ ਲੋੜ ਹੈ। ਇਸ ਵਾਰ ਮਿਹਰਬਾਨੀ ਕਰਕੇ ਮੈਨੂੰ ਹਮੇਸ਼ਾ ਲਈ ਬਿਰਧ ਆਸ਼ਰਮ ਵਿਚ ਛੱਡ ਦੇਣਾ, ਤਾਂ ਜੋ ਮੈਨੂੰ ਵਾਰ-ਵਾਰ ਆਪਣਾ ਸਮਾਨ ਪੈਕ ਨਾ ਕਰਨਾ ਪਵੇ।' ਇਹ ਕਹਿ ਕੇ ਮਾਂ ਡੁਸਕਣ ਲੱਗ ਪਈ।

# ਸੰਵੇਦਨਸ਼ੀਲ ਗਾਇਕਾ ਕਮਲਜੀਤ ਨੀਰੂ

ਪੰਜਾਬੀ ਸੰਗੀਤ ਦੇ ਇਤਿਹਾਸ ਵਿਚ ਇਕ ਅਜਿਹਾ ਦੌਰ ਵੀ ਆਇਆ, ਜਦੋਂ ਮੰਚਾਂ 'ਤੇ ਔਰਤ ਗਾਇਕਾਵਾਂ 'ਦੀ ਹਾਜ਼ਰੀ ਬਹੁਤ ਘੱਟ ਹੁੰਦੀ ਸੀ। ਸਟੇਜ ਜ਼ਿਆਦਾਤਰ ਪੁਰਸ਼ ਗਾਇਕਾਂ ਦੇ ਕਬਜ਼ੇ ਵਿਚ ਹੀ ਸੀ ਅਤੇ ਜੇ ਕੋਈ ਔਰਤ ਹਿੰਮਤ ਕਰ ਕੇ ਅੱਗੇ ਵਧਦੀ ਤਾਂ ਉਸ ਨੂੰ ਸਿਰਫ਼ ਮਿਹਨਤ ਹੀ ਨਹੀਂ, ਸਗੋਂ ਸਮਾਜਿਕ ਸੋਚਾਂ ਨਾਲ ਵੀ ਜੂਝਣਾ ਪੈਂਦਾ ਸੀ। ਅਜਿਹੇ ਸਮੇਂ

**ਬਲਦੇਵ ਸਿੰਘ ਬੇਦੀ**

ਵਿਚ ਇੱਕ ਸੁਰੀਲੀ, ਸੰਵੇਦਨਸ਼ੀਲ ਅਤੇ ਅਸ਼ਲੀਲਤਾ ਤੋਂ ਕੋਹਾਂ ਦੂਰ ਆਵਾਜ਼ ਨੇ ਆਪਣੀ ਵੱਖਰੀ ਪਛਾਣ ਬਣਾਈ ਅਤੇ ਇਹ ਆਵਾਜ਼ ਸੀ ਕਮਲਜੀਤ ਨੀਰੂ ਦੀ।ਉਨ੍ਹਾਂ ਇਹ ਸਾਬਤ ਕੀਤਾ ਕਿ ਸੋਲੋ ਗਾਇਕੀ ਸਿਰਫ਼ ਆਵਾਜ਼ ਦੀ ਤਾਕਤ ਨਹੀਂ, ਸਗੋਂ ਹੌਸਲੇ, ਸੰਸਕਾਰ ਅਤੇ ਸੰਗੀਤਕ ਸਮਰਪਣ ਦੀ ਵੀ ਮੰਗ ਕਰਦੀ ਹੈ। 'ਸੀਟੀ ਤੇ ਸੀਟੀ', 'ਜਦੋਂ ਮੇਰਾ ਲੱਕ ਹਿਲਦਾ', 'ਚਿੱਠੀ ਸੱਜਣਾ ਦੀ', 'ਜੁਗਨੀ', 'ਜ਼ੁਕਾਮ ਇਸ਼ਕ ਦਾ' ਅਤੇ 'ਆਉਂਦਾ ਲਲਕਾਰੇ ਦੂਰੋਂ ਮਾਰਦਾ' ਵਰਗੇ ਗਾਏ ਉਨ੍ਹਾਂ ਦੇ ਗੀਤ ਅੱਜ ਵੀ ਵਿਆਹਾਂ, ਮੇਲਿਆਂ ਅਤੇ ਸੱਭਿਆਚਾਰਕ ਸਮਾਗਮਾਂ ਦੀ ਰੌਣਕ ਬਣਦੇ ਹਨ। ਉਹ ਗੀਤ ਜੋ ਕਿ ਇਕ ਪੂਰੇ ਯੁੱਗ ਦੀ ਕਹਾਣੀ ਹਨ।

### ਅਨੁਸ਼ਾਸਤ ਜੀਵਨ

19 ਦਸੰਬਰ 1960 ਨੂੰ ਪੰਜਾਬ ਦੇ ਖੰਨਾ



ਨੇੜਲੇ ਪਿੰਡ ਈਸੜੂ 'ਚ ਜਨਮੀ ਨੀਰੂ ਇਕ ਅਨੁਸ਼ਾਸਤ ਫ਼ੌਜੀ ਪਰਿਵਾਰ ਨਾਲ ਸਬੰਧਤ ਹੈ। ਪਿਤਾ ਹਰਸਤ ਸਿੰਘ ਬੈਨੀਪਾਲ ਅਤੇ ਮਾਤਾ ਸੁਰਜੀਤ ਕੌਰ ਬੈਨੀਪਾਲ ਦੇ ਸਨੇਹ ਤੇ ਸਖ਼ਤ ਅਨੁਸ਼ਾਸਨ ਨੇ ਉਨ੍ਹਾਂ ਦੇ ਵਿਅਕਤਿਤਵ ਨੂੰ ਹੋਰ ਮਜ਼ਬੂਤੀ ਬਖ਼ਸ਼ੀ। ਬਚਪਨ ਤੋਂ ਹੀ ਨਵੇਂ- ਨਵੇਂ ਸ਼ਹਿਰਾਂ ਵਿਚ ਪੜ੍ਹਾਈ ਕਰਨ ਨਾਲ ਉਨ੍ਹਾਂ 'ਚ ਆਤਮਵਿਸ਼ਵਾਸ ਦੀ ਖ਼ੂਬੀ ਆ ਗਈ। ਖੰਨਾ ਤੋਂ ਸ਼ੁਰੂ ਹੋਈ ਸਿੱਖਿਆ ਜਲੰਧਰ ਦੇ ਆਰਮੀ ਸਕੂਲ ਤੱਕ ਪਹੁੰਚੀ ਅਤੇ ਫਿਰ ਉਨ੍ਹਾਂ ਨੇ ਪ੍ਰੀ-ਮੈਡੀਕਲ ਦੀ ਪੜ੍ਹਾਈ ਵੀ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ ਸ਼ੁਰੂ ਕੀਤੀ ਪਰ ਕਿਸਮਤ ਨੇ ਉਨ੍ਹਾਂ ਲਈ ਕੋਈ ਹੋਰ ਹੀ ਰਾਹ ਚੁਣਿਆ ਸੀ, ਜੋ ਕਿ ਉਨ੍ਹਾਂ ਨੂੰ ਡਾਕਟਰੀ ਤੋਂ ਸੁਰਾਂ ਦੇ ਸਫ਼ਰ ਵੱਲ ਪ੍ਰੇਰਿਤ ਕਰ ਰਿਹਾ ਸੀ।



### 1982 ਵਿਚ ਐਲਬਮ ਰਿਲੀਜ਼

ਉਨ੍ਹਾਂ ਦੀ ਵੋਕਲ ਕੁਆਲਿਟੀ ਅਤੇ ਮੰਚ 'ਤੇ ਹਾਜ਼ਰੀ ਦਰਸ਼ਕਾਂ ਨੂੰ ਪਹਿਲੇ ਹੀ ਪਲ ਮੋਹ ਲੈਂਦੀ ਸੀ। ਭੰਗੜੇ ਤੇ ਤੈਰਾਕੀ ਦੀ ਸ਼ੌਕੀਨ ਨੀਰੂ ਨੇ ਅਖ਼ੀਰ ਗਾਇਕੀ ਨੂੰ ਹੀ ਆਪਣਾ ਜੀਵਨ-ਧਿਆਨ ਬਣਾ ਲਿਆ। 1980 ਵਿਚ ਵਿਆਹ ਤੋਂ ਬਾਅਦ ਉਹ ਆਪਣੇ ਜੀਵਨ ਸਾਥੀ ਨਾਲ ਇੰਗਲੈਂਡ ਚਲੀ ਗਈ। ਜਿੱਥੇ ਜਾ ਕੇ ਉਨ੍ਹਾਂ ਨੇ ਉੱਥੇ ਵਸਦੇ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਨਾਲ ਜੋੜਨ ਲਈ ਆਪਣੀ ਕਲਾ ਰਾਹੀਂ ਇਕ ਪੁਲ ਵਾਂਗ ਕੰਮ ਕੀਤਾ। ਇੰਗਲੈਂਡ ਵਿਚ ਉਨ੍ਹਾਂ ਨੂੰ ਅਲਾਪ ਗਰੁੱਪ, ਹੀਰਾ ਗਰੁੱਪ ਅਤੇ ਡੀਸੀਐੱਸ ਵਰਗੇ ਪ੍ਰਸਿੱਧ ਕਲਾਕਾਰਾਂ ਨਾਲ ਮੰਚ ਸਾਂਝਾ ਕਰਨ ਦਾ ਮੌਕਾ ਮਿਲਿਆ। ਇੱਥੇ ਹੀ ਪ੍ਰਸਿੱਧ ਸੰਗੀਤ ਨਿਰਦੇਸ਼ਕ ਬਲਦੇਵ ਮਸਤਾਨਾ ਦੀ ਹੱਲਾਸ਼ੇਰੀ ਨੇ ਉਨ੍ਹਾਂ ਦੇ ਕਰੀਅਰ ਨੂੰ ਇਕ ਨਵੀਂ ਦਿਸ਼ਾ ਦਿੱਤੀ ਅਤੇ ਇਸ ਦਿਸ਼ਾ ਦੇ ਨਤੀਜੇ ਵਜੋਂ ਹੀ ਨੀਰੂ ਦੀ ਪਹਿਲੀ ਸਾਂਝੀ ਐਲਬਮ 1982 'ਚ ਜਰਨੈਲ ਦੁਸਾਂਝ ਅਤੇ ਲਖਬੀਰ ਲੱਖੀ ਗਰੁੱਪ ਨਾਲ 'ਦੁਪੱਟੇ ਕਾਲੇ ਉੱਡਦੇ, ਐੱਚਐੱਮਵੀ ਕੰਪਨੀ ਨੇ ਰਿਲੀਜ਼ ਕੀਤੀ। ਉਸ ਵੇਲੇ ਐੱਚਐੱਮਵੀ ਤੋਂ ਐਲਬਮ ਰਿਲੀਜ਼ ਹੋਣਾ ਆਪਣੇ ਆਪ 'ਚ ਮਾਣ ਦੀ ਗੱਲ ਹੁੰਦੀ ਸੀ।

### ਜਲੰਧਰ ਦੂਰਦਰਸ਼ਨ ਨਾਲ ਗੂੜ੍ਹੀ ਸਾਂਝ

ਕਮਲਜੀਤ ਨੀਰੂ ਦੀ ਦੂਰਦਰਸ਼ਨ ਕੇਂਦਰ ਜਲੰਧਰ ਨਾਲ ਸਾਂਝ ਬਹੁਤ ਗੂੜ੍ਹੀ ਹੈ, ਲਗਪਗ ਚਾਰ ਦਹਾਕੇ ਪਹਿਲਾਂ 1986 ਵਿਚ ਪ੍ਰਸਾਰਿਤ ਹੋਇਆ ਉਨ੍ਹਾਂ ਦਾ ਪਹਿਲਾ ਸੋਲੋ ਗੀਤ 'ਭਿੱਜ ਗਈ ਕੁੜਤੀ ਲਾਲ ਉਨ੍ਹਾਂ ਲਈ ਮਕਬੂਲੀਅਤ ਦਾ ਉਹ ਦਰਵਾਜ਼ਾ ਖੋਲ੍ਹ ਗਿਆ, ਜੋ ਅੱਜ ਤੱਕ ਵੀ ਢੋਇਆ ਨਹੀਂ ਗਿਆ। ਸਾਲ 1994 ਨੂੰ ਜੀ ਆਇਆਂ ਆਖਦੇ ਨਵੇਂ ਸਾਲ ਦੇ ਪ੍ਰੋਗਰਾਮ ਵਿਚ ਗਾਇਆ ਗੀਤ 'ਰੂੜ੍ਹਾ ਮੰਡੀ ਜਾਵੇ ਵੀ ਘਰ-ਘਰ ਦੀ ਪਸੰਦ ਬਣ ਗਿਆ।

## ਕਲਾ ਪਰਿਕਰਮਾ

### ਪੰਜਾਬੀ ਫਿਲਮਾਂ 'ਚ ਵੀ ਕੀਤਾ ਕੰਮ

ਨੀਰ ਨੇ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਨਿਊਜ਼ੀਲੈਂਡ, ਆਸਟ੍ਰੇਲੀਆ, ਦੁਬਈ, ਸਿੰਗਾਪੁਰ, ਮਲੇਸ਼ੀਆ, ਹਾਲੈਂਡ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ ਵੀ ਆਪਣੀ ਗਾਇਕੀ ਨਾਲ ਪੰਜਾਬੀਆਂ ਨੂੰ ਆਪਣੇ ਵਤਨ ਨਾਲ ਜੋੜਿਆ।

ਗਾਇਕੀ ਦੇ ਨਾਲ- ਨਾਲ ਉਨ੍ਹਾਂ ਨੇ ਅਦਾਕਾਰੀ ਵਿਚ ਵੀ ਕਾਮਯਾਬੀ ਹਾਸਲ ਕੀਤੀ। 'ਜਾਕੋ ਰਾਖੇ ਸਾਈਆ', 'ਸਰਦਾਰੀ', 'ਵਿਦਰੋਹ', 'ਹੌਸਲਾ ਰੱਖ' ਅਤੇ 'ਉੱਚਾ ਦਰ ਬਾਬੇ ਨਾਨਕ ਦਾ' ਵਰਗੀਆਂ ਫਿਲਮਾਂ ਵਿਚ ਉਨ੍ਹਾਂ ਦੀ ਅਦਾਕਾਰੀ ਨੇ ਇਹ ਸਾਬਤ " ਕੀਤਾ ਕਿ ਉਹ ਸਿਰਫ ਗਾਇਕਾ ਨਹੀਂ ਬਲਕਿ ਇਕ ਸੰਪੂਰਨ ਕਲਾਕਾਰ ਹੈ।

# ਮੇਲਿਆਂ ਦੀ ਗਾਇਕੀ ਦਾ ਬਾਦਸ਼ਾਹ - ਦਲਵਿੰਦਰ ਦਿਆਲਪੁਰੀ

ਦਮਦਾਰ ਤੇ ਬੁਲੰਦ ਆਵਾਜ਼ ਵਾਲੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੂੰ ਸੱਭਿਆਚਾਰਕ ਮੇਲਿਆਂ ਦੀ ਗਾਇਕੀ ਦੇ ਬਾਦਸ਼ਾਹ ਵਜੋਂ ਜਾਣਿਆ ਜਾਂਦਾ ਹੈ। ਜਲੰਧਰ ਸ਼ਹਿਰ ਦੀ ਜੂਹ ਨਾਲ ਲੱਗਦੇ ਕਰਤਾਰਪੁਰ ਸ਼ਹਿਰ ਦੇ ਨਜ਼ਦੀਕੀ ਪਿੰਡ ਦਿਆਲਪੁਰ ਦੇ ਵਸਨੀਕ ਪਿਤਾ ਰਿਟਾਇਰਡ ਸੂਬੇਦਾਰ ਸ.

**ਮਲਕੀਤ ਮਾਹੀ**

ਕਰਨੈਲ ਸਿੰਘ ਤੇ ਮਾਤਾ ਬੀਬੀ ਸੁਰਿੰਦਰ ਕੌਰ ਦੇ ਪਰਿਵਾਰ ਵਿਚ ਪੈਦਾ ਹੋਏ ਦਲਵਿੰਦਰ ਨੇ ਆਪਣੇ ਗਾਇਕੀ ਦੀ ਸ਼ੁਰੂਆਤ ਬਾਰੇ ਦੱਸਿਆ ਕਿ 11ਵੀਂ 'ਚ ਪੜ੍ਹਦਿਆਂ ਹੀ ਉਸ ਨੂੰ ਭਗਤ ਨਾਮਦੇਵ ਜੀ ਦੇ ਅਸਥਾਨ, ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਵਿਖੇ ਇੱਕ ਗਾਇਕੀ ਦੇ ਪ੍ਰੋਗਰਾਮ ਦੌਰਾਨ ਗਾਉਣ ਦਾ ਮੌਕਾ ਮਿਲਿਆ, ਜਿੱਥੇ ਉਸ ਨੂੰ ਵਧੀਆ ਪੇਸ਼ਕਾਰੀ ਲਈ ਚੰਗਾ ਇਨਾਮ ਤੇ ਖ਼ੂਬ ਵਾਹ-ਵਾਹ ਮਿਲੀ। ਫਿਰ ਕੀ ਉਸ ਨੇ ਗਾਇਕੀ ਵਿਚ ਦੱਬ ਕੇ ਮਿਹਨਤਾਂ ਕਰਨੀਆ ਸ਼ੁਰੂ ਕਰ ਦਿੱਤੀਆਂ। ਉਸ ਦਾ ਕਹਿਣਾ ਹੈ ਕਿ



ਉਨ੍ਹਾਂ ਵੇਲਿਆਂ 'ਚ ਖਾਸ ਕਰਕੇ ਕਲੀਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਉੱਘੇ ਗਾਇਕ ਕੁਲਦੀਪ ਮਾਣਕ ਦੀ ਗਾਇਕੀ ਉਸ ਦੇ ਜ਼ਿਹਨ ਵਿਚ ਪੂਰੀ ਤਰ੍ਹਾਂ ਘਰ ਕਰ ਚੁੱਕੀ ਸੀ। ਮਾਣਕ ਦੀ ਗਾਇਕੀ ਦਾ ਜ਼ਿਆਦਾ ਪ੍ਰਭਾਵ ਹੋਣ ਕਰਕੇ ਉਨ੍ਹਾਂ ਨੂੰ ਹੀ ਉਸ ਨੇ ਰਵਾਇਤੀ ਤੌਰ 'ਤੇ ਬਕਾਇਦਾ ਉਸਤਾਦ ਧਾਰ ਲਿਆ। ਗੀਤਕਾਰਾਂ 'ਚੋਂ ਜ਼ਿਆਦਾ ਕਰਕੇ ਉਸ ਨੂੰ ਹਰਵਿੰਦਰ ਓਹੜਪੁਰੀ, ਪਾਲ ਫਿਆਲੀ ਵਾਲਾ, ਜੱਗਾ ਚੌਕੀਮਾਨ, ਬੱਲ ਬੁਤਾਲੇ ਵਾਲਾ, ਤਜਿੰਦਰ, ਦਲਜੀਤ ਚੌਹਾਨ, ਮਲਕੀਤ ਮਾਹੀ, ਸਰਬਜੀਤ ਜੰਬਾ ਦੇ ਲਿਖੇ ਗੀਤ ਗਾਉਣ ਦਾ ਮੌਕਾ ਮਿਲਿਆ। ਹਾਲ ਹੀ ਵਿਚ ਆਏ ਉਸ ਦੇ ਨਵੇਂ ਗੀਤਾਂ ਬਾਰੇ ਜ਼ਿਕਰ ਕਰਦੇ ਦੱਸਿਆ ਕਿ ਗੀਤ 'ਜਾਨ ਵਾਰੀਏ..' 'ਤੂਫ਼ਾਨ ਆ ਗਿਆ' ਅਤੇ 'ਬੁਲਟ' ਗੀਤਾਂ ਦੇ ਵੀਡੀਓ ਤੇ ਗਾਇਕੀ ਸਰੋਤਿਆਂ ਦੀ ਚੰਗੀ ਵਾਹ-ਵਾਹ ਖੱਟ ਰਹੇ ਹਨ।

ਉਸ ਦਾ ਕਹਿਣਾ ਹੈ ਕਿ ਸਬਰ, ਸੰਤੋਖ ਨਾਲ ਕੀਤੀਆਂ ਮਿਹਨਤਾਂ ਰੰਗ ਜ਼ਰੂਰ ਦਿਖਾਉਂਦੀਆਂ ਹਨ ਦੇ ਫਲਸਰੂਪ ਭਾਰਤ ਸਰਕਾਰ ਦੇ ਡਾਕ ਵਿਭਾਗ ਵੱਲੋਂ ਉਸ ਦੇ ਨਾਂਅ 'ਤੇ ਟਿਕਟ ਜਾਰੀ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਉਸ ਦੀ ਵਧੀਆ ਗਾਇਕੀ ਤੇ ਸਮਾਜਿਕ ਸੇਵਾਵਾਂ 'ਚੋਂ ਕੋਵਿਡ ਕਾਲ ਦੌਰਾਨ ਅਤੇ ਪਿਛਲੇ ਸਾਲ ਆਏ ਹੜ੍ਹਾਂ ਦੌਰਾਨ ਅਣਥੱਕ ਸੇਵਾਵਾਂ ਨੂੰ ਦੇਖਦਿਆਂ ਪੰਜਾਬ ਸਰਕਾਰ ਵਲੋਂ 15 ਅਗਸਤ ਅਤੇ 26 ਜਨਵਰੀ ਦੇ ਮੌਕਿਆਂ 'ਤੇ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪਰਿਵਾਰਕ ਫੁਲਵਾੜੀ 'ਚੋਂ ਮਾਤਾ ਸੁਰਿੰਦਰ ਕੌਰ, ਪਤਨੀ ਜਸਵਿੰਦਰ ਕੌਰ, ਦੋ ਬੇਟੇ ਹਰਸਿਮਰਨਜੀਤ ਸਿੰਘ ਤੇ ਹਰਮਨਜੋਤ ਸਿੰਘ ਅਤੇ ਬੇਟੀ ਅਕਾਸ਼ਦੀਪ ਕੌਰ ਦੇ ਮੋਹ ਪਿਆਰ ਦਾ ਨਿੱਘ ਮਾਣ ਰਿਹਾ ਹੈ ਦਿਆਲਪੁਰੀ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਮਾਰਚ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-734



*ਬਚਪਨ ਭੋਲ਼ਾ-ਭਾਲ਼ਾ ਬੜਾ ਬੇਪਰਵਾਹ ਹੁੰਦਾ ਹੈ,*
*ਨਿਰਮਲ ਨਿਰਛਲ ਮੁੱਢ ਤੋਂ ਬਾਦਸ਼ਾਹ ਹੁੰਦਾ ਹੈ।*
*ਜੋ ਵੀ ਆਵੇ ਦਿਲ ਵਿਚ ਕਰਦਾ ਠਾਹ ਹੁੰਦਾ ਹੈ,*
*ਸਾਫ਼ ਸਫ਼ਾਈ ਤੋਂ ਨਿਰਲੇਪ ਵਾਹ ਵਾਹ ਹੁੰਦਾ ਹੈ।*

## ਕੈਪਸ਼ਨ ਮੁਕਾਬਲਾ-732



ਨੇੜੇ ਆਇਆ ਵਿਆਹ ਵੇ ਸੱਜਣਾ,
ਨਾਲ਼ ਮਹਿੰਦੀ ਵੇ ਹੱਥ ਸ਼ਿੰਗਾਰੇ,
ਰੀਝਾਂ ਨਾਲ਼ ਡਿਜ਼ਾਈਨ ਬਣਵਾ ਕੇ,
ਵਿਚ ਫੁੱਲ ਪੁਆ ਲਏ ਪਿਆਰੇ।
ਵੀਣੀਆਂ ਦੇ ਵਿਚ ਛਣਕੂ ਵੇ ਚੂੜਾ,
ਫਿਰ ਕੰਨੀਂ ਝੁਮਕੇ ਲੈਣ ਹੁਲਾਰੇ,
ਤੇਰੀ ਮੇਰੀ ਜੋੜੀ ਤਦ ਤੱਕੂ ਵੇ ਜੱਗ,
ਤੇ ਮੇਰਾ ਹੁਸਨ ਮਾਰੂ ਲਿਸ਼ਕਾਰੇ।
***-ਸੇਵਾ ਸਿੰਘ ਨੂਰਪੁਰੀ***

---

ਮੇਰੇ ਹੱਥਾਂ 'ਤੇ ਜੋ ਮਹਿੰਦੀ ਏ।
ਸੁਣ ਸੱਜਣਾਂ ਕੀ ਕਹਿੰਦੀ ਏ।
ਇਹ ਨਾਮ ਤੇਰਾ ਹੀ ਲੈਂਦੀ ਏ।
ਲਾਹਿਆਂ ਵੀ ਨਾ ਲਹਿੰਦੀ ਏ।
ਗੂਹੜਾ ਰੰਗ ਤਦ ਚੜ੍ਹਦਾ ਹੈ।
ਕੰਤ ਪਿਆਰ ਜਦ ਕਰਦਾ ਹੈ।
ਸੁਣਿਐ ਪਿਰ ਦੇ ਮਾਪਿਆਂ ਦਾ,
ਸਨੇਹ ਵੀ ਸਿਰ 'ਤੇ ਵਰ੍ਹਦਾ ਹੈ।
ਆਸ-ਪਾਸ ਦੀਆਂ ਸਈਆਂ ਵੀ,
ਜੋ ਅੰਗ-ਸੰਗ ਮੇਰੇ ਰਹੀਆਂ ਸੀ।
ਨਾਉਂ ਤੇਰਾ ਲੈ ਮੈਨੂੰ ਛੇੜਦੀਆਂ।
ਤੇਰੇ ਕਾਰਨ ਮੈਂ ਸਭ ਸਹੀਆਂ ਵੀ।
ਹੁਣ ਦੂਰ ਨਾ ਤੈਥੋਂ ਜੀ ਰਹਿ ਹੋਵੇ।
ਪਰ ਮੂੰਹੋਂ ਨਾ ਕੁਝ ਵੀ ਕਹਿ ਹੋਵੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: 1 864 318 5500***

---

ਮਹਿੰਦੀ ਦੇ ਬੂਟੇ ਕੋਲ ਜਾ ਕੇ
ਪੱਤਿਆਂ ਨੂੰ ਫਿਰ ਸੂਤਾ ਲਾ ਕੇ
ਰਗੜੇ ਦੇ ਨਾਲ ਬਰੀਕ ਬਣਾ ਕੇ
ਵਿਚ ਲੱਸੀ ਦਾ ਭੋਰਾ ਪਾ ਕੇ
ਹੱਥਾਂ ਉੱਪਰ ਟਿੱਕੇ ਲਾ ਕੇ
ਗੂੜ੍ਹੇ ਫਿੱਕੇ ਰੰਗ ਚੜ੍ਹਾ ਕੇ
ਪਿਆਰ ਵੀ ਪਰਖੇ ਜਾਂਦੇ ਸੀ।
ਹੁਣ ਤਾਂ ਰੈਡੀ-ਮੇਡ ਲਿਆ ਕੇ
ਰੰਗ ਬਰੰਗੇ ਡਿਜ਼ਾਈਨ ਬਣਾ ਕੇ
ਨਕਲੀ ਮਹਿੰਦੀ ਨਾਲ ਸਜਾ ਕੇ
ਸੰਘਣੇ ਗੂੜੇ ਰੰਗ ਚੜ੍ਹਾ ਕੇ
ਦਿਖਾਵੇ ਵਾਲਾ ਚੱਕਰ ਚਲਾ ਕੇ
ਮਾਡਰਨ ਏਸ ਦੇ ਤਾਈਂ ਕਹਾ ਕੇ
ਬੱਸ ਰਸਮ ਨਿਭਾਈ ਜਾਂਦੀ ਐ।
***-ਜਗਮੀਤ ਸਿੰਘ ਪੰਧੇਰ***
***ਫੋਨ: +1 8257607222***

---

ਮਹਿੰਦੀ ਖਾਸ ਮਹੱਤਤਾ ਰਖਾਵੇ
ਚਮਕ ਦਮਕ ਕਰ ਉਜਾਗਰ
ਵੀਣੀਆਂ ਦਾ ਸੁਹੱਪਣ ਦਿਖਾਵੇ
ਚੜ੍ਹਦਾ ਜਦ ਚੂੜਾ ਵੀਣੀਆਂ 'ਤੇ
ਕੀ ਪੁੱਛਦੇ ਹੋ ਹਾਲ
ਫਿਰ ਮਰੀਜ਼ਾਂ ਦਾ
ਕੀ ਮੁੱਲ ਪਾਓਗੇ ਫੁੱਲਾਂ ਦਾ
ਅਸਲੀ ਨਹੀਂ ਪਰ
ਦਿਲੀ ਵਲਵਲੇ ਕਰ ਉਜਾਗਰ
ਟੁੰਬ ਜਾਂਦੇ ਦਿਲਾਂ ਨੂੰ
ਲਫਜ਼ ਵੀ ਸੁੰਨ ਹੋ ਜਾਂਦੇ
ਛਣਕਣਗੀਆਂ ਜਦ ਵੀਣੀਆਂ
ਦੂਲ੍ਹਾ ਹੈ ਦੀਵਾਨਾ ਮਸਤੀ ਨਾਲ ਝੂਮੇ।
***-ਦਰਸ਼ਨ ਪਾਲ ਦੋਸਾਂਝ***

# ਕੇਰਲਾ ਦੀ 'ਗੋਲਡਨ ਗਰਲ' ਪੀਟੀ ਊਸ਼ਾ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661




'ਉਡਣ ਪਰੀ' ਕਹੀ ਜਾਂਦੀ ਦੌੜਾਕ ਪੀਟੀ ਊਸ਼ਾ ਦਾ ਪੂਰਾ ਨਾਂ ਪਿਲਾਵੁਕੰਦੀ ਟੇਕੇਪਰੰਬਿਲ ਊਸ਼ਾ ਹੈ। ਉਸ ਨੇ ਏਸ਼ਿਆਈ ਖੇਡਾਂ 'ਚੋਂ 4 ਗੋਲਡ ਤੇ 7 ਸਿਲਵਰ ਮੈਡਲ ਜਿੱਤੇ ਹਨ। ਏਸ਼ੀਅਨ ਟ੍ਰੈਕ ਐਂਡ ਫੀਲਡ ਪੱਧਰ ਦੇ ਦੋ ਦਰਜਨ ਤੋਂ ਵੱਧ ਤਗ਼ਮੇ ਜਿੱਤ ਕੇ ਆਪਣੇ ਪ੍ਰਾਂਤ ਕੇਰਲਾ ਤੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਉਹ ਦੋ ਦਹਾਕੇ ਭਾਰਤ ਦੀ ਸਰਬੋਤਮ ਮਹਿਲਾ ਅਥਲੀਟ ਮੰਨੀ ਜਾਂਦੀ ਰਹੀ। ਉਸ ਨੇ ਨੈਸ਼ਨਲ ਤੇ ਇੰਟਰਨੈਸ਼ਨਲ ਅਥਲੈਟਿਕਸ ਮੀਟਾਂ ਵਿਚੋਂ 100 ਤੋਂ ਵੱਧ ਮੈਡਲ ਜਿੱਤੇ ਹਨ। ਉਸ ਨੂੰ ਇੰਡੀਅਨ ਟ੍ਰੈਕ ਐਂਡ ਫੀਲਡ ਦੀ ਰਾਣੀ ਕਿਹਾ ਜਾਂਦਾ ਹੈ। ਹੁਣ ਉਹ ਭਾਰਤੀ ਓਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਤੇ ਰਾਜ ਸਭਾ ਦੀ ਮਾਣਯੋਗ ਮੈਂਬਰ ਹੈ।

1984 ਵਿਚ ਉਸ ਨੇ 400 ਮੀਟਰ ਹਰਡਲਜ਼ ਦੌੜ 55.42 ਸੈਕੰਡ 'ਚ ਦੌੜੀ ਸੀ ਜੋ ਅਜੇ ਤਕ ਭਾਰਤ ਦਾ ਨੈਸ਼ਨਲ ਰਿਕਾਰਡ ਹੈ। 1985 ਦੀ ਏਸ਼ੀਅਨ ਟ੍ਰੈਕ ਐਂਡ ਫੀਲਡ ਚੈਂਪੀਅਨਸ਼ਿਪ ਵਿਚੋਂ 5 ਗੋਲਡ ਤੇ 1 ਬ੍ਰੌਂਜ਼ ਮੈਡਲ ਜਿੱਤਣ ਦਾ ਰਿਕਾਰਡ ਵੀ ਉਹਦੇ ਨਾਂ ਤੁਰਿਆ ਆਉਂਦਾ ਹੈ। ਸਿਓਲ-1986 ਦੀਆਂ ਏਸ਼ਿਆਈ ਖੇਡਾਂ 'ਚੋਂ ਉਸ ਨੇ 200, 400, 400 ਮੀਟਰ ਹਰਡਲਜ਼ ਤੇ 4+400 ਮੀਟਰ ਰਿਲੇਅ ਦੌੜਾਂ ਦੇ 4 ਸੋਨ ਤਗ਼ਮੇ ਜਿੱਤੇ ਸਨ। ਸਿਓਲ-1988 ਦੀਆਂ ਓਲੰਪਿਕ ਖੇਡਾਂ ਸਮੇਂ ਉਸ ਨੂੰ ਅੱਡੀ ਦੀ ਚੋਟ ਲੈ ਬੈਠੀ ਸੀ। 1989 'ਚ ਉਹ ਠੀਕ ਹੋਈ ਤਾਂ ਦਿੱਲੀ ਦੀ ਏਸ਼ੀਅਨ ਟ੍ਰੈਕ ਐਂਡ ਫੀਲਡ ਮੀਟ ਵਿਚ ਫਿਰ 4 ਗੋਲਡ ਤੇ 2 ਸਿਲਵਰ ਮੈਡਲ ਜਿੱਤੀ। ਬੀਜਿੰਗ-1990 ਦੀਆਂ ਏਸ਼ਿਆਈ ਖੇਡਾਂ 'ਚ ਨਾ ਚਾਹੁੰਦਿਆਂ ਵੀ ਉਸ ਨੇ ਭਾਗ ਲਿਆ ਤੇ 3 ਸਿਲਵਰ ਮੈਡਲ ਜਿੱਤੇ। 1991 ਵਿਚ ਉਸ ਦਾ ਵਿਆਹ ਹੋ ਗਿਆ। ਮਾਂ ਬਣ ਕੇ 34 ਸਾਲਾਂ ਦੀ ਉਮਰੇ ਉਸ ਨੇ ਫਿਰ ਏਸ਼ੀਅਨ ਟ੍ਰੈਕ ਐਂਡ ਫੀਲਡ ਮੀਟ 'ਚ ਭਾਗ ਲਿਆ ਅਤੇ 200 ਤੇ 400 ਮੀਟਰ ਦੌੜਾਂ 'ਚੋਂ ਕਾਂਸੀ ਦੇ ਤਗ਼ਮੇ ਜਿੱਤਦਿਆਂ 200 ਮੀਟਰ ਦੌੜ ਦਾ ਕੌਮੀ ਰਿਕਾਰਡ ਨਵਿਆ ਦਿੱਤਾ। ਇੰਡੀਅਨ ਓਲੰਪਿਕ ਐਸੋਸੀਏਸ਼ਨ ਨੇ ਉਸ ਨੂੰ ਵੀਹਵੀਂ ਸਦੀ ਦੀ ਅਥਲੀਟ ਵਜੋਂ ਵਡਿਆਇਆ।

ਉਸ ਦਾ ਜਨਮ ਕੇਰਲਾ ਦੇ ਜ਼ਿਲ੍ਹੇ ਕੋਜ਼ੀਕੋਡੇ ਵਿਚ ਪਰਾਂਬਰਾ ਨੇੜੇ ਕੁਠਾਲੀ ਵਿਖੇ ਪਿਤਾ ਈ.ਪੀ.ਐੱਮ. ਪੈਥਲ ਦੇ ਘਰ ਮਾਤਾ ਟੀ.ਵੀ.ਲਖਸ਼ਮੀ ਦੀ ਕੁੱਖੋਂ 27 ਜੂਨ 1964 ਨੂੰ ਹੋਇਆ। ਉਹ ਨੇੜਲੇ ਕਸਬੇ ਪਿਯੋਲੀ ਵਿਚ ਪਲਦਿਆਂ ਵੱਡੀ ਹੋਈ। ਬਚਪਨ ਵਿਚ ਉਹ ਦੁਬਲੀ-ਪਤਲੀ ਲੜਕੀ ਸੀ ਜੋ ਅਕਸਰ ਬਿਮਾਰ ਹੋ ਜਾਂਦੀ ਪਰ ਖੇਡਾਂ 'ਚ ਭਾਗ ਲੈਣੋਂ ਨਾ ਟਲਦੀ। ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ ਹੀ ਉਹ ਖੇਡ ਮੁਕਾਬਲਿਆਂ ਵਿਚ ਸ਼ਾਮਲ ਹੋਣ ਲੱਗ ਪਈ ਸੀ। ਉਦੋਂ ਕੇਰਲਾ ਦਾ ਕੌਮੀ ਖੇਡ ਮੁਕਾਬਲਿਆਂ 'ਚ ਹੁਣ ਵਰਗਾ ਸਥਾਨ ਨਹੀਂ ਸੀ। ਖੇਡ ਖੇਤਰ ਵਿਚ ਉਹ ਭਾਰਤ ਦੇ ਬਹੁਤੇ ਸੂਬਿਆਂ ਤੋਂ ਪਿੱਛੇ ਸੀ।

ਊਸ਼ਾ ਦੇ ਜਨਮ ਸਮੇਂ ਉਹਦੇ ਮਾਪੇ ਗਰੀਬ ਗੁਜ਼ਾਰਾ ਕਰਦੇ ਸਨ ਜੋ ਆਪਣੀ ਧੀ ਨੂੰ ਬਚਪਨ ਦੀਆਂ ਮੁਢਲੀਆਂ ਖੇਡ ਸਹੂਲਤਾਂ ਦੇਣ ਜੋਗੇ ਵੀ ਨਹੀਂ ਸਨ। ਪਰ ਪੀਟੀ ਊਸ਼ਾ ਦੇ ਚੰਗੇ ਭਾਗ ਕਿ ਸਕੂਲਾਂ ਦੇ ਖਿਡਾਰੀਆਂ ਨੂੰ ਕੋਜ਼ੀਕੋਡੇ ਵਿਖੇ ਸਪੋਰਟਸ ਸਕੂਲ ਵਿਚ ਖੇਡਾਂ ਦੀ ਕੋਚਿੰਗ ਮਿਲਣੀ ਸ਼ੁਰੂ ਹੋ ਗਈ। ਊਸ਼ਾ ਨੇ ਜੂਨੀਅਰ ਕਲਾਸਾਂ 'ਚ ਪੜ੍ਹਦਿਆਂ ਹੀ ਚੰਗੀ ਹੋਣਹਾਰੀ ਵਿਖਾਉਣੀ ਸ਼ੁਰੂ ਕਰ ਦਿੱਤੀ ਤੇ ਅਥਲੈਟਿਕਸ ਕੋਚ ਓ.ਪੀ. ਨੰਬਿਆਰ ਦੀ ਨਜ਼ਰੇ ਚੜ੍ਹ ਗਈ। 1979 'ਚ ਉਸ ਨੇ ਪਹਿਲੀ ਵਾਰ ਸਕੂਲਾਂ ਦੀਆਂ ਨੈਸ਼ਨਲ ਖੇਡਾਂ 'ਚ ਭਾਗ ਲਿਆ ਤੇ ਪਹਿਲੀ ਪੁਜ਼ੀਸ਼ਨ ਹਾਸਲ ਕਰ ਗਈ। ਫਿਰ ਉਹ ਆਪਣੀ ਮਿਹਨਤ ਤੇ ਕੋਚਾਂ ਦੀ ਕੋਚਿੰਗ ਸਦਕਾ ਦੋ ਦਹਾਕੇ ਨੈਸ਼ਨਲ ਤੇ ਇੰਟਰਨੈਸ਼ਨਲ ਅਥਲੈਟਿਕਸ ਮੀਟਾਂ ਵਿਚ ਛਾਈ ਰਹੀ।

ਜਦੋਂ ਪੀਟੀ ਊਸ਼ਾ ਦਾ ਜਨਮ ਹੋਇਆ ਉਸ ਤੋਂ ਛੇ ਕੁ ਮਹੀਨੇ ਪਹਿਲਾਂ ਮੈਨੂੰ ਕੇਰਲਾ ਜਾਣ ਦਾ ਮੌਕਾ ਮਿਲਿਆ ਸੀ। ਉਹ ਮੇਰੀ ਪਹਿਲੀ ਕੇਰਲਾ ਫੇਰੀ ਸੀ ਤੇ ਮੈਂ ਪਹਿਲੀ ਵਾਰ ਕੰਨਿਆ ਕੁਮਾਰੀ ਵਿਖੇ ਸਮੁੰਦਰ 'ਚੋਂ ਚੜ੍ਹਦੇ ਸੂਰਜ ਦਾ ਜਲਵਾ ਵੇਖਿਆ ਸੀ। ਗੇੜ ਅਜਿਹਾ ਬਣਿਆ ਸੀ ਕਿ 1963 ਦੇ ਆਖ਼ਰੀ ਹਫ਼ਤੇ ਟ੍ਰੀਵੈਂਡਰਮ ਵਿਖੇ ਆਲ ਇੰਡੀਆ ਇੰਟਰਵਰਸਿਟੀ ਅਥਲੈਟਿਕਸ ਮੀਟ ਹੋਈ ਸੀ। ਮੈਂ ਦਿੱਲੀ ਯੂਨੀਵਰਸਿਟੀ ਵੱਲੋਂ ਉਥੇ ਗੋਲਾ ਸੁੱਟਣ ਦੇ ਈਵੈਂਟ 'ਚ ਭਾਗ ਲੈਣ ਗਿਆ ਸਾਂ। ਮਦਰਾਸ ਤੋਂ ਟ੍ਰੀਵੈਂਡਰਮ ਤਕ ਰੇਲ ਗੱਡੀ 'ਚ ਸਫ਼ਰ ਕਰਦਿਆਂ ਉਦੋਂ ਪਹਿਲੀ ਵਾਰ ਉਥੋਂ ਦੇ ਖੇਤ, ਨਾਰੀਅਲ ਦੇ ਉੱਚੇ ਰੁੱਖ ਤੇ ਵਿਰਲੇ-ਵਿਰਲੇ ਘਰ ਵੇਖੇ ਸਨ। ਟ੍ਰੀਵੈਂਡਰਮ ਜਾਣ ਦੇ ਬਹਾਨੇ ਦੱਖਣੀ ਭਾਰਤ ਦਾ ਕਾਫੀ ਸਾਰਾ ਇਲਾਕਾ ਵੇਖਿਆ ਗਿਆ ਸੀ। ਉਦੋਂ ਸ਼ਹਿਰਾਂ ਦੇ ਨਾਂ ਹੋਰ ਸਨ। ਪਿੱਛੋਂ ਕਲਕੱਤਾ, ਬੰਗਲੌਰ, ਬੰਬਈ, ਮਦਰਾਸ ਤੇ ਟ੍ਰੀਵੈਂਡਰਮ ਆਦਿ ਕਈ ਸ਼ਹਿਰਾਂ ਦੇ ਨਾਂ ਹੀ ਬਦਲ ਗਏ ਹਨ!

1976 ਵਿਚ ਜਦੋਂ ਪੀਟੀ ਊਸ਼ਾ ਬਾਰਾਂ ਕੁ ਸਾਲਾਂ ਦੀ ਸੀ ਤਾਂ ਕੇਰਲਾ ਸਰਕਾਰ ਨੇ ਕੋਚ ਓ.ਐੱਮ. ਨੰਬਿਆਰ ਦੀ ਦੇਖ-ਰੇਖ ਹੇਠ ਕਨੂਰ ਵਿਖੇ 40 ਲੜਕੀਆਂ ਲਈ ਸਪੋਰਟਸ ਅਕੈਡਮੀ ਚਾਲੂ ਕੀਤੀ ਸੀ। ਉਥੇ ਉਸ ਨੂੰ ਆਰੰਭ ਵਿਚ ਹੀ ਵਧੀਆ ਕੋਚਿੰਗ ਮਿਲਣ ਲੱਗ ਪਈ। ਉਸ ਦਾ ਕੱਦ ਵੀ ਆਪਣੇ ਹਾਣ ਦੀਆਂ ਲੜਕੀਆਂ ਨਾਲੋਂ ਲੰਮੇਰਾ ਸੀ ਜੋ ਬਾਅਦ ਵਿਚ 5 ਫੁੱਟ 7 ਇੰਚ ਲੰਮਾ ਹੋ ਗਿਆ। ਜੁੱਸਾ ਭਾਵੇਂ ਪਤਲਾ ਸੀ ਪਰ ਸੀ ਗੁੰਦਵੇਂ ਪੱਠਿਆਂ ਵਾਲਾ। ਬੁੱਲ੍ਹ ਰਤਾ ਮੋਟੇ, ਚਿਹਰਾ ਸੂਤਵਾਂ, ਰੰਗ ਸਾਂਵਲਾ ਤੇ ਦੰਦ ਮੋਤੀਆਂ ਵਰਗੇ। ਤੁਰਦੀ ਤਾਂ ਉਹਦੇ ਕਦਮ ਆਪਣੀਆਂ ਹਾਨਣਾਂ ਨਾਲੋਂ ਲੰਮੇ ਪੈਂਦੇ। ਦੌੜਦੀ ਤਾਂ ਕਦਮ ਹੋਰ ਲੰਮੇਰੇ ਹੋ ਜਾਂਦੇ। 1979 ਵਿਚ 15ਵੇਂ ਸਾਲ ਦੀ ਉਮਰੇ ਉਸ ਨੇ ਆਲ ਇੰਡੀਆ ਨੈਸ਼ਨਲ ਸਕੂਲ ਗੇਮਜ਼ ਵਿਚ ਭਾਗ ਲਿਆ ਤੇ ਆਪਣੇ ਈਵੈਂਟ ਵਿਚ ਪ੍ਰਥਮ ਆ ਗਈ। ਉਸ ਜਿੱਤ ਨਾਲ ਉਹਦੀ ਗੁੱਡੀ ਚੜ੍ਹਨੀ ਸ਼ੁਰੂ ਹੋ ਗਈ।

1980 ਵਿਚ ਉਸ ਨੂੰ ਪਾਕਿਸਤਾਨ ਦੀ ਓਪਨ ਨੈਸ਼ਨਲ ਮੀਟ ਕਰਾਚੀ ਵਿਖੇ ਭਾਗ ਲੈਣ ਦਾ ਮੌਕਾ ਮਿਲਿਆ। ਉਥੇ ਉਸ ਨੇ 4 ਗੋਲਡ ਮੈਡਲ ਜਿੱਤੇ। 1981 ਵਿਚ ਬੰਗਲੌਰ ਵਿਖੇ ਅੰਤਰਰਾਸ਼ਟਰੀ ਅਥਲੈਟਿਕਸ ਮੀਟ ਹੋਈ ਜਿਸ ਵਿਚ ਉਹਨੇ 100 ਮੀਟਰ ਦੌੜ 11.6 ਸੈਕੰਡ ਤੇ 200 ਮੀਟਰ 24.8 ਸੈਕੰਡ ਵਿਚ ਲਾ ਕੇ ਨਵੇਂ ਨੈਸ਼ਨਲ ਰਿਕਾਰਡ ਸਥਾਪਿਤ ਕੀਤੇ। ਫਿਰ ਉਹ ਸਿਓਲ ਦੀ ਵਿਸ਼ਵ ਜੂਨੀਅਰ ਅਥਲੈਟਿਕਸ ਚੈਂਪੀਅਨਸ਼ਿਪ 1982 ਵਿਚ ਭਾਗ ਲੈਣ ਲਈ ਚੁਣੀ ਗਈ। ਉਥੇ ਉਹ 200 ਮੀਟਰ ਦੌੜ 'ਚ ਗੋਲਡ ਮੈਡਲ ਤੇ 100 ਮੀਟਰ ਦੌੜ 'ਚ ਬ੍ਰੌਂਜ਼ ਮੈਡਲ ਜਿੱਤੀ।

ਉਸੇ ਸਾਲ ਨਵੀਂ ਦਿੱਲੀ-1982 ਦੀਆਂ ਏਸ਼ਿਆਈ ਖੇਡਾਂ ਆ ਗਈਆਂ। ਉਨ੍ਹਾਂ ਖੇਡਾਂ 'ਚ ਉਸ ਨੇ 100 ਮੀਟਰ ਦੌੜ 11.95 ਸੈਕੰਡ ਅਤੇ 200 ਮੀਟਰ 25.32 ਸੈਕੰਡ ਵਿਚ ਲਾ ਕੇ ਚਾਂਦੀ ਦੇ 2 ਤਗ਼ਮੇ ਜਿੱਤੇ। 1983 ਵਿਚ ਜਮਸ਼ੇਦਪੁਰ ਵਿਖੇ ਹੋਈ ਓਪਨ ਨੈਸ਼ਨਲ ਚੈਂਪੀਅਨਸ਼ਿਪ 'ਚ ਉਸ ਨੇ 200 ਮੀਟਰ ਦੌੜ 23.9 ਸੈਕੰਡ ਅਤੇ 400 ਮੀਟਰ 53.6 ਸੈਕੰਡ 'ਚ ਲਾ ਕੇ ਨੈਸ਼ਨਲ ਰਿਕਾਰਡ ਨਵਿਆਏ। ਉਸੇ ਸਾਲ ਕੁਵੈਤ ਸਿਟੀ ਵਿਖੇ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿਚ ਉਸ ਨੇ 400 ਮੀਟਰ ਦੌੜ 'ਚੋਂ ਗੋਲਡ ਮੈਡਲ ਜਿੱਤਿਆ। ਉਦੋਂ ਤੋਂ ਹੀ ਉਸ ਨੂੰ 'ਉਡਣ ਪਰੀ' ਕਿਹਾ ਜਾਣ ਲੱਗ ਪਿਆ।

1984 ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾਂ ਉਹ ਏਸ਼ਿਆਈ ਟ੍ਰੈਕ ਐਂਡ ਫੀਲਡ ਚੈਂਪੀਅਨਸ਼ਿਪਾਂ ਵਿਚੋਂ ਮੈਡਲ 'ਤੇ ਮੈਡਲ ਜਿੱਤਣ ਲੱਗ ਪਈ ਸੀ। ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਪੂਰੀ ਤਿਆਰੀ ਵਿਚ ਸੀ। ਉਹਦੀ ਖੁਸ਼ਕਿਸਮਤੀ ਨੂੰ ਸੋਵੀਅਤ ਰੂਸ ਬਲਾਕ ਨੇ ਅਮਰੀਕਾ ਦੀਆਂ ਲਾਸ ਏਂਜਲਸ ਖੇਡਾਂ ਦਾ ਬਾਈਕਾਟ ਕਰ ਦਿੱਤਾ ਸੀ ਕਿਉਂਕਿ ਮਾਸਕੋ-1980 ਦੀਆਂ ਓਲੰਪਿਕ ਖੇਡਾਂ ਦਾ ਅਮਰੀਕਾ ਗੁੱਟ ਦੇ ਦੇਸ਼ਾਂ ਨੇ ਬਾਈਕਾਟ ਕੀਤਾ ਸੀ। ਇੰਜ ਚੋਟੀ ਦੇ ਕਈ ਖਿਡਾਰੀ ਉਨ੍ਹਾਂ ਖੇਡਾਂ 'ਚ ਭਾਗ ਨਹੀਂ ਸਨ ਲੈ ਰਹੇ। ਉਸ ਹਾਲਤ 'ਚ ਪੀਟੀ ਊਸ਼ਾ ਦੇ ਮੈਡਲ ਜਿੱਤਣ ਦਾ ਮੌਕਾ ਬਿਹਤਰ ਸੀ।

ਉਸ ਤੋਂ ਪਹਿਲਾਂ ਭਾਰਤ ਦੇ ਕੇਵਲ ਦੋ ਅਥਲੀਟ ਮਿਲਖਾ ਸਿੰਘ ਤੇ ਗੁਰਬਚਨ ਸਿੰਘ ਰੰਧਾਵਾ ਹੀ ਓਲੰਪਿਕ ਮੈਡਲ ਜਿੱਤਣ ਦੇ ਨੇੜੇ ਪੁੱਜੇ ਸਨ। ਮਿਲਖਾ ਸਿੰਘ ਨੇ 400 ਮੀਟਰ ਦੌੜ ਵਿਚ ਚੌਥਾ ਸਥਾਨ ਹਾਸਲ ਕੀਤਾ ਸੀ ਤੇ ਗੁਰਬਚਨ ਸਿੰਘ ਰੰਧਾਵਾ ਨੇ 110 ਮੀਟਰ ਹਰਡਲਜ਼ ਦੌੜ ਵਿਚ ਪੰਜਵਾਂ। ਓਲੰਪਿਕ ਖੇਡਾਂ ਦੀ ਫਾਈਨਲ ਦੌੜ ਵਿਚ ਦੋਹਾਂ ਨੇ ਹੀ ਆਪਣੇ ਕੈਰੀਅਰ ਦਾ ਬਿਹਤਰੀਨ ਸਮਾਂ ਕੱਢਿਆ ਸੀ। ਉਹ ਰਿਕਾਰਡ ਸਾਲਾਂ-ਬੱਧੀ ਭਾਰਤ ਦੇ ਨੈਸ਼ਨਲ ਰਿਕਾਰਡ ਬਣੇ ਰਹੇ। ਊਸ਼ਾ ਲਈ ਸੁਨਹਿਰੀ ਮੌਕਾ ਸੀ ਓਲੰਪਿਕ ਮੈਡਲ ਜਿੱਤਣ ਦਾ। ਤਦ ਤਕ ਉਹਦੀ ਪ੍ਰਫਾਰਮੈਂਸ ਵੀ ਸਿਖਰ 'ਤੇ ਸੀ। ਉਸ ਨੇ ਨਵੀਂ ਦਿੱਲੀ ਦੀ ਅੰਤਰਰਾਜੀ ਮੀਟ ਅਤੇ ਮੁੰਬਈ ਦੀ ਓਪਨ ਨੈਸ਼ਨਲ ਚੈਂਪੀਅਨਸ਼ਿਪ 'ਚ ਚੰਗੀ ਕਾਰਗੁਜ਼ਾਰੀ ਵਿਖਾਈ ਸੀ। ਪਰ ਮਾਸਕੋ ਦੀ ਵਿਸ਼ਵ ਚੈਂਪੀਅਨਸ਼ਿਪ ਵਿਚ ਉਹ 100 ਮੀਟਰ ਤੇ 200 ਮੀਟਰ ਦੌੜਾਂ 'ਚ ਪਛੜ ਗਈ ਸੀ। ਇਸ ਲਈ ਉਸ ਨੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ 'ਚ 400 ਮੀਟਰ ਹਰਡਲਜ਼ ਦੌੜ ਦੌੜਨ ਦਾ ਮਨ ਬਣਾ ਲਿਆ ਸੀ। ਓਲੰਪਿਕ ਖੇਡਾਂ ਲਈ ਜਦੋਂ ਨਵੀਂ ਦਿੱਲੀ 'ਚ ਟਰਾਇਲ ਹੋਏ ਤਾਂ ਉਸ ਨੇ 400 ਮੀਟਰ ਹਰਡਲਜ਼ ਦੌੜ ਵਿਚ ਏਸ਼ੀਆ ਦੀ ਤੱਤਕਾਲੀ ਚੈਂਪੀਅਨ ਐੱਮ.ਡੀ. ਵਾਲਸੰਮਾ ਨੂੰ ਹਰਾ ਕੇ ਆਪਣੀ ਥਾਂ ਪੱਕੀ ਕਰ ਲਈ। ਪ੍ਰੀ ਓਲੰਪਿਕ ਟਰਾਇਲਾਂ ਵਿਚ ਉਸ ਨੇ 55.7 ਸੈਕੰਡ ਦੇ ਸਮੇਂ ਨਾਲ ਅਮਰੀਕਾ ਦੀ ਜੂਡੀ ਬਰਾਊਨ ਨੂੰ ਹਰਾ ਦਿੱਤਾ।

ਓਲੰਪਿਕ ਖੇਡਾਂ ਦੇ ਮੁਕਾਬਲੇ ਸ਼ੁਰੂ ਹੋਏ ਤਾਂ ਉਹ 400 ਮੀਟਰ ਹਰਡਲਜ਼ ਦੌੜ ਦੀਆਂ ਹੀਟਾਂ 56.81 ਸੈਕੰਡ 'ਚ ਲਾ ਕੇ ਸੈਮੀ ਫਾਈਨਲ ਵਿਚ ਪੁੱਜ ਗਈ। ਸੈਮੀ ਫਾਈਨਲ ਦੌੜ ਵਿਚ ਉਸ ਨੇ 55.94 ਸੈਕੰਡ ਸਮਾਂ ਲਿਆ ਤੇ ਫਾਈਨਲ 'ਚ ਪੁੱਜ ਗਈ। 55.94 ਸੈਕੰਡ ਸਮੇਂ ਨਾਲ ਕਾਮਨਵੈਲਥ ਖੇਡਾਂ ਦਾ ਰਿਕਾਰਡ ਵੀ ਨਵਿਆਇਆ ਗਿਆ। ਭਾਰਤੀਆਂ ਨੂੰ ਪੱਕੀ ਆਸ ਬੱਝ ਗਈ ਕਿ ਊਸ਼ਾ ਓਲੰਪਿਕ ਖੇਡਾਂ ਦਾ ਮੈਡਲ ਜ਼ਰੂਰ ਜਿੱਤ ਜਾਵੇਗੀ। ਉਦੋਂ ਉਹਦੀ ਉਮਰ ਮਹਿਜ਼ 20 ਸਾਲਾਂ ਦੀ ਸੀ।

400 ਮੀਟਰ ਹਰਡਲਜ਼ ਦੀ ਫਾਈਨਲ ਦੌੜ ਸ਼ੁਰੂ ਕਰਨ ਦਾ ਸਟਾਰਟਿੰਗ ਫਾਇਰ ਹੋਇਆ ਤਾਂ ਕਿਸੇ ਹੋਰ ਮੁਲਕ ਦੀ ਦੌੜਾਕ ਦਾ ਫਾਊਲ ਹੋ ਗਿਆ। ਪੀਟੀ ਊਸ਼ਾ ਸਹੀ ਸਟਾਰਟ ਨਾਲ ਲੀਡ ਲੈ ਚੁੱਕੀ ਸੀ। ਉਸ ਨੂੰ ਮਜਬੂਰੀ ਵੱਸ ਦੁਬਾਰਾ ਸਟਾਰਟਿੰਗ ਲਾਈਨ 'ਤੇ ਆਉਣਾ ਪਿਆ। ਦੌੜ ਦੁਬਾਰਾ ਸ਼ੁਰੂ ਹੋਈ ਤਾਂ ਮਾੜੀ ਕਿਸਮਤ ਨੂੰ ਉਹਦਾ ਸਟਾਰਟ ਪਹਿਲੇ ਸਟਾਰਟ ਨਾਲੋਂ ਰਤਾ ਮੱਠਾ ਰਿਹਾ। ਪਹਿਲੀ ਹਰਡਲ ਟੱਪਦਿਆਂ ਉਹ ਸੱਤਵੇਂ ਥਾਂ ਸੀ। ਅਗਲੀਆਂ ਹਰਡਲਾਂ 'ਚ ਉਹ ਅੱਗੇ ਵਧਣ ਲੱਗੀ। ਆਖ਼ਰੀ ਹਰਡਲ ਟੱਪਦਿਆਂ ਉਹ ਚੌਥੇ ਥਾਂ ਪੁੱਜ ਗਈ ਤੇ ਦੌੜ ਦਾ ਅੰਤ ਕਰਦਿਆਂ ਇੰਜ ਲੱਗਾ ਜਿਵੇਂ ਤੀਜੇ ਸਥਾਨ 'ਤੇ ਆ ਗਈ ਹੋਵੇ ਤੇ ਬ੍ਰੌਂਜ਼ ਮੈਡਲ ਜਿੱਤ ਗਈ ਹੋਵੇ। ਪਰ ਫੋਟੋ ਫਨਿਸ਼ ਦੀ ਘੋਖ ਮਗਰੋਂ ਜੋ ਨਤੀਜਾ ਐਲਾਨਿਆ ਗਿਆ ਊਸ਼ਾ ਚੌਥੇ ਸਥਾਨ 'ਤੇ ਆਈ। ਫੋਟੋ ਫਨਿਸ਼ ਦਾ ਨਿਰੀਖਣ ਹੋਇਆ ਤਾਂ ਤੀਜਾ ਸਥਾਨ ਲੈਣ ਵਾਲੀ ਦੌੜਾਕ ਉਹਤੋਂ ਨੌਂਹ ਕੁ ਭਰ ਅੱਗੇ ਨਿਕਲੀ। ਦੋਹਾਂ ਦੇ ਟਾਈਮ ਵਿਚ ਕੇਵਲ ਸਕਿੰਟ ਦੇ ਸੌਵੇਂ ਭਾਗ ਦਾ ਘਾਟਾ ਵਾਧਾ ਸੀ। ਇੰਜ ਹੀ ਮਿਲਖਾ ਸਿੰਘ ਨਾਲ ਹੋਇਆ ਸੀ। ਉਹ ਵੀ 400 ਮੀਟਰ ਦੌੜ 'ਚ ਚੌਥੇ ਸਥਾਨ 'ਤੇ ਰਿਹਾ ਸੀ। ਉਹਦਾ ਸਮਾਂ 45.6 ਸੈਕੰਡ ਸੀ ਜਦ ਕਿ ਬ੍ਰੌਂਜ਼ ਮੈਡਲ ਜਿੱਤਣ ਵਾਲੇ ਦਾ 45.5 ਸੈਕੰਡ। ਇਹ ਵਰਣਨਯੋਗ ਹੈ ਜਿਵੇਂ ਮਿਲਖਾ ਸਿੰਘ ਦਾ ਨੈਸ਼ਨਲ ਰਿਕਾਰਡ ਚਾਰ ਦਹਾਕੇ ਉਹਦੇ ਨਾਂ ਖੜ੍ਹਾ ਰਿਹਾ ਉਵੇਂ ਪੀਟੀ ਊਸ਼ਾ ਦਾ ਕੌਮੀ ਰਿਕਾਰਡ ਵੀ ਉਹਦੇ ਨਾਂ ਖੜ੍ਹਾ ਹੈ।

1951 ਤੋਂ ਸ਼ੁਰੂ ਹੋਈਆਂ ਏਸ਼ਿਆਈ ਖੇਡਾਂ 'ਚੋਂ ਕਦੇ ਵੀ ਕਿਸੇ ਔਰਤ ਅਥਲੀਟ ਨੇ ਓਨੀਆਂ ਜਿੱਤਾਂ ਨਹੀਂ ਸਨ ਜਿੱਤੀਆਂ ਜਿੰਨੀਆਂ ਪੀਟੀ ਊਸ਼ਾ ਨੇ ਜਿੱਤੀਆਂ। ਸਿਓਲ-1986 ਦੀਆਂ ਏਸ਼ਿਆਈ ਖੇਡਾਂ 'ਚੋਂ ਉਸ ਨੇ 1 ਸਿਲਵਰ ਮੈਡਲ ਤੇ 4 ਗੋਲਡ ਮੈਡਲ ਜਿੱਤੇ ਜੋ ਅਜੇ ਤਕ ਆਪਣੀ ਤਰ੍ਹਾਂ ਦਾ ਰਿਕਾਰਡ ਹੈ। ਉਸ ਦੀ ਵਡਿਆਈ ਓਲੰਪਿਕ ਖੇਡਾਂ 'ਚ ਤਿੰਨ ਵਾਰ ਭਾਗ ਲੈਣ ਵਿਚ ਵੀ ਹੈ। ਮਾਸਕੋ-1980 ਦੀਆਂ ਓਲੰਪਿਕ ਖੇਡਾਂ ਸਮੇਂ ਬੇਸ਼ਕ ਉਹ 16 ਸਾਲਾਂ ਦੀ ਸੀ ਫਿਰ ਵੀ ਉਸ ਨੇ ਕਾਫੀ ਚੰਗੀ ਕਾਰਗੁਜ਼ਾਰੀ ਵਿਖਾਈ। ਸਿੱਟੇ ਵਜੋਂ ਉਹ ਓਲੰਪਿਕ ਖੇਡਾਂ ਦਾ ਲੋੜੀਂਦਾ ਤਜਰਬਾ ਹਾਸਲ ਕਰ ਕੇ ਅਗਲੀਆਂ ਓਲੰਪਿਕ ਖੇਡਾਂ ਦੀ ਤਿਆਰੀ ਵਿਚ ਜੁੱਟ ਗਈ।

ਏਸ਼ਿਆਈ ਖੇਡਾਂ ਵਿਚ ਉਸ ਦੀ ਕਾਰਗੁਜ਼ਾਰੀ ਨੂੰ ਮੁੱਖ ਰੱਖਦਿਆਂ 1983 ਵਿਚ ਭਾਰਤ ਸਰਕਾਰ ਵੱਲੋਂ ਉਸ ਨੂੰ ਅਰਜਨਾ ਅਵਾਰਡ ਦਿੱਤਾ ਗਿਆ ਤੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਪਿੱਛੋਂ 1985 'ਚ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਪ੍ਰਾਪਤੀਆਂ ਤੋਂ ਇਲਾਵਾ 1984, 1985, 1986, 1987 ਤੇ 1989 ਵਿਚ ਉਸ ਨੂੰ ਏਸ਼ੀਆ ਮਹਾਂਦੀਪ ਦੀ ਸਰਬੋਤਮ ਅਥਲੀਟ ਚੁਣੀ ਜਾਣ ਦਾ ਮਾਣ ਵੀ ਮਿਲਿਆ। 1985-86 'ਚ ਪੀਟੀ ਊਸ਼ਾ ਨੂੰ ਵਰਡਲ ਟ੍ਰਾਫੀ ਨਾਲ ਸਨਮਾਨਿਆ ਗਿਆ। ਡਾਇਰੈਕਟਰ ਚਿਰਾਗ ਪਟੇਲ ਦੇ ਯਤਨਾਂ ਸਦਕਾ 2012 ਵਿਚ ਤਿਆਰ ਕੀਤੀ ਗਈ ਸਪੀਡ ਸਟਾਰ ਦੀ ਧਾਰਨਾ ਅਨੁਸਾਰ ਪੀਟੀ ਊਸ਼ਾ ਹੁਣ ਉਸ ਦੀ ਬ੍ਰਾਂਡ ਅੰਬੈਸਡਰ ਹੈ। ਉਸ ਨੂੰ ਭਾਰਤੀ ਟ੍ਰੈਕ ਐਂਡ ਫੀਲਡ ਦੀ ਮਹਾਰਾਣੀ ਦਾ ਖ਼ਿਤਾਬ ਵੀ ਮਿਲ ਚੁੱਕਾ ਹੈ। 1979 ਤੋਂ ਹੀ ਉਹ ਕਿਸੇ ਨਾ ਕਿਸੇ ਰੂਪ ਵਿਚ ਭਾਰਤ ਦੀਆਂ ਅਥਲੈਟਿਕਸ ਮੀਟਾਂ ਨਾਲ ਜੁੜੀ ਆ ਰਹੀ ਹੈ।

ਜੁਲਾਈ 2022 'ਚ ਉਸ ਨੂੰ ਰਾਜ ਸਭਾ ਦੀ ਮੈਂਬਰ ਨਾਮਜ਼ਦ ਕੀਤਾ ਗਿਆ ਤੇ ਦਸੰਬਰ 2022 ਵਿਚ ਸਰਬ ਸੰਮਤੀ ਨਾਲ ਭਾਰਤੀ ਓਲੰਪਿਕ ਸੰਘ ਦੀ ਪ੍ਰਧਾਨ ਚੁਣਿਆ ਗਿਆ। ਉਹ ਬੇਸ਼ਕ 2003 'ਚ ਸਰਗਰਮ ਦੌੜਾਂ ਤੋਂ ਰਿਟਾਇਰ ਹੋ ਗਈ ਪਰ ਖੇਡਾਂ ਦੀ ਪ੍ਰਮੋਸ਼ਨ ਲਈ ਅਜੇ ਵੀ ਜੂਝ ਰਹੀ ਹੈ। ਉਸ ਦਾ ਵਿਆਹ 1991 ਵਿਚ ਵੀ. ਸ੍ਰੀਨਿਵਾਸਨ ਨਾਲ ਹੋਇਆ ਜੋ ਸੈਂਟਰਲ ਇੰਡਸਟਰੀਅਲ ਸਕਿਉਰਟੀ ਫੋਰਸ ਵਿਚ ਇੰਸਪੈਕਟਰ ਸਨ। ਉਹ ਕਾਫੀ ਪੜ੍ਹੇ ਲਿਖੇ ਹਨ। ਊਸ਼ਾ ਨੇ ਆਪਣੀ ਉਚੇਰੀ ਪੜ੍ਹਾਈ ਪ੍ਰਾਵੀਡੈਂਟ ਵੋਮੈੱਨ ਕਾਲਜ ਕੋਜ਼ੀਕੋਡੇ ਤੋਂ ਕੀਤੀ ਸੀ। ਉਨ੍ਹਾਂ ਦੇ ਦੋ ਬੱਚੇ ਹਨ, ਵਿਗਨੇਸ਼ ਉੱਜਵਲ ਤੇ ਉੱਜਵਲ ਸ੍ਰੀਨਿਵਾਸਨ।

ਪੀਟੀ ਊਸ਼ਾ ਨੇ ਆਪਣੀ ਸਵੈ-ਜੀਵਨੀ ਪ੍ਰਕਾਸ਼ਿਤ ਕਰਵਾਈ ਹੈ ਜਿਸ ਦਾ ਨਾਂ 'ਗੋਲਡਨ ਗਰਲ: ਦੀ ਆਟੋਗ੍ਰਾਫੀ ਆਫ਼ ਪੀ.ਟੀ. ਊਸ਼ਾ' ਹੈ। ਇਹ ਪੁਸਤਕ ਉਹਦਾ ਜੀਵਨ ਦਰਪਨ ਹੈ ਜਿਸ ਤੋਂ ਨਵੀਂ ਪੀੜ੍ਹੀ ਦੇ ਖਿਡਾਰੀ ਬਹੁਤ ਕੁਝ ਸਿੱਖ ਸਕਦੇ ਹਨ। ਉਸ ਨੂੰ ਕਨੂਰ ਯੂਨੀਵਰਸਿਟੀ ਵੱਲੋਂ ਆਨਰੇਰੀ ਡੀ. ਲਿੱਟ, ਆਈਆਈਟੀ ਕਾਨਪੁਰ ਵੱਲੋਂ ਆਨਰੇਰੀ ਡੀ. ਸਾਇੰਸ, ਯੂਨੀਵਰਸਿਟੀ ਆਫ਼ ਕਾਲੀਕਟ ਵੱਲੋਂ ਆਨਰੇਰੀ ਡੀ. ਲਿੱਟ ਅਤੇ ਸੈਂਟਰਲ ਯੂਨੀਵਰਸਿਟੀ ਆਫ਼ ਕੇਰਲਾ ਵੱਲੋਂ ਡਾਕਟਰ ਆਫ਼ ਲਿੱਟਰੇਚਰ ਦੀਆਂ ਆਨਰੇਰੀ ਡਿਗਰੀਆਂ ਨਾਲ ਨਿਵਾਜਿਆ ਗਿਆ ਹੈ। 'ਪਿਓਲੀ ਐਕਸਪ੍ਰੈੱਸ' ਕਹੀ ਜਾਂਦੀ ਪੀਟੀ ਊਸ਼ਾ ਭਾਰਤ ਦੀ 'ਸਪੋਰਟਸ ਲੀਜੈਂਡ' ਹੈ ਜਿਸ ਦੀਆਂ ਬਾਤਾਂ ਲੰਮੇ ਸਮੇਂ ਤੱਕ ਪੈਂਦੀਆਂ ਰਹਿਣਗੀਆਂ।

# ਸੱਭਿਅਕ ਤੇ ਅਸੱਭਿਅਕ

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥

ਜਦੋਂ ਮਨ ਮੈਲਾ ਹੋ ਜਾਂਦਾ ਹੈ, ਮਨ ਵਿਚ ਨਫ਼ਰਤ, ਸਾੜੇ, ਕਾਮ ਅਤੇ ਲਾਲਚ ਦੀ ਗੰਦਗੀ ਹੱਦ ਦਰਜੇ ਤਕ ਵਧ ਜਾਂਦੀ ਹੈ, ਤਾਂ ਮਨੁੱਖ ਦੂਜੇ ਮਨੁੱਖ ਖਿਲਾਫ, ਉਸ ਦੇ ਧਰਮ, ਦੇਸ਼ ਤੇ ਜਾਤ ਖ਼ਿਲਾਫ ਮਾੜਾ ਬੋਲਦਾ ਹੈ, ਮਾੜਾ ਕਰਦਾ ਹੈ, ਦੂਜੇ ਧਰਮਾਂ ਦੇ ਅਸਥਾਨਾਂ ਦੀ, ਪੂਜਣ ਯੋਗ ਗ੍ਰੰਥਾਂ ਦੀ ਬੇਅਦਬੀ ਕਰਦਾ ਹੈ, ਬਲਾਤਕਾਰੀ ਬਣਦਾ ਹੈ, ਇਹ ਸਭ ਮੈਲੇ ਤੇ ਗੰਦਗੀ ਨਾਲ ਭਰੇ ਮਨ ਦੇ ਲੋਕ ਕਰਦੇ ਹਨ।

ਕੁਝ ਚੰਗੇ ਲੋਕ ਵੀ ਹੁੰਦੇ ਹਨ, ਉਹ ਉਪਰੋਕਤ ਮੈਲੇ ਮਨਾਂ ਦੇ ਲੋਕਾਂ ਨੂੰ ਬਹੁਤ ਬਰਦਾਸ਼ਤ ਵੀ ਕਰਦੇ ਹਨ।

ਪਰ ਮੈਲੇ ਤੇ ਗੰਦਗੀ ਨਾਲ ਭਰੇ ਲੋਕ ਸਮਝਦੇ ਹਨ ਕਿ ਇਹ ਸਾਡੇ ਤੋਂ ਡਰਦਾ ਹੈ, ਉਹ ਹੋਰ ਜ਼ਿਆਦਾ ਪਰੇਸ਼ਾਨ ਕਰਨ ਲੱਗ ਪੈਂਦੇ ਹਨ। ਸਿੱਟਾ ਇਹ ਨਿਕਲਦਾ ਹੈ ਕਿ ਅਖੀਰ ਨੂੰ, ਇਕ ਚੰਗੇ ਆਚਰਣ ਵਾਲੇ ਵਿਅਕਤੀ ਦੀ ਬਰਦਾਸ਼ਤ ਤੋਂ ਬਾਹਰ ਸਭ ਹੋ ਜਾਂਦਾ ਹੈ ਤਾਂ ਉਹ ਗੰਦਗੀ ਖਿਲਾਰਨ ਵਾਲੇ ਨੂੰ ਸਬਕ ਸਿਖਾਉਣ ਦੀ ਠਾਣ ਲੈਂਦਾ ਹੈ। ਸਬਰ ਦੀ ਵੀ ਕੋਈ ਹੱਦ ਹੁੰਦੀ ਹੈ ਇੱਕ ਦਿਨ ਸਬਰ ਵੀ ਦਮ ਤੋੜ ਦਿੰਦਾ ਹੈ।

ਅਸਲ ਵਿਚ ਉਹ ਕੂੜ ਭਰਿਆ ਮਨੁੱਖ ਚੰਗੇ ਮਨੁੱਖ ਨੂੰ ਵੀ ਆਪਣੇ ਪੱਧਰ 'ਤੇ ਲੈ ਆਉਣ ਲਈ ਮਜਬੂਰ ਕਰ ਦਿੰਦਾ ਹੈ। ਚੰਗਾ ਮਨੁੱਖ ਉਸ ਗੰਦੀ ਸੋਚ ਵਾਲੇ ਮਨੁੱਖ ਦਾ ਕਤਲ ਕਰੇ, ਉਸ ਦੇ ਸੱਟ ਮਾਰੇ ਤਾਂ ਉਹ ਵਧੀਆ ਇਨਸਾਨ ਵੀ ਕਾਨੂੰਨ ਦਾ ਦੋਸ਼ੀ ਮੰਨਿਆ ਜਾਂਦਾ ਹੈ। ਮੈਲੇ ਮਨ ਦੇ ਬਹੁਤ ਲੋਕ ਉਸ ਚੰਗੇ ਆਚਰਣ ਵਾਲੇ ਵਿਅਕਤੀ ਖ਼ਿਲਾਫ਼ ਰੌਲਾ ਪਾਉਂਦੇ ਨੇ, ਕਿ ਮਾਰਨਾ ਤਾਂ ਧਰਮ ਨਹੀਂ। ਉਸ ਵਕਤ ਮੈਲੇ ਲੋਕ ਧਰਮ ਨੂੰ ਢਾਲ ਬਣਾ ਕੇ ਚੰਗੇ ਮਨ ਦੇ ਵਿਅਕਤੀ ਨੂੰ ਬਦਨਾਮ ਕਰਦੇ ਹਨ।

ਮੈਲੇ ਤੇ ਨਫ਼ਰਤ ਨਾਲ ਭਰੇ ਲੋਕਾਂ ਨੇ ਹੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਪਵਿੱਤਰ ਅਸਥਾਨ 'ਤੇ ਜੁੱਤੀਆਂ ਸਮੇਤ ਵੜ ਕੇ ਮਾਸੂਮ ਤੇ ਨਿਰਦੋਸ਼ ਲੋਕਾਂ ਨੂੰ ਮਾਰਿਆ। ਲਾਲਚ ਤੇ ਨਫ਼ਰਤ ਨਾਲ ਭਰੇ ਲੋਕ ਹੀ ਅਜ ਹਜ਼ਾਰਾਂ ਟਨ ਬਾਰੂਦ ਬੇਕਸੂਰ ਲੋਕਾਂ 'ਤੇ ਸੁੱਟ ਰਹੇ ਹਨ।

ਗੰਦਗੀ ਨਾਲ ਭਰੇ ਲੋਕਾਂ ਦੀ ਜੀਭ ਵੀ ਗੰਦ ਹੀ ਬੋਲਦੀ ਹੈ। ਹਰ ਗੱਲ ਦੀ ਹੱਦ ਹੁੰਦੀ ਹੈ, ਜਦੋਂ ਹੱਦ ਪਾਰ ਹੋ ਜਾਂਦੀ ਹੈ, ਤਾਂ ਸਫਾਈ ਵੀ ਜ਼ਰੂਰੀ ਹੋ ਜਾਂਦੀ ਹੈ। ਕੁਦਰਤ ਵੀ ਇਹੋ ਕਰਦੀ ਹੈ। ਅਸਮਾਨ ਵਿਚ ਧੂੰਆਂ ਪ੍ਰਦੂਸ਼ਣ ਜ਼ਿਆਦਾ ਹੋ ਜਾਵੇ ਤਾਂ ਹਨੇਰੀ ਬਾਰਸ਼ ਆਉਂਦੀ ਹੈ, ਐਵੇਂ ਹੀ ਗੰਦਗੀ ਭਰੇ ਲੋਕਾਂ ਦੇ ਪ੍ਰਦੂਸ਼ਣ ਨੂੰ ਹਟਾਉਣ ਲਈ ਕੁਦਰਤ ਚੰਗੇ ਲੋਕਾਂ ਨੂੰ ਵੀ ਭੇਜਦੀ ਹੈ।

ਕਿਸੇ ਧਰਮ, ਸ਼ਖ਼ਸੀਅਤ, ਮਜ਼ਹਬ ਖਿਲਾਫ ਬੋਲ ਕੇ ਅਜਿਹੇ ਲੋਕ ਆਪ ਤਾਂ ਮਰਦੇ ਹਨ, ਚੰਗੇ ਇਨਸਾਨਾਂ ਦੀ ਜ਼ਿੰਦਗੀ ਵੀ ਬਰਬਾਦ ਕਰ ਦਿੰਦੇ ਹਨ।

ਸੋ, ਪਰਮਾਤਮਾ ਮੇਰੇ ਸਮੇਤ ਸਭ ਨੂੰ ਸੁਮੱਤ ਬਖਸ਼ੇ, ਕਿਸੇ ਧਰਮ, ਜਾਤ, ਮਜ਼ਹਬ ਖਿਲਾਫ ਬੋਲਣ, ਲਿਖਣ ਤੋਂ ਪਹਿਲਾਂ ਸੋਚੀਏ, ਕਿਉਂਕਿ ਕੁਦਰਤ ਦਾ ਇਨਸਾਫ਼ ਵਿਕਾਊ ਨਹੀਂ ਹੁੰਦਾ। ਕੁਦਰਤ ਖੁਦ ਵੀ ਇਨਸਾਫ਼ ਕਰਦੀ ਹੈ।

ਭੁੱਲ ਚੁੱਕ ਦੀ ਮੁਆਫੀ, ਹੱਸਦੇ ਵੱਸਦੇ ਰਹੋ, ਖੁਸ਼ ਰਹੋ। ਮੇਰਾ ਜੁਗ ਜੁਗ ਵੱਸਦਾ ਰਹੇ ਦੇਸ਼ ਪੰਜਾਬ।

*-ਕੌਰ ਮਨੀ*

# ਵਿਸ਼ਵ ਰਾਜਨੀਤੀ ਦਾ ਬਦਲਦਾ ਸਰੂਪ: ਹਥਿਆਰਾਂ ਦੀ ਦੌੜ ਤੋਂ ਡੇਟਾ ਦੀ ਸਰਦਾਰੀ ਤੱਕ


ਨੁਕਤਾ -ਏ- ਨਜ਼ਰ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066
gurpreetnews@gmail.com


ਇਤਿਹਾਸ ਦੇ ਲੰਮੇ ਸਫ਼ਰ ਵਿਚ ਮਨੁੱਖਤਾ ਨੇ ਬੇਅੰਤ ਸਾਮਰਾਜਾਂ ਦਾ ਉਦੈ ਅਤੇ ਪਤਨ ਦੇਖਿਆ ਹੈ, ਪਰ ਇੱਕ ਸੱਚ ਹਰ ਯੁੱਗ ਵਿਚ ਇੱਕੋ ਜਿਹਾ ਰਿਹਾ ਹੈ। ਜਦੋਂ ਵੀ ਦੁਨੀਆ ਨੇ ਤਾਕਤ ਦੀ ਭੁੱਖ ਨੂੰ ਅਕਲ 'ਤੇ ਹਾਵੀ ਹੋਣ ਦਿੱਤਾ, ਤਾਂ ਉਸ ਦਾ ਨਤੀਜਾ ਹਮੇਸ਼ਾ ਭਿਆਨਕ ਤਬਾਹੀ ਹੀ ਨਿਕਲਿਆ। ਕਈ ਵਾਰ ਇਤਿਹਾਸ ਇੱਕ ਅਜਿਹੇ ਮੋੜ 'ਤੇ ਆ ਖੜ੍ਹਦਾ ਹੈ, ਜਿੱਥੇ ਲੱਗਦਾ ਹੈ ਕਿ ਮਨੁੱਖਤਾ ਆਪਣੀ ਸਿਆਣਪ ਅਤੇ ਆਪਣੀ ਬਰਬਾਦੀ ਦੋਹਾਂ ਦੇ ਦਰਮਿਆਨ ਇੱਕ ਬਹੁਤ ਹੀ ਬਾਰੀਕ ਲਕੀਰ 'ਤੇ ਆ ਖੜ੍ਹੀ ਹੈ। ਅੱਜ ਦਾ ਦੌਰ ਵੀ ਕੁਝ ਅਜਿਹੀ ਹੀ ਸਥਿਤੀ ਬਿਆਨ ਕਰ ਰਿਹਾ ਹੈ, ਜਿੱਥੇ ਇੱਕ ਪਾਸੇ ਮਨੁੱਖ ਪੁਲਾੜ ਦੀਆਂ ਅਸੀਮ ਗਹਿਰਾਈਆਂ ਵਿਚ ਆਪਣੀ ਮੌਜੂਦਗੀ ਦਰਜ ਕਰਵਾ ਰਿਹਾ ਹੈ। ਬਣਾਉਟੀ ਬੌਧਿਕਤਾ (AI) ਅਤੇ ਕੁਆਂਟਮ ਕੰਪਿਊਟਿੰਗ ਵਰਗੀਆਂ ਤਕਨੀਕਾਂ ਮਨੁੱਖੀ ਸਮਰੱਥਾ ਦੀਆਂ ਪੁਰਾਣੀਆਂ ਹੱਦਾਂ ਨੂੰ ਤੋੜ ਰਹੀਆਂ ਹਨ, ਪਰ ਦੂਜੇ ਪਾਸੇ ਵਿਸ਼ਵ ਰਾਜਨੀਤੀ ਵਿਚ ਅਨਿਸ਼ਚਿਤਤਾ, ਅਵਿਸ਼ਵਾਸ, ਡਰ ਅਤੇ ਟਕਰਾਅ ਦੀਆਂ ਲਕੀਰਾਂ ਦਿਨ-ਬ-ਦਿਨ ਹੋਰ ਗੂੜ੍ਹੀਆਂ ਹੁੰਦੀਆਂ ਜਾ ਰਹੀਆਂ ਹਨ। ਇਹ ਮਨੁੱਖੀ ਸਭਿਆਚਾਰ ਦੀ ਸਭ ਤੋਂ ਵੱਡੀ ਵਿਡੰਬਨਾ ਹੈ ਕਿ ਜਿੰਨੀ ਮਨੁੱਖ ਨੇ ਵਿਗਿਆਨ ਵਿਚ ਤਰੱਕੀ ਕੀਤੀ ਹੈ, ਉਨੀ ਹੀ ਉਹ ਅਸੁਰੱਖਿਆ ਅਤੇ ਸੱਤਾ ਦੀ ਖ਼ੂਨੀ ਰਾਜਨੀਤੀ ਦੇ ਜਾਲ ਵਿਚ ਫਸਿਆ ਹੋਇਆ ਦਿਖਾਈ ਦਿੰਦਾ ਹੈ। ਆਧੁਨਿਕ ਯੁੱਗ ਦੀ ਤਕਨੀਕੀ ਚਮਕ-ਦਮਕ ਦੇ ਪਿੱਛੇ ਅਸੁਰੱਖਿਆ ਅਤੇ ਭੂ-ਰਾਜਨੀਤਿਕ ਤਣਾਅ ਦੀ ਇੱਕ ਅਜਿਹੀ ਸੰਘਣੀ ਛਾਂ ਮੌਜੂਦ ਹੈ, ਜੋ ਕਿਸੇ ਵੀ ਵੇਲੇ ਪੂਰੀ ਦੁਨੀਆ ਨੂੰ ਆਪਣੇ ਕਾਲੇ ਘੇਰੇ ਵਿਚ ਲੈ ਸਕਦੀ ਹੈ।

ਦੁਨੀਆ ਦੇ ਵਰਤਮਾਨ ਨਕਸ਼ੇ ਵੱਲ ਨਜ਼ਰ ਮਾਰੀਏ ਤਾਂ ਅਜਿਹਾ ਪ੍ਰਤੀਤ ਹੁੰਦਾ ਹੈ ਜਿਵੇਂ ਮਨੁੱਖਤਾ ਇੱਕ ਅਜਿਹੇ ਬਾਰੂਦ ਦੇ ਢੇਰ 'ਤੇ ਬੈਠੀ ਹੋਵੇ, ਜਿਸ ਨੂੰ ਕਿਸੇ ਵੀ ਪਾਸਿਓਂ ਲੱਗੀ ਇੱਕ ਛੋਟੀ ਜਿਹੀ ਚਿੰਗਾੜੀ ਭੜਕਾ ਕੇ ਮਹਾਂ-ਵਿਨਾਸ਼ ਦਾ ਰੂਪ ਦੇ ਸਕਦੀ ਹੈ। ਯੂਰਪ ਦੇ ਦਿਲ ਵਿਚ ਚੱਲ ਰਹੀ ਰੂਸ-ਯੂਕਰੇਨ ਜੰਗ ਹੋਵੇ ਜਾਂ ਪੱਛਮੀ ਏਸ਼ੀਆ (ਮੱਧ-ਪੂਰਬ) ਵਿਚ ਇਜ਼ਰਾਈਲ-ਫਲਸਤੀਨ ਵਿਚਕਾਰ ਦਹਾਕਿਆਂ ਤੋਂ ਚੱਲ ਰਿਹਾ ਲਹੂ-ਵੀਟਵਾਂ ਸੰਘਰਸ਼। ਇਹ ਸਭ ਸਿਰਫ਼ ਖੇਤਰੀ ਲੜਾਈਆਂ ਨਹੀਂ ਹਨ, ਸਗੋਂ ਇਹ ਵਿਸ਼ਵ ਰਾਜਨੀਤੀ ਦੇ ਉਸ ਬਦਲਦੇ ਸਰੂਪ ਦਾ ਸੰਕੇਤ ਹਨ, ਜਿੱਥੇ ਪੁਰਾਣੀਆਂ ਸੰਧੀਆਂ ਅਤੇ ਅੰਤਰਰਾਸ਼ਟਰੀ ਕਾਨੂੰਨ ਹੁਣ ਬੇਅਸਰ ਸਾਬਤ ਹੋ ਰਹੇ ਹਨ। ਇਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਕਾਰ ਵਧਦਾ ਤਣਾਅ ਇਹ ਸਪਸ਼ਟ ਕਰ ਰਿਹਾ ਹੈ ਕਿ ਅਸੀਂ ਇੱਕ ਅਜਿਹੇ ਸੰਕ੍ਰਾਂਤੀਕਾਲ (Transition Period) ਵਿਚ ਦਾਖਲ ਹੋ ਚੁੱਕੇ ਹਾਂ, ਜਿੱਥੇ ਆਉਣ ਵਾਲੇ ਸਾਲਾਂ ਵਿਚ ਵਿਸ਼ਵ ਵਿਵਸਥਾ ਦਾ ਰੂਪ ਪੂਰੀ ਤਰ੍ਹਾਂ ਬਦਲ ਸਕਦਾ ਹੈ। ਠੰਢੀ ਜੰਗ ਦੇ ਖ਼ਤਮ ਹੋਣ ਤੋਂ ਬਾਅਦ ਜਦੋਂ ਅਮਰੀਕਾ ਇੱਕੋ-ਇੱਕ ਮਹਾਸ਼ਕਤੀ ਵਜੋਂ ਉਭਰਿਆ ਸੀ, ਤਾਂ ਮੰਨਿਆ ਗਿਆ ਸੀ ਕਿ ਦੁਨੀਆ ਹੁਣ ਸਥਿਰਤਾ ਵੱਲ ਵਧੇਗੀ, ਪਰ ਚੀਨ ਦੇ ਤੇਜ਼ੀ ਨਾਲ ਹੋ ਰਹੇ ਆਰਥਿਕ ਉਦੈ ਅਤੇ ਰੂਸ ਦੀ ਹਮਲਾਵਰ ਸੈਨਿਕ ਰਣਨੀਤੀ ਨੇ ਉਸ 'ਇਕ-ਧੁਰੀ ਸੰਸਾਰ' (Unipolar World) ਦੇ ਸੁਪਨੇ ਨੂੰ ਚਕਨਾਚੂਰ ਕਰ ਦਿੱਤਾ ਹੈ। ਅੱਜ ਅਸੀਂ ਇੱਕ 'ਬਹੁ-ਧੁਰੀ ਸੰਸਾਰ' (Multipolar World) ਵੱਲ ਵਧ ਰਹੇ ਹਾਂ, ਜਿੱਥੇ ਸ਼ਕਤੀ ਦੇ ਕਈ ਕੇਂਦਰ ਹਨ ਅਤੇ ਹਰ ਕੇਂਦਰ ਆਪਣੀ ਸਰਦਾਰੀ ਸਥਾਪਤ ਕਰਨ ਲਈ ਦੂਜੇ ਨਾਲ ਟਕਰਾ ਰਿਹਾ ਹੈ।

ਇਤਿਹਾਸ ਦੀਆਂ ਪੈੜਾਂ ਨੂੰ ਫਰੋਲੀਏ ਤਾਂ ਪਤਾ ਲੱਗਦਾ ਹੈ ਕਿ ਵੱਡੀਆਂ ਜੰਗਾਂ ਕਦੇ ਵੀ ਅਚਾਨਕ ਨਹੀਂ ਹੁੰਦੀਆਂ। ਉਹ ਹਮੇਸ਼ਾ ਲੰਬੇ ਸਮੇਂ ਤੋਂ ਇਕੱਠੇ ਹੋ ਰਹੇ ਅਵਿਸ਼ਵਾਸ, ਡਰ, ਨਫ਼ਰਤ, ਸ਼ੱਕ, ਅਸੁਰੱਖਿਆ, ਅਸਹਿਣਸ਼ੀਲਤਾ, ਅਸਹਿਜ, ਅਸਹਿਯੋਗ, ਆਰਥਿਕ ਮੁਕਾਬਲੇਬਾਜ਼ੀ ਅਤੇ ਹਉਮੈ ਆਦਿ ਦਾ ਨਤੀਜਾ ਹੁੰਦੀਆਂ ਹਨ।

***ਮਨੁੱਖਤਾ ਅੱਜ ਇਤਿਹਾਸ ਦੇ ਸਭ ਤੋਂ ਨਾਜ਼ੁਕ ਇਮਤਿਹਾਨ ਵਿਚ ਹੈ। ਜੰਗਾਂ ਨੇ ਕਦੇ ਵੀ ਸਥਾਈ ਹੱਲ ਨਹੀਂ ਦਿੱਤਾ। ਸੱਚ ਇਹ ਹੈ ਕਿ ਅਸਲੀ ਜਿੱਤ ਹਥਿਆਰਾਂ ਵਿਚ ਨਹੀਂ, ਸਗੋਂ ਸਿਆਣਪ ਅਤੇ ਸੰਵਾਦ ਵਿਚ ਹੈ। ਜੇਕਰ ਅਸੀਂ ਨਿੱਜੀ ਰਾਸ਼ਟਰੀ ਹਿੱਤਾਂ ਤੋਂ ਉੱਪਰ ਉੱਠ ਕੇ 'ਵਿਸ਼ਵ-ਹਿੱਤ' ਬਾਰੇ ਨਾ ਸੋਚਿਆ, ਤਾਂ ਸ਼ਾਇਦ ਆਉਣ ਵਾਲੀਆਂ ਨਸਲਾਂ ਨੂੰ ਇਤਿਹਾਸ ਲਿਖਣ ਦਾ ਮੌਕਾਵੀ ਨਹੀਂ ਮਿਲੇਗਾ ਕਿਉਂਕਿ ਰਾਖ/ਸਵਾਹ ਦੇ ਢੇਰਾਂ 'ਤੇ ਕਦੇ ਵੀ ਤਰੱਕੀ ਦੇ ਮਹਿਲ ਨਹੀਂ ਛੱਤ ਹੁੰਦੇ, ਪਰ ਸ਼ਾਂਤੀ ਦੀ ਨੀਂਹ 'ਤੇ ਮਨੁੱਖਤਾ ਦਾ ਸੁਨਹਿਰੀ ਭਵਿੱਖ ਖੜ੍ਹਾ ਕੀਤਾ ਜਾ ਸਕਦਾ ਹੈ। ਇਹ ਧਰਤੀ ਸਾਡੀ ਸਾਰਿਆਂ ਦੀ ਸਾਂਝੀ ਵਿਰਾਸਤ ਹੈ ਅਤੇ ਇਸ ਨੂੰ ਬਚਾਉਣਾ ਸਾਡਾ ਹੀ ਸਭ ਤੋਂ ਵੱਡਾ ਧਰਮ ਹੋਣਾ ਚਾਹੀਦਾ ਹੈ।***

1914 ਵਿਚ ਜਦੋਂ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਈ ਸੀ, ਤਾਂ ਉਸ ਤੋਂ ਪਹਿਲਾਂ ਕਈ ਸਾਲਾਂ ਤੱਕ ਯੂਰਪੀ ਦੇਸ਼ ਹਥਿਆਰਾਂ ਦੇ ਭੰਡਾਰ ਭਰ ਰਹੇ ਸਨ। ਠੀਕ ਉਸੇ ਤਰ੍ਹਾਂ, ਅੱਜ ਦੀ ਦੁਨੀਆ ਵਿਚ ਵੀ ਜਦੋਂ ਅਸੀਂ ਵੱਡੀਆਂ ਤਾਕਤਾਂ ਦੇ ਰੱਖਿਆ ਬਜਟਾਂ ਵਿਚ ਰਿਕਾਰਡ ਤੋੜ ਵਾਧਾ ਵੇਖਦੇ ਹਾਂ, ਤਾਂ ਸਾਨੂੰ ਇਤਿਹਾਸ ਦੀਆਂ ਉਹ ਚੇਤਾਵਨੀਆਂ ਯਾਦ ਆਉਣੀਆਂ ਸੁਭਾਵਿਕ ਹਨ। ਪਰ ਅੱਜ ਦੀ ਭੂ-ਰਾਜਨੀਤੀ ਪੁਰਾਣੇ ਸਮਿਆਂ ਨਾਲੋਂ ਬਹੁਤ ਜ਼ਿਆਦਾ ਗੁੰਝਲਦਾਰ ਹੋ ਚੁੱਕੀ ਹੈ। ਹੁਣ ਸੰਘਰਸ਼ ਸਿਰਫ਼ ਰਵਾਇਤੀ ਸੈਨਿਕ ਮੈਦਾਨਾਂ ਜਾਂ ਸਰਹੱਦਾਂ ਤੱਕ ਸੀਮਿਤ ਨਹੀਂ ਰਿਹਾ। ਅੱਜ ਦੇ ਦੌਰ ਵਿਚ 'ਹਾਈਬ੍ਰਿਡ ਵਾਰਫੇਅਰ' (Hybrid Warfare) ਦਾ ਬੋਲਬਾਲਾ ਹੈ, ਜਿੱਥੇ ਆਰਥਿਕਤਾ ਨੂੰ ਹਥਿਆਰ ਬਣਾਇਆ ਜਾਂਦਾ ਹੈ। ਸੂਚਨਾਵਾਂ ਦੇ ਹਮਲੇ ਮਤਲਬ ਜਾਅਲੀ ਜਾਂ ਪ੍ਰੋਪੇਗੰਡਾ ਖ਼ਬਰਾਂ, ਫਿਲਮਾਂ, ਪੋਡਕਾਸਟ, ਰੀਲਾਂ ਰਾਹੀਂ ਜਨਤਾ ਦੇ ਮਨਾਂ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ। ਪੁਰਾਣੇ ਦੌਰ ਵਿਚ ਇਹੀ ਸੂਚਨਾਵਾਂ ਦੇ ਹਮਲੇ ਰੇਡੀਓ ਦੇ ਸ਼ਾਰਟਵੇਵ ਬੈਂਡ 'ਤੇ ਰੇਡੀਓ ਚੈਨਲਾਂ ਰਾਹੀਂ ਵਿਰੋਧੀ ਦੇਸ਼ਾਂ ਦੀਆਂ ਭਾਸ਼ਾਵਾਂ ਵਿਚ ਪ੍ਰੋਗਰਾਮ ਪੇਸ਼ ਕਰਕੇ ਕੀਤੇ ਜਾਂਦੇ ਸਨ। ਅੱਜ ਵੀ ਚੀਨ ਦਾ ਸਰਕਾਰੀ ਚਾਇਨਾ ਰੇਡੀਓ ਇੰਟਰਨੈਸ਼ਨਲ ਭਾਰਤ ਵਾਸਤੇ ਹਿੰਦੀ ਭਾਸ਼ਾ ਚ ਪ੍ਰਾਪੇਗੰਡਾ ਪ੍ਰੋਗਰਾਮ ਲਗਾਤਾਰ ਦਿਨ ਰਾਤ ਚਲਾ ਰਿਹਾ ਹੈ, ਉਹ ਵੀ ਆਧੁਨਿਕ ਪ੍ਰਸਾਰਣ ਟਾਵਰਾਂ ਰਾਹੀ ਪੂਰੀ ਸਾਫ ਆਵਾਜ਼ ਵਿਚ। ਉਹ ਜਾਣਦਾ ਹੈ ਕਿ ਭਾਰਤ ਦੇ ਵਿਚਕਾਰਲੇ ਪ੍ਰਦੇਸ਼ਾਂ ਚ ਅਜੇ ਵੀ ਜੰਗਲ, ਦਿਹਾਤ ਦੇ ਰਹਿਣ ਵਾਲੇ ਲੋਕ ਰੇਡੀਓ ਬਹੁਤ ਸੁਣਦੇ ਹਨ ਅਤੇ ਉਨ੍ਹਾਂ ਇਲਾਕਿਆਂ ਚ ਹਥਿਆਰਬੰਦ ਮਾਓਵਾਦ, ਨਕਸਲਵਾਦ ਚਲ ਰਿਹਾ ਹੈ। ਉਸ ਦੀ ਇਸ ਅੱਗ ਨੂੰ ਹੋਰ ਭੜਕਾਉਣ ਦੀ ਨੀਤੀ ਹੈ। ਬਾਕੀ ਇਹ ਰੇਡੀਓ ਸ਼ਾਰਟਵੇਵ ਚੈਨਲ ਪ੍ਰਸਾਰਣ ਤਕਨੀਕ ਹੁਣ ਬਦਲ ਕੇ ਡਿਜੀਟਲ ਮੀਡੀਆ ਅਤੇ ਸਾਈਬਰ ਹਮਲਿਆਂ ਦਾ ਰੂਪ ਲੈ ਚੁੱਕੀ ਹੈ, ਜਿੱਥੇ ਕਿਸੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਬਿਨਾਂ ਗੋਲੀ ਚਲਾਏ ਤਬਾਹ ਕੀਤਾ ਜਾ ਸਕਦਾ ਹੈ।

'ਅਜੋਕੇ ਦੌਰ ਵਿਚ ਭੂ-ਰਾਜਨੀਤਿਕ ਜੰਗ ਸਿਰਫ਼ ਭੂਗੋਲਿਕ ਸਰਹੱਦਾਂ ਤੱਕ ਮਹਿਦੂਦ ਨਹੀਂ ਰਹੀ, ਸਗੋਂ ਇਹ 'ਡਿਜੀਟਲ ਉਪਨਿਵੇਸ਼ਵਾਦ' (Digital Colonialism) ਦੇ ਇੱਕ ਗੁੰਝਲਦਾਰ ਪੜਾਅ ਵਿਚ ਦਾਖਲ ਹੋ ਚੁੱਕੀ ਹੈ। ਅੱਜ ਜਿਸ ਦੇਸ਼ ਕੋਲ ਡੇਟਾ ਅਤੇ ਤਕਨੀਕੀ ਅਲਗੋਰਿਦਮ 'ਤੇ ਕੰਟਰੋਲ ਹੈ, ਉਹੀ ਦੁਨੀਆ ਦੀ ਮਾਨਸਿਕਤਾ ਅਤੇ ਆਰਥਿਕਤਾ ਨੂੰ ਨਿਰਧਾਰਿਤ ਕਰ ਰਿਹਾ ਹੈ। ਦੇਸ਼ ਤਾਂ ਫਿਰ ਵੀ ਵੱਡਾ ਸਮੂਹ ਹੋਇਆ, ਇਥੇ ਤਾਂ ਇਕੱਲਾ ਮਨੁੱਖ ਐਲੋਨ ਮਸਕ ਆਪਣੀ ਸ਼ੋਸ਼ਲ ਮੀਡੀਆ ਐਪ ਐਕਸ (ਟਵਿੱਟਰ) ਰਾਹੀਂ ਅਮਰੀਕਾ ਦੀ ਰਾਜਨੀਤੀ 'ਚ ਅਸਿੱਧੇ ਤੌਰ 'ਤੇ ਦਖਲਅੰਦਾਜ਼ੀ ਕਰਦਾ ਕਈ ਵਾਰ ਨੋਟ ਕੀਤਾ ਗਿਆ ਹੈ। ਵੱਡੀਆਂ ਤਕਨੀਕੀ ਕੰਪਨੀਆਂ ਅਤੇ ਤਾਕਤਵਰ ਮੁਲਕ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਰਾਹੀਂ ਦੂਜੇ ਦੇਸ਼ਾਂ ਦੀ ਰਾਜਨੀਤੀ ਅਤੇ ਸਮਾਜਿਕ ਤਾਣੇ-ਬਾਣੇ ਵਿਚ ਅਦਿੱਖ ਦਖ਼ਲਅੰਦਾਜ਼ੀ ਕਰ ਰਹੇ ਹਨ। ਡੇਟਾ ਨੂੰ 'ਨਵਾਂ ਤੇਲ' ਕਿਹਾ ਜਾ ਰਿਹਾ ਹੈ ਅਤੇ ਇਸ ਦੀ ਸਰਦਾਰੀ ਹਾਸਲ ਕਰਨ ਦੀ ਦੌੜ ਨੇ ਮਨੁੱਖੀ ਨਿੱਜਤਾ ਅਤੇ ਰਾਸ਼ਟਰੀ ਪ੍ਰਭੂਸੱਤਾ ਦੇ ਸੰਕਲਪਾਂ ਨੂੰ ਨਵੀਂ ਚੁਣੌਤੀ ਦਿੱਤੀ ਹੈ। ਆਉਣ ਵਾਲੇ ਸਮੇਂ ਵਿਚ ਫ਼ੈਸਲੇ ਦੇਸ਼ਾਂ ਦੀਆਂ ਸੰਸਦਾਂ ਵਿਚ ਨਹੀਂ, ਸਗੋਂ ਸ਼ਕਤੀਸ਼ਾਲੀ ਸਰਵਰਾਂ ਅਤੇ ਕੋਡਿੰਗ ਰਾਹੀਂ ਲਏ ਜਾਣਗੇ, ਜੋ ਮਨੁੱਖੀ ਆਜ਼ਾਦੀ ਲਈ ਪਰਮਾਣੂ ਹਥਿਆਰਾਂ ਤੋਂ ਵੀ ਵੱਡਾ ਖ਼ਤਰਾ ਸਾਬਤ ਹੋ ਸਕਦੇ ਹਨ।

ਇਕ ਪਾਸੇ ਅੱਜ ਅਮਰੀਕਾ ਅਤੇ ਚੀਨ ਵਿਚਕਾਰ ਚਿੱਪ ਤਕਨਾਲੋਜੀ ਦੀ ਜੰਗ ਇਸ ਗੱਲ ਦਾ ਸਬੂਤ ਹੈ ਕਿ ਭਵਿੱਖ ਦੀ ਸਰਦਾਰੀ ਸਿਰਫ਼ ਹਥਿਆਰਾਂ ਨਾਲ ਨਹੀਂ, ਸਗੋਂ ਤਕਨੀਕੀ ਉੱਤਮਤਾ ਨਾਲ ਤੈਅ ਹੋਵੇਗੀ। ਸੈਮੀਕੰਡਕਟਰ ਚਿੱਪਾਂ ਦੀ ਸਪਲਾਈ ਚੇਨ 'ਤੇ ਕਾਬੂ ਭਵਿੱਖ ਦੀ ਭੂ-ਰਾਜਨੀਤੀ ਦਾ ਕੇਂਦਰ ਬਣ ਚੁੱਕਾ ਹੈ। ਕ੍ਰਿਤ੍ਰਿਮ ਬੁੱਧੀ ਸਿਰਫ਼ ਤਕਨੀਕ ਨਹੀਂ ਰਹੀ, ਇਹ ਰਾਜਨੀਤਿਕ ਹਥਿਆਰ ਬਣਦੀ ਜਾ ਰਹੀ ਹੈ। ਡੀਪਫੇਕ ਵੀਡੀਓ, ਐਲਗੋਰਿਦਮਿਕ ਪ੍ਰਚਾਰ ਅਤੇ ਡਾਟਾ ਵਿਸ਼ਲੇਸ਼ਣ ਰਾਹੀਂ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਨੇ ਲੋਕਤੰਤਰ, ਅਰਧ ਲੋਕਤੰਤਰ ਅਤੇ ਰਾਜਤੰਤਰ



ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਦੂਜੇ ਪਾਸੇ ਆਰਕਟਿਕ ਖੇਤਰ ਵਿਚ ਬਰਫ਼ ਪਿਘਲਣ ਨਾਲ ਨਵੇਂ ਸਮੁੰਦਰੀ ਰਸਤੇ ਖੁੱਲ ਰਹੇ ਹਨ ਅਤੇ ਉੱਥੇ ਮੌਜੂਦ ਤੇਲ ਅਤੇ ਗੈਸ ਦੇ ਭੰਡਾਰਾਂ ਕਾਰਨ ਰੂਸ, ਅਮਰੀਕਾ ਅਤੇ ਚੀਨ ਦੀ ਦਿਲਚਸਪੀ ਵਧ ਰਹੀ ਹੈ। ਇਹ ਖੇਤਰ ਵੀ ਭਵਿੱਖ ਵਿਚ ਇੱਕ ਨਵੀਂ ਭੂ-ਰਾਜਨੀਤਿਕ ਦੌੜ ਦਾ ਕੇਂਦਰ ਬਣ ਸਕਦਾ ਹੈ।

ਪੱਛਮੀ ਅਤੇ ਮੱਧ ਏਸ਼ੀਆ ਦੀ ਵਰਤਮਾਨ ਸਥਿਤੀ ਨੂੰ ਦੇਖੀਏ ਤਾਂ ਇਹ ਖੇਤਰ ਅੱਜ ਵਿਸ਼ਵ ਰਾਜਨੀਤੀ ਦੀ ਸਭ ਤੋਂ ਗੁੰਝਲਦਾਰ ਸ਼ਤਰੰਜ ਬਣ ਚੁੱਕਾ ਹੈ। ਮੱਧ ਏਸ਼ੀਆ ਜੋ ਕਿ ਕਦੇ ਸੋਵੀਅਤ ਸੰਘ ਦਾ ਹਿੱਸਾ ਸੀ, ਜੋ ਅੱਜ ਕੁਦਰਤੀ ਗੈਸ ਅਤੇ ਖਣਿਜਾਂ ਦਾ ਸਭ ਤੋਂ ਵੱਡਾ ਭੰਡਾਰ ਹੈ। ਇੱਥੇ ਚੀਨ ਦਾ ਵਧਦਾ ਆਰਥਿਕ ਪ੍ਰਭਾਵ (BRI ਪ੍ਰੋਜੈਕਟ ਰਾਹੀਂ) ਅਤੇ ਰੂਸ ਦੀ ਰਵਾਇਤੀ ਪਕੜ ਅਮਰੀਕਾ ਲਈ ਵੱਡੀ ਚੁਣੌਤੀ ਹੈ। ਦੂਜੇ ਪਾਸੇ ਪੱਛਮੀ ਏਸ਼ੀਆ, ਜਿਸ ਨੂੰ ਅਸੀਂ ਮੱਧ-ਪੂਰਬ ਕਹਿੰਦੇ ਹਾਂ, ਧਰਮ ਅਤੇ ਤੇਲ ਦੀ ਰਾਜਨੀਤੀ ਕਾਰਨ ਦਹਾਕਿਆਂ ਤੋਂ ਸੜ ਰਿਹਾ ਹੈ। ਅਫ਼ਗਾਨਿਸਤਾਨ ਵਿਚ ਤਾਲਿਬਾਨ ਦੀ ਵਾਪਸੀ ਨੇ ਪੂਰੇ ਖੇਤਰ ਦੀ ਸੁਰੱਖਿਆ ਨੂੰ ਅਨਿਸ਼ਚਿਤ ਬਣਾ ਦਿੱਤਾ ਹੈ। ਇੱਥੇ ਸਿਰਫ਼ ਜ਼ਮੀਨੀ ਸਰਹੱਦਾਂ ਦਾ ਝਗੜਾ ਨਹੀਂ ਹੈ, ਸਗੋਂ ਇਹ 'ਊਰਜਾ ਦੇ ਗਲਿਆਰਿਆਂ' 'ਤੇ ਕਬਜ਼ਾ ਕਰਨ ਦੀ ਜੰਗ ਹੈ। ਜੇਕਰ ਮੱਧ ਏਸ਼ੀਆ ਵਿਚ ਅਸਥਿਰਤਾ ਵਧਦੀ ਹੈ, ਤਾਂ ਇਸ ਦਾ ਸਿੱਧਾ ਅਸਰ ਦੱਖਣੀ ਏਸ਼ੀਆ ਅਤੇ ਖ਼ਾਸ ਕਰਕੇ ਭਾਰਤ ਦੀ ਊਰਜਾ ਸਪਲਾਈ 'ਤੇ ਪਵੇਗਾ।

ਇਸੇ ਪ੍ਰਸੰਗ ਵਿਚ, ਇੱਕ ਨਵਾਂ ਖ਼ਤਰਾ, ਜੋ ਮਨੁੱਖਤਾ ਦੇ ਸਾਹਮਣੇ ਮੂੰਹ ਅੱਡੀ ਖੜ੍ਹਾ ਹੈ, ਉਹ ਹੈ 'ਜਲਵਾਯੂ ਪਰਿਵਰਤਨ' ਅਤੇ ਕੁਦਰਤੀ ਸਰੋਤਾਂ ਦੀ ਵੰਡ। ਆਉਣ ਵਾਲੇ ਸਮੇਂ ਵਿਚ ਜੰਗਾਂ ਸਿਰਫ਼ ਵਿਚਾਰਧਾਰਾ ਜਾਂ ਧਰਮ ਲਈ ਨਹੀਂ, ਸਗੋਂ ਪੀਣ ਵਾਲੇ ਪਾਣੀ, ਉਪਜਾਊ ਜ਼ਮੀਨ ਅਤੇ ਦੁਰਲੱਭ ਖਣਿਜਾਂ ਲਈ ਲੜੀਆਂ ਜਾਣਗੀਆਂ। ਅਮਰੀਕਾ ਵੱਲੋਂ ਇਰਾਨ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ 'ਤੇ ਲਗਾਈਆਂ ਪਾਬੰਦੀਆਂ ਨੂੰ ਅਕਸਰ ਕੁਦਰਤੀ ਸਰੋਤਾਂ 'ਤੇ ਕੰਟਰੋਲ ਦੀ ਰਾਜਨੀਤੀ ਵਜੋਂ ਦੇਖਿਆ ਜਾਂਦਾ ਹੈ। ਜਿਵੇਂ-ਜਿਵੇਂ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ, ਕਈ ਦੇਸ਼ਾਂ ਅਤੇ ਸ਼ਹਿਰਾਂ ਦਾ ਵਜੂਦ ਖ਼ਤਰੇ ਵਿਚ ਪੈ ਚੁੱਕਾ ਹੈ। 'ਕਲਾਈਮੇਟ ਮਾਈਗ੍ਰੇਸ਼ਨ' ਵਿਸ਼ਵ ਰਾਜਨੀਤੀ ਵਿਚ ਅਜਿਹੀ ਅਰਾਜਕਤਾ ਪੈਦਾ ਕਰ ਸਕਦਾ ਹੈ, ਜਿਸ ਨੂੰ ਸੰਭਾਲਣਾ ਕਿਸੇ ਇਕ ਦੇਸ਼ ਦੇ ਵੱਸ ਵਿਚ ਨਹੀਂ ਹੋਵੇਗਾ। ਅਫ਼ਸੋਸ ਕਿ ਵਿਸ਼ਵ ਸ਼ਕਤੀਆਂ ਵਾਤਾਵਰਣ ਦੀ ਬਜਾਏ ਹਥਿਆਰਾਂ 'ਤੇ ਪੈਸਾ ਖ਼ਰਚ ਕਰ ਰਹੀਆਂ ਹਨ। ਇਹ 'ਆਰਥਿਕ ਰਾਸ਼ਟਰਵਾਦ' ਦਾ ਉਹ ਦੌਰ ਹੈ, ਜਿੱਥੇ ਹਰ ਦੇਸ਼ ਸਿਰਫ਼ ਆਪਣਾ ਫ਼ਾਇਦਾ ਸੋਚ ਰਿਹਾ ਹੈ।

ਵਿਸ਼ਵ ਰਾਜਨੀਤੀ ਦੇ ਇਸ ਭਿਆਨਕ ਦੌਰ ਵਿਚ ਅੰਤਰਰਾਸ਼ਟਰੀ ਸੰਸਥਾਵਾਂ ਦੀ ਹਾਲਤ ਬੇਹੱਦ ਤਰਸਯੋਗ ਹੈ। ਸੰਯੁਕਤ ਰਾਸ਼ਟਰ (UN), ਜੋ ਦੂਜੀ ਵਿਸ਼ਵ ਜੰਗ ਤੋਂ ਬਾਅਦ ਵਿਸ਼ਵ ਵਿਚ ਸ਼ਾਂਤੀ ਸਥਾਪਤ ਕਰਨ ਲਈ ਬਣਾਇਆ ਗਿਆ ਸੀ, ਅੱਜ ਵੱਡੀਆਂ ਤਾਕਤਾਂ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਸੁਰੱਖਿਆ ਕੌਂਸਲ ਵਿਚ 'ਵੀਟੋ' ਪਾਵਰ ਦੀ ਦੁਰਵਰਤੋਂ ਨੇ ਇਸ ਸੰਸਥਾ ਨੂੰ ਅਪਾਹਜ ਕਰ ਦਿੱਤਾ ਹੈ। ਰੂਸ-ਯੂਕਰੇਨ ਜੰਗ ਹੋਵੇ ਜਾਂ ਗਾਜ਼ਾ ਦਾ ਮਾਨਵਤਾਵਾਦੀ ਸੰਕਟ, ਸੰਯੁਕਤ ਰਾਸ਼ਟਰ ਸਿਰਫ਼ ਮਤੇ ਪਾਸ ਕਰਨ ਤੱਕ ਸੀਮਿਤ ਰਿਹਾ ਹੈ। ਇਸ ਕੋਲ ਜੰਗਾਂ ਰੋਕਣ ਦੀ ਕੋਈ ਅਸਲ ਸ਼ਕਤੀ ਨਹੀਂ ਬਚੀ। ਅੱਜ ਵਿਸ਼ਵ ਪੱਧਰੀ ਸੰਸਥਾਵਾਂ ਵਿਚ ਲੋਕਤੰਤਰੀ ਸੁਧਾਰਾਂ ਦੀ ਸਖ਼ਤ ਲੋੜ ਹੈ। ਭਾਰਤ ਵਰਗੇ ਜ਼ਿੰਮੇਵਾਰ ਦੇਸ਼ਾਂ ਨੂੰ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿਚ ਬਣਦੀ ਜਗ੍ਹਾ ਮਿਲਣੀ ਚਾਹੀਦੀ ਹੈ। ਜਿੰਨੀ ਦੇਰ 'ਗਲੋਬਲ ਸਾਊਥ' ਦੀ ਆਵਾਜ਼ ਨੂੰ ਅਣਗੌਲਿਆ ਕੀਤਾ ਜਾਵੇਗਾ, ਉਨੀ ਦੇਰ ਅਸਲ ਸ਼ਾਂਤੀ ਇੱਕ ਮਿਰਗ-ਤ੍ਰਿਸ਼ਨਾ ਹੀ ਰਹੇਗੀ।

ਮੌਜੂਦਾ ਵਿਸ਼ਵ ਸੰਕਟਾਂ ਦੇ ਦਰਮਿਆਨ ਭਾਰਤ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਅਤੇ ਸੰਤੁਲਿਤ ਰਹੀ ਹੈ। ਭਾਰਤ ਨੇ ਆਪਣੀ 'ਰਣਨੀਤਿਕ ਸੁਤੰਤਰਤਾ' ਨੂੰ ਬਰਕਰਾਰ ਰੱਖਦੇ ਹੋਏ ਹਮੇਸ਼ਾ ਇਹ ਸਟੈਂਡ ਲਿਆ ਹੈ ਕਿ ਇਹ ਯੁੱਗ ਜੰਗਾਂ ਦਾ ਨਹੀਂ, ਸਗੋਂ ਕੂਟਨੀਤੀ ਅਤੇ ਸੰਵਾਦ ਦਾ ਹੈ। ਜੀ-20 ਦੀ ਪ੍ਰਧਾਨਗੀ ਦੌਰਾਨ 'ਵਸੁਧੈਵ ਕੁਟੁੰਬਕਮ' ਦਾ ਜੋ ਨਾਅਰਾ ਦਿੱਤਾ ਗਿਆ ਹੈ, ਉਹ ਅੱਜ ਇੱਕ ਮਾਰਗ-ਦਰਸ਼ਕ ਵਾਂਗ ਹੈ। ਭਾਰਤ ਲਈ ਵੀ ਪੱਛਮੀ ਏਸ਼ੀਆ ਦੀ ਸਥਿਰਤਾ ਆਰਥਿਕ ਲੋੜ ਵੀ ਹੈ, ਕਿਉਂਕਿ ਸਾਡੀ 80 ਫੀਸਦੀ ਊਰਜਾ ਉੱਥੋਂ ਆਉਂਦੀ ਹੈ ਅਤੇ ਲੱਖਾਂ ਭਾਰਤੀ ਉੱਥੇ ਕੰਮ ਕਰਦੇ ਹਨ। ਭਾਰਤ ਸਾਰਿਆਂ ਵਿਚਕਾਰ ਇੱਕ 'ਪੁਲ' (Bridge Builder) ਦਾ ਕੰਮ ਕਰਨ ਦੀ ਸਿਆਣਪ ਦਿਖਾ ਰਿਹਾ ਹੈ।

ਇਸ ਗੁੰਝਲਦਾਰ ਸਥਿਤੀ ਵਿਚ ਭਾਰਤ ਦੀ ਇਹ ਰਣਨੀਤਿਕ ਮਹੱਤਤਾ ਸਿਰਫ਼ ਨਾਅਰਿਆਂ ਤੱਕ ਸੀਮਿਤ ਨਹੀਂ ਹੈ, ਸਗੋਂ 'ਇੰਡੀਆ-ਮਿਡਲ ਈਸਟ-ਯੂਰਪ ਇਕਨਾਮਿਕ ਕੋਰੀਡੋਰ' (IMEC) ਵਰਗੇ ਵਿਸ਼ਾਲ ਪ੍ਰੋਜੈਕਟ ਇਸ ਦਾ ਜਿਉਂਦਾ-ਜਾਗਦਾ ਸਬੂਤ ਹਨ। ਇਹ ਗਲਿਆਰਾ ਸਿਰਫ਼ ਵਪਾਰਕ ਰਸਤਾ ਨਹੀਂ, ਸਗੋਂ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ (ਸਿਲਕ ਰੋਡ ਦਾ ਨਵਾਂ ਰੂਪ BRI) ਦੇ ਮੁਕਾਬਲੇ ਇੱਕ ਅਜਿਹਾ ਵਿਕਲਪ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਪਾਰਦਰਸ਼ਤਾ 'ਤੇ ਅਧਾਰਿਤ ਹੈ। ਇਹ ਪ੍ਰੋਜੈਕਟ ਭਵਿੱਖ ਵਿਚ ਭਾਰਤ ਨੂੰ ਵਿਸ਼ਵ ਸਪਲਾਈ ਚੇਨ ਦਾ ਇੱਕ ਅਹਿਮ ਧੁਰਾ ਬਣਾ ਕੇ ਉਭਾਰ ਕੇ ਸਾਹਮਣੇ ਲਿਆਵੇਗਾ, ਜੋ ਪੂਰਬ ਅਤੇ ਪੱਛਮ ਦੇ ਵਿਚਕਾਰ ਸਥਿਰਤਾ ਦਾ ਨਵਾਂ ਪੁਲ ਬਣੇਗਾ।

ਪਰ ਚੁਣੌਤੀਆਂ ਇੱਥੇ ਹੀ ਖ਼ਤਮ ਨਹੀਂ ਹੁੰਦੀਆਂ। ਹੁਣ 'ਸਪੇਸ' ਵੀ ਯੁੱਧ ਦਾ ਨਵਾਂ ਮੈਦਾਨ ਬਣ ਰਿਹਾ ਹੈ। ਚੰਦਰਮਾ ਅਤੇ ਮੰਗਲ 'ਤੇ ਸਰਦਾਰੀ ਦੀ ਦੌੜ ਅਸਲ ਵਿਚ ਭਵਿੱਖ ਦੇ ਸਰੋਤਾਂ 'ਤੇ ਕਬਜ਼ਾ ਕਰਨ ਦੀ ਰਾਜਨੀਤੀ ਹੈ। ਇਸੇ ਤਰ੍ਹਾਂ 'ਬਾਇਓ-ਵਾਰਫੇਅਰ' ਦਾ ਖ਼ਤਰਾ ਵੀ ਵਧ ਰਿਹਾ ਹੈ, ਜਿੱਥੇ ਲੈਬ ਵਿਚ ਤਿਆਰ ਜੀਵਾਣੂ ਪੂਰੀ ਦੁਨੀਆ ਨੂੰ ਤਬਾਹ ਕਰ ਸਕਦੇ ਹਨ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਉਰਫ SIPRI ਅਨੁਸਾਰ 2023 ਤੱਕ ਪੂਰੇ ਵਿਸ਼ਵ ਦਾ ਰੱਖਿਆ ਖ਼ਰਚਾ ਲਗਭਗ 2.4 ਟ੍ਰਿਲੀਅਨ ਡਾਲਰ ਤੱਕ ਪਹੁੰਚ ਚੁੱਕਾ ਸੀ। ਹੁਣ 2026 ਚ ਕਿੰਨਾ ਹੋਵੇਗਾ? ਇਹ ਬਿਨਾਂ ਨਵੇ ਡੇਟੇ ਤੋਂ ਸੋਚਿਆ ਜਾ ਸਕਦਾ। ਜੇਕਰ ਇਸ ਦਾ 10 ਫੀਸਦੀ ਵੀ ਗਰੀਬੀ ਮਿਟਾਉਣ 'ਤੇ ਲੱਗੇ ਤਾਂ ਦੁਨੀਆ ਹਰਿਆਲੀ ਭਰੀ ਹੋ ਸਕਦੀ ਹੈ। ਪਰ ਮਨੁੱਖ ਤਾਕਤ ਦੀ ਲਾਲਸਾ ਵਿਚ ਅੰਨ੍ਹਾ ਹੋ ਕੇ ਆਪਣੇ ਭਵਿੱਖ ਨੂੰ ਮਾਰੂ ਹਥਿਆਰਾਂ ਦੀ ਭੇਟ ਚੜ੍ਹਾ ਰਿਹਾ ਹੈ। ਯੁਵਾਲ ਨੋਆ ਹਰਾਰੀ ਮੁਤਾਬਕ ਮਨੁੱਖੀ ਸਭਿਅਤਾ ਦੀ ਤਾਕਤ 'ਸਹਿਯੋਗ' ਸੀ, ਪਰ ਅੱਜ 'ਟੈਕਨੋ-ਰਾਸ਼ਟਰਵਾਦ' ਵੱਖਵਾਦ ਵਧਾ ਰਿਹਾ ਹੈ।

ਇਨ੍ਹਾਂ ਚੁਣੌਤੀਆਂ ਦਾ ਹੱਲ ਸਿਰਫ਼ ਸਰਹੱਦਾਂ ਦੀ ਸੁਰੱਖਿਆ ਵਿਚ ਨਹੀਂ, ਸਗੋਂ 'ਡਿਜੀਟਲ ਨੈਤਿਕਤਾ' ਅਤੇ 'ਵਿਸ਼ਵ ਨਾਗਰਿਕਤਾ' ਦੀ ਭਾਵਨਾ ਨੂੰ ਅਪਣਾਉਣ ਵਿਚ ਹੈ। ਜਿਸ ਤਰ੍ਹਾਂ ਤਕਨਾਲੋਜੀ ਨੇ ਭੂਗੋਲਿਕ ਦੂਰੀਆਂ ਮਿਟਾ ਦਿੱਤੀਆਂ ਹਨ, ਉਸੇ ਤਰ੍ਹਾਂ ਸਾਨੂੰ ਅਜਿਹੇ ਗਲੋਬਲ ਨਿਯਮਾਂ ਦੀ ਲੋੜ ਹੈ ਜੋ ਡਾਟਾ ਦੀ ਦੁਰਵਰਤੋਂ ਅਤੇ ਡਿਜੀਟਲ ਹਮਲਿਆਂ ਨੂੰ ਰੋਕ ਸਕਣ। ਮਨੁੱਖ ਨੂੰ ਅੱਜ ਸਿਰਫ਼ ਆਪਣੇ ਦੇਸ਼ ਦਾ ਨਾਗਰਿਕ ਬਣ ਕੇ ਨਹੀਂ, ਸਗੋਂ ਇਸ ਧਰਤੀ ਦਾ ਜ਼ਿੰਮੇਵਾਰ ਵਾਰਿਸ ਬਣ ਕੇ ਸੋਚਣਾ ਪਵੇਗਾ। ਜੇਕਰ ਅਸੀਂ ਤਕਨੀਕੀ ਸ਼ਕਤੀ ਨੂੰ ਨੈਤਿਕਤਾ ਨਾਲ ਨਾ ਜੋੜਿਆ, ਤਾਂ ਸਾਡੀ ਆਪਣੀ ਹੀ ਕਾਢ ਸਾਡੇ ਵਿਨਾਸ਼ ਦਾ ਕਾਰਨ ਬਣ ਸਕਦੀ ਹੈ।'

ਮਨੁੱਖਤਾ ਅੱਜ ਇਤਿਹਾਸ ਦੇ ਸਭ ਤੋਂ ਨਾਜ਼ੁਕ ਇਮਤਿਹਾਨ ਵਿਚ ਹੈ। ਜੰਗਾਂ ਨੇ ਕਦੇ ਵੀ ਸਥਾਈ ਹੱਲ ਨਹੀਂ ਦਿੱਤਾ। ਸੱਚ ਇਹ ਹੈ ਕਿ ਅਸਲੀ ਜਿੱਤ ਹਥਿਆਰਾਂ ਵਿਚ ਨਹੀਂ, ਸਗੋਂ ਸਿਆਣਪ ਅਤੇ ਸੰਵਾਦ ਵਿਚ ਹੈ। ਜੇਕਰ ਅਸੀਂ ਨਿੱਜੀ ਰਾਸ਼ਟਰੀ ਹਿੱਤਾਂ ਤੋਂ ਉੱਪਰ ਉੱਠ ਕੇ 'ਵਿਸ਼ਵ-ਹਿੱਤ' ਬਾਰੇ ਨਾ ਸੋਚਿਆ, ਤਾਂ ਸ਼ਾਇਦ ਆਉਣ ਵਾਲੀਆਂ ਨਸਲਾਂ ਨੂੰ ਇਤਿਹਾਸ ਲਿਖਣ ਦਾ ਮੌਕਾ ਵੀ ਨਹੀਂ ਮਿਲੇਗਾ ਕਿਉਂਕਿ ਰਾਖ/ਸਵਾਹ ਦੇ ਢੇਰਾਂ 'ਤੇ ਕਦੇ ਵੀ ਤਰੱਕੀ ਦੇ ਮਹਿਲ ਨਹੀਂ ਛੱਤ ਹੁੰਦੇ, ਪਰ ਸ਼ਾਂਤੀ ਦੀ ਨੀਂਹ 'ਤੇ ਮਨੁੱਖਤਾ ਦਾ ਸੁਨਹਿਰੀ ਭਵਿੱਖ ਖੜ੍ਹਾ ਕੀਤਾ ਜਾ ਸਕਦਾ ਹੈ। ਇਹ ਧਰਤੀ ਸਾਡੀ ਸਾਰਿਆਂ ਦੀ ਸਾਂਝੀ ਵਿਰਾਸਤ ਹੈ ਅਤੇ ਇਸ ਨੂੰ ਬਚਾਉਣਾ ਸਾਡਾ ਹੀ ਸਭ ਤੋਂ ਵੱਡਾ ਧਰਮ ਹੋਣਾ ਚਾਹੀਦਾ ਹੈ।

# 'ਰੇਡੀਅਮ' ਦਾ ਕਾਤਲ ਘੁੱਟ: ਜਦੋਂ ਇੱਕ ਅਰਬਪਤੀ ਦਾ ਜਬਾੜਾ ਸਰੀਰ ਤੋਂ ਵੱਖ ਹੋ ਗਿਆ!

ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਜਿਸ ਨੂੰ ਦੁਨੀਆ 'ਅੰਮ੍ਰਿਤ' ਕਹਿ ਰਹੀ ਸੀ, ਉਹ ਅਸਲ ਵਿਚ ਹੌਲੀ-ਹੌਲੀ ਮਾਰਨ ਵਾਲਾ 'ਜ਼ਹਿਰ' ਸੀ? ਇਹ ਕਹਾਣੀ ਹੈ ਅਮਰੀਕਾ ਦੇ ਮਸ਼ਹੂਰ ਅਮੀਰ ਖਿਡਾਰੀ ਏਬੇਨ ਬਾਇਰਸ (Eben Byers) ਦੀ, ਜਿਸ ਨੇ ਤਾਕਤ ਦੀ ਚਾਹਤ ਵਿਚ ਮੌਤ ਨੂੰ ਖੁਦ ਸੱਦਾ ਦਿੱਤਾ।

**ਕਿਵੇਂ ਸ਼ੁਰੂ ਹੋਇਆ ਖ਼ੌਫ਼ਨਾਕ ਸਫ਼ਰ?**

1927 ਵਿਚ, ਇੱਕ ਸੱਟ ਦੇ ਦਰਦ ਤੋਂ ਛੁਟਕਾਰਾ ਪਾਉਣ ਲਈ ਬਾਇਰਸ ਨੂੰ ਡਾਕਟਰ ਨੇ 'Radithor' ਨਾਮ ਦਾ ਇੱਕ ਟੌਨਿਕ ਪੀਣ ਦੀ ਸਲਾਹ ਦਿੱਤੀ। ਉਸ ਸਮੇਂ ਰੇਡੀਅਮ ਨੂੰ ਸਿਹਤ ਲਈ ਵਰਦਾਨ ਮੰਨਿਆ ਜਾਂਦਾ ਸੀ, ਪਰ ਅਸਲ ਵਿਚ ਇਹ ਪਾਣੀ ਵਿਚ ਘੁਲਿਆ ਹੋਇਆ ਸਿੱਧਾ 'ਰੇਡੀਓਐਕਟਿਵ ਕਹਿਰ' ਸੀ।

**ਅੰਨ੍ਹਾ ਵਿਸ਼ਵਾਸ ਅਤੇ ਤਬਾਹੀ:**

ਲਾਲਚ: ਬਾਇਰਸ ਨੂੰ ਲੱਗਿਆ ਕਿ ਇਹ ਕੋਈ ਚਮਤਕਾਰੀ ਦਵਾਈ ਹੈ। ਉਸ ਨੇ ਥੋੜ੍ਹੇ ਸਮੇਂ ਵਿਚ ਹੀ 1, 400 ਤੋਂ ਵੱਧ ਬੋਤਲਾਂ ਪੀ ਲਈਆਂ।

ਗਲਤੀ: ਉਹ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਆਪਣੇ ਦੋਸਤਾਂ ਅਤੇ ਪਾਲਤੂ ਘੋੜਿਆਂ ਨੂੰ ਵੀ ਇਹ ਪਿਲਾਉਣਾ ਸ਼ੁਰੂ ਕਰ ਦਿੱਤਾ।

**ਜਦੋਂ ਸਰੀਰ ਪੱਥਰ ਵਾਂਗ ਗਲਣ ਲੱਗਾ**

ਕੁਝ ਸਮੇਂ ਬਾਅਦ, ਰੇਡੀਏਸ਼ਨ ਨੇ ਆਪਣਾ ਅਸਲੀ ਰੰਗ ਦਿਖਾਇਆ: ਉਸ ਦੇ ਦੰਦ ਆਪਣੇ-ਆਪ ਟੁੱਟ ਕੇ ਡਿੱਗਣ ਲੱਗੇ। ਸਭ ਤੋਂ ਭਿਆਨਕ ਮੋੜ ਉਦੋਂ ਆਇਆ ਜਦੋਂ ਉਸ ਦਾ ਪੂਰਾ ਜਬਾੜਾ ਗਲ ਕੇ ਸਰੀਰ ਤੋਂ ਵੱਖ ਹੋ ਗਿਆ। ਉਸ ਦੀ ਖੋਪੜੀ ਵਿਚ ਛੇਕ ਹੋ ਗਏ ਅਤੇ ਹੱਡੀਆਂ ਅੰਦਰੋਂ ਖੋਖਲੀਆਂ ਹੋ ਗਈਆਂ।

**ਮੌਤ ਤੋਂ ਬਾਅਦ ਵੀ ਖ਼ਤਮ ਨਹੀਂ ਹੋਇਆ ਖ਼ਤਰਾ**

1932 ਵਿਚ ਬਾਇਰਸ ਦੀ ਮੌਤ ਹੋ ਗਈ। ਪਰ ਉਸ ਦਾ ਸਰੀਰ ਇੰਨਾ ਜ਼ਿਆਦਾ ਰੇਡੀਓਐਕਟਿਵ ਸੀ ਕਿ ਉਸ ਨੂੰ ਸੀਸੇ (Lead) ਦੇ ਤਾਬੂਤ ਵਿਚ ਬੰਦ ਕਰਕੇ ਦਫ਼ਨਾਉਣਾ ਪਿਆ ਤਾਂ ਜੋ ਰੇਡੀਏਸ਼ਨ ਬਾਹਰ ਨਾ ਫੈਲੇ। ਅੱਜ ਲਗਭਗ 90 ਸਾਲਾਂ ਬਾਅਦ ਵੀ ਉਸ ਦੀਆਂ ਹੱਡੀਆਂ ਵਿਚੋਂ ਖ਼ਤਰਨਾਕ ਰੇਡੀਏਸ਼ਨ ਨਿਕਲ ਰਹੀ ਹੈ।

**ਸਬਕ:** ਇਹ ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ 'ਮਾਰਕੀਟਿੰਗ' ਅਤੇ 'ਵਿਗਿਆਨ' ਵਿਚ ਬਹੁਤ ਫ਼ਰਕ ਹੁੰਦਾ ਹੈ। ਅੱਜ ਵੀ ਅਸੀਂ ਬਿਨਾਂ ਸੋਚੇ-ਸਮਝੇ ਕਈ ਸਪਲੀਮੈਂਟਸ ਅਤੇ ਦਵਾਈਆਂ ਲੈਂਦੇ ਹਾਂ।

# ਕੁਰਸੀ ਨਾਚ ਨਚਾਏ..!



ਚੋਣਾਂ ਦਾ ਫ਼ੈਸ਼ਨ ਸਦਾ ਬਹਾਰ ਹੈ। ਧੰਨ ਹਮਾਰੇ ਨੇਤਾ, ਜਿਨ੍ਹਾਂ ਫ਼ੈਸ਼ਨ ਦੀ ਗੁੱਡੀ ਚੜ੍ਹਾਈ। ਤਾਹੀਂ ਹੁਣ ਕੋਈ ਗੋਡੇ ਬਦਲਾ ਰਿਹੈ, ਕੋਈ ਮੁਫ਼ਤ ਰਾਸ਼ਨ ਛਕਾ ਰਿਹੈ, ਕੋਈ ਬੈਂਡ ਵਜਾ ਰਿਹੈ ਤੇ ਔਹ ਭਾਈ ਹੰਝੂ ਵਹਾ ਰਿਹੈ। ਖ਼ਾਮੋਸ਼! ਰਾਹਤ ਇੰਦੌਰੀ ਇੰਜ ਫ਼ਰਮਾ ਰਿਹੈ:

'ਸਰਹੱਦੋਂ ਪਰ ਬਹੁਤ ਤਨਾਵ ਹੈ ਕਯਾ,
ਕੁਛ ਪਤਾ ਕਰੋ ਕਹੀਂ ਚੁਣਾਵ ਹੈ ਕਯਾ।'

ਸ਼ੁਰੂਆਤ ਪਟਿਆਲੇ ਵਾਲੇ ਮਹਾਰਾਜੇ ਤੋਂ। ਚੋਣਾਂ 'ਚ ਖੜ੍ਹਾ ਹੋਣਾ ਹੋਊ, ਅਮਰਿੰਦਰ ਨੇ ਸ਼ਾਇਦ ਤਾਹੀਂ ਗੋਡੇ ਬਦਲਾਏ ਨੇ। ਦਿਨ ਦੇਖਿਆ ਨਾ ਰਾਤ, ਪੰਜਾਬ ਦੀ ਸੇਵਾ 'ਚ ਗੋਡੇ ਘਸਾ ਬੈਠਾ। ਨਸ਼ਿਆਂ ਦਾ ਲੱਕ ਟੁੱਟਿਆ ਨੀ, ਗੋਡਿਆਂ ਦਾ ਗਰੀਸ ਮੁਕਾ ਬੈਠਾ। ਸਿਸਵਾਂ ਮਹਿਲ 'ਚ ਹੁਣ ਇਕੱਲੇ ਬੈਠੇ ਨੇ, ਰੇਡੀਓ

**ਚਰਨਜੀਤ ਭੁੱਲਰ**

ਕੋਲ ਵੱਜਦਾ ਪਿਐ, 'ਕਹਾਂ ਗਏ ਵੋਹ ਦਿਨ..'।

'ਧੰਨ ਪੰਜਾਬੀ ਮਾਵਾਂ ਦੇ ਜਾਏ, ਜਿਨ੍ਹਾਂ ਵੱਡੇ ਕੋਟ ਨਿਵਾਏ।' ਗੋਡਿਆਂ ਤੋਂ ਵਾਜਪਾਈ ਦਾ ਚੇਤਾ ਆਇਐ। ਅਮਰੀਕੀ ਡਾਕਟਰਾਂ ਤੋਂ ਵਾਜਪਾਈ ਨੇ ਗੋਡੇ ਬਦਲਾਏ। ਨੌ ਬਰ ਨੌ ਹੋਣ 'ਤੇ ਵਾਜਪਾਈ ਬੋਲੇ, 'ਚਲੋ ਗੋਡੇ ਦੇਸ਼ ਦਾ ਭਾਰ ਝੱਲਣ ਜੋਗੇ ਤਾਂ ਹੋਏ।' ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਬਕਾਇਦਾ ਦਫ਼ਤਰ 'ਚ ਮਾਟੋ ਲਾਇਆ ਸੀ, 'ਮਾਈ-ਭਾਈ ਫ਼ਤਿਹ ਬੁਲਾਓ, ਗੋਡੀਂ ਹੱਥ ਨਾ ਲਾਓ।' ਚਾਪਲੂਸੀਏ ਕਿਥੇ ਟਲਦੇ ਨੇ, ਗੋਡੀਂ ਹੱਥ ਲਾ ਲਾ ਵਿਚਾਰੇ ਦੇ ਗੋਡੇ ਘਸਾ'ਤੇ। ਆਖਰ ਤ੍ਰਿਪਤ ਬਾਜਵੇ ਨੂੰ ਗੋਡੇ ਬਦਲਵਾਉਣੇ ਪਏ। ਲਕਸ਼ਮੀ ਕਾਂਤ-ਪਿਆਰੇ ਲਾਲ ਤੋਂ ਵੱਧ ਕੇਰਾਂ 'ਕਾਂਗੜ ਦਾ ਗੋਡਾ ਤੇ ਸਦੀਕ ਦਾ ਮੋਢਾ' ਮਸ਼ਹੂਰ ਹੋਇਆ ਸੀ। ਗੁਰਪ੍ਰੀਤ ਕਾਂਗੜ ਨੇ ਵੇਲੇ ਸਿਰ ਗੋਡੇ ਬਦਲਾਏ ਸਨ।

ਗੋਡਿਆਂ ਨੂੰ ਛੱਡੀਏ, ਚੋਣਾਂ ਦੀ ਰੁੱਤ ਐ, ਸਿਆਸੀ ਗਿਰਝਾਂ 'ਤੇ ਫੋਕਸ ਕਰਦੇ ਹਾਂ। 'ਲੱਕ ਲੱਕ ਹੋ ਗਏ ਬਾਜਰੇ, ਰੁੱਤ ਯਾਰੀਆਂ ਲਾਉਣ ਦੀ ਆਈ।' ਸਿਆਸੀ ਅੰਬਾਂ ਨੂੰ ਬੂਰ ਪਿਐ, ਕੋਇਲਾਂ ਕੂਕਣ ਲੱਗੀਆਂ ਨੇ। ਫ਼ਿਲਮ 'ਨਿੱਕਾ ਜ਼ੈਲਦਾਰ' ਦਾ ਇੱਕ ਅਦਾਕਾਰ ਮੁੱਢ ਬੰਨਦੈ, 'ਬੇਬੇ! ਹੱਥ ਜੋੜ ਕੇ ਫ਼ੋਟੋ ਖਿਚਵਾ, ਆਖਰ ਨੂੰ ਵੋਟਾਂ ਮੰਗਣੀਆਂ ਨੇ।' ਕੋਲੰਬਸ ਦੀ ਰੂਹ ਹੁਣ 'ਕੱਲੇ 'ਕੱਲੇ ਵੋਟਰ ਨੂੰ ਲੱਭੇਗੀ। ਚੋਣਾਂ ਦੇ ਮੌਸਮ 'ਚ ਕਹਿਣਗੇ, 'ਹਮ ਸਾਥ ਸਾਥ ਹੈਂ।' 'ਸੱਤਾ ਮਿਲਣ 'ਤੇ ਆਖਣਗੇ, 'ਹਮ ਆਪ ਕੇ ਹੈਂ ਕੌਣ।'

ਧੰਨੇ ਭਗਤ ਵਾਂਗੂ ਵੋਟਰ ਵੀ ਭੋਲਾ ਪਾਤਸ਼ਾਹ ਐ ਜਿਹੜਾ ਸੋਚਦੈ ਕਿ ਨੇਤਾਜਣ ਉਸ ਦੀਆਂ ਗਊਆਂ ਚਾਰਨਗੇ। ਭੋਲਿਆ! ਇਹ ਤਾਂ ਬੰਦੇ ਚਾਰਦੇ ਨੇ। ਜਰਾ ਸੰਭਲ ਕੇ! ਨੇਤਾਵਾਂ ਦੇ ਵੱਗ ਆਉਣਗੇ, ਜੱਫੀਆਂ ਪਾਉਣਗੇ, ਨਾਲੇ ਗਾਉਣਗੇ, 'ਛੋੜੇਂਗੇ ਨਾ ਹਮ ਤੇਰਾ ਸਾਥ, ਸਾਥੀ ਮਰਤੇ ਦਮ ਤੱਕ।' ਬਾਅਦ 'ਚ ਤੈਨੂੰ ਸੰਘ ਸੁਕਾਉਣਾ ਪੈਣਾ, 'ਕਿਆ ਹੂਆ ਤੇਰਾ ਵਾਅਦਾ..।'

ਚੋਣਾਂ ਮੌਕੇ ਮਾਫ਼ੀਵੀਰ ਬਣ ਨਵੇਂ ਪ੍ਰਿੰਟਾਂ 'ਚ ਆਉਂਦੇ ਨੇ, ਪੈਰੀਂ ਹੱਥ ਲਾ ਆਖਦੇ ਨੇ, 'ਇੱਕ ਮੌਕਾ ਦੇ ਸਾਨੂੰ ਭੁੱਲਾਂ ਬਖ਼ਸ਼ਾਉਣ ਦਾ।' ਆਪਣਾ ਵੀਰ ਸੁਖਬੀਰ, ਪਿੰਡ-ਪਿੰਡ ਜਾ ਰਿਹੈ, ਵਾਅਦੇ ਵਿਛਾ ਰਿਹੈ, 'ਗੁਰਮੁਖੋ! ਸੱਥਾਂ 'ਚ ਸੀਪ ਦੇ ਮੁਕਾਬਲੇ ਕਰਾਵਾਂਗੇ।'

ਬਿਕਰਮ ਮਜੀਠੀਆ ਮੁੱਛਾਂ ਨੂੰ ਤਾਅ ਚੜ੍ਹਾ ਰਿਹੈ। 'ਔਂਡੀ ਵੱਜਦੀ ਜੈ ਕੁਰੇ ਤੇਰੀ, ਲੋਕਾਂ ਦੇ ਚੁਬਾਰੇ ਹਿੱਲਦੇ।' 'ਬੰਬ, ਬੈਂਡ ਤੇ ਬਾਜਵਾ', ਇਹ ਥ੍ਰੀ ਇੰਨ ਵਨ ਰਿਸ਼ਤੇ। ਪਹਿਲੋਂ ਬੰਬ ਆਲੇ ਬਿਆਨ 'ਤੇ ਫਸਗੇ। ਫਿਰ ਪ੍ਰਤਾਪ ਬਾਜਵਾ ਆਖ ਬੈਠੇ 'ਬੈਂਡ ਵਜਾ ਦਿਆਂਗੇ'। ਇਨਕਲਾਬੀ ਵੀਰ ਬਾਜਵੇ ਦੇ ਘਰ ਅੱਗੇ ਪੁੱਜ ਗਏ, ਗਲਾਂ 'ਚ ਬੈਂਡ ਵਾਜੇ ਪਾ ਕੇ। ਵੀਰੋ! ਸ਼ੁਕਰ ਕਰੋ ਬਾਜਵਾ ਨੇ ਇਹ ਨੀ ਕਿਹਾ ਕਿ 'ਹਾਕਮਾਂ ਨੂੰ ਨੰਗੇ ਕਰਾਂਗੇ'। ਦੇਖ ਲਓ ਫਿਰ ਥੋਨੂੰ ਨੰਗੇ ਧੜ ਆਉਣਾ ਪੈਂਦਾ, ਅੱਗਿਓਂ ਪਾਣੀ ਦੀਆਂ ਬੁਛਾੜਾਂ ਨੇ ਭੰਨ ਦੇਣਾ ਸੀ। 'ਨਰਮ ਸਰੀਰਾਂ ਨੂੰ, ਪੈ ਗਏ ਮਾਮਲੇ ਭਾਰੀ।'

ਪੁਰਾਣੀ ਗੱਲ ਐ, ਕਾਂਗਰਸੀ ਨੇਤਾ ਨੇ ਆਪਣੇ ਨੇੜਲੇ ਸੱਜਣ ਕੋਲ ਢਿੱਡ ਫਰੋਲਿਆ, 'ਪਿਆਰੇ, ਜਦੋਂ ਦਾਸ ਰਾਹੁਲ ਗਾਂਧੀ ਨੂੰ ਮਿਲਦੈ, ਲੱਤਾਂ ਕੰਬਣ ਲੱਗ ਜਾਂਦੀਆਂ ਨੇ, ਕੀ ਕਰਾਂ। ਬੇਝਿਜਕ ਸੱਜਣ ਨੇ ਹੌਸਲਾ ਦਿੱਤਾ, ਪ੍ਰਵਾਹ ਨਾ ਕਰੋ, ਜਦੋਂ ਰਾਹੁਲ ਨੇ ਵੱਢ'ਤੀਆਂ, ਹਟ ਜਾਣਗੀਆਂ।' ਆਖਰ ਨੇਤਾ ਜੀ ਦੀ ਟਿਕਟ ਕੱਟੀ ਗਈ, ਫਿਰ ਗਲੀਆਂ 'ਚ ਗਾਉਂਦਾ ਫਿਰੇ, 'ਪੱਲੇ ਸਾਡੇ ਕੱਖ ਨਾ ਰਿਹਾ..।' ਸੱਤਾ ਦਾ ਟਾਨਿਕ ਅਜਿਹਾ ਹੈ, ਚਾਹੇ ਕਬਰ 'ਚ ਲੱਤਾਂ ਹੋਣ, ਬਚਾਈ ਰੱਖਦੈ। ਪੰਜਾਬ ਖ਼ੁਸ਼ੀ 'ਚ ਖੀਵਾ ਹੈ, ਜਸ਼ਨ ਮਨਾ ਰਿਹੈ। ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਅਦਾਲਤੀ ਫੈਸਲੇ ਮਗਰੋਂ ਕੇਜਰੀਵਾਲ ਦੀ ਚਿੱਟੀ ਚਾਦਰ ਦਿਖਾਉਂਦਾ ਫਿਰਦੈ।

ਜਿਵੇਂ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਕਿਸਾਨ ਅੰਦੋਲਨ ਨੂੰ ਬਚਾ ਲਿਆ ਸੀ, ਠੀਕ ਉਵੇਂ ਹੁਣ ਕੇਜਰੀਵਾਲ ਦੇ ਹੰਝੂ ਰੰਗ ਦਿਖਾਉਣਗੇ। ਏਸ਼ੀਅਨ ਤੇ ਨੈਰੋਲੈਕ ਪੇਂਟ ਵਾਲੇ ਪੰਜਾਬ ਦੀ ਗਲੋਬ 'ਤੇ ਛਾਏ ਨੇ। ਪੰਜਾਬ ਹਾਲੇ ਡੱਬ-ਖੜੱਬਾ ਬਣਿਐ, ਪੂਰਾ ਰੰਗਲਾ ਬਣਾਉਣੈ ਤਾਂ 'ਬਦਲਾਅ' ਨੂੰ ਹੋਰ ਮੌਕਾ ਦੇ ਦਿਓ। ਬਠਿੰਡੇ ਵਾਲੀ ਐਸਐਸਪੀ ਬੀਬੀ ਵੀ ਕਿਸੇ ਲਲਾਰੀ ਤੋਂ ਘੱਟ ਨੀਂ, ਜੀਹਨੇ ਏਨੀ ਦੂਰੋਂ ਕਿਸਾਨਾਂ 'ਚੋਂ ਪੀਲਾ ਪਰਨਾ ਪਛਾਣ ਲਿਆ। ਸੰਘਰਸ਼ 'ਚ ਕੁੱਦਿਆ ਪੀਲੇ ਪਰਨੇ ਵਾਲਾ ਪੁਲੀਸ 'ਤੋਂ ਲੱਤਾਂ ਤੁੜਵਾਈ ਪਿਐ। ਨਾਲੇ ਜ਼ਿੰਦ ਕਰਦਾ ਪਿਐ ਅਖੇ! 'ਮੁੱਖ ਮੰਤਰੀ ਤੀਰਥ ਯਾਤਰਾ' ਵਾਲੀ ਬੱਸ 'ਤੇ ਚੜਨੈ।

ਆ ਚੁੱਕੋ ਗਰੰਟੀ! ਪੀਲੇ ਪਰਨੇ ਵਾਲੇ ਦੇ ਪਰਿਵਾਰ ਨੂੰ ਸਭ ਸਹੂਲਤਾਂ ਦੇਏਗੀ ਸਰਕਾਰ। ਮੁਫ਼ਤ 'ਚ ਰਾਸ਼ਨ ਦੇਵੇਗੀ, ਬਿਜਲੀ ਦਾ ਬਿੱਲ ਜ਼ੀਰੋ ਭੇਜੇਗੀ, ਹਜ਼ਾਰ ਦਾ ਸ਼ਗਨ ਵੱਖਰਾ। ਉਗਰਾਹਾਂ ਵਾਲਿਓ! ਥੋਨੂੰ ਤਾਂ ਰੱਬ ਵੀ ਖ਼ੁਸ਼ ਨੀ ਕਰ ਸਕਦਾ। ਹੋਰ ਦੱਸੋ ਕੀ ਭਾਲਦੇ ਹੋ। ਅਦਾਕਾਰ ਗੱਗੂ ਗਿੱਲ 'ਚੋਂ ਜੋਗਿੰਦਰ ਉਗਰਾਹਾਂ ਬੋਲਦਾ ਜਾਪਦੈ, 'ਸਿਆਣੇ ਬੰਦੇ ਦੀ ਸਮਝ ਸਾਨੂੰ ਆਵੇ ਜਾਂ ਨਾ ਆਵੇ, ਚਲਾਕ ਬੰਦੇ ਦੀ ਅਸੀਂ ਅੱਖ ਪੜ੍ਹ ਲੈਂਦੇ ਹਾਂ।' ਜਥੇਦਾਰ ਇਨਕਲਾਬ ਸਿੰਘ ਤੋਂ ਵੱਧ ਹੁਣ ਪੰਜਾਬ ਕਾਹਲਾ ਪਿਐ। ਭਾਜਪਾ ਆਲੇ 'ਡਬਲ ਇੰਜਣ' ਦਾ ਹੋਕਾ ਦਿੰਦੇ ਪਏ ਨੇ। 'ਆਪ' ਆਲੇ ਆਖਦੇ ਨੇ, 'ਪੀਟਰ ਇੰਜਣ' ਚਲਾਓ।

ਰੰਗਲਾ ਪੰਜਾਬ ਲਹਿੰਗਾ ਪਾਈ ਖੜ੍ਹੈ, ਨੇਤਾਵਾਂ ਤਰਫੋਂ ਦਲਜੀਤ ਦੁਸਾਂਝ ਹੇਕ ਲਾ ਰਿਹੈ, 'ਲਹਿੰਗੇ 'ਤੇ ਸ਼ਰਾਬ ਡੋਲਦੂ'। ਝੂਠ ਸ਼ਾਸਤਰ ਖ਼ੂਬ ਚੱਲੇਗਾ, ਸੱਤਾ ਦਾ ਰੀਚਾਰਜ ਪਵਾਉਣ ਲਈ ਕਤਾਰ ਬੰਨ੍ਹ ਆਉਣਗੇ। ਚੋਣਾਂ ਵੇਲੇ ਮਾਮੇ ਬਣਦੇ ਨੇ, ਜਿੱਤਣ ਪਿੱਛੋਂ ਫੁੱਫੜ। ਪੰਜਾਬੀ ਧਮਲੇ ਜੱਟ ਨੂੰ ਧਿਆ ਰਹੇ ਨੇ, 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ।' ਪੰਜਾਬ ਨਿਹੰਗਾਂ ਦੇ ਡੋਲੂ ਵਾਂਗੂ ਮਾਂਜਿਆ ਗਿਐ। ਮਰਹੂਮ ਮੰਤਰੀ ਕੁੰਦਨ ਸਿੰਘ ਪਤੰਗ ਹੁੰਦੇ ਸਨ। ਵੱਡੇ ਬਾਦਲ ਮੰਜੇ 'ਚ ਬਿਮਾਰ ਪਏ ਕੁੰਦਨ ਦਾ ਮਿਜ਼ਾਜ ਪੁੱਛਣ ਆਏ। ਅੱਗਿਓਂ ਪਤੰਗ ਨੇ ਹੱਥ ਜੋੜ ਫ਼ਰਮਾਏ, 'ਬਾਦਲ ਸਾਹਿਬ, ਬਿਮਾਰੀ ਨੂੰ ਮਾਰੋ ਗੋਲੀ, ਤੁਸੀਂ ਟਿਕਟ ਐਲਾਨੋ, ਘੋੜੇ ਵਰਗਾ ਹੋਜੂ।'

ਦੋ ਟੰਗੇ ਕੀ ਭਾਲਣ..ਆਹ ਚਾਰ ਟੰਗੀ ਕੁਰਸੀ। ਜਿਹੜੇ 'ਆਪ' ਵਿਧਾਇਕਾਂ ਦੇ ਘਰਾਂ 'ਚ ਇਨਕਲਾਬ ਆਇਐ, ਉਨ੍ਹਾਂ ਦੀ ਟਿਕਟ 'ਤੇ ਗ੍ਰਹਿ ਹੈ। ਸਿਆਸਤਦਾਨ ਆਲੂਆਂ ਵਰਗੇ ਹੁੰਦੇ ਨੇ ਜਿਨ੍ਹਾਂ ਦਾ ਆਪਣਾ ਕੋਈ ਕਿਰਦਾਰ ਨੀ ਹੁੰਦਾ। ਟਿਕਟ ਇੱਧਰੋਂ ਨਾ ਮਿਲੀ ਤਾਂ ਗੁਆਂਢੀ ਤਸ਼ਰੀਫ਼ ਲੈ ਜਾਂਦੇ ਨੇ। 'ਪਿਸ਼ੌਰੀ ਯਾਰ ਕਿਸ ਦੇ, ਭੱਤ ਖਾ ਕੇ ਖਿਸਕੇ।' ਅਦਾਕਾਰਾ ਰੁਪਿੰਦਰ ਰੂਪੀ ਇੱਕ ਡਾਇਲਾਗ ਬੋਲਦੀ ਹੈ, ਲੱਗਦੈ ਇੰਜ ਹੈ ਜਿਵੇਂ ਰੰਗਲਾ ਪੰਜਾਬ ਬੋਲਦਾ ਹੋਵੇ, 'ਝੱਗਾ ਚੁੱਕਿਆ ਆਪਣਾ ਹੀ ਢਿੱਡ ਨੰਗਾ ਹੁੰਦੈ, ਗਰੀਬੀ ਰੇਖਾ ਤੋਂ ਥੱਲੇ ਹੀ ਹਾਂ ਪੁੱਤ, ਤੂੰ ਇਹ ਸਮਝ ਲੈ ਕਿ ਰੇਖਾ ਮੇਰੀ ਘੰਡੀ 'ਤੇ ਚੜ੍ਹੀ ਬੈਠੀ ਹੈ।'

ਸਿਆਣੇ ਆਖਦੇ ਨੇ, 'ਹੁਕਮ ਚਲਾਉਣਾ ਵੀ ਇੱਕ ਕਲਾ ਹੁੰਦੀ ਹੈ, ਚਾਹੇ ਭੇਡਾਂ 'ਤੇ ਇੱਜੜ 'ਤੇ ਹੀ ਚਲਾਉਣਾ ਹੋਵੇ।' ਤਰਸੇਮ ਜੱਸੜ ਗਰੰਟੀ ਨਾਲ ਆਖਦੈ, 'ਇਹ ਦਿਲ ਰੱਬ ਦਾ ਰੇਡੀਓ ਹੈ, ਇਹ ਗ਼ਲਤ ਸਟੇਸ਼ਨ ਨੀ ਫੜਦਾ।' ਜਿਹੜਾ ਕੋਈ ਦਿਲ ਦੀ ਸੁਣੇਗਾ, ਉਹ ਆਹ ਪ੍ਰਵਚਨ ਧਿਆਏਗਾ, 'ਹੁਣ ਨੀ ਮੂਰਖ ਬਣਦੇ ਸਰਪੰਚਾਂ, ਹੁਣ ਨੀ ਲੱਗਦੇ ਤੇਰੇ ਮਗਰ।' ਹਰਿਆਣੇ ਦਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਸਤਾਰ ਸਜਾ ਪੰਜਾਬ ਦੇ ਵਿਹੜੇ ਆਉਂਦੈ। ਸੈਣੀ ਪੰਜਾਬ 'ਚ ਡਬਲ ਇੰਜਣ ਬੰਨ੍ਹਣਾ ਚਾਹੁੰਦੇ ਨੇ। ਐੱਸ ਵਾਈ ਐੱਲ ਦਾ ਨਹਿਰੀ ਪਾਣੀ ਖ਼ੁਦ ਲਾਉਣਾ ਚਾਹੁੰਦੇ ਹਨ।

ਚੋਣਾਂ ਦੇ ਪਿੜ 'ਚ ਬਿਨਾਂ ਘੁੰਡ ਕੱਢੇ ਨੱਚਦੇ ਨੇ ਨੇਤਾ, ਮਜਮਾ ਲਾਉਂਦੇ ਨੇ, ਤਮਾਸ਼ਾ ਦਿਖਾਉਂਦੇ ਨੇ, ਤਾੜੀਆਂ ਮਾਰਦੇ ਲੋਕ ਹੱਥ ਸੁਜਾ ਬੈਠਦੇ ਨੇ। ਗੁਰਪ੍ਰੀਤ ਘੁੱਗੀ ਠੀਕ ਆਖਦੈ, 'ਹੁਣ ਤਾਂ ਅਸੀਂ ਆਪ ਹੀ ਛੋਟੇ-ਛੋਟੇ ਰੱਬ ਬਣ ਬੈਠੇ ਹਾਂ, ਕੌਣ ਚੰਗਾ ਕੌਣ ਮਾੜਾ, ਫ਼ਤਵਾ ਜਾਰੀ ਕਰ ਦਿੰਦੇ ਹਾਂ।' ਚੋਣਾਂ ਮੌਕੇ ਲੀਡਰ ਚੀਨੇ ਕਬੂਤਰ ਹੁੰਦੇ ਹਨ, ਬਾਜ਼ੀ ਜਿੱਤਣ ਲਈ ਦਾਅ ਮਾਰਨਾ ਨੀ ਭੁੱਲਦੇ।

ਬਾਬੂ ਸਿੰਘ ਮਾਨ ਤਸ਼ਰੀਫ਼ ਲਿਆਏ ਨੇ, 'ਅਸੀਂ ਅਕਾਲੀ ਦਲ 'ਚ ਲਈਆਂ ਪੀੜੀਆਂ ਗਾਲ, ਕੱਲ੍ਹ ਆਇਆ ਅੱਜ ਟਿਕਟ ਮਾਂਜ ਕੇ ਔਹ ਜਾਂਦਾ ਗੁਜਰਾਲ।' ਖ਼ੈਰ ਪੰਜਾਬੀਆਂ ਦਾ ਭੇਤ ਤਾਂ ਪੰਜਾਬ ਆਲੇ ਨੀ ਪਾ ਸਕੇ, ਦਿੱਲੀ ਦੱਖਣ ਵਾਲੇ ਕਿਵੇਂ ਪਾ ਲੈਣਗੇ। ਸੱਥਾਂ 'ਚ ਬੈਠੇ ਬਜ਼ੁਰਗ ਆਖਦੇ ਨੇ ਕਿ ਭਾਈ! ਲੁਹਾਰਾਂ ਦੇ ਬੱਚੇ ਚੰਗਿਆੜੀ ਤੋਂ ਨੀਂ ਡਰਦੇ। ਖਿਮਾ ਦਾ ਜਾਚਕ ਹਾਂ, ਦਿਓ ਆਗਿਆ ਤੇ ਸੁਣੋ ਅਖੀਰ 'ਚ ਬਲਬੀਰ ਲੌਂਗੋਵਾਲ ਦੇ ਜਥੇ ਨੂੰ, 'ਜਿਊਂਦੀ ਹੈ ਪੰਜਾਬੀਆਂ ਦੀ ਅਣਖ ਸਦਾ, ਵੱਸਦੇ ਨੇ ਅੜ ਕੇ।'

# ਆਪਣੀ ਜੁੱਤੀ ਆਪਣਾ ਸਿਰ...

ਚਾਰ ਸਾਲ ਉਹ ਦੇ ਬੁੱਲ ਵਾਂਗ ਲਟਕ-ਲਟਕ ਕੇ ਪੰਜਾਬ ਦੀਆਂ ਬੀਬੀਆਂ ਦੇ ਭਾਗਾਂ ਨੂੰ ਹਜ਼ਾਰ-ਹਜ਼ਾਰ ਰੁਪਿਆ ਡਿੱਗਣ ਲੱਗਾ ਹੈ, ਪਰ ਸਿਰਫ਼ ਉਨ੍ਹਾਂ ਲਈ ਜਿਹੜੀਆਂ ਟੈਕਸ ਨਹੀਂ ਭਰਦੀਆਂ। ਜਿਹੜੀਆਂ ਭਰਦੀਆਂ ਨੇ, ਉਨ੍ਹਾਂ ਦਾ ਕਸੂਰ ਇਹ ਹੈ ਕਿ ਉਹ ਕਿਉਂ ਭਰਦੀਆਂ ਨੇ। ਸਜ਼ਾ? ਉਨ੍ਹਾਂ ਦੇ ਪੈਸੇ ਨਾਲ ਉਨ੍ਹਾਂ ਨੂੰ ਹਜ਼ਾਰ-ਹਜ਼ਾਰ ਦਿੱਤੇ ਜਾਣਗੇ, ਜੋ ਟੈਕਸ ਨਹੀਂ ਭਰਦੀਆਂ। ਹੱਲ? ਅੱਗੇ ਤੋਂ ਉਹ ਵੀ ਟੈਕਸ ਨਾ ਭਰਨ। ਇੰਨੇ ਕਮਾਉਣ ਹੀ ਨਾ ਕਿ ਟੈਕਸ ਭਰਿਆ ਜਾਵੇ। ਨਾ ਰਹੂ ਬਾਂਸ, ਨਾ ਵੱਜੂ ਬੰਸਰੀ।



ਅੰਕੜੇ ਦੱਸਦੇ ਹਨ, ਇਸ ਦੇਸ਼ ਵਿਚ ਸਿਰਫ਼ 3-4% ਲੋਕ ਹੀ ਇਨਕਮ ਟੈਕਸ ਭਰਦੇ ਹਨ ਤੇ

**ਪਾਲੀ ਭੁਪਿੰਦਰ**

ਇਹ ਵੀ ਦੇਸ਼ ਦੀ ਕੁਲ ਟੈਕਸ ਇਨਕਮ ਦਾ 30% ਹੈ। ਇਸ 30% ਦਾ 60-70% ਇਨਕਮ ਟੈਕਸ ਉਨ੍ਹਾਂ 1-2% ਅਮੀਰਾਂ ਤੋਂ ਆਉਂਦਾ ਹੈ, ਜਿਨ੍ਹਾਂ ਨੂੰ ਲੇਖਕ, ਵਿਦਵਾਨ ਤੇ ਕਾਮਰੇਡ ਪੂਰੇ ਸਤਿਕਾਰ ਸਹਿਤ ਸਦਾ ਚੋਰ ਆਖਦੇ ਹਨ। ਬਾਕੀ ਦਾ 30% ਛੋਟੇ ਕਾਰੋਬਾਰੀਆਂ ਅਤੇ ਨੌਕਰੀਆਂ ਵਾਲੇ ਮੱਧਵਰਗ ਤੋਂ ਆਉਂਦਾ ਹੈ।

ਪਰ ਤਮਾਸ਼ਾ ਇਹ ਕਿ ਸਰਕਾਰ ਦੀਆਂ ਜਿੰਨੀਆਂ ਵੀ ਮੁਫ਼ਤ ਤੇ ਭਲਾਈ ਸਕੀਮਾਂ ਬਣਦੀਆਂ ਹਨ, ਉਹ ਬਾਕੀ ਦੇ ਉਸ 95% ਗਰੀਬ ਵਰਗ ਲਈ ਬਣਦੀਆਂ ਹਨ, ਜੋ ਸਰਕਾਰ ਦੀ ਆਮਦਨ ਵਿਚ ਕੋਈ ਯੋਗਦਾਨ ਨਹੀਂ ਪਾਉਂਦਾ। ਇਸ 95% ਗਰੀਬ ਵਰਗ ਵਿਚ ਅਸਲੀ ਗਰੀਬਾਂ ਦੇ ਨਾਲ-ਨਾਲ ਨਕਲੀ ਗਰੀਬ, ਤਥਾਕਥਿਤ ਤੇ ਪੁਲਿਟੀਕਲ ਗਰੀਬ, ਨੇਤਾ, ਬਾਬੇ, ਤੇ ਉਹ ਧਨਾਢ ਜ਼ਿਮੀਂਦਾਰ ਵੀ ਸ਼ਾਮਿਲ ਹਨ, ਜਿਹੜੇ ਫਾਰਚਿਊਨਰਾਂ ਵਿਚ ਘੁੰਮਦੇ ਤੇ ਵੱਡੀਆਂ ਕੋਠੀਆਂ ਵਿਚ ਰਹਿੰਦੇ ਹਨ। ਇਸ ਵਿਚ ਛੋਟੇ ਕਾਰੋਬਾਰੀ, ਛੋਲੇ-ਭਟੂਰਿਆਂ, ਫਲ-ਫਰੂਟ ਤੇ ਚਾਟ-ਪਾਪੜੀਆਂ ਵਾਲੇ ਵੀ ਸ਼ਾਮਿਲ ਹਨ, ਜੋ ਇੱਕ ਪ੍ਰਾਈਵੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਤੋਂ ਵੱਧ ਕਮਾ ਲੈਂਦੇ ਹਨ ਪਰ ਸਿਸਟਮ ਦੀ ਨਜ਼ਰ ਵਿਚ ਉਨ੍ਹਾਂ ਦੀ ਕੋਈ ਇਨਕਮ ਨਹੀਂ, ਸੋ ਕੋਈ ਇਨਕਮ ਟੈਕਸ ਵੀ ਨਹੀਂ। ਜਿਹੜੇ ਕਲਾਕਾਰ, ਡਾਕਟਰ ਤੇ ਵਕੀਲ 'ਕੈਸ਼' ਵਿਚ ਕੰਮ ਕਰਦੇ ਹਨ, ਉਹ ਵੀ ਵਿਚਾਰੇ ਗਰੀਬ ਹਨ; ਰੇਤੇ-ਖੱਡਾਂ ਵਾਲੇ ਤਾਂ ਖ਼ੈਰ ਹੋਣੇ ਹੀ ਨੇ।

ਹਾਲੇ 'ਪੋਸਟ ਤਮਾਸ਼ਾ' ਬਾਕੀ ਹੈ। ਇਹੀ ਇਨਕਮ ਟੈਕਸ ਭਰਨ ਵਾਲੇ ਹਨ ਜਿਹੜੇ ਜੀ ਐੱਸ ਟੀ ਵੀ ਭਰਦੇ ਹਨ। ਔਕਾਤ ਨਿਮਨ ਵਰਗ ਤੋਂ ਵੀ ਥੱਲੇ, ਪਰ ਤਤ ਉੱਚ ਵਰਗ ਤੋਂ ਜ਼ਿਆਦਾ। ਇਹੀ ਮਾਲਾਂ, ਰੈਸਤਰਾਂ, ਪਹਾੜਾਂ, ਬੀਚਾਂ 'ਤੇ ਜਾਂਦੇ ਹਨ। ਗੱਡੀਆਂ ਖਰੀਦ ਕੇ ਟੈਕਸ ਤੇ ਟੌਲ ਭਰਦੇ ਹਨ। ਕਈ ਵਾਰ ਬਿਨਾਂ ਲੋੜ ਤੋਂ ਸਿਰਫ਼ ਤਤ ਵਿਖਾਉਣ ਲਈ ਸ਼ਾਪਿੰਗ ਕਰਦੇ ਹਨ, ਤੇ ਇੰਜ ਜੀ ਐੱਸ ਟੀ ਭਰ-ਭਰ ਦੇਸ਼ ਦੀ ਜੀ.ਡੀ.ਪੀ. ਨੂੰ ਜ਼ਿੰਦਾ ਰੱਖਦੇ



ਹਨ। ਇਹੀ ਹਨ, ਜਿਨ੍ਹਾਂ ਦੇ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਹਨ ਤੇ ਉਹ ਪ੍ਰਾਈਵੇਟ ਹਸਪਤਾਲਾਂ ਤੋਂ ਇਲਾਜ ਕਰਾਉਂਦੇ ਹਨ। ਕਿਉਂਕਿ ਉਨ੍ਹਾਂ ਨੂੰ 'ਸਰਕਾਰ' ਦੇ ਸਿਸਟਮ 'ਤੇ ਭਰੋਸਾ ਹੀ ਕੋਈ ਨਹੀਂ। ਸਰਕਾਰ ਉਨ੍ਹਾਂ ਲਈ 'ਫਿਰੌਤੀ ਗੈਂਗ' ਤੋਂ ਵੱਧ ਕੁਝ ਨਹੀਂ, ਜਿਸ ਨੂੰ ਉਸਨੇ ਮਹੀਨਾ ਦੇਣਾ ਹੈ ਤੇ ਬੱਸ। ਕਦੇ ਕੋਈ ਜੰਗ ਜਾਂ ਕਰੋਨਾ ਲੱਗੇ, ਇਹ ਲੋਕ ਨੇ, ਜਿਨ੍ਹਾਂ ਦੀ ਭਲਾਈ ਦਾ ਕਿਸੇ ਨੂੰ ਧਿਆਨ ਨਹੀਂ ਹੁੰਦਾ। ਸਾਰੇ ਲੰਗਰ ਗਰੀਬਾਂ ਲਈ ਖੁੱਲ੍ਹਦੇ ਹਨ। ਕਿਉਂ! ਕਿਉਂਕਿ ਇਹ ਟੈਕਸ ਭਰਦੇ ਨੇ।

ਇਨ੍ਹਾਂ ਦਾ ਇੱਕ ਹੋਰ ਕਸੂਰ ਹੈ। ਅੱਵਲ ਤਾਂ ਇਹ ਵੋਟ ਪਾਉਣ ਲਈ ਘਰੋਂ ਨਿਕਲਦੇ ਹੀ ਨਹੀਂ। ਜੇ ਨਿਕਲਣ ਵੀ ਤਾਂ ਇਨ੍ਹਾਂ ਦੇ ਵੋਟ ਪਾਉਣ ਦੇ ਫੰਡੇ ਹੀ ਪੁੱਠੇ ਹੁੰਦੇ ਹਨ। ਹੁਣ ਤੁਸੀਂ ਦੱਸੋ, ਜੇ ਪੰਜਾਬ ਸਿਰ ਕਰਜ਼ਾ ਵਧ ਕੇ ਸਾਢੇ ਚਾਰ ਲੱਖ ਕਰੋੜ ਹੋ ਗਿਆ, ਭਾਈ ਤੁਹਾਨੂੰ ਕੀ! ਤੁਸੀਂ ਦੇਣਾ ਹੈ! ਤੁਸੀਂ ਤਾਂ ਬੱਸ ਇਹ ਵੇਖੋ ਕਿ ਤੁਹਾਨੂੰ ਸਰਕਾਰ ਮੁਫ਼ਤ ਵਿਚ ਕੀ ਦਿੰਦੀ ਹੈ। ਹੋਰ ਨਹੀਂ ਤਾਂ ਵੋਟਾਂ ਵੇਲੇ ਇੱਕ ਅੱਧ ਬੋਤਲ ਚੁੱਕੋ ਤੇ ਸੁੱਟੋ ਵੋਟ!

ਦੇਸ਼ ਦੀ ਰਾਜਨੀਤੀ ਦਾ ਹਿਸਾਬ ਕਮਾਲ ਹੈ। ਜਿਸ ਕੋਲ ਵੋਟ ਹੈ ਉਸਨੂੰ ਛੋਟ ਦਿਓ। ਜਿਸ ਕੋਲ ਇਨਕਮ ਹੈ, ਉਸਨੂੰ ਠੋਕ ਦਿਓ। ਮਤਲਬ ਟੈਕਸ-ਪੇਅਰਾਂ ਦੀਆਂ ਜੁੱਤੀਆਂ ਤੇ ਟੈਕਸ-ਪੇਅਰਾਂ ਦੇ ਸਿਰ। ਠਾਹ ਠਾਹ ਵੱਜਣਗੀਆਂ ਤੇ ਉੱਤੇ 18% ਜੀ ਐੱਸ ਟੀ ਵੀ ਲੱਗੇਗਾ।

ਮੋਰਲ ਆਫ਼ ਦਿ ਸਟੋਰੀ: ਗਰੀਬ ਬਣੋ। ਕੰਮ ਕਰੋ ਹੀ ਨਾ। ਨਾ ਹੋਊ ਇਨਕਮ, ਨਾ ਲੱਗੂ ਟੈਕਸ। ਸਗੋਂ ਕਿਸੇ ਮੰਦਰ-ਗੁਰਦਵਾਰੇ ਦੇ ਬਾਹਰ ਬੈਠ ਕੇ ਦੁਆ ਕਰੋ ਕਿ ਕੋਈ ਹੋਰ ਦਰਿਆ-ਦਿਲ ਪਾਰਟੀ ਆਵੇ, ਜਿਹੜੀ ਵੋਟਾਂ ਪਾਉਣ ਬਦਲੇ 2-2 ਹਜ਼ਾਰ ਦੇਵੇ।

# ਹਰ ਕੋਈ ਮੂਰਤੀ ਬਣਨਾ ਚਾਹੁੰਦੈ...

ਇੱਕ ਛੋਟੇ ਜਿਹੇ ਪਿੰਡ ਵਿਚ ਇੱਕ ਮੂਰਤਕਾਰ ਰਹਿੰਦਾ ਸੀ। ਉਹ ਪੱਥਰਾਂ ਨੂੰ ਘੜ ਕੇ ਸੁੰਦਰ ਮੂਰਤੀਆਂ ਬਣਾਉਂਦਾ ਸੀ। ਲੋਕ ਦੂਰ-ਦੂਰੋਂ ਆ ਕੇ ਉਸ ਦੀ ਕਲਾ ਦੀ ਵਾਹ ਵਾਹ ਕਰਦੇ ਸਨ।

ਇੱਕ ਦਿਨ ਉਹ ਇੱਕ ਵੱਡੇ ਪੱਥਰ ਨੂੰ ਘੜ ਰਿਹਾ ਸੀ। ਉਸ ਦਾ ਇਰਾਦਾ ਸੀ ਕਿ ਇੱਕ ਸੋਹਣੀ ਮੂਰਤੀ ਬਣਾਵੇ, ਜੋ ਸ਼ਹਿਰ ਦੇ ਮੰਦਰ ਵਿਚ ਲੱਗੇ ਅਤੇ ਉਸਦਾ ਨਾਮ ਰੌਸ਼ਨ ਕਰੇ।

ਉਸ ਵੇਲੇ ਇੱਕ ਬੁੱਢੀ ਮਾਂ ਲਾਠੀ ਟੇਕਦੀ ਹੋਈ ਆਈ। ਉਸਦੇ ਚਿਹਰੇ 'ਤੇ ਥਕਾਵਟ ਸੀ, ਪਰ ਅੱਖਾਂ ਵਿਚ ਬੇਬਸੀ।

ਉਹ ਹੌਲੇ ਨਾਲ ਕਹਿੰਦੀ ਹੈ, 'ਪੁੱਤਰ, ਮੇਰੇ ਘਰ ਦੇ ਅੱਗੇ ਰਸਤਾ ਟੁੱਟਿਆ ਹੋਇਆ ਹੈ। ਮੈਂ ਬਹੁਤ ਬੁੱਢੀ ਹਾਂ। ਹਰ ਰੋਜ਼ ਫਿਸਲ ਜਾਂਦੀ ਹਾਂ। ਜੇ ਤੂੰ ਇਹ ਪੱਥਰ ਘੜ ਕੇ ਮੇਰੇ ਘਰ ਅੱਗੇ ਇਕ ਸਿੱਧੀ ਥਾਂ ਬਣਾ ਦੇਵੇਂ, ਤਾਂ ਮੇਰਾ ਸਹਾਰਾ ਬਣ ਜਾਵੇਗਾ।' ਮੂਰਤਕਾਰ ਚੁੱਪ ਹੋ ਗਿਆ।

ਇੱਕ ਪਾਸੇ ਮਸ਼ਹੂਰੀ ਸੀ... ਦੂਜੇ ਪਾਸੇ ਇੱਕ ਬੁੱਢੀ ਮਾਂ ਦੀ ਲਾਚਾਰੀ।

ਉਸ ਨੇ ਹਥੌੜਾ ਹੌਲੇ ਨਾਲ ਰੱਖ ਦਿੱਤਾ। 'ਮਾਂ, ਪਹਿਲਾਂ ਤੇਰਾ ਰਸਤਾ ਬਣਾਉਂਦੇ ਹਾਂ।' ਉਸ ਨੇ ਉਹੀ ਪੱਥਰ ਤੋੜ ਕੇ ਛੋਟੇ-ਛੋਟੇ ਟੁਕੜਿਆਂ ਵਿਚ ਬਦਲ ਦਿੱਤਾ ਅਤੇ ਬੁੱਢੀ ਮਾਂ ਦੇ ਘਰ ਅੱਗੇ ਸਾਫ਼, ਸਮਤਲ ਰਸਤਾ ਬਣਾ ਦਿੱਤਾ।

ਜਦੋਂ ਮਾਂ ਉਸ ਰਸਤੇ 'ਤੇ ਪਹਿਲੀ ਵਾਰੀ ਬਿਨਾ ਡਰ ਦੇ ਚੱਲੀ, ਉਸ ਦੀਆਂ ਅੱਖਾਂ 'ਚੋਂ ਹੰਝੂ ਵਗ ਪਏ।

ਉਸ ਵੇਲੇ ਮੂਰਤਕਾਰ ਨੂੰ ਅਹਿਸਾਸ ਹੋਇਆ ਜਿਵੇਂ ਪੱਥਰ ਬੋਲ ਪਿਆ ਹੋਵੇ—

'ਧੰਨਵਾਦ...'

ਉਹ ਹੈਰਾਨ ਹੋਇਆ, 'ਤੂੰ ਮੇਰਾ ਧੰਨਵਾਦ ਕਿਉਂ ਕਰ ਰਿਹਾ ਹੈਂ?' ਪੱਥਰ ਜਿਵੇਂ ਕਹਿੰਦਾ ਹੋਵੇ—'ਜੇ ਤੂੰ ਮੈਨੂੰ ਮੂਰਤੀ ਬਣਾਉਂਦਾ, ਲੋਕ ਮੇਰੇ ਅੱਗੇ ਮੱਥਾ ਟੇਕਦੇ, ਪਰ ਮੈਂ ਚੁੱਪ ਖੜ੍ਹਾ ਰਹਿੰਦਾ। ਹੁਣ ਮੈਂ ਰਸਤਾ ਬਣਿਆ ਹਾਂ— ਮੈਂ ਹਰ ਰੋਜ਼ ਇੱਕ ਬੁੱਢੀ ਮਾਂ ਦੇ ਕਦਮਾਂ ਨੂੰ ਸਹਾਰਾ ਦਿੰਦਾ ਹਾਂ। ਤੇਰਾ ਫੈਸਲਾ ਬਦਲਿਆ, ਪਰ ਮੇਰੀ ਕਿਸਮਤ ਬਦਲ ਗਈ। ਪਹਿਲਾਂ ਮੈਂ ਸਿਰਫ਼ ਸ਼ੋਹਰਤ ਲਈ ਸੀ... ਹੁਣ ਮੈਂ ਕਿਸੇ ਦੀ ਲੋੜ ਲਈ ਹਾਂ।' ਮੂਰਤਕਾਰ ਦੀਆਂ ਅੱਖਾਂ ਭਰ ਆਈਆਂ। ਉਸ ਨੂੰ ਸਮਝ ਆ ਗਿਆ— ਮਸ਼ਹੂਰੀ ਨਾਲ ਨਾਮ ਵੱਡਾ ਹੁੰਦਾ ਹੈ, ਪਰ ਸੇਵਾ ਨਾਲ ਦਿਲ ਵੱਡਾ ਹੁੰਦਾ ਹੈ।

ਕੁਝ ਲੋਕ ਮੂਰਤੀਆਂ ਵਾਂਗ ਹੁੰਦੇ ਹਨ— ਉੱਚੇ ਖੜੇ, ਪਰ ਦੂਰ। ਤੇ ਕੁਝ ਲੋਕ ਰਸਤਿਆਂ ਵਾਂਗ ਹੁੰਦੇ ਹਨ— ਥੱਲੇ ਵਿਛੇ ਹੋਏ, ਪਰ ਸਭ ਨੂੰ ਸਹਾਰਾ ਦੇਣ ਵਾਲੇ।

ਅੱਜਕੱਲ੍ਹ ਹਰ ਕੋਈ ਉੱਚਾ ਬਣਨਾ ਚਾਹੁੰਦਾ ਹੈ...

ਪਰ ਕਿਸੇ ਦਾ ਸਹਾਰਾ ਬਣਨਾ ਬਹੁਤ ਔਖਾ ਹੁੰਦਾ ਹੈ।

'ਹਰ ਕੋਈ ਮੂਰਤੀ ਬਣਨਾ ਚਾਹੁੰਦਾ ਹੈ...।

# ਸੱਤਵਾਂ ਦਰਿਆ – ਭੇਸਧਾਰੀਆਂ ਦਾ...!

ਪੰਜਾਬ, ਪੰਜ ਦਰਿਆਵਾਂ ਦੀ ਧਰਤੀ, ਜਿਸ ਦੀ ਮਿੱਟੀ ਵਿਚ ਸਦੀਆਂ ਤੋਂ ਬਹਾਦਰੀ, ਸਾਹਸ ਅਤੇ ਸੱਚਾਈ ਦੀਆਂ ਕਹਾਣੀਆਂ ਸਮਾਈਆਂ ਹੋਈਆਂ ਹਨ। ਇਹ ਉਹ ਧਰਤੀ ਹੈ ਜਿਸ ਨੇ ਮਾਂ ਦੀ ਇੱਜ਼ਤ ਲਈ ਸਿਰ ਕਟਾਉਣ ਵਾਲੇ, ਧਰਮ ਦੀ ਰਾਖੀ ਲਈ ਸਬਕ ਸਿਖਾਉਣ ਵਾਲੇ ਅਤੇ ਦੇਸ਼ ਦੀ ਹਿਫਾਜ਼ਤ ਲਈ ਛਾਤੀ ਤਾਣ ਕੇ ਖੜ੍ਹੇ ਹੋਣ ਵਾਲੇ ਸੂਰਮੇ ਪੈਦਾ ਕੀਤੇ। ਪਰ ਸਮਾਂ ਬਦਲਦਾ ਹੈ ਅਤੇ ਇਸ ਦੇ ਨਾਲ ਹੀ ਸਾਡੀ ਇਹ ਪਵਿੱਤਰ ਧਰਤੀ ਵੀ ਆਪਣੇ ਆਪ ਨੂੰ ਬਦਲਦੇ ਹੋਏ ਮਹਿਸੂਸ ਕਰ ਰਹੀ ਹੈ। ਜਿੱਥੇ ਇੱਕ ਸਮੇਂ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜੇਹਲਮ ਦੇ ਪਾਣੀ ਪੰਜਾਬ ਦੀ ਰੂਹ ਨੂੰ ਸਿੰਜਦੇ ਸਨ, ਉੱਥੇ ਹੀ ਪਿਛਲੇ ਕੁਝ ਦਹਾਕਿਆਂ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਵਗਣ ਲੱਗ ਪਿਆ, ਜਿਸ ਨੇ ਸਾਡੀ ਜਵਾਨੀ



**ਸੰਦੀਪ ਕੁਮਾਰ**
ਫੋਨ: 70098-07121

ਦੀ ਜੜ੍ਹਾਂ ਨੂੰ ਕਮਜ਼ੋਰ ਕਰ ਦਿੱਤਾ ਅਤੇ ਹੁਣ, ਇਸ ਤੋਂ ਵੀ ਅੱਗੇ, ਇੱਕ ਸੱਤਵਾਂ ਦਰਿਆ ਉਭਰ ਆਇਆ ਹੈ-ਭੇਸਧਾਰੀਆਂ ਦਾ ਦਰਿਆ। ਇਹ ਵਿਸ਼ਾ ਕਿਸੇ ਨੂੰ ਠੇਸ ਪਹੁੰਚਾਉਣ ਲਈ ਨਹੀਂ, ਸਗੋਂ ਸਮਾਜ ਦੀ ਬਦਲਦੀ ਤਸਵੀਰ ਅਤੇ ਚਰਿੱਤਰਕ ਪਤਨ ਦੀ ਦਰਦਨਾਕ ਹਕੀਕਤ ਨੂੰ ਉਜਾਗਰ ਕਰਨ ਲਈ ਲਿਖਿਆ ਗਿਆ ਹੈ।

ਇੱਕ ਸਮਾਂ ਸੀ ਜਦੋਂ ਪੰਜਾਬ ਦਾ ਨੌਜਵਾਨ ਆਪਣੀ ਮਾਂ ਦੀ ਇੱਜ਼ਤ ਦੀ ਲਾਜ ਰੱਖਣ ਲਈ ਬਾਜ਼ਾਂ ਵਾਂਗ ਉਡਦਾ ਸੀ। ਉਸ ਦੇ ਅੰਦਰ ਇੱਕ ਅਜਿਹੀ ਤਾਕਤ ਸੀ, ਜੋ ਨਾ ਸਿਰਫ਼ ਆਪਣੇ ਘਰ-ਪਰਿਵਾਰ, ਸਗੋਂ ਪੂਰੇ ਦੇਸ਼ ਦੀ ਸੁਰੱਖਿਆ ਲਈ ਖੜ੍ਹੀ ਹੋ ਜਾਂਦੀ ਸੀ। ਪਰ ਅੱਜ ਦਾ ਨੌਜਵਾਨ ਇੱਕ ਅਜਿਹੀ ਦਿਸ਼ਾ ਵੱਲ ਲਿਜਾਇਆ ਜਾ ਰਿਹਾ ਹੈ, ਜਿੱਥੇ ਉਹ ਨਾ ਤਾਂ ਆਪਣੀ ਪੁਰਾਣੀ ਪਛਾਣ ਨੂੰ ਬਰਕਰਾਰ ਰੱਖ ਸਕਿਆ ਹੈ ਅਤੇ ਨਾ ਹੀ ਕੋਈ ਨਵੀਂ ਪਛਾਣ ਨੂੰ ਸਥਾਪਤ ਕਰ ਸਕਿਆ ਹੈ। ਸਮਾਜ ਵਿਚ ਅਜਿਹੀ ਨੌਜਵਾਨੀ ਵਧਦੀ ਜਾ ਰਹੀ ਹੈ, ਜੋ ਨਾ ਮੁੰਡਾ ਰਿਹਾ ਅਤੇ ਨਾ ਹੀ ਕੁੜੀ। ਸੋਸ਼ਲ ਮੀਡੀਆ ਦੇ ਦੌਰ ਵਿਚ ਇਹ ਨੌਜਵਾਨ ਆਪਣੇ ਆਪ ਨੂੰ 'ਮਿਡ-ਕਰੈਕਟਰ' ਦੇ ਰੂਪ ਵਿਚ ਪੇਸ਼ ਕਰ ਰਹੇ ਹਨ ਭਾਵ ਨਾ ਤਾਂ ਉਹ ਪੁਰਸ਼ੀ ਗੁਣਾਂ ਦੀ ਪਛਾਣ ਰੱਖਦੇ ਹਨ ਅਤੇ ਨਾ ਹੀ ਇਸਤਰੀ ਸੰਵੇਦਨਾਵਾਂ ਦੇ ਮਾਪਦੰਡਾਂ 'ਤੇ ਖਰੇ ਉਤਰਦੇ ਹਨ। ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਸੰਪੂਰਨ ਹੋਣ ਦੇ ਬਾਵਜੂਦ, ਉਹ ਆਪਣੇ ਆਪ ਨੂੰ ਕਿਸੇ ਹੋਰ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਜੇਕਰ ਕੋਈ ਵਿਅਕਤੀ ਪ੍ਰਕਿਰਤੀ ਦੇ ਨਿਯਮਾਂ ਅਨੁਸਾਰ ਜਨਮ ਤੋਂ ਹੀ ਦੂਜੇ ਲਿੰਗ ਦੇ ਲੱਛਣਾਂ ਨਾਲ ਪੈਦਾ ਹੁੰਦਾ ਹੈ, ਤਾਂ ਇਹ ਇੱਕ ਅਲੱਗ ਮਾਮਲਾ ਹੈ। ਅਜਿਹੇ ਲੋਕਾਂ ਦੀ ਜ਼ਿੰਦਗੀ ਹਰ ਪਲ ਇੱਕ ਸੰਘਰਸ਼ ਹੁੰਦੀ ਹੈ। ਉਨ੍ਹਾਂ ਦੀਆਂ ਮੁਸ਼ਕਿਲਾਂ, ਸਮਾਜਕ ਦਬਾਅ ਅਤੇ ਅੰਦਰੂਨੀ ਤਣਾਅ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਨੂੰ ਇੱਜ਼ਤ ਅਤੇ ਹਮਦਰਦੀ ਦੀ ਨਜ਼ਰ ਨਾਲ ਦੇਖਣਾ ਸਾਡਾ ਫ਼ਰਜ਼ ਹੈ। ਪਰ ਜੋ ਲੋਕ ਸਰੀਰਕ ਤੌਰ 'ਤੇ ਬਿਲਕੁਲ ਠੀਕ ਹਨ ਅਤੇ ਸਿਰਫ਼ ਪੈਸੇ, ਮਸ਼ਹੂਰੀ ਜਾਂ ਸੋਸ਼ਲ ਮੀਡੀਆ 'ਤੇ ਧਿਆਨ ਖਿੱਚਣ ਦੇ ਲਾਲਚ ਵਿਚ ਆਪਣੇ ਆਪ ਨੂੰ ' ਮਿਡ-ਕਰੈਕਟਰ ' ਦੇ ਰੂਪ ਵਿਚ ਪੇਸ਼ ਕਰਦੇ ਹਨ, ਉਹ ਇੱਕ ਅਜਿਹੀ ਖੇਡ ਖੇਡ ਰਹੇ ਹਨ, ਜੋ ਸਮਾਜ ਦੀਆਂ ਨੀਹਾਂ ਨੂੰ ਹਿਲਾ ਰਹੀ ਹੈ। ਇਸ ਸਾਰੇ ਮਾਮਲੇ ਦੀ ਜੜ੍ਹ ਪੈਸੇ ਅਤੇ ਪ੍ਰਸਿੱਧੀ ਦੀ ਭੁੱਖ ਹੈ। ਸੋਸ਼ਲ ਮੀਡੀਆ ਨੇ ਇੱਕ ਅਜਿਹਾ ਪਲੇਟਫਾਰਮ ਮੁਹੱਈਆ ਕਰਵਾ ਦਿੱਤਾ ਹੈ, ਜਿੱਥੇ ਇਨਸਾਨ ਆਪਣੇ ਅਸਲੀ ਰੂਪ ਨੂੰ ਤਿਆਗ ਕੇ ਇੱਕ ਨਕਲੀ ਸ਼ਖਸੀਅਤ ਬਣਾ ਸਕਦਾ ਹੈ। ਅੱਜ ਦੇ ਦੌਰ ਵਿਚ ਕੁੜੀਆਂ ਮੁੰਡਿਆਂ ਵਾਲੀ ਜ਼ਿੰਦਗੀ ਜੀ ਰਹੀਆਂ ਹਨ ਅਤੇ ਮੁੰਡੇ ਕੁੜੀਆਂ ਵਾਲੀ। ਉਨ੍ਹਾਂ ਦੀਆਂ ਰੀਲਾਂ, ਉਨ੍ਹਾਂ ਦੇ ਭੇਸ, ਉਨ੍ਹਾਂ ਦੀਆਂ ਗੱਲਾਂ, ਸਭ ਕੁਝ ਚਰਿੱਤਰ ਦੀਆਂ ਸੀਮਾਵਾਂ ਤੋਂ ਪਰੇ ਜਾ ਚੁੱਕਾ ਹੈ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਅਜਿਹੇ ਚਰਿੱਤਰ ਦੇ ਲੋਕ ਸਿਰਫ ਫੇਮ, ਪੈਸੇ ਦੀ ਲਾਲਸਾ ਅਤੇ ਆਪਣੇ ਆਪਣੇ ਨੂੰ ਸਮਾਜ ਤੋਂ ਅਲੱਗ ਦਿਖਾਉਣ ਦੇ ਇਸ ਟਰੈਂਡ ਦੇ ਪਿੱਛੇ ਭੱਜ ਰਹੇ ਹਨ। ਅਜਿਹੇ ਚਰਿੱਤਰ ਦੇ ਮਾਲਕ ਲੋਕਾਂ ਨੂੰ ਇਸ ਗੱਲ ਦਾ ਵੀ ਕੋਈ ਅਸਰ ਨਹੀਂ ਹੁੰਦਾ ਕਿ ਸਮਾਜ ਵਿਚ ਇਨ੍ਹਾਂ ਦੇ ਇਸ ਵਰਤਾਰੇ ਕਰਕੇ ਲੋਕ ਇਨ੍ਹਾਂ ਨੂੰ ਟੈਪੂ, ਸਟੂਲਾ, ਮਿੱਠਾ ਅਤੇ ਕਈ ਹੋਰ ਅਜਿਹੀ ਭੱਦੀ ਸ਼ਬਦਾਬਲੀ ਵਾਲੇ ਨਾਵਾਂ ਦੀ ਵਰਤੋਂ ਕਰਦੇ ਹੋਏ ਤੰਜ ਕੱਸਦੇ ਹਨ।



ਇਹ ਟਰੈਂਡ ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਨੌਜਵਾਨ ਆਪਣੀ ਅਸਲੀ ਪਛਾਣ ਨੂੰ ਭੁੱਲਦੇ ਜਾ ਰਹੇ ਹਨ। ਉਹ 'ਭੇਸਧਾਰੀ ਸੰਸਕ੍ਰਿਤੀ' ਲਾਲਸਾ ਦੇ ਜਾਲ ਵਿਚ ਫਸ ਰਹੇ ਹਨ, ਜਿੱਥੇ ਉਨ੍ਹਾਂ ਦਾ ਇੱਕੋ-ਇੱਕ ਟੀਚਾ 'ਲਾਈਕਸ' ਅਤੇ 'ਫਾਲੋਅਰਜ਼' ਬਣ ਗਿਆ ਹੈ। ਜਿਹੜੇ ਨੌਜਵਾਨ ਆਉਣ ਵਾਲੀ ਪੀੜ੍ਹੀ ਲਈ ਮਿਸਾਲ ਬਣਨੇ ਸਨ, ਉਹ ਅੱਜ ਆਪਣੇ ਆਪ ਵਿਚ ਇੱਕ ਤਮਾਸ਼ਾ ਬਣ ਗਏ ਹਨ। ਉਹ ਸੋਚਦੇ ਹਨ ਕਿ ਉਹ 'ਟ੍ਰੈਂਡਿੰਗ' ਵਿਚ ਹਨ, ਪਰ ਅਸਲ ਵਿਚ ਉਨ੍ਹਾਂ ਦੀ ਚਰਿੱਤਰਕ ਮੌਤ ਹੋ ਚੁੱਕੀ ਹੈ। ਸਮਾਜ ਵਿਚ ਜਦੋਂ ਅਜਿਹੇ ਲੋਕਾਂ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ ਜਾਂਦਾ ਹੈ, ਤਾਂ ਸਵਾਲ ਉੱਠਦਾ ਹੈ, ਕਿਸ ਅਧਾਰ 'ਤੇ? ਕੀ ਆਪਣੇ ਚਰਿੱਤਰ ਨਾਲ ਸਮਝੌਤਾ ਕਰਨਾ ਅਤੇ ਆਤਮਾ ਨੂੰ ਮਾਰ ਕੇ 'ਲਾਈਕਸ' ਇਕੱਠੇ ਕਰਨਾ ਹੁਣ ਸਮਾਜ ਵਿਚ ਇੱਜ਼ਤ ਦਾ ਮਾਪਦੰਡ ਬਣ ਗਿਆ ਹੈ? ਜੇਕਰ ਅਜਿਹਾ ਹੀ ਚੱਲਦਾ ਰਿਹਾ, ਤਾਂ ਅਸੀਂ ਆਪਣੀ ਅਗਲੀ ਪੀੜ੍ਹੀ ਲਈ ਕਿਹੋ ਜਿਹੀ ਮਿਸਾਲ ਛੱਡਾਂਗੇ? ਇਸ ਦੇ ਨਾਲ ਹੀ ਇੱਕ ਹੋਰ ਖ਼ਤਰਨਾਕ ਰੁਝਾਨ ਵੀ ਸਾਹਮਣੇ ਆ ਰਿਹਾ ਹੈ। ਮੁੰਡੇ ਆਪਸ ਵਿਚ ਰਿਸ਼ਤੇ ਬਣਾ ਰਹੇ ਹਨ ਅਤੇ ਕੁੜੀਆਂ, ਕੁੜੀਆਂ ਨਾਲ ਵਿਆਹ ਦੀ ਗੱਲ ਕਰ ਰਹੀਆਂ ਹਨ। ਇਹ ਸਿਰਫ਼ ਨੈਤਿਕ ਮੁੱਲਾਂ ਦੀ ਉਲੰਘਣਾ ਹੀ ਨਹੀਂ, ਸਗੋਂ ਸਮਾਜਕ ਸੰਸਕਾਰਾਂ ਦੀ ਤੌਹੀਨ ਵੀ ਹੈ। ਇਹ ਪ੍ਰਵਿਰਤੀ ਸਾਡੀ ਸਭਿਆਚਾਰਕ ਜੜ੍ਹਾਂ ਨੂੰ ਕਮਜ਼ੋਰ ਕਰ ਰਹੀ ਹੈ। ਜੇਕਰ ਅਸੀਂ ਅੱਜ ਚੁੱਪ ਰਹੇ, ਤਾਂ ਕੱਲ੍ਹ ਨੂੰ ਇਹੀ ਲੋਕ ਸਮਾਜ ਨੂੰ ਰਾਹ ਦਿਖਾਉਣ ਵਾਲੇ ਬਣ ਜਾਣਗੇ। ਫਿਰ ਅਸੀਂ ਆਪਣੇ ਬੱਚਿਆਂ ਨੂੰ ਸੱਚ ਅਤੇ ਝੂਠ ਦੀ ਪਛਾਣ ਕਿਵੇਂ ਸਿਖਾਵਾਂਗੇ? ਅਜਿਹੇ ਸਮੇਂ ਵਿਚ ਸਾਨੂੰ ਆਪਣੀ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ।

ਇਹ ਸੱਤਵਾਂ ਦਰਿਆ- ਭੇਸਧਾਰੀਆਂ ਦਾ ਦਰਿਆ, ਨਸ਼ਿਆਂ ਦੇ ਦਰਿਆ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ। ਨਸ਼ੇ ਸਰੀਰ ਨੂੰ ਖੋਖਲਾ ਕਰਦੇ ਹਨ, ਪਰ ਇਹ ਭੇਸਧਾਰੀ ਸੰਸਕ੍ਰਿਤੀ, ਮਨ, ਚਰਿੱਤਰ ਅਤੇ ਆਤਮਾ ਨੂੰ ਤਬਾਹ ਕਰ ਰਹੀ ਹੈ। ਜੋ ਲੋਕ ਸੋਸ਼ਲ ਮੀਡੀਆ 'ਤੇ ਆਪਣੇ ਆਪ ਨੂੰ ਦਇਆ ਦੇ ਪਾਤਰ ਬਣਾ ਕੇ ਮਸ਼ਹੂਰੀ ਹਾਸਲ ਕਰਦੇ ਹਨ, ਉਹ ਉਨ੍ਹਾਂ ਸੱਚੇ ਲੋਕਾਂ ਦੀ ਬੇਇੱਜ਼ਤੀ ਕਰ ਰਹੇ ਹਨ, ਜੋ ਪ੍ਰਕਿਰਤੀ ਦੇ ਭਾਣੇ ਅਨੁਸਾਰ ਅਜਿਹੇ ਰੂਪ ਵਿਚ ਜਨਮ ਲੈਂਦੇ ਹਨ ਅਤੇ ਆਪਣੀ ਜ਼ਿੰਦਗੀ ਨੂੰ ਇੱਜ਼ਤ ਨਾਲ ਜੀਉਂਦੇ ਹਨ। ਇਹ ਉਨ੍ਹਾਂ ਲਈ ਇੱਕ ਤੰਜ ਬਣ ਜਾਂਦਾ ਹੈ, ਜਿਨ੍ਹਾਂ ਨੇ ਸਮਾਜਕ ਤਾਣੇ-ਬਾਣੇ ਵਿਚ ਰਹਿੰਦਿਆਂ ਆਪਣੀ ਲੜਾਈ ਲੜੀ। ਸਾਡੀ ਸਭਿਆਚਾਰਕ ਵਿਰਾਸਤ, ਸਾਡੀ ਮਾਂ-ਬੋਲੀ, ਸਾਡੇ ਧਰਮ ਅਤੇ ਸੱਭਿਆਚਾਰ, ਸਭ ਕੁਝ ਇਸ ਨਕਲੀ ਦਿੱਖ ਅਤੇ ਚਰਿੱਤਰਕ ਘਾਟ ਦੇ ਹੇਠਾਂ ਦੱਬਦਾ ਜਾ ਰਿਹਾ ਹੈ। ਪੰਜਾਬ, ਜੋ ਸਦਾ ਹੀ ਧਰਮ, ਬਹਾਦਰੀ ਅਤੇ ਸੱਚਾਈ ਦੀ ਪਛਾਣ ਰਿਹਾ, ਅੱਜ ਇਸ ਸੱਤਵੇਂ ਦਰਿਆ ਦੇ ਵਹਾਅ ਕਾਰਨ ਆਪਣੀ ਪਛਾਣ ਗੁਆਉਂਦਾ ਨਜ਼ਰ ਆ ਰਿਹਾ ਹੈ। ਇਸ ਦਾ ਅਸਰ ਸਿਰਫ਼ ਅੱਜ ਦੀ ਪੀੜ੍ਹੀ 'ਤੇ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ 'ਤੇ ਵੀ ਪਵੇਗਾ। ਜੇਕਰ ਅਸੀਂ ਹੁਣ ਨਾ ਜਾਗੇ, ਤਾਂ ਕੱਲ੍ਹ ਨੂੰ ਸਾਡੇ ਬੱਚੇ ਇਨ੍ਹਾਂ ਭੇਸਧਾਰੀਆਂ ਦੇ ਨਕਲੀ ਸੰਸਾਰ ਨੂੰ ਹੀ ਸੱਚ ਮੰਨ ਲੈਣਗੇ।

ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰ ਜਾਂ ਕਾਨੂੰਨ ਦੇ ਹੱਥ ਵਿਚ ਨਹੀਂ ਹੈ। ਸਮਾਜ ਦੇ ਹਰ ਹਿੱਸੇ ਭਾਵ ਸਿੱਖਿਆ ਵਿਭਾਗ, ਧਾਰਮਿਕ ਸੰਸਥਾਵਾਂ, ਪਰਿਵਾਰ ਅਤੇ ਮੀਡੀਆ ਨੂੰ ਮਿਲ ਕੇ ਇਸ ਪ੍ਰਵਿਰਤੀ ਨੂੰ ਰੋਕਣ ਲਈ ਕਦਮ ਚੁੱਕਣੇ ਪੈਣਗੇ। ਸਿੱਖਿਆ ਰਾਹੀਂ ਨੌਜਵਾਨਾਂ ਨੂੰ ਆਪਣੀ ਅਸਲੀ ਪਛਾਣ ਦੀ ਕੀਮਤ ਸਮਝਾਉਣ ਦੀ ਲੋੜ ਹੈ। ਧਾਰਮਿਕ ਸਥਾਨਾਂ 'ਤੇ ਚਰਿੱਤਰ ਅਤੇ ਨੈਤਿਕਤਾ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਪਰਿਵਾਰਾਂ ਨੂੰ ਆਪਣੇ ਬੱਚਿਆਂ ਨਾਲ ਖੁੱਲ੍ਹ ਕੇ ਗੱਲ ਕਰਨੀ ਪਵੇਗੀ, ਤਾਂ ਜੋ ਉਹ ਸੋਸ਼ਲ ਮੀਡੀਆ ਦੇ ਇਸ ਭੰਵਰ ਵਿਚ ਨਾ ਫਸਣ ਅਤੇ ਮੀਡੀਆ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਲੋਕਾਂ ਨੂੰ ਮਹਿਮਾਨ ਬਣਾਉਣ ਦੀ ਬਜਾਏ ਸਮਾਜ ਦੇ ਅਸਲੀ ਨਾਇਕਾਂ ਨੂੰ ਅੱਗੇ ਲਿਆਵੇ।

ਸਮਾਪਤੀ ਵਜੋਂ ਇਹੀ ਕਹਿਣਾ ਚਾਹਾਂਗਾ ਕਿ ਮਸ਼ਹੂਰੀ ਦੇ ਨਸ਼ੇ ਅਤੇ ਪੈਸੇ ਦੀ ਲਾਲਸਾ ਵਿਚ ਅਸੀਂ ਆਪਣਾ ਚਰਿੱਤਰ ਗੁਆ ਬੈਠੇ, ਤਾਂ ਸਾਡੇ ਕੋਲ ਬਚੀ-ਖੁਚੀ ਇੱਜ਼ਤ ਵੀ ਨਹੀਂ ਰਹੇਗੀ। ਇਹ 'ਭੇਸਧਾਰੀਆਂ ਦਾ ਦਰਿਆ' ਅਜੇ ਵੀ ਰੁਕ ਸਕਦਾ ਹੈ, ਬਸ਼ਰਤੇ ਅਸੀਂ ਹੌਂਸਲਾ, ਸੱਚ ਦੀ ਪਛਾਣ ਅਤੇ ਸਮਝਦਾਰੀ ਨਾਲ ਕੰਮ ਲਈਏ। ਪੰਜਾਬ ਦੀ ਆਪਣੀ ਪੁਰਾਣੀ ਸ਼ਾਨ ਵਾਪਸ ਲਿਆਉਣ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋਣਾ ਪਵੇਗਾ, ਨਹੀਂ ਤਾਂ ਇਹ ਸੱਤਵਾਂ ਦਰਿਆ ਸਾਡੀ ਸਭਿਆਚਾਰਕ ਵਿਰਾਸਤ ਨੂੰ ਬਹਾ ਕੇ ਲੈ ਜਾਵੇਗਾ।

# ਬਿਖੜੇ ਪੈਂਡੇ: ਜਾਣਾ ਸੀ ਖਾਲਸਾ ਕਾਲਜ ਮਾਹਿਲਪੁਰ ਜਾਣਾ ਪੈ ਗਿਆ ਮੈਕਸ ਮੁਹਾਲੀ

ਇਹ ਸਬੱਬ ਦੀ ਗੱਲ ਹੈ ਕਿ ਮੈਂ ਆਪਣੇ ਵਾਲੇ ਖਾਲਸਾ ਕਾਲਜ ਮਾਹਿਲਪੁਰ ਜਾਣ ਲਈ ਤਿਆਰ ਹੋ ਰਿਹਾ ਸੀ ਕਿ ਤਬੀਅਤ ਖਰਾਬ ਹੋ ਗਈ ਤੇ ਮੈਨੂੰ ਮੋਹਾਲੀ ਵਾਲੇ ਮੈਕਸ ਹਸਪਤਾਲ ਦਾਖਲ ਹੋਣਾ ਪੈ ਗਿਆ। 19 ਤੋਂ 27 ਫਰਵਰੀ ਉਥੇ ਰਹਿ ਕੇ ਘਰ ਪਰਤਿਆ ਸਾਂ।



ਮੈਕਸ ਹਸਪਤਾਲ ਪਹਿਲਾਂ ਹੀ ਚੰਡੀਗੜ੍ਹ ਨੇੜਲੇ ਹਸਪਤਾਲਾਂ ਨਾਲੋਂ

**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਵੱਡਾ ਹੈ ਪਰ ਹੁਣ ਇਸ ਦੇ ਪ੍ਰਬੰਧਕ ਏਥੇ 210 ਬਿਸਤਰਿਆਂ, 210 ਕੁੱਲ ਵਕਤੀ ਡਾਕਟਰਾਂ ਤੇ 1000 ਸਾਂਭ-ਸੰਭਾਲ ਕਰਨ ਵਾਲੇ ਅਮਲੇ ਦਾ ਬੰਦੋਬਸਤ ਕਰ ਰਹੇ ਹਨ। ਹਸਪਤਾਲ ਵਿਚ ਮੈਨੂੰ ਸਭ ਸਹੂਲਤਾਂ ਮਿਲੀਆਂ ਪਰ ਘਰ ਦੀ ਤਾਂਘ ਸਦਾ ਲੱਗੀ ਰਹੀ।

ਅਫਸੋਸ ਏਸ ਗੱਲ ਦਾ ਕਿ ਆਪਣੇ ਪੁਰਾਣੇ ਕਾਲਜ ਨਹੀਂ ਜਾ ਸਕਿਆ ਜਿੱਥੇ ਤਿੰਨ ਰੋਜ਼ਾ ਕਲਾ ਉਤਸਵ ਤੇ ਪੁਸਤਕ ਮੇਲੇ ਦੀ ਗਹਿਮਾ-ਗਹਿਮੀ ਰਹੀ। ਇਸ ਉਤਸਵ ਵਿਚ ਪੋਸਟ ਗਰੈਜੂਏਟ ਵਿਭਾਗ ਦੇ ਕਈ ਪੁਰਾਣੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਜਿਨ੍ਹਾਂ ਨੂੰ ਮੈਂ ਨਹੀਂ ਮਿਲ ਸਕਿਆ।

ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਖਾਲਸਾ ਕਾਲਜ ਮਾਹਿਲਪੁਰ ਵਲੋਂ ਬੱਬਰ ਅਕਾਲੀ ਲਹਿਰ ਦੇ 100 ਸਾਲਾ ਜੁਝਾਰੂ ਇਤਿਹਾਸ ਨੂੰ ਸਮਰਪਤ ਤਿੰਨ ਰੋਜ਼ਾ ਕਲਾ ਉਤਸਵ ਤੇ ਪੁਸਤਕ ਮੇਲਾ ਕਰਵਾਇਆ ਗਿਆ ਜਿਸ ਵਿਚ ਇਤਿਹਾਸਕ ਤੇ ਮਿਥਿਹਾਸਕ ਪੈੜਾਂ ਨੱਪਣ ਵਾਲੇ ਪ੍ਰੋਗਰਾਮ ਫਰਵਰੀ ਮਹੀਨੇ ਦੀ 26 ਤੋਂ 28 ਮਿਤੀ ਤੱਕ ਚਲਦੇ ਰਹੇ। ਬਹੁਤ ਪਸੰਦ ਕੀਤੇ ਗਏ।

ਉਦਘਾਟਨੀ ਸੈਸ਼ਨ ਵਿਚ ਸ਼ਬਦ ਸੰਗੀਤ ਗਾਇਨ ਸੰਤ ਸਾਧੂ ਸਿੰਘ ਕੁਹਾਰਪੁਰੀ ਦੀ ਪ੍ਰਧਾਨਗੀ ਅਧੀਨ ਵਧੀਆ ਰਿਹਾ। ਪੁਸਤਕ ਧਰਮ ਅਤੇ ਅਧਿਐਨ ਤੋਂ ਆਪੋ ਵਿਚਲੇ ਸਬੰਧਾਂ ਨੂੰ ਉਜਾਗਰ ਕਰਨ ਵਾਲੇ ਸੈਸ਼ਨ ਲਈ ਪਰਚਾ ਪ੍ਰੋਫੈਸਰ ਅਪਿੰਦਰ ਸਿੰਘ ਮਾਹਿਲਪੁਰੀ ਨੇ ਪੇਸ਼ ਕੀਤਾ ਅਤੇ ਪ੍ਰਧਾਨਗੀ ਬਾਬਾ ਬਲਬੀਰ ਸਿੰਘ ਜਥੇਦਾਰ ਬੁਢਾ ਦਲ ਨੇ ਸੰਭਾਲੀ। ਇਸਦੇ ਮੁੱਖ ਮਹਿਮਾਨ ਸੰਤ ਅਮੀਰ ਸਿੰਘ ਜਵੱਦੀ ਟਕਸਾਲ ਤੇ ਮੁੱਖ ਬੁਲਾਰੇ ਭਗਵਾਨ ਸਿੰਘ ਜੌਹਲ ਤੇ ਡਾ. ਮਨਮੋਹਨਜੀਤ ਸਿੰਘ ਸਨ।

26 ਫਰਵਰੀ ਬਾਅਦ ਦੁਪਹਿਰ ਰਾਜਵਿੰਦਰ ਸਮਰਾਲਾ ਰਚਿਤ ਨਾਟਕ 'ਰਾਹਾਂ ਵਿਚ ਅੰਗਿਆਰ ਬੜੇ ਸੀ' ਖੇਡਿਆ ਗਿਆ ਜਿਸਦੇ ਮੁੱਖ ਮਹਿਮਾਨ ਸਾਬਕਾ ਐਮ ਪੀ ਅਵਿਨਾਸ਼ ਰਾਏ ਖੰਨਾ ਸਨ ਤੇ ਵਿਸ਼ੇਸ਼ ਮਹਿਮਾਨ ਡਾ. ਧਰਮਜੀਤ ਸਿੰਘ ਸਨ।

27 ਫਰਵਰੀ ਵਾਲੇ ਸੰਗੀਤ ਸਬੰਧੀ ਪ੍ਰੋਗਰਾਮ ਵਿਚ ਸੰਨ ਸੰਤਾਲੀ ਦੇ ਦੁਖਾਂਤ ਨਾਲ ਜੁੜੇ ਪੰਜਾਬੀਆਂ ਦੀ ਬਾਤ ਪਾਈ ਗਈ। ਇਸ ਵਿਚ ਮਾਨਵੀ ਜੀਵਨ ਮੁੱਲਾਂ ਨੂੰ ਉਜਾਗਰ ਕੀਤਾ ਗਿਆ। ਇਸ ਵਿਚ ਸਾਂਵਲ ਧਾਮੀ, ਅਜਮੇਰ ਸਿੱਧੂ, ਭਗਵੰਤ ਰਸੂਲਪੁਰੀ ਵਲੋਂ ਵਿਚਾਰ ਪੇਸ਼ ਕੀਤੇ ਗਏ ਜਿਨ੍ਹਾਂ ਦੇ ਸੂਤਰਧਰ ਯੋਗਰਾਜ ਅੰਗਰੀਸ਼ ਸਨ। ਇਸਦੇ ਮੁੱਖ ਮਹਿਮਾਨ ਇਸ਼ਾਂਕ ਕੁਮਾਰੀ ਐਮ.ਐਲ.ਏ. ਚੱਬੇਵਾਲ ਸਨ।

ਸਿੱਖ ਐਜੂਕੇਸ਼ਨਲ ਕੌਂਸਲ, ਮਾਹਿਲਪੁਰ ਦੀ ਸਰਪ੍ਰਸਤੀ ਹੇਠ ਏਸ ਤਿੰਨ ਰੋਜ਼ਾ ਪ੍ਰੋਗਰਾਮ ਨੇ ਕੇਵਲ ਇਲਾਕੇ ਦੀਆਂ ਸੰਗਤਾਂ ਨੂੰ ਹੀ ਨਹੀਂ, ਸਗੋਂ ਦੂਰੋਂ-ਨੇੜਿਓਂ ਤੇ ਸੱਤ ਸਮੁੰਦਰ ਪਾਰ ਤੋਂ ਆਏ ਪ੍ਰਾਹੁਣਿਆਂ ਨੂੰ ਵੀ ਨਿਹਾਲ ਕੀਤਾ। ਇਸਦਾ ਸਿਹਰਾ ਕੇਵਲ ਪ੍ਰਿੰਸੀਪਲ ਪਰਵਿੰਦਰ ਸਿੰਘ ਦੇ ਸਿਰ ਨਹੀਂ ਬਣਦਾ, ਇਸ ਵਿਚ ਡਾ. ਜੰਗ ਬਹਾਦਰ ਸਿੰਘ ਰਾਏ, ਇੰਦਰਜੀਤ ਸਿੰਘ ਭਾਰਟਾ, ਅਪਿੰਦਰ ਸਿੰਘ ਮਾਹਿਲਪੁਰੀ, ਡਾ. ਜੇ.ਬੀ. ਸੇਖੋਂ ਦਾ ਵੀ ਅਦੁੱਤੀ ਯੋਗਦਾਨ ਹੈ। ਇਨ੍ਹਾਂ ਤੋਂ ਬਿਨਾ ਸ. ਜੈ ਕਿਸ਼ਨ ਸਿੰਘ ਰੋੜੀ, ਅਮਨਪ੍ਰੀਤ ਸਿੰਘ ਕੋਟ ਫਤੂਹੀ, ਜਸਵੰਤ ਸਿੰਘ ਜ਼ਫਰ, ਪ੍ਰਿੰਸੀਪਲ ਜਗਮੋਹਨ ਸਿੰਘ, ਸੁਰਿੰਦਰ ਸੀਹਰਾ ਯੂ.ਕੇ., ਮਦਨ ਵੀਰਾ ਅਤੇ ਹੋਰਨਾਂ ਦਾ ਵੀ ਹੱਥ ਸੀ।

**ਅੰਤਿਕਾ**

—ਦੋ ਸ਼ਿਅਰ—

1. ਐ ਗਰਦਸ਼ ਏ ਅਯਾਮ ਤੇਰਾ ਸ਼ੁਕਰੀਆ
   ਹਮ ਨੇ ਹਰ ਪਹਿਲੂ ਸੇ ਦੁਨੀਆ ਦੇਖ ਲੀ।
2. ਸ਼ੁਹਰਤ ਕੀ ਬੁਲੰਦੀ ਭੀ ਪਲ ਭਰ ਕਾ ਤਕਾਜ਼ਾ ਹੈ
   ਜਿਸ ਸ਼ਾਖ ਪੇ ਬੈਠੇ ਹੋ ਵੁਹ ਟੂਟ ਭੀ ਸਕਤੀ ਹੈ।

# 'ਸੋਨੇ ਵਾਲੀ ਬੀਬੀ'

ਬੀਜੀ ਨੂੰ ਸੋਨੇ ਨਾਲ ਅਤੇ ਮੈਥੋਂ ਦਸ ਵਰ੍ਹੇ ਵੱਡੀ ਭੈਣ ਜੀ ਨੂੰ ਆਪਣੇ ਕਮਰੇ ਨਾਲ ਬਹੁਤ ਪਿਆਰ ਸੀ...ਬੀਜੀ ਨੇ ਕਿਧਰੇ ਜਾਣਾ ਹੁੰਦਾ ਤਾਂ ਗਹਿਣਿਆਂ ਵਾਲੀ ਪੋਟਲੀ ਹਮੇਸ਼ਾਂ ਆਪਣੇ ਨਾਲ ਹੀ ਰਖਿਆ ਕਰਦੀ...। ਭੈਣ ਜੀ ਵੀ ਜਦੋਂ ਕਾਲਜ ਵੱਲੋਂ ਕੈਂਪ 'ਤੇ ਜਾਂਦੀ ਤਾਂ ਆਪਣੇ ਕਮਰੇ ਨੂੰ ਜਿੰਦਾ ਮਾਰ ਜਾਇਆ ਕਰਦੀ...ਮੈਨੂੰ ਫਰੋਲਾ-ਫਰੋਲੀ ਦੀ ਆਦਤ...ਮੈਂ ਲੁਕਾਈ ਹੋਈ ਕੁੰਜੀ ਲੱਭ ਕਿੰਨਾ ਕੁਝ ਕੱਢ ਲਿਆਉਂਦਾ...ਉਹ ਆਉਂਦੀ ਤਾਂ ਕਿੰਨੇ ਸਾਰੇ ਮਹਾਭਾਰਤ ਸ਼ੁਰੂ ਹੋ ਜਾਂਦੇ! ਬੀਜੀ ਕਿਸੇ ਨਾਲ ਗੁੱਸੇ ਹੋ ਜਾਂਦੀ ਤਾਂ ਆਖਦੀ ਮੈਂ ਤੈਨੂੰ ਆਪਣਾ ਸੋਨਾ ਨਹੀਂ ਦੇਣਾ! ਅਸੀਂ ਉਸਦਾ ਨਾਮ ਹੀ 'ਸੋਨੇ ਵਾਲੀ ਬੀਬੀ' ਪਾ ਛੱਡਿਆ...!

ਵਿਆਹ ਮੰਗਣੇ ਅਤੇ ਤਿੱਥ-ਤਿਓਹਾਰ 'ਤੇ ਜਦੋਂ ਵੀ ਗੱਲ ਛਿੜਦੀ ਤਾਂ ਅਸੀਂ ਉਸਨੂੰ ਸੋਨੇ ਵਾਲੀ ਬੀਬੀ ਆਖ ਛੇੜਦੇ...

ਉਹ ਕਈ ਵਾਰ ਗੁੱਸਾ ਕਰ ਜਾਂਦੀ...ਫੇਰ ਕਈ ਕਈ ਦਿਨ ਬੋਲਦੀ ਨਾ...!

ਜਦੋਂ ਇੱਕ ਵਾਰ ਡਾਕਟਰ ਨੇ ਮਿੱਠਾ ਖਾਣੋਂ ਮਨ੍ਹਾ ਕਰ ਦਿੱਤਾ ਤਾਂ ਡੈਡੀ ਨੇ ਗੁੜ ਵਾਲਾ ਡੱਬਾ ਉੱਪਰਲੀ ਪੜਛੱਤੀ 'ਤੇ ਰੱਖ ਦਿੱਤਾ...ਤਾਂ ਕਿ ਉਸਦਾ ਹੱਥ ਨਾ ਅੱਪੜੇ...!

ਫੇਰ ਮੰਜੇ 'ਤੇ ਪਈ ਦੁਪਹਿਰ ਕੁ ਵੇਲੇ ਜਦੋਂ ਸਾਰੇ ਕੰਮਾਂ-ਕਾਰਾਂ 'ਤੇ ਤੁਰ ਜਾਂਦੇ ਤਾਂ ਮੈਨੂੰ ਕੋਲ ਖੇਡਦੇ ਨੂੰ 'ਵਾਜ ਮਾਰਦੀ...!

ਫੇਰ ਆਖਦੀ ਥੋੜ੍ਹਾ ਜਿਹਾ ਗੁੜ ਲਿਆਦੇ...।

ਮੈਂ ਨਾਂਹ-ਨੁੱਕਰ ਕਰਦਾ ਤਾਂ ਅੱਗੋਂ ਆਪਣੇ ਸਿਰਹਾਣੇ ਹੇਠ ਰੱਖੀ ਗਹਿਣਿਆਂ ਵਾਲੀ ਪੋਟਲੀ ਵਿਖਾ ਕੇ ਆਖਿਆ ਕਰਦੀ, 'ਕਿੰਨੇ ਸਾਰੇ ਖਿਡੌਣੇ ਲੈ ਕੇ ਦੇਊਂਗੀ...'!

ਮੈਂ ਉਸਨੂੰ ਵੱਡੀ ਸਾਰੀ ਢੇਲੀ ਕੱਢ ਕੇ ਲਿਆ ਦਿੰਦਾ...ਉਹ ਖੁਸ਼ ਹੋ ਜਾਂਦੀ...ਕਿੰਨੀਆਂ ਸਾਰੀਆਂ ਅਸੀਸਾਂ ਦਿੰਦੀ...!

ਅਕਸਰ ਕੋਲ ਸੱਦ ਆਖਿਆ ਕਰਦੀ ਕਿ ਪੁੱਤ ਬਾਹਰ ਵੇਹੜੇ ਉੱਗੀ ਧਰੇਕ 'ਤੇ ਪਾਏ ਆਲ੍ਹਣੇ ਨਾ ਛੇੜਿਆ ਕਰੋ...ਚਿੜੀਆਂ ਰੁੱਸ ਜਾਂਦੀਆਂ...ਤੇ ਫੇਰ ਵਾਪਿਸ ਨਹੀਂ ਪਰਤਦੀਆਂ...!

ਇੱਕ ਦਿਨ ਸੈਨਤ ਮਾਰ ਕੋਲ ਸੱਦਿਆ ਤੇ ਆਖਣ ਲੱਗੀ 'ਪਿਓ ਨੂੰ ਆਖ ਮੈਨੂੰ ਮਰਨ ਨਾ ਦੇਵੇ...ਮੈਂ ਆਪਣੀ ਪੋਤਰੀ ਦਾ ਵਿਆਹ ਵੇਖ ਕੇ ਜਾਣਾ'

ਮੈਂ ਸ਼ਹਿਰੋਂ ਆਏ ਡੈਡੀ ਨੂੰ ਇਹ ਗੱਲ ਦੱਸੀ ਤਾਂ ਅੱਖੀਆਂ ਪੂੰਝਦੇ ਹੋਏ ਨੇ ਉਸ ਨੂੰ ਆਪਣੇ ਕਲਾਵੇ ਵਿਚ ਲੈ ਲਿਆ...!

ਫੇਰ ਇੱਕ ਦਿਨ ਬੀਜੀ ਵਾਕਿਆ ਹੀ ਚਲੀ ਗਈ...ਚੁੱਪ-ਚੁਪੀਤੇ...ਰਾਤ ਸੁੱਤੀ ਪਈ ਸੌਂ ਗਈ...ਕੋਲ ਪਏ ਮੇਰੇ ਡੈਡੀ ਨੂੰ ਵੀ ਪਤਾ ਨਾ ਲੱਗਾ...!

ਪਰ ਜਾਣ ਤੋਂ ਪਹਿਲਾਂ ਪਤਾ ਨੀਂ ਕਿਹੜੇ ਵੇਲੇ ਉਠ ਸੋਨੇ ਦੀ ਪੋਟਲੀ ਚੁੱਕ ਮੇਰੀ ਭੈਣ ਦੇ ਸਿਰਹਾਣੇ ਰੱਖ ਆਈ ਸੀ...!

ਫੇਰ ਜਿਸ ਦਿਨ ਭੈਣ ਜੀ ਦੀ ਡੋਲੀ ਤੁਰਨ ਲੱਗੀ ਤਾਂ ਉਹ ਉਚੇਚਾ ਮੈਨੂੰ ਕੋਲ ਸੱਦ ਆਖਣ ਲੱਗੀ...'ਕੁਝ ਦਿਨਾਂ ਲਈ ਬਾਹਰ ਚੱਲੀ ਹਾਂ...ਆਉਂਦੀ ਜਾਂਦੀ ਰਹਾਂਗੀ...ਖ਼ਿਆਲ ਰੱਖੀਂ ਜੇ ਮੇਰੇ ਕਮਰੇ ਨੂੰ ਹੱਥ ਵੀ ਲਾਇਆ ਤਾਂ ਲੱਤਾਂ ਤੋੜ ਦਿਆਂਗੀ...।'

ਅੱਜ ਏਨੇ ਵਰ੍ਹਿਆਂ ਬਾਅਦ ਜਦੋਂ ਵੀ ਭੈਣ ਜੀ ਨੇ ਘਰੇ ਆਉਣਾ ਹੁੰਦਾ ਏ ਤਾਂ ਪੋਟਲੀ ਵਾਲੀ ਬੀਜੀ ਦੀ ਆਖੀ ਹੋਈ ਆਲ੍ਹਣੇ ਵਾਲੀ ਓਹੀ ਗੱਲ ਚੇਤੇ ਕਰ ਸਭ ਤੋਂ ਪਹਿਲਾਂ ਉਸਦਾ ਕਮਰਾ ਸਾਫ ਕਰਦਾ ਹਾਂ...ਪਰ ਇੰਝ ਲੱਗਦਾ ਜਿੱਦਾਂ ਹੁਣ ਉਹ ਆਪਣੇ ਇਸ ਆਲ੍ਹਣੇ ਨੂੰ ਆਪਣਾ ਨਹੀਂ ਸਮਝਦੀ...ਜੇ ਸਮਝਦੀ ਹੋਵੇ ਤਾਂ ਬੇਗਾਨਿਆਂ ਵਾਂਙ ਸਿਰਫ ਇੱਕ ਦੋ ਦਿਨ ਰਹਿ ਕੇ ਏਨੀ ਛੇਤੀ ਵਾਪਿਸ ਕਿਓਂ ਪਰਤ ਜਾਵੇ...!

## ਜ਼ਿੰਦਗੀ ਨਾਮਾ



**ਹਰਪ੍ਰੀਤ ਸਿੰਘ ਜਵੰਦਾ**

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

# ਪ੍ਰਤੀਕਰਮ

# ਸੰਪਾਦਕ ਦੀ ਡਾਕ

## *ਸ੍ਰੀ ਅਕਾਲ ਤਖਤ, ਸਰਬੱਤ ਖਾਲਸਾ ਤੇ ਸਿੱਖ ਚਿੰਤਕਾਂ ਦੀਆਂ ਅਫਲਾਤੂਨੀ ਉਡਾਰੀਆਂ*

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ ਤਾਜ਼ਾ ਅੰਕ ਵਿਚ 'ਅਕਾਲ ਤਖਤ ਦੀ ਸਰਵਉਚਤਾ' ਦੇ ਸੰਬੰਧ ਵਿਚ ਬਲਰਾਜ ਦਿਓਲ ਦੇ ਛਪੇ ਲੇਖ ਬਾਰੇ ਦੋ ਲਫਜ਼ ਸਾਂਝੇ ਕਰ ਰਿਹਾ ਹਾਂ। ਇਸ ਵਿਸ਼ੇ 'ਤੇ ਪਿਛਲੇ ਕੁਝ ਵਰ੍ਹਿਆਂ ਦੌਰਾਨ 'ਪੰਜਾਬ ਟਾਈਮਜ਼' ਵਿਚ ਪ੍ਰੋ. ਬਲਕਾਰ ਸਿੰਘ, ਅਮਰਜੀਤ ਗਰੇਵਾਲ, ਸ. ਕਰਮਜੀਤ ਸਿੰਘ, ਸਰਦਾਰਾ ਸਿੰਘ ਜੌਹਲ ਅਤੇ ਹਜ਼ਾਰਾ ਸਿੰਘ ਮਿਸੀਸਾਗਾ ਵਰਗੇ ਸੱਜਣਾਂ ਦੇ ਅਫਲਾਤੂਨੀ ਲੇਖ ਪੜ੍ਹਨ ਨੂੰ ਮਿਲਦੇ ਰਹੇ ਹਨ। ਮੈਂ ਵੇਖਿਆ ਹੈ ਕਿ ਪਾਠਕ ਇਨ੍ਹਾਂ ਵਿਦਵਾਨ ਲੇਖਕਾਂ ਦੀ ਲੱਛੇਦਾਰ ਭਾਸ਼ਾ ਅਤੇ ਗੂੜ੍ਹ ਗਿਆਨ ਤੋਂ ਅਕਸਰ ਭਰੱਭਤਰਿਆ ਜਿਹਾ ਰਹਿ ਜਾਂਦਾ ਹੈ। ਪਰ ਧਿਆਨ ਨਾਲ ਪੜ੍ਹਨ ਅਤੇ ਸਿੱਖਾਂ ਦੇ ਅਜੋਕੇ ਰਾਜਸੀ ਅਮਲ ਨਾਲ ਜੋੜ ਕੇ ਵੇਖਣ 'ਤੇ ਜਲਦੀ ਹੀ ਪਤਾ ਲਗ ਜਾਂਦਾ ਹੈ ਕਿ ਇਹ ਸਾਰੇ ਸੱਜਣ ਪਾਣੀ ਵਿਚ ਮਦਾਣੀ ਤਾਂ ਆਪਣੀ ਧੁਨ ਵਿਚ ਬਥੇਰੀ ਫੇਰੀ ਜਾਂਦੇ ਹਨ, ਪਰ ਵਿਚੋਂ ਸਿੱਟਾ ਕਦੀ ਕੋਈ ਨਿਕਲਦਾ ਨਹੀਂ ਰਿਹਾ। ਇਥੇ ਨਾਲ ਹੀ ਮੈਂ ਸਪੱਸ਼ਟ ਕਰ ਦੇਵਾਂ ਇਹ ਸਾਰੇ ਹੀ ਵਿਦਵਾਨ ਮੇਰੇ ਲਈ ਸਤਿਕਾਰਯੋਗ ਹਨ, ਅਤੇ ਇਨ੍ਹਾਂ ਦੀਆਂ ਸ਼ੁਭ ਭਾਵਨਾਵਾਂ ਬਾਰੇ ਵੀ ਮੈਨੂੰ ਕੋਈ ਸ਼ੰਕਾ ਨਹੀਂ ਹੈ। ਪਰ, ਸਵਾਲ ਤਾਂ ਇਹ ਹੈ ਕਿ...।

ਦੇਖਿਆ ਗਿਆ ਹੈ ਕਿ ਪਿਛਲੇ 60-70 ਵਰ੍ਹਿਆਂ ਦੌਰਾਨ ਸਿੱਖਾਂ ਦੀ ਇਸ ਸਰਵਉਚ ਸੰਸਥਾ ਦੇ ਸਰਵਉਚ ਅਹੁਦੇ 'ਤੇ ਬੈਠੇ ਜਾਂ ਕਹਿ ਲਉ ਬਿਠਾਏ ਗਏ ਜਥੇਦਾਰ ਹਮੇਸ਼ਾ ਵਿਵਾਦਾਂ ਦੇ ਘੇਰੇ ਵਿਚ ਰਹੇ ਹਨ। ਹੋਰਨਾਂ ਧਰਮਾਂ ਵਿਚ ਵੀ ਉਨ੍ਹਾਂ ਧਰਮਾਂ ਦੇ ਸੁਪਰੀਮੋ ਥਾਪੇ ਜਾਂਦੇ ਹਨ, ਪਰ ਸਾਡੇ ਧਰਮ ਵਰਗਾ ਵਿਵਾਦ ਖਿਲਾਰਾ ਘਟ ਹੀ ਦੇਖਣ ਨੂੰ ਮਿਲਦਾ ਹੈ। ਕਾਰਨ ਸ਼ਾਇਦ ਇਹ ਹੋਵੇ ਕਿ ਅਸੀਂ ਧਰਮ, ਰਾਜਨੀਤੀ ਅਤੇ ਸਮਾਜਕ ਜੀਵਨ ਦਾ ਜੋ ਮਿਲਗੋਭਾ ਸਿਰਜ ਲੈਂਦੇ ਹਾਂ ਉਸ ਵਿਚ ਉਲਝ ਕੇ ਰਹਿ ਜਾਂਦੇ ਹਾਂ। ਦਰਅਸਲ ਗੱਲ ਇਵੇਂ ਹੈ ਕਿ ਦੁਨੀਆ ਹਰ ਪਲ ਬਦਲ ਰਹੀ ਹੈ ਤੇ ਸਾਡੀ ਜੀਵਨ-ਜਾਚ, ਰਾਜਨੀਤਕ ਸਰੋਕਾਰ ਅਤੇ ਸੰਵਿਧਾਨਕ ਕਾਨੂੰਨਾਂ ਦਾ ਦਇਰਾ ਵੀ ਇਸੇ ਹਿਸਾਬ ਨਾਲ ਬਦਲਦਾ ਰਹਿੰਦਾ ਹੈ, ਪਰ ਅਫਸੋਸ ਹੁੰਦਾ ਹੈ ਕਿ ਸਾਡੇ ਦਸ ਦੇ ਦਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਐਨ ਉਲਟ ਸਾਡੀ ਤੰਗਨਜ਼ਰ ਸੋਚਣੀ ਅਤੇ ਧਾਰਮਕ ਕੱਟੜਤਾ ਸਾਨੂੰ ਸਦੀਆਂ ਪੁਰਾਣੇ ਦਾਇਰੇ ਵਿਚੋਂ ਇੱਕ ਇੰਚ ਵੀ ਇਧਰ-ਉਧਰ ਹਿੱਲਣ ਦੀ ਇਜਾਜ਼ਤ ਨਹੀਂ ਦਿੰਦੀ। ਅੱਜ ਹਰ ਦੇਸ਼ ਦੇ ਆਪੋ-ਆਪਣੇ ਨਿਯਮ ਕਾਨੂੰਨ ਹਨ ਅਤੇ ਜਿਨ੍ਹਾਂ ਦੇਸ਼ਾਂ ਦੇ ਲੋਕ ਆਪਣੇ ਦੇਸ਼ ਦੇ ਕਾਨੂੰਨਾਂ ਦਾ ਸਤਿਕਾਰ ਕਰਦੇ ਹੋਏ ਇਮਾਨਦਾਰੀ ਨਾਲ ਪਾਲਣ ਕਰਦੇ ਹਨ ਉਹ ਦੇਸ਼ ਰਹਿਣਯੋਗ ਬਣ ਗਏ ਹਨ ਅਤੇ ਜਿਨ੍ਹਾਂ ਦੇਸ਼ਾਂ ਦੇ ਲੋਕ ਰਵਾਇਤਾਂ ਦੇ ਮੱਕੜਜਾਲ ਵਿਚੋਂ ਨਿਕਲਣ ਵਿਚ ਅਸਮਰਥ ਰਹੇ ਹਨ, ਉਨ੍ਹਾਂ ਦੇ ਲੋਕ ਸਫਲ ਦੇਸ਼ਾਂ ਵੱਲ ਉਡਾਰੀਆਂ ਮਾਰਨ ਲਈ ਤਰਲੋਮੱਛੀ ਹੁੰਦੇ ਦੇਖੇ ਜਾ ਸਕਦੇ ਹਨ।

ਹੁਣ ਆਉਂਦੇ ਹਾਂ ਬਲਰਾਜ ਦਿਓਲ ਵਲੋਂ ਉਠਾਏ ਕੁਝ ਕੇਂਦਰੀ ਮੁੱਦੇ ਵਲ। ਸਭ ਤੋਂ ਪਹਿਲਾਂ ਤਾਂ ਬਲਰਾਜ ਦਿਓਲ ਵਧਾਈ ਦਾ ਹੱਕਦਾਰ ਹੈ ਕਿ ਆਪਣੇ ਇਸ ਲੇਖ ਵਿਚ ਉਸਨੇ ਉਕਤ ਸੱਜਣਾਂ ਵਾਲਾ ਕੰਮ ਬਿਲਕੁਲ ਨਹੀਂ ਕੀਤਾ ਅਤੇ ਆਪਣੀ ਵਿਦਵਤਾ ਦੇ ਬਲਬੂਤੇ ਪਹਿਲਾਂ ਹੀ ਭੰਬਤਰੇ ਹੋਏ ਸਿੱਖ ਭਰਾਵਾਂ ਨੂੰ ਹੋਰ ਉਲਝਾਉਣ ਦੀ ਬਜਾਏ ਪਿਛਲੇ ਚੰਦ ਜਥੇਦਾਰਾਂ ਦੀਆਂ ਕੌਤਕੀ ਕਾਰਵਾਈਆਂ ਨੂੰ ਲੈ ਕੇ ਬੜੇ ਸਾਧਾ ਲਫਜ਼ਾਂ ਵਿਚ ਸਪਸ਼ਟ ਗੱਲ ਕੀਤੀ ਹੈ। ਉਸਨੇ ਦਰਸ਼ਨ ਸਿੰਘ ਤੇ ਜਥੇਦਾਰ ਰਣਜੀਤ ਸਿੰਘ ਦੀਆਂ ਸੇਵਾਵਾਂ ਨੂੰ ਖੰਘਾਲਿਆ ਹੈ ਪਰੰਤੂ ਆਪਣੇ ਵਾਂਗੂੰ ਇਸ ਲੇਖ ਵਿਚ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ ਨੂੰ ਹੀ ਰਖਿਆ ਹੈ। ਦੇਸ਼ਾਂ-ਪਰਦੇਸਾਂ ਵਿਚ ਸਾਰੇ ਸਿੱਖ ਜਗਤ ਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਇਸ ਜਥੇਦਾਰ ਨੇ ਚੰਦ ਮਨਚਲੇ ਬੁੱਧੀਜੀਵੀਆਂ, ਰਾਜਨੀਤਕਾਂ ਅਤੇ ਪੱਤਰਕਾਰਾਂ ਦੇ ਧੱਕੇ-ਪਕਾਏ ਮੱਧਕਾਲੀ ਸਿੱਖ ਇਤਿਹਾਸ ਦੇ ਨਾਇਕ ਅਕਾਲੀ ਫੂਲਾ ਸਿੰਘ ਵਾਲਾ ਕੌਤਕ ਦੁਹਰਾਉਣ ਦੇ ਜੋਸ਼ ਵਿਚ ਕਿਸ ਕਿਸਮ ਦਾ ਖਿਲਾਰਾ ਪਾਈ ਰਖਿਆ ਸੀ। ਬਲਰਾਜ ਦਿਓਲ ਨੇ ਆਪਣੇ ਤਾਜ਼ਾ ਲੇਖ ਵਿਚ ਇਸ ਵਿਦਵਾਨ ਜਥੇਦਾਰ ਦੀ ਆਪਣੀ ਜਥੇਦਾਰੀ ਦੌਰਾਨ ਮੌਲਾਨੇ ਨਾਲ ਹੋਈ ਵਿਚਾਰ ਗੋਸ਼ਟੀ ਦੀ ਪੁਣ-ਛਾਣ ਕੀਤੀ ਹੈ। ਬਲਰਾਜ ਨੇ ਚੰਦ ਖਰਵੇ ਪਰੰਤੂ ਬੜੇ ਢੁਕਵੇਂ ਸਵਾਲ ਉਠਾਏ ਹਨ।

ਦਿਓਲ ਦੇ ਦੱਸਣ ਅਨੁਸਾਰ ਮੁਲਾਣੇ ਨਾਲ ਮੁਲਾਕਾਤ ਸਮੇਂ ਜਥੇਦਾਰ ਹਰਪ੍ਰੀਤ ਸਿੰਘ ਉਸਦੀਆਂ ਦਲੀਲਾਂ ਤੋਂ ਇੰਨਾ ਪ੍ਰਭਾਵਤ ਹੁੰਦਾ ਹੈ ਕਿ ਚੰਦ ਪਲਾਂ ਵਿਚ ਹੀ ਆਪਣੇ ਆਸਨ ਤੋਂ ਉਠ ਕੇ ਉਸਦੇ ਚਰਨਾਂ ਵਿਚ ਜਾ ਬਹਿੰਦਾ ਹੈ।

ਜਥੇਦਾਰ ਉਨ੍ਹਾਂ ਨੂੰ ਦੱਸਦਾ ਹੈ ਕਿ ਸਾਡੇ ਬਾਬਾ ਨਾਨਕ ਵੀ ਮੱਕੇ ਗਏ ਸਨ। ਕੀ ਬਾਬਾ ਨਾਨਕ ਮੱਕਾ ਤੀਰਥ ਕਰਨ ਗਏ ਸੀ ਜਾਂ ਤੀਰਥਾਂ 'ਤੇ ਹੁੰਦੇ ਅੰਧ-ਵਿਸ਼ਵਾਸਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ। ਇਸ ਹਿਸਾਬ ਨਾਲ ਤਾਂ ਹਰਿਦੁਆਰ/ਕਾਸ਼ੀ ਵੀ ਬਾਬਾ ਨਾਨਕ ਤੀਰਥ ਕਰਨ ਗਏ ਸੀ ਤੇ ਹਰਿਦੁਆਰ? ਕਾਸ਼ੀ ਰਿਟਰਨ ਸੰਤਾਂ ਦਾ ਵੀ ਉਨਾ ਹੀ ਆਦਰ-ਮਾਣ ਹੋਣਾ ਚਾਹੀਦੈ। ਜਥੇਦਾਰ ਦੀ ਬੌਧਿਕ ਕੰਗਾਲੀ ਦੇਖ ਅਫਸੋਸ ਹੀ ਕੀਤਾ ਜਾ ਸਕਦੈ ਹੋਰ ਕੁਝ ਨਹੀਂ। ਇਸਲਾਮ ਦੇ ਕਸੀਦੇ ਪੜ੍ਹਨ ਵਾਲੇ ਜਥੇਦਾਰ ਨੇ ਸ਼ਾਇਦ ਇਸ ਵਿਚਲੀਆਂ ਖਾਮੀਆਂ ਬਾਰੇ ਕੁਝ ਜਾਨਣ ਦਾ ਯਤਨ ਹੀ ਨਹੀਂ ਕੀਤਾ ਹੋਣਾ। ਇਸਲਾਮੀ ਗ੍ਰੰਥਾਂ ਬਾਰੇ ਪੜਚੋਲਵੇਂ ਜਾਵੀਏ ਤੋਂ ਲਿਖਣ ਵਾਲੇ ਜਨਾਬ ਇਬਨੇ ਵਰਕ, ( Ibn warraq) ਸਲਮਾਨ ਰਸ਼ਦੀ, ਇਬਨੇ ਸੀਨਾ, ਤਸਲੀਮਾ ਨਸਰੀਨ ਵਰਗੇ ਵਿਦਵਾਨਾਂ ਨੂੰ ਆਪਣੀਆਂ ਜਾਨਾਂ ਦੇ ਲਾਲੇ ਪਏ ਰਹੇ ਹਨ। ਬੰਗਲਾਦੇਸ਼ੀ ਲੇਖਿਕਾ ਦੇਸ਼ ਛੱਡ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹੈ ਜਿਸ ਨੂੰ ਦੁਨੀਆ ਦੇ ਸਭ ਤੋਂ ਵੱਧ ਮਾਨਵੀ ਅਧਿਕਾਰਾਂ ਦੇ ਰਾਖੇ ਦੇਸ਼ ਸਵੀਡਨ ਨੇ ਸਨਮਾਨਤ ਕੀਤਾ ਹੈ। ਸਵੀਡਨ ਦੇ ਇੱਕ ਹੇਡੇਨਿਯੂਸ ਨਾਮੀ ਦਰਸ਼ਨ ਸ਼ਾਸਤਰ ਦੇ ਪ੍ਰੋਫੈਸਰ ਨੇ ਕ੍ਰਿਸ਼ਚੀਅਨ ਧਰਮ ਵਿਚ ਮੌਜੂਦ ਅੰਧਵਿਸ਼ਵਾਸਾਂ ਦਾ ਵਿਰੋਧ ਕਰਦਿਆਂ ਜੋ ਸੰਘਰਸ਼ ਕੀਤਾ ਸੀ, ਉਸੇ ਦੇ ਨਾਂਅ ਇਹ ਸਨਮਾਨ ਇਸ ਦੇਸ਼ ਨੇ ਰੱਖਿਆ ਹੈ। ਸਾਡੇ ਦੇਸ਼ ਵਿਚ ਧਰਮ ਵਿਚ ਵਿਆਪਤ ਕੁਰੀਤੀਆਂ ਦਾ ਵਿਰੋਧ ਕਰਨ ਵਾਲਿਆਂ ਦਾ ਕਤਲ ਕਰ ਸੋਧਾ ਲਾਇਆ ਜਾਂਦਾ ਹੈ। ਜਥੇਦਾਰ ਹਰਪ੍ਰੀਤ ਸਿੰਘ ਦੇ ਸਤਿਕਾਰਤ ਧਰਮ ਇਸਲਾਮ ਵਿਚ ਵੀ ਐਸੇ ਵਿਅਕਤੀਆਂ ਦਾ ਸਿਰ ਕਲਮ ਕਰ ਸਨਮਾਨ ਕੀਤਾ ਜਾਂਦਾ ਹੈ।

ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਿੱਖਾਂ ਦੇ ਮੋਢੀ ਗੋਰੇ ਇਤਿਹਾਸਕਾਰ ਕਨਿੰਘਮ ਦਾ ਇਹ ਕਥਨ ਕਿਤੇ ਢੁਕਵਾਂ ਹੀ ਤਾਂ ਨ੍ਹੀਂ ਸੀ 'ਸ਼ੇਰਾਂ ਦੀ ਕੌਮ ਗਧਿਆਂ ਦੇ ਵੱਸ ਪਈ ਹੋਈ ਹੈ' (ਸਿਖਸ ਇਜ਼ ਏ ਰੇਸ ਆਫ ਲਾਇਨਜ਼ ਲੈਡ ਬਾਈ ਐਸਿਜ਼) ਇਸੇ ਤਰ੍ਹਾਂ ਸ. ਕਪੂਰ ਸਿੰਘ ਨੇ ਗਿਆਨੀ ਗਿਆਨ ਸਿੰਘ ਦੇ ਹਵਾਲੇ ਨਾਲ ਕੀ ਇਹ ਸੱਚ ਹੀ ਨਹੀਂ ਕਿਹਾ ਸੀ-

ਧੰਨ ਗੁਰੂ ਕੇ ਸਿੱਖ ਅਕਲ ਕੇ ਪੱਕੇ ਬੈਰੀ
ਧੰਨ ਗੁਰੂ ਸਮਰੱਥ ਵਸ ਜਿੰਨ ਕੀਹਨੇ ਜਹਿਰੀ
ਧੰਨ ਗੁਰੂ ਕੇ ਸਿੱਖ ਬੁਧਿ ਕੇ ਨਿਕਟ ਨਾ ਆਏ ਹੈਂ
ਧੰਨ ਗੁਰੂ ਸਮਰੱਥ ਬੈਠ ਇਨਹੂੰ ਸਮਝਾਏ ਹੈਂ।

ਦਿਓਲ ਤੋਂ ਪਹਿਲਾਂ ਪ੍ਰੋ. ਬਲਕਾਰ ਸਿੰਘ ਦਾ 'ਸਰਬੱਤ ਖਾਲਸਾ ਦਾ ਸਿੱਖ ਪ੍ਰਸੰਗ' ਅਤੇ ਅਮਰਜੀਤ ਗਰੇਵਾਲ ਦਾ 'ਸਰਬੱਤ ਖਾਲਸਾ, ਸਿੱਖ ਭਾਈਚਾਰਾ ਅਤੇ ਬ੍ਰਹਿਮੰਡੀ ਚੇਤਨਾ' ਪੂਰੇ ਗਹੁ ਨਾਲ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਵੱਡੇ ਵਿਦਵਾਨਾਂ ਨੇ ਬੜੀਆਂ ਗੂੜ੍ਹ ਭਾਵਨਾਵਾਂ ਪ੍ਰਗਟ ਕੀਤੀਆਂ ਹਨ ਪਰ ਅਕਾਲ ਤਖਤ ਦੇ ਸਮੇਂ-ਸਮੇਂ 'ਤੇ ਗੱਦੀਨਸ਼ੀਨ ਹੁੰਦੇ ਰਹੇ ਜਥੇਦਾਰਾਂ ਅਤੇ ਉਨ੍ਹਾਂ ਨੂੰ ਇਨ੍ਹਾਂ ਅਹੁਦਿਆਂ 'ਤੇ ਸੁਸ਼ੋਭਿਤ ਕਰਾਉਣ ਵਾਲੇ ਸਿੱਖ ਪੰਥ ਦੇ ਚੌਧਰੀਆਂ ਦੇ ਮਨਸੂਬਿਆਂ ਦਾ ਕੀ ਉਨ੍ਹਾਂ ਨੂੰ ਪਤਾ ਨਹੀਂ ਹੈ? ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਨੂੰ ਪਤਾ ਤਾਂ ਹੈ ਪਰ ਉਨ੍ਹਾਂ ਨੇ ਜਾਣ-ਬੁੱਝ ਕੇ ਉਸ ਪਾਸੇ ਵਲ ਅੱਖਾਂ ਮੀਟੀਆਂ ਹੋਈਆਂ ਹਨ। ਹੁਣ ਅਮਰਜੀਤ ਗਰੇਵਾਲ ਦੇ ਲੇਖ ਵਿਚੋਂ ਚੰਦ ਟੂਕਾਂ ਉਸਦੇ ਆਪਣੇ ਸ਼ਬਦਾਂ ਵਿਚ ਜ਼ਰਾ ਪੜ੍ਹ ਕੇ ਦੇਖੋ:

'ਸਰਬੱਤ ਖਾਲਸਾ ਅਤੀਤ ਦੀ ਯਾਦਗਾਰ ਨਹੀਂ ਸਗੋਂ ਭਵਿਖ ਦੀ ਲੋੜ ਹੈ। ਇਹ ਅਕਾਲ ਪੁਰਖ ਦੀ ਫੌਜ ਦਾ ਉਹ ਰੂਪ ਹੈ, ਜੋ ਹਿੰਸਾ ਉਪਰ ਟਿਕੇ ਮੌਜੂਦਾ ਸੰਸਾਰ ਨੂੰ 'ਨਿਰਭਉ' ਅਤੇ 'ਨਿਰਵੈਰ' ਹੋਣ ਦੀ ਸੋਝੀ ਪ੍ਰਦਾਨ ਕਰੇਗਾ। ਪੰਥ ਦੀ ਜ਼ਿੰਮੇਵਾਰੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਆਪਣੀਆਂ ਸੰਸਥਾਵਾਂ ਨੂੰ ਮੁੜ ਸੁਰਜੀਤ ਕਰੇ ਤਾਂ ਜੋ ਉਹ ਸਮੁੱਚੀ ਮਾਨਵਤਾ ਤੇ ਕੁਦਰਤ ਦੇ ਸੁਮੇਲ ਵਾਲੇ ਭਵਿਖ ਦਾ ਰਾਹ ਰੁਸ਼ਨਾ ਸਕੇ...'

ਇਸ ਬਾਰੇ ਮੈਂ ਇੰਨਾ ਹੀ ਕਹਿਣਾ ਹੈ ਕਿ ਇਹ ਤਾਂ ਧਰਤੀ 'ਤੇ ਸਵਰਗ ਉਤਾਰਨ ਵਾਲਾ ਪੁਰਾਣਾ ਸੁਪਨਾ ਹੀ ਹੈ। ਕਿਹੜਾ ਨਹੀਂ ਚਾਹੇਗਾ ਕਿ ਕਿਸੇ ਨਾ ਕਿਸੇ ਦਿਨ ਧਰਤੀ 'ਤੇ ਸਵਰਗ ਦਾ ਰਾਜ ਕਾਇਮ ਹੋ ਜਾਏ। ਮਹਾਤਮਾ ਗਾਂਧੀ ਵੀ ਆਜ਼ਾਦ ਭਾਰਤ ਵਿਚ ਰਾਮਰਾਜ ਲਿਆਉਣ ਦੀ ਗੱਲ ਕਰਦਾ ਰਿਹਾ ਸੀ। ਭਾਰਤ ਵਿਚ ਅੱਜ ਜਿਸ ਕਿਸਮ ਦਾ ਰਾਮਰਾਜ ਆਇਆ ਹੈ, ਉਹ ਸਭ ਦੇ ਸਾਹਮਣੇ ਹੈ।

ਇਹ ਵਿਦਵਾਨ ਛਾਤੀ 'ਤੇ ਹੱਥ ਰਖ ਕੇ ਕਹਿ ਸਕਦੇ ਹਨ ਕਿ ਨਿਕਟ ਭਵਿੱਖ ਵਿਚ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਨੂੰ ਵਿੰਹਦਿਆਂ ਕੀ ਅਮਰਜੀਤ ਗਰੇਵਾਲ ਦੇ ਸੁਪਨਿਆਂ ਨੂੰ ਬੂਰ ਪੈ ਜਾਵੇਗਾ।

*-ਹਰਜੀਤ ਦਿਓਲ*
*ਫੋਨ: 905-676-9242*

## *'ਨਿਰੰਜਨ ਢੇਸੀ ਨੂੰ ਯਾਦ ਕਰਦਿਆਂ...'*

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦਾ ਮੈਂ ਪੁਰਾਣਾ ਪਾਠਕ ਹਾਂ ਤੇ ਇਸ ਵਿਚ ਛਪਦੇ ਲੇਖ ਅਕਸਰ ਪੜ੍ਹਦਾ ਹਾਂ, ਜਿਨ੍ਹਾਂ ਤੋਂ ਜਿੱਥੇ ਮੌਜੂਦਾ ਸਮਾਜਿਕ, ਰਾਜਨੀਤਕ ਪ੍ਰਸਥਿਤੀਆਂ ਦਾ ਪਤਾ ਲੱਗਦਾ ਹੈ, ਉਥੇ ਹੀ ਸਾਹਿਤਕ ਸ਼ਖਸੀਅਤਾਂ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਅਖ਼ਬਾਰ ਦੇ 7 ਮਾਰਚ ਵਾਲੇ ਅੰਕ ਵਿਚ ਕੁਲਵਿੰਦਰ ਖਹਿਰਾ ਦਾ ਲਿਖਿਆ ਲੇਖ, 'ਰਿਸ਼ਤੇ ਕਦੀ ਮਰਦੇ ਨਹੀਂ, ਨਿਰੰਜਨ ਢੇਸੀ ਨੂੰ ਯਾਦ ਕਰਦਿਆਂ...' ਪੜ੍ਹਿਆ, ਜੋ ਬਹੁਤ ਵਧੀਆ ਲੱਗਾ। ਮੈਂ ਸ. ਨਰਿੰਜਨ ਸਿੰਘ ਢੇਸੀ ਨੂੰ ਜਲੰਧਰ ਦੇ ਇੱਕ ਸਮਾਗਮ ਵਿਚ ਮਿਲਿਆ ਸਾਂ। ਸਮਾਗਮ ਵਿਚ ਉਨ੍ਹਾਂ ਦਾ ਬਾਦਲੀਲ ਭਾਸ਼ਣ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਦੇ ਸਾਦਾ ਲਿਬਾਸ ਤੇ ਵਧੀਆ ਖਿਆਲਾਂ ਨੇ ਮੈਨੂੰ ਉਨ੍ਹਾਂ ਦਾ ਪ੍ਰਸ਼ੰਸਕ ਬਣਾ ਦਿੱਤਾ। ਲੇਖ ਵਿਚ ਵੀ ਕੁਲਵਿੰਦਰ ਖਹਿਰਾ ਨੇ ਉਨ੍ਹਾਂ ਦੀ ਸ਼ਖਸੀਅਤ ਦੇ ਵੱਖ ਵੱਖ ਪੱਖਾਂ ਨੂੰ ਉਜਾਗਰ ਕੀਤਾ ਹੈ ਤੇ ਆਪਣੇ ਨਾਲ ਉਨ੍ਹਾਂ ਦੇ ਪਰਿਵਾਰਕ ਰਿਸ਼ਤੇ ਦੀ ਸਾਂਝ ਪਾਉਂਦਿਆਂ ਉਨ੍ਹਾਂ ਦੇ ਆਖਰੀ ਦਿਨਾਂ ਨੂੰ ਯਾਦ ਕੀਤਾ ਹੈ। ਇਸ ਲੇਖ ਨੂੰ ਪੜ੍ਹ ਕੇ ਮੈਨੂੰ ਵੀ ਉਨ੍ਹਾਂ ਨਾਲ ਸਾਲ 2016 ਵਿਚ 'ਪੰਜਾਬ ਟਾਈਮਜ਼ ਨਾਈਟ' ਮੌਕੇ ਬਿਤਾਏ ਪਲ ਯਾਦ ਆ ਗਏ। ਸ. ਢੇਸੀ ਨੇ 'ਪੰਜਾਬ ਟਾਈਮਜ਼' ਅਖ਼ਬਾਰ ਦੀ ਮਿਆਰੀ ਪੱਤਰਕਾਰੀ ਦੀ ਪ੍ਰਸ਼ੰਸਾ ਕੀਤੀ। ਬੇਸ਼ੱਕ ਉਹ ਨੈਕਸਲਾਈਟ ਲਹਿਰ ਤੋਂ ਪ੍ਰਭਾਵਤ ਸਨ ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਕਿਰਦਾਰ 'ਤੇ ਵੀ ਜ਼ੋਰ ਦੇਂਦੇ ਸਨ।

*-ਜਸਵੰਤ ਸਿੰਘ ਸੰਧੂ (ਘਰਿੰਡਾ), ਕੈਲੀਫੋਰਨੀਆ*
*ਫੋਨ 510-605-6494*

---

## *'ਪੰਜਾਬੀ ਸੱਭਿਆਚਾਰ ਵਿਚ ਰਿਸ਼ਤਿਆਂ ਦੀ ਅਹਮੀਅਤ'*

**ਸੰਪਾਦਕ ਜੀ,**

ਪ੍ਰੋਫੈਸਰ ਜਰਨੈਲ ਸਿੰਘ ਧਾਲੀਵਾਲ ਦਾ 'ਪੰਜਾਬੀ ਸੱਭਿਆਚਾਰ ਵਿਚ ਰਿਸ਼ਤਿਆਂ ਦੀ ਅਹਿਮੀਅਤ' ਵਿਸ਼ੇ ਉਪਰ 'ਪੰਜਾਬ ਟਾਈਮਜ਼' ਦੇ 7 ਮਾਰਚ ਵਾਲੇ ਅੰਕ ਵਿਚ ਪ੍ਰਕਾਸ਼ਿਤ ਹੋਇਆ ਲੇਖ ਬੜਾ ਦਿਲਚਸਪ ਤੇ ਪ੍ਰੇਰਨਾ ਭਰਪੂਰ ਹੈ। ਪ੍ਰੋਫੈਸਰ ਧਾਲੀਵਾਲ ਨੇ ਇਸ ਲੇਖ ਵਿਚ ਪੰਜਾਬ ਦੀ ਪੰਜ ਦਰਿਆਵਾਂ ਦੀ ਧਰਤੀ, ਇਸ ਦੇ ਖੇਤਰ, 1947 ਵਿਚ ਹੋਈ ਵੰਡ, 1980, 1990 ਦੇ ਦਹਾਕਿਆਂ ਵਿਚ ਹੋਈਆਂ ਤਬਦੀਲੀਆਂ ਦੌਰਾਨ ਪੰਜਾਬੀ ਸੱਭਿਆਚਾਰ ਕਿਵੇਂ ਪ੍ਰਭਾਵਤ ਹੋਇਆ, ਆਦਿ ਪੱਖਾਂ ਨੂੰ ਸੰਜੀਦਗੀ ਨਾਲ ਪੇਸ਼ ਕੀਤਾ ਹੈ। ਲੇਖ ਵਿਚ ਪੰਜਾਬ ਦੀ ਖੇਤੀਬਾੜੀ, ਕਿਸਾਨ ਦੀ ਮਿਹਨਤ, ਪਰਿਵਾਰਕ ਸਹਿਯੋਗ, ਰਿਸ਼ਤਿਆਂ ਦੀ ਸਾਂਝ, ਦੁੱਖ-ਸੁੱਖ ਨੂੰ ਵੰਡਣਾ, ਤੇ ਭਾਈਚਾਰਕ ਮੇਲ-ਮਿਲਾਪ ਨੂੰ ਬੜੇ ਪਿਆਰ ਤੇ ਸੁੰਦਰ ਤਰੀਕੇ ਨਾਲ ਸੰਜੋਇਆ ਗਿਆ ਹੈ। ਪਿਛਲੇ ਦਹਾਕਿਆਂ ਵਿਚ ਪੰਜਾਬ ਦੇ ਪਿੰਡਾਂ ਵਿਚ ਲੱਗਦੇ ਮੇਲਿਆਂ, ਵਿਆਹ-ਸ਼ਾਦੀਆਂ ਦੀ ਰੌਣਕ, ਦੂਰ-ਦੂਰ ਤੋਂ ਆਏ ਰਿਸ਼ਤੇਦਾਰਾਂ ਦਾ ਮੇਲ-ਮਿਲਾਪ ਤੇ ਆਪਸੀ ਮੁਹੱਬਤ ਤੇ ਦਿਲ ਦੀ ਸਾਂਝ ਨੂੰ ਬਹੁਤ ਹੀ ਸੁੱਚਜੇ ਤੇ ਦਿਲਕਸ਼ ਲਹਿਜ਼ੇ ਨਾਲ ਦਰਸਾਇਆ ਹੈ। ਆਰਥਿਕ ਮਜਬੂਰੀਆਂ ਤੇ ਨਵੇਂ ਜ਼ਮਾਨੇ ਦੀ ਹਰ ਤਾਂਘ ਨੂੰ ਪੂਰਾ ਕਰਨਾ ਦੀ ਭੱਜ-ਦੌੜ ਵਿਚ ਗਵਾਚਿਆ ਅੱਜ ਦਾ ਇਨਸਾਨ, ਵਿਸ਼ੇਸ਼ ਤੌਰ 'ਤੇ ਨੌਜਵਾਨ ਪੀੜ੍ਹੀ, ਪੰਜਾਬੀ ਵਿਰਸੇ ਤੇ ਸੱਭਿਆਚਾਰ ਤੋਂ ਦੂਰ ਜਾ ਰਹੇ ਹਨ। ਪ੍ਰੋਫੈਸਰ ਸਾਹਿਬ ਪੰਜਾਬੀ ਸੱਭਿਆਚਾਰ ਵਿਚ ਰਿਸ਼ਤਿਆਂ ਦੀ ਸਾਂਝ ਤੇ ਆਪਸੀ ਪਿਆਰ-ਮੁਹੱਬਤ ਦੀ ਅਹਿਮੀਅਤ ਨੂੰ ਸਮਝਣ, ਸੰਭਾਲਣ, ਤੇ ਮੁੜ ਸੁਰਜੀਤ ਕਰਨ ਲਈ ਪ੍ਰੇਰਨਾ ਦੇਂਦੇ ਹਨ। ਲੇਖ ਵਿਚ ਮਾਨਵੀ ਸੰਰਚਨਾ, ਹਮਦਰਦੀ, ਕੋਮਲਤਾ, ਭਾਈਚਾਰਾ, ਮਿਲਣ ਦੀ ਤਾਂਘ, ਅਤੇ ਅਨੇਕਾਂ ਹੋਰ ਵਲਵਲਿਆਂ ਨੂੰ ਵੀ ਪਿਆਰ ਨਾਲ ਜ਼ਾਹਰ ਕੀਤਾ ਹੈ। ਪੰਜਾਬ ਦੀ ਸਿਲਾਈ, ਕਢਾਈ, ਫੁਲਕਾਰੀ ਜਿਹੀ ਕਲਾ ਨੂੰ ਵੀ ਆਮ ਜ਼ਿੰਦਗੀ ਵਿਚ ਖੇਡਾਂ ਤੇ ਵਿਭਿੰਨਤਾ ਨੂੰ ਵੀ ਸੁਰਜੀਤ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਪ੍ਰੋਫੈਸਰ ਧਾਲੀਵਾਲ ਸਾਹਿਬ ਦਾ ਪੰਜਾਬੀ ਵਿਰਸੇ ਦੀ ਸੰਭਾਲ ਤੇ ਮਹੱਤਤਾ ਉਪਰ ਲਿਖਿਆ ਲੇਖ ਅਤਿ ਸੁੰਦਰ ਤੇ ਵਿਚਾਰਸ਼ੀਲ ਹੈ।

*-ਸੱਤ ਪਾਲ ਗੋਇਲ, ਮਿਸ਼ੀਗਨ*
*ਫੋਨ: (734) 635-4620*

---

## *'ਸਹੁੰ ਪੰਜਾਬ ਦੀ'*

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਸ. ਅਮਰਜੀਤ ਗਰੇਵਾਲ ਵਲੋਂ ਆਪਣੀ ਕਿਤਾਬ 'ਸਹੁੰ ਪੰਜਾਬ ਦੀ' ਦੀ ਭੂਮਿਕਾ ਪੜ੍ਹੀ। ਲੇਖ ਦੀ ਭੂਮਿਕਾ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਲੇਖਕ ਨੇ ਬੜੇ ਢੁਕਵੇਂ ਸਮੇਂ 'ਤੇ ਇਸ ਪੁਸਤਕ ਦੀ ਸਿਰਜਣਾ ਕੀਤੀ ਹੈ, ਜਿਵੇਂ ਕਿ ਲੇਖਕ ਨੇ ਚੇਤਨਾ ਅਤੇ ਭਵਿੱਖ ਦੀ ਕਲਪਨਾ ਦੇ ਸੰਕਟ ਦੀ ਗੱਲ ਕੀਤੀ ਹੈ। ਲੇਖਕ ਨੇ ਬੜੀ ਸੁਹਿਰਦ ਸੋਚ ਨਾਲ ਪੰਜਾਬ ਦੇ ਭੂਤਕਾਲ ਅਤੇ ਵਰਤਮਾਨ ਕਾਲ ਬਾਰੇ ਦੱਸਦਿਆਂ ਚਿੰਤਾ ਪ੍ਰਗਟ ਕੀਤੀ ਹੈ ਕਿ ਪੰਜਾਬ ਬਰਬਾਦ ਹੋ ਰਿਹਾ ਹੈ, ਪੰਜਾਬ ਖਤਮ ਹੋ ਗਿਆ, ਪੰਜਾਬ ਹੱਥੋਂ ਨਿਕਲ ਗਿਆ ਹੈ। ਉਹ ਕਿਸਾਨ ਬਾਰੇ ਵੀ ਚਿੰਤਤ ਹੈ। ਲੇਖਕ ਨਿਰਾਸ਼ਾਵਾਦੀ ਨਹੀਂ ਹੈ ਬਲਕਿ ਆਸਵੰਦ ਹੈ। ਉਹ ਮਹਾਨ ਭਵਿੱਖ ਦੀ ਸ਼ੁਰੂਆਤ ਕਰਕੇ ਆਪਣੇ ਬੱਚਿਆਂ ਅਤੇ ਨੌਜਵਾਨਾਂ ਨੂੰ ਨਵਾਂ ਪੰਜਾਬ ਰਚਣ ਦੀ ਪ੍ਰੇਰਨਾ ਦਿੰਦਾ ਹੈ। ਹਰੀ ਕ੍ਰਾਂਤੀ ਤੋਂ ਸਿਰਜਣਾਤਮਕ ਕ੍ਰਾਂਤੀ ਵੱਲ ਵਧਿਆ ਜਾ ਸਕਦਾ ਹੈ। ਜਿੱਥੇ ਲੇਖਕ ਨੇ ਪੰਜਾਬ ਦੇ ਰਾਜਨੀਤਕ ਆਗੂਆਂ ਅਤੇ ਪਾਰਟੀਆਂ ਨੂੰ ਕੋਸਿਆ ਹੈ, ਉਥੇ ਲੋਕਾਂ ਨੂੰ ਵੀ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮੁਫ਼ਤ ਦੀਆਂ ਰਿਉੜੀਆਂ ਦਾ ਲਾਲਚ ਛੱਡ ਕੇ ਆਪਣੀ ਸੋਚ ਸਿਰਜਣਾਤਮਕ ਵਾਲੇ ਪਾਸੇ ਲਾ ਕੇ ਮਿਹਨਤ-ਮੁਸ਼ੱਕਤ ਅਤੇ ਨਵੀਂ ਤਕਨਾਲੋਜੀ ਨਾਲ ਕੋਈ ਨਵਾਂ 'ਟੈਕ ਰੈਵੋਲਿਊਸ਼ਨ' ਸਿਰਜਣ। ਪੰਜਾਬ ਵਿਚ ਨੌਜਵਾਨਾਂ ਦਾ ਬੌਧਿਕ ਪੱਧਰ ਉੱਚਾ ਚੁੱਕਣ ਦੀ ਜ਼ਰੂਰਤ ਹੈ, ਇਸ ਲਈ ਬੁੱਧੀਜੀਵੀ ਵਰਗ ਨੂੰ ਨੌਜਵਾਨਾਂ ਨੂੰ ਸੇਧ ਦੇਣ ਦੀ ਲੋੜ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਇਹ ਲੇਖ ਆਪਣੇ ਪਰਿਵਾਰਾਂ ਅਤੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਅਤੇ ਆਪਣੇ ਜਾਣਨ ਵਾਲਿਆਂ ਨਾਲ ਵੀ ਇਸ ਬਾਰੇ ਚਰਚਾ ਕਰਨੀ ਚਾਹੀਦੀ ਹੈ।

*-ਜਰਨੈਲ ਸਿੰਘ ਧਾਲੀਵਾਲ*

# ਭਰਿਆ ਮੇਲਾ ਛੱਡਣਾ ਚੰਗਾ ਕਿਉਂ ਹੁੰਦਾ ਐ?


ਭਰੇ-ਭਕੁੰਨੇ ਪਰਿਵਾਰ ਵਿਚੋਂ ਕਿਸੇ ਸਿਆਣੇ ਦੇ ਅਕਾਲ ਚਲਾਣਾ ਕਰ ਜਾਣ 'ਤੇ ਘਰ ਦੇ ਜੀਆਂ ਨੂੰ ਆਂਢ-ਗੁਆਂਢ ਵਾਲੇ ਧਰਵਾਸ ਦਿੰਦਿਆਂ ਅਕਸਰ ਕਹਿੰਦੇ ਨੇ- 'ਕੋਈ ਨਾ ਭਾਈ, ਭਰਿਆ ਮੇਲਾ ਛੱਡ ਕੇ ਗਿਆ ਐ!' ਇੱਕ ਵਾਰ ਇਸ ਮੁਹਾਵਰੇ ਦਾ ਅਮਲੀ ਰੂਪ ਦੇਖਣ ਬਾਅਦ ਹੀ ਮੈਨੂੰ ਅਨੁਭਵ ਹੋਇਆ ਕਿ ਵਾਕਿਆ ਹੀ ਭਰਿਆ ਮੇਲਾ ਛੱਡਣਾ ਕਿੰਨਾ ਬਿਹਤਰ ਹੁੰਦਾ ਹੈ।

ਹੋਇਆ ਇੰਜ ਕਿ ਬਾਦਲ ਦਲ ਨਾਲ ਸਮਝੌਤੇ ਤੋਂ ਬਾਅਦ ਟੌਹੜਾ ਸਾਹਬ ਨੇ ਸ਼੍ਰੋਮਣੀ ਕਮੇਟੀ ਦਾ ਮੁੜ ਪ੍ਰਧਾਨ ਬਣਨ 'ਤੇ ਮੈਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੀ ਜਾਇਦਾਦ-ਸਬ ਕਮੇਟੀ ਦਾ ਵੀ ਮੈਂਬਰ ਨਿਯਤ ਕਰ ਦਿੱਤਾ। ਹੋਲਾ-ਮਹੱਲਾ ਤਾਂ ਵੈਸੇ ਆਪਾਂ ਪਹਿਲਾਂ ਵੀ ਲਗਭਗ ਬਿਨਾਂ ਨਾਗਾ ਹੀ ਦੇਖਦੇ ਰਹੇ ਹਾਂ ਪਰ ਇਕ ਸਾਲ ਸਬ-ਕਮੇਟੀ ਦਾ ਮੈਂਬਰ ਹੋਣ ਸਦਕਾ ਸਾਰੇ ਪ੍ਰਬੰਧਾਂ ਦੀ ਦੇਖ-ਰੇਖ ਕਰਨ ਹਿਤ ਮੈਂ ਪੰਜ ਛੇ ਦਿਨ ਸ੍ਰੀ ਅਨੰਦ ਪੁਰ ਸਾਹਿਬ ਜੋੜ-ਮੇਲੇ ਵਿਚ ਘੁੰਮਦਾ ਫਿਰਦਾ ਰਿਹਾ। ਚਾਰੇ ਪਾਸੇ ਰੌਣਕਾਂ ਹੀ ਰੌਣਕਾਂ ਦਾ ਖੁਦ ਅੰਗ ਬਣ ਕੇ ਪੰਥਕ ਜਾਹੋ-ਜਲਾਲ ਦਾ ਖੂਬ ਅਨੰਦ ਮਾਣਦਾ ਰਿਹਾ!

ਦੂਸਰੇ ਚਾਰ-ਪੰਜ ਸਾਥੀ ਮੈਂਬਰ ਸਾਹਿਬਾਨ ਮਹੱਲੇ ਵਾਲੇ ਦਿਨ ਹੀ ਘਰੋ-ਘਰੀਂ ਵਾਪਸ ਮੁੜ ਗਏ। ਮੈਨੇਜ਼ਰ ਨੇ ਮੈਨੂੰ ਜੋਰ ਪਾ ਕੇ ਕਿਹਾ ਕਿ ਮੈਂਬਰ ਸਾਹਿਬ ਮਿਹਰਬਾਨੀ ਕਰਕੇ ਤੁਸੀਂ ਜਰੂਰ ਰੁਕ ਜਾਓ, ਕਿਉਂ ਕਿ ਗੋਲ੍ਹਕਾਂ ਦੀ ਗਿਣਤੀ ਤੋਂ ਇਲਾਵਾ ਹੋਰ ਕਈ ਦਫਤਰੀ ਕਾਗਜ਼-ਪੱਤਰਾਂ 'ਤੇ ਮੈਂਬਰ ਦੀ ਹਾਜ਼ਰੀ/ਸਾਈਨ ਜਰੂਰੀ ਹੁੰਦੇ ਹਨ।

ਲਓ ਜੀ ਹੋਲੇ ਦੀ ਆਖਰੀ ਸ਼ਾਨ ਮਹੱਲੇ ਤੋਂ ਦੂਜੇ ਜਾਂ ਤੀਜੇ ਦਿਨ ਸ਼ਾਮ ਨੂੰ ਵਾਪਸੀ ਮੌਕੇ ਜਦ ਮੈਂ ਤਖਤ ਸਾਹਿਬ 'ਤੇ ਮੱਥਾ ਟੇਕਣ ਗਿਆ ਤਾਂ ਜੋੜ-ਮੇਲੇ ਦੌਰਾਨ ਸੰਗਤਾਂ ਦੇ ਹੜ੍ਹ ਦੀ ਥਾਂਹ ਉਥੇ ਇੱਕਾ-ਦੁੱਕਾ ਮਾਈ ਭਾਈ ਫਿਰਦੇ ਦੇਖ ਕੇ ਮੈਂ ਭੁਚੱਕਾ ਜਿਹਾ ਹੀ ਰਹਿ ਗਿਆ! ਫਿਰ ਜਦ ਤਖਤ ਸਾਹਿਬ ਵਾਲ਼ੀ ਘਾਟੀ ਉੱਤਰ ਕੇ ਬੱਸ ਅੱਡੇ ਵੱਲ੍ਹ ਨੂੰ ਤੁਰਿਆ, ਉੱਥੇ ਨੀਲੀਆਂ-ਪੀਲੀਆਂ ਦਸਤਾਰਾਂ ਦੁਮਾਲਿਆਂ ਅਤੇ ਰੰਗ ਬਰੰਗੀਆਂ ਚੁੰਨੀਆਂ ਪਹਿਨੀਂ ਠਾਠਾਂ ਮਾਰਦੀ ਸੰਗਤ ਨਦਾਰਦ! ਸੁੰਨੀਆਂ ਸੜ੍ਹਕਾਂ ਅਤੇ ਚਾਟ-ਭੱਲੇ ਤੇ ਗੋਲ ਗੱਪਿਆਂ ਵਾਲਿਆਂ ਵਲੋਂ ਸੁੱਟੀਆਂ ਲਿੱਬੜੀਆਂ-ਤਿਬੜੀਆਂ ਅਖਬਾਰਾਂ ਨੂੰ ਸੁੰਘਦੇ-ਚੱਟਦੇ ਫਿਰਦੇ ਕੁੱਤੇ ਦੇਖ ਕੇ ਮੈਂ ਬੇਚੈਨ ਹੀ ਹੋ ਗਿਆ!

ਮਨ-ਚਿੱਤ ਨੂੰ ਖਾਲਸਈ ਹੁਲਾਸ ਨਾਲ ਭਰਨ ਵਾਲੀਆਂ ਸੰਗਤਾਂ ਦਾ ਸਮੁੰਦਰ ਅੱਜ ਕਿੱਧਰ ਵਗ ਗਿਆ? ਸ੍ਰੀ ਕੇਸ ਗੜ੍ਹ ਸਾਹਿਬ ਦੇ ਚੌਗਿਰਦੇ 'ਚ ਗੂੰਜਦੀਆਂ ਢੱਡ-ਸਾਰੰਗੀਆਂ ਅਤੇ ਕੰਨੀਂ ਪੈਂਦੀਆਂ ਜੋਸ਼ੀਲੀਆਂ ਵਾਰਾਂ ਦਾ ਵਿਸਮਾਦੀ ਗਾਇਣ ਸਭ ਅਲੋਪ ! ਗਰਮਾਂ-ਗਰਮ ਪਕੌੜੇ, ਦੇਸੀ ਘਿਉ



ਦੀਆਂ ਜਲੇਬਾਂ ਅਤੇ ਕੜ੍ਹੀ-ਚੌਲ ਛਕੋ ਜੀ ਦੇ ਸੱਦੇ ਵੀ ਖਾਮੋਸ਼ ਹੋ ਚੁੱਕੇ ਸਨ।

ਸਰੋਵਰ ਦੇ ਮੋਹਰਲੇ ਗਰਾਊਂਡ ਵਿਚ ਲਿਬੜੇ-ਤਿਬੜੇ ਪਾਟੇ ਲਿਫਾਫੇ ਅਤੇ ਰੱਦੀ ਕਾਗਜ਼, ਚੱਲ ਰਹੀ ਉਦਾਸ ਹਵਾ ਕਾਰਨ ਉਡਦੇ ਹੋਏ ਦੇਖ ਕੇ ਮੈਂ ਹੋਰ ਉਦਾਸ ਹੋ ਗਿਆ।

ਮੇਲੇ ਦੌਰਾਨ ਪੰਜ ਛੇ ਦਿਨ ਏਧਰ-"ਧਰ ਘੁੰਮਦਿਆਂ ਕਿੱਥੇ ਮੈਨੂੰ ਜਾਣਦੇ-ਪਛਾਣਦੇ ਸੱਜਣ ਓਡ ਓਡ ਮਿਲਦੇ ਰਹੇ...ਗੱਜ ਵੱਜ ਫਤਹਿ ਬੁਲਾਉਂਦੇ ਗਲਵਕੜੀਆਂ ਪਾਉਂਦੇ ਰਹੇ ਤੇ ਕਿੱਥੇ ਅੱਜ ਮੈਂ ਉਸੇ ਅਨੰਦਪੁਰ ਸਾਹਿਬ ਦੀ ਸੜਕ ਉੱਤੇ ਸੁੰਨ-ਵੱਟਾ ਜਿਹਾ ਬਣਿਆਂ ਇਕੱਲਾ ਹੀ ਤੁਰਿਆ ਜਾ ਰਿਹਾ ਸਾਂ!

ਅਖੀਰ ਆਪਣੇ ਭਾਈਆ ਜੀ ਵਲੋਂ ਮਿਲ਼ੀ ਹੋਈ ਸਿੱਖਿਆ ਮੁਤਾਬਕ ਮੈਂ ਬੱਸ ਅੱਡੇ ਪਹੁੰਚ ਪਿੱਛੇ ਨੂੰ ਘੁੰਮਿਆਂ। ਦੋਏ ਹੱਥ ਜੋੜ ਕੇ ਸ੍ਰੀ ਕੇਸ ਗੜ੍ਹ ਸਾਹਿਬ ਦੇ ਝੂਲਦੇ ਨਿਸ਼ਾਨ ਸਾਹਿਬ ਨੂੰ ਨਮਸਕਾਰ ਕਰਦਿਆਂ ਵਿਦਾਇਗੀ ਵਾਲ਼ੀ ਫਤਹਿ ਬੁਲਾਈ ਅਤੇ ਮਨ ਹੀ ਮਨ ਸੋਚਿਆ ਕਿ ਅੱਗੇ ਤੋਂ ਭਰਿਆ ਮੇਲਾ ਛੱਡ ਕੇ ਹੀ ਘਰ ਨੂੰ ਵਾਪਸੀ ਕਰਿਆ ਕਰਨੀ ਹੈ !

ਉਦਾਸੀ ਤੇ ਵੈਰਾਗ ਨਾਲ ਮੁਰਝਾਇਆ ਚਿਹਰਾ ਲੈ ਕੇ ਮੈਂ ਗੜ੍ਹਸ਼ੰਕਰ ਜਾਣ ਵਾਲੀ ਬੱਸ ਵਿਚ ਦੱਸ ਬਾਰਾਂ ਕੁ ਹੋਰ ਸਵਾਰੀਆਂ ਨਾਲ ਜਾ ਬੈਠਿਆ!

*-ਤਰਲੋਚਨ ਸਿੰਘ ਦੁਪਾਲ ਪੁਰ*
*ਫੋਨ: 001-408-905-5517*

# ਸ਼ਹੀਦ ਭਾਈ ਤਾਰਾ ਸਿੰਘ ਜੀ (ਡੱਲ ਵਾਂ)

*300 ਸਾਲਾ ਸ਼ਹੀਦੀ ਸ਼ਤਾਬਦੀ 'ਤੇ ਵਿਸ਼ੇਸ਼*

ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਧਰਮੀ ਸੋਚ, ਇਨਸਾਫ ਦੀ ਪ੍ਰਾਪਤੀ ਤੇ ਸਰੱਬਤ ਦੇ ਭਲੇ ਲਈ ਜ਼ੁਲਮ ਖ਼ਿਲਾਫ ਲੜਦਿਆਂ ਆਪਾ ਵਾਰਨ ਵਾਲੀਆਂ ਸ਼ਖ਼ਸੀਅਤਾਂ ਨੂੰ 'ਸ਼ਹੀਦ' ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਗੁਰੂ ਸਾਹਿਬਾਨ ਤੋਂ ਅਗਵਾਈ ਲੈ ਕੇ ਸਿੱਖ ਕੌਮ ਨੇ ਸ਼ਸ਼ਤਰਬੱਧ ਸੰਘਰਸ਼ ਕਰਕੇ ਭਾਰਤ ਭਰ ਵਿਚ ਜ਼ੁਲਮ ਦੀਆਂ ਜੜ੍ਹਾਂ ਪੁੱਟਣ ਲਈ ਬੇਹੱਦ ਕੁਰਬਾਨੀਆਂ ਕੀਤੀਆਂ। ਇਸ ਰਸਤੇ 'ਤੇ ਚਲਦਿਆਂ ਭਾਵੇਂ ਆਪ ਚਰਖੜੀਆਂ 'ਤੇ ਚੜ੍ਹੇ, ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ ਤੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਏ, ਮੈਦਾਨੇ ਜੰਗ ਵਿਚ ਜ਼ਾਲਮਾਂ ਨੂੰ ਲੋਹੇ ਦੇ ਚਨੇ ਚਬਾਏ ਤੇ ਆਪ ਸ਼ਹਾਦਤ ਪ੍ਰਾਪਤ ਕੀਤੀ। ਇਨ੍ਹਾਂ ਸ਼ਹੀਦਾਂ ਨੂੰ ਕੌਮ ਰਹਿੰਦੀ ਦੁਨੀਆਂ ਤੀਕ ਸਤਿਕਾਰ ਦਿੰਦੀ ਰਹੇਗੀ। ਇਨ੍ਹਾਂ ਕੌਮੀ ਪ੍ਰਵਾਨਿਆਂ ਵਿਚੋਂ ਹੀ ਧਰੂ ਤਾਰੇ ਵਾਂਗ ਚਮਕਦਾ ਨਾਮ ਹੈ ਸ਼ਹੀਦ ਭਾਈ ਤਾਰਾ ਸਿੰਘ ਵਾਂ (ਡੱਲ

**ਸੁਖਦੇਵ ਸਿੰਘ ਭੂਰਾ ਕੋਹਨਾ**
**ਸਾਬਕਾ ਸਕੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ**
**ਫੋਨ: 98148-98268**

ਵਾਂ) ਜੋ ਲਾਹੌਰ ਜ਼ਿਲ੍ਹੇ ਦੇ ਇਸ ਪਿੰਡ ਦੇ ਵਸਨੀਕ ਗੁਰਸਿੱਖ ਭਾਈ ਗੁਰਦਾਸ ਸਿੰਘ ਜਿਨ੍ਹਾਂ ਨੇ ਦਸਮੇਸ਼ ਪਿਤਾ ਜੀ ਦੇ ਹੱਥੋਂ ਅੰਮ੍ਰਿਤਪਾਨ ਕੀਤਾ ਸੀ ਦੇ ਸਪੁੱਤਰ ਸਨ। ਭਾਈ ਤਾਰਾ ਸਿੰਘ ਇਨ੍ਹਾਂ ਦੇ ਪੰਜ ਪੁੱਤਰਾਂ ਵਿਚੋਂ ਸਭ ਤੋਂ ਵੱਡੇ ਸਨ। ਇਨ੍ਹਾਂ ਦੀ ਜਨਮ ਤਾਰੀਖ ਸਬੰਧੀ ਵਿਦਵਾਨਾਂ ਵਿਚ ਮਤਭੇਦ ਹੈ, ਪ੍ਰੰਤੂ ਬਹੁਤੇ ਵਿਦਵਾਨਾਂ ਨੇ 1702 ਈ. ਨੂੰ ਹੋਇਆ ਮੰਨਿਆ ਹੈ। ਵੱਡੇ ਹੋ ਕੇ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤ ਛਕਿਆ। ਉਸ ਦਿਨ ਤੋਂ ਗੁਰੂ ਪੰਥ ਨੂੰ ਸਮਰਪਿਤ ਹੋ ਕੇ ਸਿੱਖੀ ਅਸੂਲਾਂ 'ਤੇ ਪਹਿਰਾ ਦੇਣਾ ਸ਼ੁਰੂ ਕੀਤਾ, ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਕੇ ਜੀਵਨ ਜੀਉਣਾ ਸ਼ੁਰੂ ਕੀਤਾ। ਉਸ ਸਮੇਂ ਜ਼ਕਰੀਆ ਖਾਨ ਵਰਗੇ ਜ਼ਾਲਮਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਤੇ ਉਨ੍ਹਾਂ ਨੂੰ ਘਰਾਂ ਵਿਚੋਂ ਫੜ-ਫੜ ਕੇ ਸ਼ਹੀਦ ਕੀਤਾ ਜਾਣ ਲੱਗਾ। ਸਿੱਖ ਘਰ-ਘਾਟ ਛੱਡ ਕੇ ਜੰਗਲਾਂ ਵਿਚ ਚਲੇ ਗਏ।

ਕੌਮੀ ਪਰਵਾਨਿਆਂ ਦੀ ਸੇਵਾ ਕਰਨ ਦਾ ਚਾਅ ਭਾਈ ਤਾਰਾ ਸਿੰਘ ਦੇ ਮਨ ਵਿਚ ਸੀ। ਉਨ੍ਹਾਂ ਨੇ ਆਪਣੀ ਜ਼ਮੀਨ ਦੀ ਨੁੱਕਰ ਵਿਚ ਕਿੱਕਰਾਂ, ਬੇਰੀਆਂ, ਮਲ੍ਹੇ, ਕਰੀਰ ਆਦਿ ਦੇ ਛਾਪਿਆਂ ਦੀ ਵਾੜ ਕਰਕੇ ਇੱਕ ਵਾੜਾ ਵਲ ਕੇ ਵਿਚ ਕੱਚੇ ਮਕਾਨ ਤੇ ਛੱਪਰ ਆਦਿ ਪਾ ਕੇ ਡੇਰਾ ਬਣਾਇਆ ਸੀ। ਜੋ ਹਕੂਮਤ ਦੇ ਜ਼ੁਲਮ ਤੋਂ ਸਤਾਏ ਅਤੇ ਇਨਸਾਫ਼ ਲਈ ਜੂਝਣ ਵਾਲੇ ਸਿੰਘਾਂ ਲਈ ਚੰਗੀ ਅਰਾਮਗਾਹ ਸੀ। ਮੁਗ਼ਲ ਹਕੂਮਤ ਵੱਲੋਂ ਥਾਪੇ ਪਿੰਡਾਂ ਦੇ ਚੌਧਰੀਆਂ ਨੇ ਆਪਣੀਆਂ ਮਨਮਾਨੀਆਂ ਕਰਕੇ ਪਰਜਾ ਨੂੰ ਬਹੁਤ ਦੁਖੀ ਕੀਤਾ ਸੀ। ਕੋਈ ਵੀ ਡਰਦਾ ਹਕੂਮਤ ਦੇ ਅਨਿਆਂ ਤੇ ਜ਼ੁਲਮ ਵਿਰੁੱਧ ਬੋਲਣ ਦਾ ਹੀਆ ਨਹੀਂ ਸੀ ਕਰਦਾ, ਇਨ੍ਹਾਂ ਵਿਚੋਂ ਹੀ ਨੌਸ਼ਹਿਰੇ ਵਾਲੇ ਦਾ ਚੌਧਰੀ ਸਾਹਿਬ ਰਾਏ ਸੀ ਜੋ ਕਿਸਾਨਾਂ ਦੀਆਂ ਫਸਲਾਂ ਉਜਾੜ ਦਿੰਦਾ ਸੀ। ਜਦੋਂ ਕਣਕਾਂ ਨਿਸਰਨ (ਭਾਵ ਸਿੱਟਾ ਕੱਢਣ) ਦੇ ਨਜ਼ਦੀਕ ਸਨ ਤਾਂ ਆਪਣੀਆਂ ਘੋੜੀਆਂ ਖੇਤਾਂ ਵਿਚ ਖੁੱਲ੍ਹੀਆਂ ਛੱਡ ਦਿੰਦਾ ਤੇ ਕਣਕਾਂ ਉਜਾੜ ਦਿੰਦਾ। ਫਸਲ ਦੇ ਉਜਾੜੇ ਤੋਂ ਦੁਖੀ ਹੋ ਕੇ ਭੜਾਣਾ ਪਿੰਡ ਦੇ ਸਿੱਖ ਕਿਸਾਨਾਂ ਗੁਰਬਖ਼ਸ਼ ਸਿੰਘ, ਮਾਲੀ ਸਿੰਘ ਨੇ ਚੌਧਰੀ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਮਿਲ ਕੇ ਕਿਹਾ ਤਾਂ ਹੰਕਾਰੇ ਚੌਧਰੀ ਨੇ ਕਿਹਾ ਕਿ ਘੋੜੀਆਂ ਨੂੰ ਬੰਨ੍ਹਣ ਲਈ ਮੇਰੇ ਪਾਸ ਰੱਸੇ ਨਹੀਂ ਹਨ। ਸਿੱਖਾਂ ਨੇ ਕਿਹਾ ਕਿ ਰੱਸੇ ਅਸੀਂ ਦੇ ਦਿੰਦੇ ਹਾਂ ਤਾਂ ਚੌਧਰੀ ਕਹਿਣ ਲੱਗਾ ਤੁਹਾਡੇ ਸਿੱਖਾਂ ਦੇ ਕੇਸਾਂ ਦੇ ਰੱਸਿਆਂ ਨਾਲ ਇਹ ਘੋੜੀਆਂ ਬੱਝ ਸਕਦੀਆਂ ਹਨ। ਭਰੇ ਪੀਤੇ ਸਿੱਖਾਂ ਨੇ ਭੁਸੇ ਪਿੰਡ ਦੇ ਭਾਈ ਬਘੇਲ ਸਿੰਘ, ਭਾਈ ਅਮਰ ਸਿੰਘ ਪਾਸ ਜਾ ਕੇ ਸਾਰੀ ਵਿਥਿਆ ਸੁਣਾਈ ਤਾਂ ਭਾਈ ਬਘੇਲ ਸਿੰਘ, ਭਾਈ ਅਮਰ ਸਿੰਘ ਨੇ ਇਸ ਚੌਧਰੀ ਦੇ ਤਾਹਨੇ ਨੂੰ ਕੌਮ 'ਤੇ ਕੀਤੇ ਹਮਲੇ ਵਜੋਂ ਲਿਆ ਤੇ ਰਾਤ ਸਾਰੀਆਂ ਘੋੜੀਆਂ ਘੇਰ ਕੇ ਲਖਬੀਰ ਸਿੰਘ ਘਰਿਆਲਾ ਰਾਹੀਂ ਮਹਾਰਾਜਾ ਪਟਿਆਲਾ ਸ. ਆਲਾ ਸਿੰਘ ਨੂੰ ਵੇਚ ਦਿਤੀਆਂ। ਮਿਲੀ ਰਕਮ ਬਾਬਾ ਤਾਰਾ ਸਿੰਘ ਨੇ ਸਿੰਘਾਂ ਲਈ ਚਲਾਏ ਜਾ ਰਹੇ ਲੰਗਰ ਲਈ ਭੇਟ ਕਰ ਦਿੱਤੀ।

ਚੌਧਰੀ ਘੋੜੀਆਂ ਦੀ ਭਾਲ ਕਰਦਾ ਬਾਬਾ ਤਾਰਾ ਸਿੰਘ ਜੀ ਦੇ ਡੇਰੇ ਪੁੱਜਾ ਤੇ ਘੋੜੀਆਂ ਅਤੇ ਘੋੜੀਆਂ ਦੇ ਚੋਰ ਉਸ ਦੇ ਹਵਾਲੇ ਕਰਨ ਲਈ ਰੋਅਬ ਪਾਉਣ ਲੱਗਾ। ਬਾਬਾ ਜੀ ਨੇ ਕਿਹਾ, ' ਇਥੇ ਕੋਈ ਚੋਰ ਨਹੀਂ ਇਥੇ ਗੁਰੂ ਕੇ ਸਿੱਖ ਤੇ ਲੋੜਵੰਦ ਪ੍ਰਸ਼ਾਦਾ ਛਕਣ ਹੀ ਆਉਂਦੇ ਹਨ'। ਚੌਧਰੀ ਨੇ ਬਾਬਾ ਜੀ ਪ੍ਰਤੀ ਸਖ਼ਤ ਬੋਲ ਬੋਲਣੇ ਸ਼ੁਰੂ ਕਰ ਦਿੱਤੇ ਤਾਂ ਡੇਰੇ ਵਿਚਲੇ ਸਿੰਘਾਂ ਨੇ ਚੌਧਰੀ ਢਾਹ ਲਿਆ ਤੇ ਪੂਰੀ ਛਿੱਤਰ ਪਰੇਡ ਕੀਤੀ। ਚੌਧਰੀ ਵਾਪਸ ਮੁੜਦਾ ਸਿੱਧਾ ਪੱਟੀ ਦੇ ਫੌਜਦਾਰ ਜਾਫਰ ਬੇਗ ਪਾਸ ਗਿਆ ਤੇ ਰੋ-ਰੋ ਕੇ ਦਸਿਆ ਕਿ ਵਾਂ ਪਿੰਡ ਵਿਚ ਤਾਰਾ ਸਿੰਘ ਵੱਖਰੀ ਹਕੂਮਤ ਚਲਾ ਰਿਹਾ ਹੈ ਅਤੇ ਮੁਗ਼ਲ ਹਕੂਮਤ ਨੂੰ ਚੈਲਿੰਜ ਕਰ ਰਿਹੈ, ਜੇਕਰ ਕੋਈ ਉਸ ਨੂੰ ਸਮਝਾਉਂਦਾ ਹੈ ਤਾਂ ਉਸ ਦੀ ਮਾਰ ਕੁੱਟ ਕਰਕੇ ਮੋੜ ਦਿੱਤਾ ਜਾਂਦਾ ਹੈ। ਚੌਧਰੀ ਦੀ ਫਰਿਆਦ ਸੁਣ ਕੇ ਜਾਫਰ ਬੇਗ ਨੇ 50 ਸਿਪਾਹੀ ਲੈ ਕੇ ਵਾਂ ਪਿੰਡ ਵਿਚ ਬਾਬਾ ਜੀ ਦੇ ਡੇਰੇ 'ਤੇ ਅੰਮ੍ਰਿਤ ਵੇਲੇ ਚੜ੍ਹਾਈ ਕਰ ਦਿੱਤੀ। ਭਾਈ ਬਘੇਲ ਸਿੰਘ ਭੁਸੇ ਅੰਮ੍ਰਿਤ ਵੇਲੇ ਖੇਤਾਂ ਵਿਚ ਜੰਗਲ ਪਾਣੀ ਲਈ ਨਿਕਲੇ ਤਾਂ ਅੱਗੋਂ ਜਾਫਰ ਬੇਗ ਦੀ ਅਗਵਾਈ ਵਿਚ ਸਿਪਾਹੀਆਂ ਨਾਲ ਟਾਕਰਾ ਹੋ ਗਿਆ। ਭਾਈ ਬਘੇਲ ਸਿੰਘ ਨੇ ਉੱਚੀ ਜੈਕਾਰਾ ਛੱਡ ਕੇ ਸਿਪਾਹੀਆਂ ਨਾਲ ਮੁਕਾਬਲਾ ਸ਼ੁਰੂ ਕਰ ਦਿੱਤਾ। ਜੈਕਾਰੇ ਦੀ ਆਵਾਜ਼ ਸੁਣ ਕੇ ਡੇਰੇ ਵਿਚੋਂ ਸਿੰਘ ਵੀ ਆ ਗਏ। ਮੁਕਾਬਲੇ ਵਿਚ ਜਾਫਰ ਬੇਗ ਦੇ ਭਤੀਜੇ ਸਮੇਤ ਕਾਫੀ ਗਿਣਤੀ ਵਿਚ ਸਿਪਾਹੀ ਮਾਰੇ ਗਏ। ਭਾਈ ਬਘੇਲ ਸਿੰਘ ਵੀ ਸ਼ਹੀਦੀ ਪਾ ਗਏ। ਜਾਫਰ ਬੇਗ ਪਿੱਛੇ ਨੂੰ ਭੱਜ ਗਿਆ।

ਲੜਾਈ ਖਤਮ ਹੋਣ ਤੋਂ ਬਾਅਦ ਜਾਫਰ ਬੇਗ ਆਪਣੇ ਭਤੀਜੇ ਤੇ ਬਾਕੀ ਸਿਪਾਹੀਆਂ ਦੀਆਂ ਲਾਸ਼ਾਂ ਗੱਡਿਆਂ 'ਤੇ



ਲੱਦ ਕੇ ਲਾਹੌਰ ਜ਼ਕਰੀਆਂ ਖਾਨ ਪਾਸ ਚਲਾ ਗਿਆ। ਇਹ ਇਲਾਕਾ ਉਸ ਸਮੇਂ ਲਾਹੌਰ ਦੇ ਅਧੀਨ ਆਉਂਦਾ ਸੀ ਅਤੇ ਹਾਲ-ਦੁਹਾਈ ਪਾਈ ਕਿ ਮਾਝੇ ਦੇ ਵਾਂ ਪਿੰਡ ਤਾਰਾ ਸਿੰਘ ਨਾਮ ਦਾ ਇੱਕ ਸਿੱਖ ਰਹਿੰਦਾ ਹੈ। ਜਿਸ ਨੇ ਆਪਣੇ ਡੇਰੇ ਵਿਚ ਸਰਕਾਰ ਦੇ ਬਾਗੀ, ਡਾਕੂ, ਲੁਟੇਰੇ ਰੱਖੇ ਹੋਏ ਹਨ। ਸਰਕਾਰ ਦਾ ਹੁਕਮ ਨਹੀਂ ਮੰਨਦਾ ਜੇਕਰ ਸਮਝਾਇਆ ਤਾਂ ਉਸ ਨੇ ਹਮਲਾ ਕਰਕੇ ਸਾਡੇ ਸਿਪਾਹੀ ਮੌਤ ਦੇ ਘਾਟ ਉਤਾਰ ਦਿੱਤੇ। ਜ਼ਕਰੀਆ ਖਾਨ, ਜਾਫਰ ਬੇਗ ਤੋਂ ਇਹ ਹਾਲ ਸੁਣ ਕੇ ਅੱਗ ਬਗੂਲਾ ਹੋ ਗਿਆ ਅਤੇ ਮੋਮਨ ਖਾਂ ਕਸੂਰੀਏ ਦੀ ਅਗਵਾਈ ਵਿਚ 2200 ਘੋੜ-ਸਵਾਰ ਤੇ ਹੋਰ ਜੰਗੀ ਸਮਾਨ ਦੇ ਕੇ ਭਾਈ ਤਾਰਾ ਸਿੰਘ ਅਤੇ ਸਾਥੀਆਂ ਨੂੰ ਜ਼ਿੰਦਾ ਫੜਨ ਜਾਂ ਮੌਤ ਦੇ ਘਾਟ ਉਤਾਰ ਦੇਣ ਲਈ ਭੇਜਿਆ। ਉਸ ਸਮੇਂ ਇੱਕ ਸੁਹੀਏ ਨੇ ਫੌਜ ਦੇ ਆਉਣ ਤੋਂ ਪਹਿਲਾਂ ਹੀ ਭਾਈ ਤਾਰਾ ਸਿੰਘ ਨੂੰ ਉਨ੍ਹਾਂ 'ਤੇ ਹੋਣ ਵਾਲੇ ਫੌਜੀ ਹਮਲੇ ਬਾਰੇ ਸੂਚਿਤ ਕਰ ਦਿੱਤਾ। ਕੁੱਝ ਸਿੱਖਾਂ ਨੇ ਕਿਹਾ ਕਿ ਕੁੱਝ ਸਮਾਂ ਡੇਰਾ ਖਾਲੀ ਕਰਕੇ ਮਾਲਵੇ ਨੂੰ ਚਲੇ ਜਾਈਏ ਤਾਂ ਬਾਬਾ ਤਾਰਾ ਸਿੰਘ ਜੀ ਨੇ ਕਿਹਾ, 'ਅਸੀਂ ਇੱਥੇ ਰਹਾਂਗੇ, ਜਿਸਨੇ ਜਾਣਾ ਹੈ ਉਹ ਜਾ ਸਕਦਾ ਹੈ। ਅਸੀਂ ਤਾਂ ਆਪਣਾ ਫਰਜ਼ ਨਿਭਾਵਾਂਗੇ। ਜੇਕਰ ਲੋੜ ਪਈ ਤਾਂ ਸ਼ਹਾਦਤ ਵੀ ਦੇ ਦੇਵਾਂਗੇ'।

ਫੌਜ ਨੇ ਵਾਂ ਪਿੰਡ ਦੇ ਭਾਈ ਤਾਰਾ ਸਿੰਘ ਜੀ ਦੇ ਡੇਰੇ ਨੂੰ ਘੇਰਾ ਪਾ ਲਿਆ। ਅੱਗੋਂ ਬਾਬਾ ਤਾਰਾ ਸਿੰਘ ਜੀ ਦੀ ਅਗਵਾਈ ਵਿਚ ਕੇਵਲ 18 ਸਿੰਘ ਸਨ, ਅਤੇ ਉਥੇ ਗੁਆਂਢੀ ਪਿੰਡ ਕੁਰਬਾਠ ਦੇ ਦੋ ਭਰਾ ਸਨ, ਜੋ ਖੇਤੀ ਸਬੰਧੀ ਵਾਂ ਪਿੰਡ ਵਿਚ ਕੱਲਰ ਇਕੱਠਾ ਕਰਨ ਆਏ ਹੋਏ ਸਨ। ਉਹ ਵੀ ਬਾਬਾ ਜੀ ਦੇ ਨਾਲ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਏ। ਕੁੱਲ 21 ਸਿੰਘਾਂ ਨੇ ਮੁਗ਼ਲ ਫੌਜਾਂ ਦਾ ਬੜੀ ਬਹਾਦਰੀ ਨਾਲ ਟਾਕਰਾ ਕੀਤਾ ਅਤੇ ਸੂਰਮਗਤੀ ਦੇ ਜੌਹਰ ਵਿਖਾਉਂਦਿਆਂ ਤੀਰਾਂ, ਨੇਜ਼ਿਆਂ ਨਾਲ ਮੁਗ਼ਲ ਫੌਜ ਦੇ ਆਹੂ ਲਾਹੇ। ਫੌਜਾਂ ਦਾ ਇੱਕ ਜਰਨੈਲ ਤਕੀ ਬੇਗ ਜਿਸ ਦਾ ਸਰੀਰ ਲੋਹੇ ਦੀਆਂ ਤਾਰਾਂ ਨਾਲ ਬਣੀ ਸੰਜੋਅ ਨਾਲ ਮੜਿਆ ਸੀ, ਕਿਤੇ ਵੀ ਬਰਛੇ ਜਾਂ ਤਲਵਾਰ ਦਾ ਵਾਰ ਅਸਰ ਨਹੀਂ ਸੀ ਕਰਦਾ। ਉਸ ਨੇ ਬਾਬਾ ਤਾਰਾ ਸਿੰਘ ਜੀ ਨੂੰ ਵੰਗਾਰਿਆ ਤੇ 'ਯਾ ਅਲੀ' ਦਾ ਨਾਅਰਾ ਮਾਰ ਕੇ ਅੱਗੇ ਹੋਇਆ। ਬਾਬਾ ਜੀ ਜੋ ਜੰਗੀ ਕਰਤਬ ਦੇ ਮਾਹਿਰ ਸਨ, ਨੇ ਮੌਕਾ ਤਾੜ ਕੇ ਨੇਜਾ (ਬਰਛਾ) ਉਸ ਦੇ ਮੂੰਹ ਵਿਚ ਖੋਭ ਦਿੱਤਾ। ਖ਼ੂਨ ਦੀ ਫੁਹਾਰ ਚੱਲੀ, ਤਕੀ ਬੇਗ ਘੋੜਾ ਮੋੜ ਕੇ ਪਿਛੇ ਨੂੰ ਭੱਜਾ ਤਾਂ ਮੋਮਨ ਖਾਨ ਨੇ ਮਖੌਲ ਕਰਦਿਆਂ ਕਿਹਾ ਕਿ ਖਾਨ ਜੀ ਪਾਨ ਚੱਬ ਰਹੇ ਹੋ! ਤਾਂ ਤਕੀ ਬੇਗ ਨੇ ਇਸ਼ਾਰੇ ਨਾਲ ਕਿਹਾ ਹਾਂ ਬਾਬਾ ਤਾਰਾ ਸਿੰਘ ਅੱਗੇ ਪਾਨ ਵੰਡ ਰਿਹਾ ਹੈ ਤੁਸੀਂ ਵੀ ਲੈ ਆਉ, ਸਿੰਘਾਂ ਦਾ ਹੌਸਲਾ ਤੇ ਫੌਜ ਦਾ ਨੁਕਸਾਨ ਹੁੰਦਾ ਵੇਖ ਕੇ ਮੋਮਨ ਖਾਂ ਨੇ ਧਰਮ ਦਾ ਵਾਸਤਾ ਪਾ ਕੇ ਫੌਜ ਨੂੰ ਲਲਕਾਰਿਆ ਅਤੇ ਫੌਜ ਨੇ ਮੁੱਠੀ ਭਰ ਸਿੰਘਾਂ 'ਤੇ ਇਕੱਠਾ ਇੱਕਦਮ ਹੱਲਾ ਬੋਲਿਆ। ਬਾਬਾ ਤਾਰਾ ਸਿੰਘ ਅਤੇ ਹੋਰ ਸਿੰਘ 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨਾ ਛਾਡੈ ਖੇਤੁ॥' ਦੇ ਪ੍ਰਣ ਨੂੰ ਨਿਭਾਉਂਦਿਆਂ ਸ਼ਹਾਦਤ ਦਾ ਜਾਮ ਪੀ ਕੇ ਸਦਾ ਲਈ ਅਮਰ ਹੋ ਗਏ। ਉਨ੍ਹਾਂ ਦੀ ਸ਼ਹਾਦਤ ਸਬੰਧੀ ਵੀ ਇੱਕ ਤੋਂ ਵੱਧ ਤਾਰੀਖਾਂ ਮਿਲਦੀਆਂ ਹਨ, ਵਧੇਰੇ ਵਿਦਵਾਨ 22 ਫੱਗਣ (5 ਮਾਰਚ) 1725 ਈ. ਨੂੰ ਮੰਨਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਵੀ ਮਹਾਨ ਕੋਸ਼ ਵਿਚ 1725 ਈ. ਦਾ ਜ਼ਿਕਰ ਕੀਤਾ ਹੈ। ਬਾਬਾ ਜੀ ਦੀ ਸ਼ਹਾਦਤ ਬਾਰੇ ਸੁਣ ਕੇ ਜੰਗਲਾਂ ਵਿਚ ਬੈਠੇ ਸਿੰਘਾਂ 'ਤੇ ਬਹੁਤ ਅਸਰ ਹੋਇਆ ਕਿਉਂਕਿ ਉਨ੍ਹਾਂ ਦਾ ਸੰਘਰਸ਼ਮਈ ਸਿੰਘਾਂ ਦੇ ਜਥਿਆਂ ਵਿਚ ਬਹੁਤ ਸਤਿਕਾਰ ਸੀ। ਸਿੰਘਾਂ ਨੇ ਸਰਕਾਰੀ ਦਸਤਿਆਂ 'ਤੇ ਆਪਣੇ ਹਮਲੇ ਤੇਜ਼ ਕਰਕੇ ਬਾਬਾ ਜੀ ਦੀ ਸ਼ਹੀਦੀ ਦਾ ਬਦਲਾ ਲਿਆ।

ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 12 ਤੋਂ 14 ਮਾਰਚ ਤੱਕ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ, ਨੇੜੇ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ ਵਿਖੇ ਮਨਾਈ ਗਈ।

---

## ਕਹਾਣੀ

# ਉਡਾਰੀ ਭਰਦੇ ਬੋਟ

ਸੰਤ ਸਿੰਘ ਨੂੰ ਆਪਣੇ ਇਸ ਨਵੇਂ ਘਰ ਵਿਚ ਰਹਿੰਦਿਆਂ ਇੱਕੀ ਵਰ੍ਹੇ ਹੋ ਗਏ ਹਨ। ਉਸ ਨੇ ਇਕ ਜੁਲਾਈ, 2005 ਨੂੰ ਪਹਿਲੀ ਵਾਰੀ ਗੁਲ ਅਤੇ ਬੁਲਬੁਲ ਦੇ ਜੋੜੇ ਨੂੰ ਘਰ ਦੀ ਬਾਹਰਲੀ ਕੰਧ 'ਤੇ ਬੈਠੇ ਦੇਖਿਆ ਸੀ। ਫ਼ੇਰ ਤਿੰਨ-ਚਾਰ ਦਿਨਾਂ ਵਿਚ ਪੰਛੀਆਂ ਦੇ ਜੋੜੇ ਨੇ ਘਰ ਦੇ ਪੋਰਚ ਵਿਚ ਲਟਕਾਈਆਂ ਦੋ ਟੋਕਰੀਆਂ ਵਿਚੋਂ ਇੱਕ ਵਿਚ ਆਲ੍ਹਣਾ ਬਣਾ ਲਿਆ। ਬੇਸ਼ੱਕ ਉਹ ਪੰਛੀਆਂ ਲਈ ਘਰ ਦੇ ਵਿਹੜੇ ਵਿਚ ਅਤੇ ਛੱਤ 'ਤੇ ਪਹਿਲਾਂ ਤੋਂ ਹੀ



ਪਾਣੀ ਰੱਖਦਾ ਰਿਹਾ ਸੀ ਪਰੰਤੂ ਪੰਛੀ ਜੋੜੇ ਵੱਲੋਂ ਨਵੇਂ ਬਣਾਏ ਆਲ੍ਹਣੇ ਕਾਰਨ ਉਸ ਨੇ ਘੁਮਿਆਰਾਂ ਦੀ ਢੱਠੀ ਜਿਹੀ ਕੱਚੀ ਦੁਕਾਨ ਤੋਂ ਮਿੱਟੀ ਦਾ ਇੱਕ ਹੋਰ ਕਸੋਰਾ ਲੈ ਆਂਦਾ ਸੀ। ਉਸੇ ਦਿਨ ਤੋਂ ਉਸ ਨੇ ਕਸੋਰੇ ਵਿਚ ਪਾਣੀ

**ਡਾ. ਇਕਬਾਲ ਸਿੰਘ ਸਕਰੌਦੀ**
**ਫੋਨ: 84276-85020**

ਭਰ ਕੇ ਆਲ੍ਹਣੇ ਕੋਲ ਲਿਬਰਟੀ ਵਾਲੇ ਗੁਆਂਢੀਆਂ ਨਾਲ ਲੱਗਦੀ ਸਾਂਝੀ ਕੰਧ 'ਤੇ ਰੱਖਣਾ ਸ਼ੁਰੂ ਕਰ ਦਿੱਤਾ। ਨਾਲ ਹੀ ਉਹ ਇੱਕ ਛੋਟੀ ਜਿਹੀ ਕੌਲੀ ਵਿਚ ਕੁਝ ਚੋਗਾ ਵੀ ਖਿਲਾਰ ਦਿੰਦਾ ਸੀ।

ਇੱਕ ਗੱਲ ਦੀ ਉਸ ਨੂੰ ਬੜੀ ਹੈਰਾਨੀ ਹੁੰਦੀ ਸੀ ਕਿ ਪੰਛੀਆਂ ਦਾ ਇਹ ਜੋੜਾ ਉਹਦੇ ਕੋਲੋਂ, ਉਹਦੀ ਪਤਨੀ ਬਸੰਤ ਕੌਰ, ਮਾਂ ਬਚਨ ਕੌਰ ਅਤੇ ਪੁੱਤਰ ਹਰਜੋਤ ਕੋਲੋਂ ਬਿਲਕੁਲ ਨਹੀਂ ਸੀ ਡਰਦਾ। ਜਿਉਂ ਹੀ ਅਗਸਤ ਮਹੀਨੇ ਦਾ ਆਰੰਭ ਹੋਇਆ, ਬੁਲਬੁਲ ਨੇ ਆਂਡਿਆਂ ਵਿਚੋਂ ਦੋ ਬੱਚੇ ਕੱਢ ਲਏ ਸਨ। ਲਗਪਗ ਚਾਰ ਪੰਜ ਦਿਨਾਂ ਵਿਚ ਦੋਵੇਂ ਬੱਚੇ ਛੋਟੀਆਂ-ਛੋਟੀਆਂ ਉਡਾਰੀਆਂ ਭਰਨ ਲੱਗ ਪਏ ਸਨ। ਪੰਦਰਾਂ ਸੋਲਾਂ ਦਿਨਾਂ ਵਿਚ ਪੰਛੀਆਂ ਦਾ ਜੋੜਾ ਅਤੇ ਦੋਵੇਂ ਬੱਚੇ ਉਡਾਰੀ ਮਾਰ ਗਏ।

ਇਹ ਸਿਲਸਿਲਾ ਪਿਛਲੇ ਵੀਹ ਇੱਕੀ ਸਾਲਾਂ ਤੋਂ ਲਗਾਤਾਰ ਚੱਲਦਾ ਆ ਰਿਹਾ ਸੀ। ਪਰੰਤੂ ਇਸ ਵਰ੍ਹੇ ਬੁਲਬੁਲ ਅਤੇ ਗੁਲ ਦੀ ਆਮਦ ਪਹਿਲਾਂ ਨਾਲੋਂ ਕੁਝ ਪਛੜ ਕੇ ਹੋਈ ਸੀ। ਅਗਸਤ ਮਹੀਨੇ ਦੇ ਆਖ਼ਰੀ ਦਿਨ ਲੰਘ ਰਹੇ ਸਨ, ਜਦੋਂ ਇਨ੍ਹਾਂ ਪੰਛੀਆਂ ਦੀ ਆਮਦ ਘਰ ਵਿਚ ਹੋਈ। ਉਸ ਨੂੰ ਯਾਦ ਹੈ ਕਿ ਪੰਜ ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਗਿਆ, ਜਿਸ ਤੋਂ ਅਗਲੇ ਦਿਨ ਹੀ ਉਸ ਨੂੰ ਬੋਟਾਂ ਦੀ ਚੀਂ-ਚੀਂ ਦੀ ਮਧੁਰ ਧੁਨੀ ਸੁਣਾਈ ਦਿੱਤੀ ਸੀ। ਹਮੇਸ਼ਾਂ ਦੀ ਤਰ੍ਹਾਂ ਉਹ ਬਹੁਤ ਖ਼ੁਸ਼ ਹੋਇਆ। ਛੇ ਦਿਨ ਪਿਛੋਂ ਦੋਵਾਂ ਬੋਟਾਂ ਵਿਚੋਂ ਇੱਕ ਨੇ ਛੋਟੀ ਜਿਹੀ ਉਡਾਰੀ ਭਰੀ ਸੀ। ਫ਼ਿਰ ਉਹ ਵਾਰੀ-ਵਾਰੀ ਫੁਦਕਦਾ ਹੋਇਆ ਘਰ ਵਿਚ ਖੜ੍ਹੇ ਅਸ਼ੋਕਾ ਟ੍ਰੀ, ਅਮਰੂਦ, ਕੀਨੂੰ, ਨਿੰਬੂ ਦੇ ਰੁੱਖ ਉੱਤੇ ਜਾ ਬੈਠਾ ਸੀ। ਪਰੰਤੂ ਹੁਣ ਤੱਕ ਦੂਜਾ ਬੋਟ ਆਲ੍ਹਣੇ ਵਿਚ ਹੀ ਬੈਠਾ ਰਿਹਾ ਸੀ।



ਬਾਰਾਂ ਸਤੰਬਰ ਦੀ ਸਵੇਰ ਸੀ। ਉਹ ਪੋਰਚ ਦੇ ਹੇਠਾਂ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਪੰਛੀਆਂ ਦੇ ਜੋੜੇ ਨੇ ਵਾਰ-ਵਾਰ ਉਹਦੇ ਚਿਹਰੇ ਕੋਲ ਆ ਕੇ ਚੀਂ-ਚੀਂ ਕਰਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਨਾਲੋ-ਨਾਲ ਉਹ ਦੋਵੇਂ ਵਾਰੀ-ਵਾਰੀ ਉੱਪਰ ਆਲ੍ਹਣੇ ਵੱਲ ਵੀ ਉਡਾਰੀ ਭਰ ਰਹੇ ਸਨ। ਉਸ ਨੂੰ ਕੋਈ ਸਮਝ ਨਹੀਂ ਸੀ ਲੱਗ ਰਹੀ ਕਿ ਮਸਲਾ ਕੀ ਹੈ? ਕਿਉਂਕਿ ਇੰਨਾ ਜ਼ਿਆਦਾ ਸ਼ੋਰ ਇਸ ਪੰਛੀ ਜੋੜੇ ਨੇ ਪਹਿਲਾਂ ਕਦੇ ਨਹੀਂ ਸੀ ਪਾਇਆ। ਪੰਛੀਆਂ ਦਾ ਸ਼ੋਰ ਸੁਣ ਕੇ ਹੁਣ ਤੱਕ ਬਸੰਤ ਕੌਰ ਵੀ ਬਾਹਰ ਆ ਗਈ ਸੀ। ਬਾਹਰ ਪੋਰਚ ਹੇਠ ਆਉਂਦਿਆਂ ਹੀ ਉਹ ਸਰਦਾਰ ਨੂੰ ਕਹਿਣ ਲੱਗੀ, "ਮੈਂ ਕਿਹਾ, ਸਰਦਾਰ ਸਾਹਿਬ! ਇਹ ਪੰਛੀ ਤੁਹਾਨੂੰ ਕੁਝ ਕਹਿਣਾ ਚਾਹੁੰਦੇ ਨੇ। ਤੁਹਾਨੂੰ ਕੋਈ ਸੁਨੇਹਾ ਲਾ ਰਹੇ ਨੇ। ਜ਼ਰਾ ਗ਼ੌਰ ਨਾਲ ਸਮਝੋ ਕਿ ਆਖ਼ਰ ਮਸਲਾ ਕੀ ਹੈ? ਇਹ ਇੰਨਾ ਸ਼ੋਰ ਕਿਉਂ ਪਾ ਰਹੇ ਨੇ? ਇਹ ਕਹਿਣਾ ਕੀ ਚਾਹੁੰਦੇ ਨੇ?"

ਪਤਨੀ ਦੇ ਕਹਿਣ 'ਤੇ ਉਹ ਕੁਰਸੀ ਤੋਂ ਉੱਠਿਆ। ਉਸ ਨੇ ਪੰਛੀਆਂ ਦੇ ਪਾਣੀ ਪੀਣ ਲਈ ਰੱਖਿਆ ਕਸੋਰਾ ਵੇਖਿਆ। ਉਹਦੇ ਵਿਚ ਸਾਫ਼ ਪਾਣੀ ਭਰਿਆ ਹੋਇਆ ਸੀ। ਫ਼ਿਰ ਉਸ ਨੇ ਚੋਗੇ ਵਾਲੀ ਕੌਲੀ ਦੇਖੀ। ਉਹਦੇ ਵਿਚ ਵੀ ਕਾਫ਼ੀ ਸਾਰੇ ਦਾਣੇ ਪਏ ਸਨ। ਪਰੰਤੂ ਅਜੇ ਤੱਕ ਪੰਛੀ ਜੋੜਾ ਲਗਾਤਾਰ ਸ਼ੋਰ ਪਾ ਰਿਹਾ ਸੀ। ਯਕਦਮ ਉਹਦੇ ਜ਼ਿਹਨ ਵਿਚ ਇੱਕ ਸਵਾਲ ਆਇਆ, "ਇੱਕ ਬੋਟ ਦੋ ਦਿਨ ਪਹਿਲਾਂ ਹੀ ਉਡਾਰੀ ਭਰ ਗਿਆ ਸੀ। ਪਰੰਤੂ ਦੂਜਾ ਬੋਟ ਹੁਣ ਤੱਕ ਕਿਉਂ ਨਹੀਂ ਉੱਡਿਆ?" ਇਹ ਸੋਚਦਿਆਂ ਉਸ ਨੇ ਅਖ਼ਬਾਰ ਨੂੰ ਇੱਕ ਪਾਸੇ ਸਕੂਟਰ ਦੀ ਸੀਟ 'ਤੇ ਰੱਖ ਦਿੱਤਾ। ਉਹ ਗੈਰਾਜ ਖੋਲ੍ਹ ਕੇ ਅੰਦਰੋਂ ਘੋੜਾ ਪੌੜੀ ਚੁੱਕ ਲਿਆਇਆ। ਪੌੜੀ ਨੂੰ ਪੰਛੀਆਂ ਦੇ ਆਲ੍ਹਣੇ ਕੋਲ ਲਗਾ ਲਿਆ। ਜਿਉਂ ਹੀ ਉਹ ਪੌੜੀ 'ਤੇ ਚੜ੍ਹਨ ਲੱਗਾ। ਪੰਛੀ ਜੋੜਾ ਇੱਕ ਪਾਸੇ ਚੁੱਪ-ਚਾਪ ਸ਼ਾਂਤ ਹੋ ਕੇ ਬੈਠ ਗਿਆ।

ਆਲ੍ਹਣੇ ਕੋਲ ਜਾ ਕੇ ਉਸ ਨੇ ਵੇਖਿਆ ਕਿ ਟੋਕਰੀ ਵਿਚ ਲਾਈ ਹੋਈ ਰਾਜਸਥਾਨੀ ਬੂਟੀ ਦੀਆਂ ਜੜ੍ਹਾਂ ਵਿਚ ਪਤੰਗ ਵਾਲੀ ਡੋਰ ਦਾ ਡੇਢ ਕੁ ਫੁੱਟ ਦਾ ਇੱਕ ਟੋਟਾ ਲਿਪਟਿਆ ਹੋਇਆ ਸੀ। ਆਲ੍ਹਣੇ ਵਿਚ ਬੈਠੇ ਬੋਟ ਦੇ ਦੋਵੇਂ ਪੰਜੇ ਡੋਰ ਅਤੇ ਬੂਟੀ ਦੀਆਂ ਜੜ੍ਹਾਂ ਵਿਚ ਉਲਝੇ ਪਏ ਸਨ। ਉਸ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਇਸੇ ਲਿਪਟੀ ਡੋਰ ਕਾਰਨ ਹੀ ਬੋਟ ਉਡਾਰੀ ਨਹੀਂ ਸੀ ਭਰ ਸਕਿਆ। ਉਸ ਨੇ ਬਸੰਤ ਕੌਰ ਨੂੰ ਅਵਾਜ਼ ਮਾਰੀ, "ਸ੍ਰੀਮਤੀ ਜੀ, ਅੰਦਰੋਂ ਕੈਂਚੀ ਤਾਂ ਲੈ ਕੇ ਆਓ। ਇਹ ਡੋਰ ਆਲ੍ਹਿਆਂ ਨੇ ਤਾਂ ਵਿਚਾਰੇ ਬੋਟ ਦੀ ਜਾਨ ਈ ਲੈ ਲੈਣੀ ਸੀ।"

"ਜੀ, ਮੈਂ ਹੁਣੇ ਲਿਆਈ।"

ਬਸੰਤ ਕੌਰ ਕੈਂਚੀ ਲੈ ਕੇ ਕਾਹਲੀ ਨਾਲ ਬਾਹਰ ਆਈ। ਤੇ ਬੋਲੀ, "ਆਹ ਲਓ ਜੀ, ਕੈਂਚੀ।"

ਉਸ ਨੇ ਪਤਨੀ ਦੇ ਹੱਥੋਂ ਕੈਂਚੀ ਫੜੀ ਤੇ ਧਿਆਨ ਨਾਲ ਬੂਟੀ ਦੀਆਂ ਜੜ੍ਹਾਂ ਅਤੇ ਡੋਰ ਦੇ ਧਾਗੇ ਨੂੰ ਹੌਲੀ-ਹੌਲੀ ਕੱਟਿਆ। ਜਿਉਂ ਹੀ ਬੋਟ ਦੇ ਪੰਜੇ ਡੋਰ ਅਤੇ ਬੂਟੀ ਦੀਆਂ ਜੜ੍ਹਾਂ ਤੋਂ ਮੁਕਤ ਹੋਏ, ਉਸ ਨੇ ਬੋਟ ਨੂੰ ਆਪਣੇ ਹੱਥ ਵਿਚ ਫੜ ਲਿਆ। ਥੋੜ੍ਹੀ ਦੇਰ ਬਾਅਦ ਦੁਬਾਰਾ ਬੋਟ ਨੂੰ ਉਸ ਦੇ ਆਲ੍ਹਣੇ ਵਿਚ ਬਿਠਾ ਦਿੱਤਾ। ਜਿਉਂ ਹੀ ਉਹ ਪੌੜੀ ਤੋਂ ਹੇਠਾਂ ਉੱਤਰਿਆ, ਪੰਛੀ ਜੋੜਾ ਯਕਦਮ ਆਪਣੇ ਆਲ੍ਹਣੇ ਵਿਚ ਆ ਬੈਠਿਆ। ਉਸ ਨੇ ਥੋੜ੍ਹੀ ਦੂਰ ਖਲ੍ਹੋ ਕੇ ਉੱਪਰ ਆਲ੍ਹਣੇ ਵੱਲ ਨਜ਼ਰ ਮਾਰੀ। ਤਾਂ ਪੰਛੀ ਜੋੜੇ ਨੇ ਉਸ ਵੱਲ ਵੇਖ ਕੇ ਮੁੜ ਚੀਂ-ਚੀਂ ਕਰਨੀ ਸ਼ੁਰੂ ਕਰ ਦਿੱਤੀ, ਜਿਵੇਂ ਉਹ ਸੰਤ ਸਿੰਘ ਦਾ ਸ਼ੁਕਰਾਨਾ ਕਰਦੇ ਹੋਣ। ਸੰਤ ਸਿੰਘ ਤੇ ਉਹਦੀ ਪਤਨੀ ਨੇ ਦੇਖਿਆ ਕਿ ਅੱਧੇ ਘੰਟੇ ਬਾਅਦ ਦੂਜਾ ਬੋਟ ਵੀ ਉਡਾਰੀ ਭਰ ਚੁੱਕਾ ਸੀ।

# 'ਅੰਤਰਰਾਸ਼ਟਰੀ ਬੋਸਟਨ ਮੈਰਾਥਨ' ਤੇ ਕਈ ਹੋਰ ਮੈਰਾਥਨਾਂ ਦਾ ਦਸਤਾਰਧਾਰੀ ਦੌੜਾਕ - ਧਿਆਨ ਸਿੰਘ ਸੋਹਲ

'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ'(ਟੀ.ਪੀ.ਏ.ਆਰ. ਕਲੱਬ) ਦਾ ਰਸਮੀ ਗਠਨ ਬੇਸ਼ਕ 2017 'ਚ ਹੋਇਆ ਪਰ ਇਸਦੇ ਕਈ ਮੈਂਬਰ ਆਪਣੇ ਆਪ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਰਿਸ਼ਟ-ਪੁਸ਼ਟ ਰੱਖਣ ਲਈ ਇਸ ਤੋਂ ਪਹਿਲਾਂ ਵੀ ਨਿੱਜੀ ਤੌਰ 'ਤੇ ਯਤਨਸ਼ੀਲ ਸਨ। 2014 ਦੀਆਂ ਗਰਮੀਆਂ ਵਿਚ ਇਸ ਕਲੱਬ ਦੇ ਮੁੱਢਲੇ ਮੈਂਬਰ ਸੰਧੂਰਾ ਸਿੰਘ ਬਰਾੜ ਅਤੇ ਹਰਭਜਨ ਸਿੰਘ ਗਿੱਲ ਜੋ ਬਾਅਦ ਵਿਚ ਕ੍ਰਮਵਾਰ ਇਸਦੇ ਚੇਅਰਪਰਸਨ ਅਤੇ ਪ੍ਰਧਾਨ ਬਣੇ, ਸਵੇਰੇ ਸੱਤ ਕੁ ਵਜੇ ਟੌਰਬਰੈਮ ਰੋਡ ਦੇ 'ਵਾਕ-ਵੇਅ' 'ਤੇ ਦੌੜਨ ਲਈ ਨਿਕਲ ਪੈਂਦੇ ਸਨ। ਇਨ੍ਹਾਂ ਦਿਨਾਂ 'ਚ ਹੀ ਟੌਰਬਰਮ ਰੋਡ ਦੇ 'ਵਾਕ-ਵੇਅ' 'ਤੇ ਦੌੜਦਿਆਂ ਉਹ ਅਕਸਰ ਦਸਤਾਰ ਸਜਾਈ ਅਤੇ ਸਲੀਕੇ ਨਾਲ ਕੱਟੀ ਹੋਈ ਫੱਬਵੀਂ ਦਾੜ੍ਹੀ ਵਾਲੇ ਇੱਕ

**ਡਾ. ਸੁਖਦੇਵ ਸਿੰਘ ਝੰਡ**
**ਫ਼ੋਨ : +1 647-567-9128**

ਅੱਧਖੜ ਸ਼ਖ਼ਸ ਨੂੰ ਸਾਹਮਣਿਓਂ ਆਉਂਦਾ ਵੇਖਦੇ। ਉਹ ਆਪਣੀ ਮਸਤ ਚਾਲੇ ਦੌੜਦਾ ਹੋਇਆ ਆਉਂਦਾ ਤੇ ਚੁੱਪ-ਚਾਪ ਉਨ੍ਹਾਂ ਦੇ ਕੋਲੋਂ ਲੰਘ ਜਾਂਦਾ।

ਉਸ ਨੂੰ ਆਉਂਦਿਆਂ ਵੇਖ ਕੇ ਇੱਕ ਦਿਨ ਸੰਧੂਰਾ ਸਿੰਘ ਬਰਾੜ ਨੇ ਰੁਕਣ ਦਾ ਇਸ਼ਾਰਾ ਕੀਤਾ, ਪਰ ਉਹ ਉਸਦੇ ਇਸ ਇਸ਼ਾਰੇ ਨੂੰ ਪੂਰੀ ਤਰ੍ਹਾਂ ਅਣਗੌਲਦਾ ਹੋਇਆ ਉਨ੍ਹਾਂ ਦੇ ਲਾਗੋਂ ਦੀ ਲੰਘ ਗਿਆ। ਉਹ ਦੋਵੇਂ ਉਸ ਦੇ ਇਸ ਅਜੀਬ ਵਿਹਾਰ 'ਤੇ ਬੜੇ ਹੈਰਾਨ ਹੋਏ। ਅਗਲੇ ਦੋ-ਤਿੰਨ ਦਿਨ ਉਨ੍ਹਾਂ ਨਾਲ ਫਿਰ ਇੰਝ ਹੀ ਹੋਇਆ। ਹਰ ਵਾਰ ਉਹ ਉਨ੍ਹਾਂ ਕੋਲੋਂ ਪਾਸਾ ਵੱਟ ਕੇ ਲੰਘ ਜਾਂਦਾ ਰਿਹਾ। ਪਰ ਸੰਧੂਰਾ ਬਰਾੜ ਵੀ ਅੱਗੋਂ ਪੂਰਾ ਸਿਰੜੀ ਤੇ ਜ਼ਿੱਦੀ ਸੀ। ਉਸਨੇ ਹਿੰਮਤ ਨਹੀਂ ਹਾਰੀ ਅਤੇ ਇਕ ਦਿਨ ਉਸਦਾ ਰਾਹ ਰੋਕ ਕੇ ਪੁੱਛਣ ਲੱਗਾ, ਸਰਦਾਰ ਜੀ, ਕੀ ਗੱਲ ਕੋਈ ਨਰਾਜ਼ਗੀ ਆ, ਸਾਡੇ ਨਾਲ? ਅਸੀਂ ਰੋਜ਼ ਤੁਹਾਨੂੰ ਇਕੱਲਿਆਂ ਹੀ ਦੌੜਦੇ ਵੇਖਦੇ ਹਾਂ ਤੇ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਡੇ ਨਾਲ ਦੌੜਿਆ ਕਰੋ।' ਪਹਿਲਾਂ ਤਾਂ ਉਸਨੇ ਨਾਂਹ-ਨੁੱਕਰ ਕੀਤੀ ਪਰ ਫਿਰ ਬਰਾੜ ਨੇ ਅਖ਼ੀਰ ਉਸਨੂੰ ਆਪਣੇ ਨਾਲ ਦੌੜਨ ਲਈ ਮਨਾ ਲਿਆ।

ਦਰਅਸਲ, ਸਰੀਰ ਨੂੰ ਰਿਸ਼ਟ-ਪੁਸ਼ਟ ਤੇ ਸਹੀ ਰੱਖਣ ਲਈ ਹਰੇਕ ਨੂੰ ਥੋੜ੍ਹੀ ਬਹੁਤੀ ਕਸਰਤ ਦੀ ਜ਼ਰੂਰਤ ਤਾਂ ਪੈਂਦੀ ਹੀ ਹੈ ਅਤੇ ਖੇਡਾਂ ਇਸ ਕਸਰਤ ਲਈ ਮੁੱਖ ਸਾਧਨ ਹਨ। ਸੰਸਾਰ-ਭਰ 'ਚ ਪ੍ਰਚੱਲਤ ਖੇਡਾਂ ਵਿਚੋਂ ਦੌੜਨਾ ਸਭ ਤੋਂ ਸਰਲ ਅਤੇ ਆਸਾਨ ਹੈ। ਇਸ ਲਈ ਕਿਸੇ ਟੀਮ, ਖ਼ਾਸ 'ਡਰੈਸ ਕੋਡ' ਜਾਂ ਵਿਸ਼ੇਸ਼ ਕਿਸਮ ਦੇ ਖੇਡ-ਸਮਾਨ ਦੀ ਲੋੜ ਨਹੀਂ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਨਿਯਮਾਂ ਦਾ ਕੋਈ ਵਿਸ਼ੇਸ਼ ਬੰਧੇਜ ਹੈ। ਹਾਕੀ, ਕ੍ਰਿਕਟ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਬੇਸਬਾਲ ਵਰਗੀਆਂ ਖੇਡਾਂ ਵਿਚ ਭਾਗ ਲੈਣ ਲਈ ਖਿਡਾਰੀ ਨੂੰ ਲੋੜੀਂਦੇ ਖੇਡ-ਸਮਾਨ ਦੀ ਲੋੜ ਪੈਂਦੀ ਹੈ ਅਤੇ ਇਨ੍ਹਾਂ ਗੇਮਾਂ ਲਈ ਬਣਾਏ ਗਏ ਨਿਯਮਾਂ ਦੀ ਪਾਲਣਾ ਵੀ ਸਖ਼ਤੀ ਨਾਲ ਕਰਨੀ ਪੈਂਦੀ ਹੈ। ਪਰ ਦੌੜਨ ਲਈ ਅਜਿਹੇ ਵਿਸ਼ੇਸ਼ 'ਸਾਜ਼ੋ-ਸਮਾਨ' ਜਾਂ ਖ਼ਾਸ ਨਿਯਮਾਂ ਦੀ ਬੰਦਸ਼ ਦੀ ਲੋੜ ਨਹੀਂ ਹੈ। ਕੋਈ ਵੀ ਮਨੁੱਖ ਇਕੱਲਾ ਵੀ ਦੌੜ ਸਕਦਾ ਹੈ ਅਤੇ ਉਹ ਆਪਣੇ ਸਾਥੀਆਂ ਨਾਲ ਮਿਲ ਕੇ ਦੌੜਨ ਦਾ ਵੀ ਅਨੰਦ ਲੈ ਸਕਦਾ ਹੈ।

... ਤੇ ਟੌਰਬਰਮ ਰੋਡ ਦੇ ਵਾੱਕ-ਵੇਅ 'ਤੇ ਦੌੜਨ ਵਾਲਾ ਉਹ 'ਅੱਧਖੜ ਸ਼ਖ਼ਸ' ਵੀ ਤਾਂ ਆਪਣੀ ਮੌਜ ਵਿਚ ਰੋਜ਼ ਇਕੱਲਾ ਹੀ ਦੌੜਦਾ ਸੀ। ਇਹ ਸ਼ਖ਼ਸ ਸੀ, ਧਿਆਨ ਸਿੰਘ ਸੋਹਲ, ਜੋ ਬੇਹੱਦ ਸੰਗਾਊ ਸੁਭਾਅ ਦਾ ਮਾਲਕ ਸੀ ਤੇ ਹੁਣ ਵੀ ਉਵੇਂ ਹੀ ਹੈ। ਤਾਂ ਹੀ ਉਸ ਨੂੰ ਆਪਣੇ ਨਾਲ ਰਲਾਉਣ ਲਈ ਸੰਧੂਰਾ ਬਰਾੜ ਨੂੰ ਕਈ ਦਿਨ ਲੱਗ ਗਏ। ਦੌੜਨ ਦਾ ਅਭਿਆਸ ਤਾਂ ਉਸਦਾ ਪਹਿਲਾਂ ਹੀ ਬਥੇਰਾ ਸੀ। ਇਨ੍ਹਾਂ ਦੋਹਾਂ ਸੱਜਣਾਂ ਦੀ ਪ੍ਰੇਰਨਾ ਨਾਲ ਉਸ ਨੂੰ ਦੌੜਨ ਲਈ ਹੋਰ ਉਤਸ਼ਾਹ ਤੇ ਹੌਸਲਾ ਮਿਲਿਆ ਅਤੇ ਉਨ੍ਹਾਂ ਨਾਲ ਮਿਲ ਕੇ ਉਸਨੇ ਪਹਿਲੀ ਵਾਰ ਅਕਤੂਬਰ 2014 ਵਿਚ 'ਟੋਰਾਂਟੋ ਸਕੋਸ਼ੀਆ ਬੈਂਕ ਵਾਟਰਫਰੰਟ ਮੈਰਾਥਨ ਈਵੈਂਟ ਵਿਚ 21 ਕਿਲੋਮੀਟਰ 'ਹਾਫ਼-ਮੈਰਾਥਨ' ਲਗਾਈ। ਫਿਰ 22 ਮਈ 2015 ਨੂੰ ਉਸਨੇ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਕਰਵਾਈ ਗਈ 'ਇੰਸਪੀਰੇਸ਼ਨਲ ਸਟੈਪਸ-2015' ਵਿਚ ਭਾਗ ਲਿਆ ਅਤੇ ਅਕਤੂਬਰ 2015 ਵਿਚ 'ਟੋਰਾਂਟੋ ਸਕੋਸ਼ੀਆ ਬੈਂਕ ਵਾਟਰਫਰੰਟ ਫੁੱਲ ਮੈਰਾਥਨ' ਲਗਾਈ। ਇਸ ਤਰ੍ਹਾਂ ਉਸਦਾ ਲੰਮੀਆਂ ਦੌੜਾਂ ਵਿਚ ਭਾਗ ਲੈਣ ਦਾ ਸਿਲਸਿਲਾ ਆਰੰਭ ਹੋ ਗਿਆ ਅਤੇ ਫਿਰ ਉਸਨੇ ਪਿੱਛੇ ਭੌਂਅ ਕੇ ਨਹੀਂ ਵੇਖਿਆ। ਉਸ ਤੋਂ ਬਾਅਦ ਉਹ ਹਰ ਸਾਲ ਕਰਵਾਏ ਜਾਂਦੇ ਈਵੈਂਟਾਂ 'ਇੰਸਪੀਰੇਸ਼ਨਲ ਸਟੈਪਸ', 'ਬਰੈਂਪਟਨ ਹਾਫ਼-ਮੈਰਾਥਨ, 'ਜੌਰਜਿਨਾ ਮੈਰਾਥਨ', 'ਚਿੱਲੀ ਹਾਫ਼-ਮੈਰਾਥਨ', 'ਪੀਟਰਬੋਰੋ ਬਟਰਫਲਾਈ ਰਨ', 'ਬਿੱਬੋ ਗਲੋਬਲ ਰਨ', ਪੀਲ ਪੋਲੀਸ ਦੀ 'ਰੇਸ ਅਗੇਨਸਟ ਰੇਸਿਜ਼ਮ', ਆਦਿ ਵਿਚ ਲਗਾਤਾਰ ਭਾਗ ਲੈ ਰਿਹਾ ਹੈ।

ਇਸ ਦੌਰਾਨ 2017 ਵਿਚ ਟੀ.ਪੀ.ਏ.ਆਰ. ਕਲੱਬ ਬਰੈਂਪਟਨ ਬਾਕਾਇਦਾ ਹੋਂਦ ਵਿਚ ਆ ਗਈ ਅਤੇ ਇਸਦੇ ਚੇਅਰਪਰਸਨ ਸੰਧੂਰਾ ਬਰਾੜ ਨੇ ਧਿਆਨ ਸੋਹਲ ਨੂੰ ਕਲੱਬ ਦੇ ਸਰਗਰਮ ਮੈਂਬਰ ਕਰਮਜੀਤ ਖੰਗੂੜਾ ਕੋਚ, ਜੋ ਖ਼ੁਦ ਸਫ਼ਲ ਮੈਰਾਥਨ ਰੱਨਰ ਵਜੋਂ ਉਸ ਸਮੇਂ 100 ਤੋਂ ਵਧੇਰੇ ਮੈਰਾਥਨਾਂ ਵਿਚ ਭਾਗ ਲੈ ਚੁੱਕਾ ਸੀ, ਨਾਲ ਮਿਲਾਇਆ। ਉਸ ਨੇ ਦੌੜਾਂ ਦੇ ਇਸ 'ਹੀਰੇ' ਨੂੰ ਖ਼ੂਬ ਤਰਾਸ਼ਿਆ ਅਤੇ ਕਲੱਬ ਦੇ ਬੇਸ਼-ਕੀਮਤੀ 'ਨਗੀਨੇ' ਦੇ ਰੂਪ ਵਿਚ ਪੇਸ਼ ਕੀਤਾ। ਉਸਨੂੰ ਲੰਮੀ ਦੌੜ ਦੌੜਨ ਦੀਆਂ ਅਜੋਕੀਆਂ ਵਿਗਿਆਨਕ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਖੁਦ ਉਸ ਦੇ ਨਾਲ-ਨਾਲ ਦੌੜ ਕੇ ਇਸਦੇ 'ਵਿਹਾਰਕ' (ਪ੍ਰੈਕਟੀਕਲ) ਪੱਖਾਂ ਬਾਰੇ ਚਾਨਣਾ ਪਾਇਆ। ਇਸ ਦੌਰਾਨ ਧਿਆਨ ਸਿੰਘ ਸੋਹਲ ਨੇ ਦਾਹੜੀ ਰੱਖ ਲਈ ਅਤੇ ਖ਼ੂਬਸੂਰਤ ਦਸਤਾਰ ਸਜਾ ਕੇ ਪ੍ਰਕਾਸ਼ ਹੋਈ ਲੰਮੀ ਦਾਹੜੀ ਨਾਲ ਪੂਰਨ ਸਿੱਖੀ ਸਰੂਪ ਵਿਚ ਦੌੜਨ ਲੱਗਾ।

ਇਸ ਤੋਂ ਪਹਿਲਾਂ ਧਿਆਨ ਸਿੰਘ ਸੋਹਲ ਆਪਣੀ ਹਿੱਕ ਦੇ ਜ਼ੋਰ ਨਾਲ ਹੀ ਦੌੜਦਾ ਸੀ ਪਰ ਕਰਮਜੀਤ ਕੋਚ ਦੀ ਯੋਗ ਸਿਖਲਾਈ ਅਤੇ ਅਗਵਾਈ ਵਿਚ 2017 ਵਿਚ ਉਸਨੇ ਹੈਮਿਲਟਨ ਦੀ 30 ਕਿਲੋਮੀਟਰ 'ਅਰਾਊਂਡ ਦ ਬੇਅ ਦੌੜ' ਵਿਚ ਹਿੱਸਾ ਲੈ ਕੇ ਇਹ 2 ਘੰਟੇ 47 ਮਿੰਟ 'ਚ ਸਫ਼ਲਤਾ-ਪੂਰਵਕ ਸੰਪੰਨ ਕੀਤੀ ਅਤੇ ਏਸੇ ਸਾਲ ਟੋਰਾਂਟੋ ਵਿਚ ਹੋਈ 'ਗੁੱਡਲਾਈਫ਼ ਫ਼ਿਟਨੈਸ ਟੋਰਾਂਟੋ ਫੁੱਲ ਮੈਰਾਥਨ' 3 ਘੰਟੇ 51 ਮਿੰਟ 'ਚ ਪੂਰੀ ਕਰਕੇ ਅੰਤਰਰਾਸ਼ਟਰੀ ਬੋਸਟਨ ਮੈਰਾਥਨ ਦੌੜਨ ਲਈ ਕੁਆਲੀਫ਼ਾਈ ਕੀਤਾ। ਪਰ ਉਸ ਸਾਲ ਬੋਸਟਨ ਦੀ ਇਸ ਮੈਰਾਥਨ ਵਿਚ ਉਸਦੇ ਨਾਲੋਂ ਘੱਟ ਸਮਾਂ ਲੈਣ ਵਾਲੇ ਮੈਰਾਥਨ ਦੌੜਾਕਾਂ ਦੀ ਗਿਣਤੀ ਪੂਰੀ ਹੋ ਜਾਣ ਕਰਕੇ ਉਹ ਇਸ ਅੰਤਰਰਾਸ਼ਟਰੀ ਮੈਰਾਥਨ ਵਿਚ ਭਾਗ ਨਾ ਲੈ ਸਕਿਆ ਅਤੇ ਉਸ ਤੋਂ ਅਗਲੇਰੇ ਸਾਲ 2019 ਦੀ 'ਟੋਰਾਂਟੋ ਸਕੋਸ਼ੀਆ ਬੈਂਕ ਵਾਟਰਫਰੰਟ ਮੈਰਾਥਨ' ਉਸ ਤੋਂ ਵੀ ਘੱਟ ਸਮਾਂ ਲੈਂਦਿਆਂ ਹੋਇਆਂ ਦੋਬਾਰਾ ਫਿਰ ਕੁਆਲੀਫ਼ਾਈ ਕੀਤਾ। 2020 ਵਿਚ ਸਾਰੀ ਦੁਨੀਆਂ ਵਿਚ 'ਕਰੋਨਾ ਮਹਾਂਮਾਰੀ' ਫ਼ੈਲ ਜਾਣ ਕਰਕੇ ਖੇਡਾਂ ਦਾ ਕੋਈ ਵੀ ਈਵੈਂਟ ਆਯੋਜਿਤ ਨਾ ਹੋ ਸਕਿਆ ਅਤੇ ਧਿਆਨ ਸਿੰਘ ਸੋਹਲ ਨੇ ਉਸ ਤੋਂ ਅਗਲੇ ਸਾਲ 11 ਅਕਤੂਬਰ 2021 ਨੂੰ '125ਵੀਂ ਅੰਤਰਰਾਸ਼ਟਰੀ ਬੋਸਟਨ ਮੈਰਾਥਨ' ਵਿਚ ਸਫ਼ਲਤਾ ਪੂਰਵਕ ਹਿੱਸਾ ਲਿਆ। ਇਸ ਮੈਰਾਥਨ ਦੌੜ ਨੂੰ ਪੂਰੀ ਕਰਨ ਲਈ ਭਾਵੇਂ ਉਸਨੂੰ ਚਾਰ ਘੰਟੇ ਤੋਂ ਵੀ ਵਧੀਕ ਸਮਾਂ ਲੱਗ ਗਿਆ ਪਰ ਇਹ ਉਸ ਲਈ ਬੜੇ ਮਾਣ ਵਾਲੀ ਗੱਲ ਸੀ, ਕਿਉਂਕਿ ਇਨ੍ਹਾਂ ਅੰਤਰਰਾਸ਼ਟਰੀ 'ਵੱਕਾਰੀ ਦੌੜਾਂ' ਨੂੰ ਸਫ਼ਲਤਾ ਪੂਰਵਕ ਪੂਰਿਆਂ ਕਰਨਾ ਹੀ ਵੱਡੀ ਪ੍ਰਾਪਤੀ ਮੰਨੀ ਜਾਂਦੀ ਹੈ। ਦਸਤਾਰ ਅਤੇ ਖੁੱਲ੍ਹੀ ਦਾਹੜੀ ਨਾਲ ਇਸ ਵੱਕਾਰੀ ਮੈਰਾਥਨ ਵਿਚ ਦੌੜਦਿਆਂ ਉਹ ਬਜ਼ੁਰਗ ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਦਾ 'ਦੂਸਰਾ ਰੂਪ' ਹੀ ਲੱਗ ਰਿਹਾ ਸੀ।

ਧਿਆਨ ਸਿੰਘ ਸੋਹਲ ਦੇ ਪਿਛੋਕੜ ਵੱਲ ਨਜ਼ਰ ਮਾਰੀਏ ਤਾਂ ਇਹ ਦੁਆਬੇ ਦੇ ਜ਼ਿਲ੍ਹੇ ਨਵਾਂ ਸ਼ਹਿਰ ਦਾ ਹੈ, ਜਿਸ ਦੇ ਪਿੰਡ ਸਹੂੰਗੜਾ ਵਿਚ ਉਸਦਾ ਜਨਮ 19 ਮਈ 1956 ਨੂੰ ਪਿਤਾ ਸ. ਤਰਸੇਮ ਸਿੰਘ ਤੇ ਮਾਤਾ ਅਮਰ ਕੌਰ ਦੇ ਘਰ ਹੋਇਆ। ਪੰਜਵੀਂ ਤੱਕ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹੀ ਪੜ੍ਹਿਆ ਅਤੇ ਫਿਰ ਅੱਗੋਂ ਸਰਕਾਰੀ ਹਾਈ ਸਕੂਲ ਵਿਚ ਛੇਵੀਂ 'ਚ ਦਾਖ਼ਲਾ ਲੈ ਲਿਆ। ਇੱਥੇ ਉਹ ਸੱਤਵੀਂ ਜਮਾਤ ਤੱਕ ਹੀ ਪੜ੍ਹ ਸਕਿਆ



ਅਤੇ ਫਿਰ ਆਪਣੇ ਪਿਤਾ ਜੀ ਨਾਲ ਖੇਤੀਬਾੜੀ ਦਾ 'ਪਿਤਾ-ਪੁਰਖੀ' ਕੰਮ ਸੰਭਾਲਣ ਵਿਚ ਮਦਦ ਕਰਨ ਲੱਗ ਪਿਆ। 1978 ਵਿਚ ਉਸਦਾ ਵਿਆਹ ਦੁਆਬੇ ਦੇ ਪਿੰਡ ਰੋਡ ਮਜਾਰਾ ਦੀ ਬੀਬੀ ਗੁਰਦੇਵ ਕੌਰ ਨਾਲ ਹੋ ਗਿਆ। ਅੱਗੋਂ ਉਨ੍ਹਾਂ ਦੇ ਘਰ ਦੋ ਬੇਟਿਆਂ ਮਨਜਿੰਦਰ ਸਿੰਘ ਤੇ ਕੁਲਦੀਪ ਸਿੰਘ ਨੇ ਜਨਮ ਲਿਆ।

ਕਈ ਹੋਰ ਪੰਜਾਬੀਆਂ ਵਾਂਗ ਚੰਗੇਰੇ ਭਵਿੱਖ ਦੀ ਆਸ ਵਿਚ ਉਹ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿਚ ਚੰਗੇ ਕੰਮ-ਕਾਜ ਦੀ ਤਲਾਸ਼ ਵਿਚ ਅਰਬ ਦੇਸ਼ਾਂ ਵੱਲ ਚੱਲ ਪਿਆ। ਪਹਿਲਾਂ ਲਿਬਨਾਨ ਜਾ ਕੇ ਇੱਕ ਭੱਠੇ ਉੱਪਰ ਇੱਟਾਂ ਪੱਥਣ ਤੇ ਪਕਾਉਣ ਦਾ ਕੰਮ ਕੀਤਾ ਅਤੇ ਮਗਰੋਂ ਲਿਬੀਆ, ਸੀਰੀਆ, ਤੁਰਕੀ, ਗਰੀਸ, ਇਟਲੀ, ਬਰਾਜ਼ੀਲ ਅਤੇ ਇੰਗਲੈਂਡ ਜਾ ਕੇ ਖੇਤੀਬਾੜੀ ਤੇ ਫ਼ੈਕਟਰੀਆਂ ਵਿਚ ਕਈ ਹੌਲੇ-ਭਾਰੇ ਕੰਮ ਕਰਕੇ ਕਿਸਮਤ ਅਜ਼ਮਾਈ। ਪਰ ਇਹ ਸਿਲਸਿਲਾ ਉਸਨੂੰ ਬਹੁਤਾ ਰਾਸ ਨਾ ਆਇਆ ਅਤੇ ਅਖ਼ੀਰ 1997 ਵਿਚ ਉਸਨੇ ਕੈਨੇਡਾ ਵੱਲ ਨੂੰ ਰੁਖ਼ ਕਰ ਲਿਆ। ਇੱਥੇ ਉਹ ਪਹਿਲਾਂ ਕਿਊਬਿਕ ਸੂਬੇ ਦੇ ਸ਼ਹਿਰ ਮਾਂਟਰੀਆਲ ਵਿਚ 'ਰਫ਼ਿਊਜੀ' ਵਜੋਂ ਪਹੁੰਚਿਆ ਅਤੇ ਤਿੰਨ ਕੁ ਸਾਲ ਉੱਥੇ ਏ.ਸੀ. ਬਣਾਉਣ ਵਾਲੀ ਇੱਕ ਫ਼ੈਕਟਰੀ ਵਿਚ ਕੰਮ ਕੀਤਾ। ਉੱਥੇ ਫ਼ਰੈਂਚ ਭਾਸ਼ਾ ਸਮਝਣ ਤੇ ਬੋਲਣ ਦੀ ਦਿੱਕਤ ਹੋਣ ਕਰਕੇ ਸੰਨ 2000 ਵਿਚ ਉਹ 'ਪੰਜਾਬੀਆਂ ਦੇ ਗੜ੍ਹ' ਬਰੈਂਪਟਨ ਆ ਗਿਆ।

ਇੱਥੇ ਪੰਜਾਬੀ ਭਾਈਚਾਰੇ ਵਿਚ ਆ ਕੇ ਉਸਦਾ ਮਨ ਵਧੀਆ ਲੱਗ ਗਿਆ। ਨੌਕਰੀ ਵੀ ਇੱਕ ਫ਼ੈਕਟਰੀ ਵਿਚ ਚੰਗੀ ਮਿਲ ਗਈ। ਜਲਦੀ ਹੀ 'ਫੋਰਕ-ਲਿਫ਼ਟ' ਚਲਾਉਣ ਦਾ ਲਾਇਸੈਂਸ ਲੈ ਲਿਆ ਅਤੇ ਆਮ ਲੇਬਰ ਤੋਂ 'ਫੋਰਕ-ਲਿਫ਼ਟ ਡਰਾਈਵਰ' ਬਣ ਗਿਆ ਜਿਸ ਨਾਲ ਉਸਦੀ ਤਨਖ਼ਾਹ ਵਿਚ ਵੀ ਕੁਝ ਵਾਧਾ ਹੋ ਗਿਆ। ਇੱਥੇ ਉਸਨੇ ਪੰਜਾਬ ਤੋਂ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਬੁਲਾ ਲਿਆ। ਫ਼ੈਕਟਰੀ ਦੇ ਮਾਲਕਾਂ ਨੂੰ ਉਸਦਾ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਕੀਤਾ ਗਿਆ ਕੰਮ ਬਹੁਤ ਪਸੰਦ ਆਇਆ ਅਤੇ ਉਸਨੂੰ ਉਤਸ਼ਾਹਿਤ ਕਰਨ ਲਈ ਉਹ ਉਸਦੀ ਤਨਖ਼ਾਹ ਵਿਚ ਸਮੇਂ-ਸਮੇਂ ਵਾਧਾ ਕਰਦੇ ਗਏ। ਦਾਈ-ਦਹਾਕਿਆਂ ਤੋਂ ਬਾਅਦ ਵੀ ਧਿਆਨ ਸਿੰਘ ਸੋਹਲ 70 ਸਾਲ ਦੀ ਉਮਰ ਵਿਚ ਵੀ ਓਸੇ ਫ਼ੈਕਟਰੀ ਵਿਚ ਕੰਮ ਕਰ ਰਿਹਾ ਹੈ ਅਤੇ ਨਾਲ ਹੀ ਦੌੜਨ ਦੀਆਂ ਆਪਣੀਆਂ ਸਰਗਰਮੀਆਂ ਵੀ ਬਰਾਬਰ ਜਾਰੀ ਰੱਖ ਰਿਹਾ ਹੈ। ਅਲਬੱਤਾ! ਹੁਣ ਕਦੇ-ਕਦੇ ਉਸਦੇ ਮਨ 'ਚ ਕੰਮ ਤੋਂ 'ਸੇਵਾ-ਮੁਕਤੀ' ਲੈਣ ਦਾ ਖ਼ਿਆਲ ਆਉਂਦਾ ਹੈ, ਪਰ ਫ਼ੈਕਟਰੀ ਦੇ ਮਾਲਕ ਅਜੇ ਵੀ ਇਸ ਲਈ ਹਾਮੀ ਨਹੀਂ ਭਰ ਰਹੇ।

ਇਮਾਨਦਾਰੀ ਤੇ ਦਿਆਨਤਦਾਰੀ ਬਾਰੇ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਅਰਬ ਦੇਸ਼ਾਂ ਵੱਲੋਂ ਕੈਨੇਡਾ ਵੱਲ ਆਉਣ ਦਾ ਸਬੱਬ ਉਸਦਾ ਅਚਾਨਕ ਹੀ ਬਣਿਆ। ਉਸ ਸਮੇਂ ਉਸਦੇ ਕਈ ਫ਼ੈਕਟਰੀ ਮਾਲਕਾਂ ਵੱਲੋਂ ਅਜੇ ਪੈਸੇ ਆਉਣੇ ਰਹਿੰਦੇ ਸਨ ਅਤੇ ਉਨ੍ਹਾਂ ਨੇ ਉਹ ਪੈਸੇ ਬਾਅਦ ਵਿਚ ਉਸਦੇ ਜਾਣਕਾਰ ਦੋਸਤਾਂ-ਮਿੱਤਰਾਂ ਦੇ ਹੱਥ ਮਾਂਟਰੀਆਲ ਭਿਜਵਾਏ। ਧਿਆਨ ਸਿੰਘ ਸੋਹਲ ਦਾ ਕਹਿਣਾ ਹੈ ਕਿ ਸਖ਼ਤ ਮਿਹਨਤ, ਇਮਾਨਦਾਰੀ ਤੇ ਦਿਆਨਤਦਾਰੀ ਬੜੇ ਚੰਗੇ ਗੁਣ ਹਨ ਪਰ ਇਹ ਇਮਾਨਦਾਰੀ ਦੋਵੇਂ ਪਾਸਿਆਂ ਤੋਂ ਹੋਣੀ ਚਾਹੀਦੀ ਹੈ।

ਖਾਣ-ਪੀਣ ਦੀਆਂ ਆਦਤਾਂ ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ ਕੈਨੇਡਾ ਆਉਣ ਤੋਂ ਪਹਿਲਾਂ ਤਾਂ ਉਹ ਸਭ ਕੁਝ ਖਾ ਪੀ ਲੈਂਦਾ ਸੀ ਪਰ ਇੱਥੇ ਆ ਕੇ ਉਸ ਨੇ ਮਾਸਾਹਾਰੀ ਖਾਣੇ ਅਤੇ ਸ਼ਰਾਬ ਪੀਣ ਤੋਂ ਤੌਬਾ ਕਰ ਲਈ। ਹੁਣ ਇਸ ਸਮੇਂ ਉਸਦਾ ਭੋਜਨ ਬਿਲਕੁਲ 'ਸ਼ਾਕਾਹਾਰੀ 'ਹੈ। ਉਸਨੇ ਦੱਸਿਆ ਕਿ ਉਹ ਤੜਕੇ ਚਾਰ ਵਜੇ ਉੱਠਦਾ ਹੈ ਅਤੇ ਨਿਤਾ-ਪ੍ਰਤੀ ਕਿਰਿਆਵਾਂ ਤੇ ਇਸ਼ਨਾਨ-ਪਾਣੀ ਤੋਂ ਬਾਦ ਪਾਠ-ਪੂਜਾ ਵਿਚ ਕੁਝ ਸਮਾਂ 'ਧਿਆਨ' ਲਗਾਉਣ ਉਪਰੰਤ ਸੈਰ ਜਾਂ ਥੋੜ੍ਹਾ ਜਿਹਾ ਦੌੜਨ ਲਈ ਚੱਲ ਪੈਂਦਾ ਹੈ। ਉਸ ਤੋਂ ਬਾਅਦ ਫਿਰ ਉਸਨੇ ਹਫ਼ਤੇ ਵਿਚ ਪੰਜ ਦਿਨ ਕੰਮ 'ਤੇ ਵੀ ਜਾਣਾ ਹੁੰਦਾ ਹੈ। ਲੰਮੀ ਦੌੜ ਦਾ ਅਭਿਆਸ ਉਹ 'ਵੀਕ-ਐਂਡਜ਼' 'ਤੇ ਹੀ ਕਰਦਾ ਹੈ।

ਧਿਆਨ ਸਿੰਘ ਸੋਹਲ ਨੇ ਕਲੱਬ ਦੇ ਆਪਣੇ ਸਾਥੀਆਂ ਨਾਲ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ 2017 ਵਿਚ ਚੜ੍ਹੀਆਂ। ਪੌੜੀਆਂ ਚੜ੍ਹਨ ਦੇ ਇਸ ਈਵੈਂਟ ਅਤੇ ਵੱਖ-ਵੱਖ ਦੌੜਾਂ ਵਿਚ ਹਿੱਸਾ ਲੈਣ ਲਈ ਉਸਨੂੰ ਆਪਣੀ ਪਤਨੀ ਅਤੇ ਪੁੱਤਰਾਂ ਮਨਜਿੰਦਰ ਸਿੰਘ ਤੇ ਕੁਲਦੀਪ ਸਿੰਘ ਕੋਲੋਂ ਹਮੇਸ਼ਾ ਭਰਪੂਰ ਸਹਿਯੋਗ ਮਿਲਿਆ ਹੈ ਅਤੇ ਇਹ ਹੁਣ ਵੀ ਨਿਰੰਤਰ ਮਿਲ ਰਿਹਾ ਹੈ। ਜੀਵਨ ਵਿਚ ਆਪਣੀਆਂ ਸਮੁੱਚੀਆਂ ਪ੍ਰਾਪਤੀਆਂ ਦਾ ਸਿਹਰਾ ਉਹ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਕੋਚ ਕਰਮਜੀਤ ਖੰਗੂੜਾ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਸਿਰ ਬੰਨ੍ਹਦਾ ਹੈ।

ਇਹ ਪੁੱਛਣ 'ਤੇ ਕਿ ਉਹ ਆਪਣੇ ਇਸ ਅਜੋਕੇ ਜੀਵਨ ਅਤੇ ਅਰਬ ਦੇਸ਼ਾਂ, ਇਟਲੀ ਤੇ ਇੰਗਲੈਂਡ, ਆਦਿ ਦੇਸ਼ਾਂ ਵਿਚ ਬਿਤਾਏ ਹੋਏ ਸਮੇਂ ਨੂੰ ਕਿਵੇਂ ਵੇਖਦਾ ਹੈ, ਬਾਰੇ ਉਸਨੇ ਦੱਸਿਆ ਕਿ ਇਹ ਅਜੋਕਾ ਸਮਾਂ ਉਸ ਲਈ 'ਸਵਰਗ' ਦੀ ਨਿਆਈਂ ਹੈ ਅਤੇ ਉਹ ਇਸਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਖ਼ੂਬ ਮਾਣ ਰਿਹਾ ਹੈ। ਉਨ੍ਹਾਂ ਦੇਸ਼ਾਂ ਵਿਚ ਤਾਂ 'ਜੀਵਨ-ਗੱਡੀ' ਨੂੰ 'ਧੱਕਾ ਦੇਣ' ਵਾਲੀ ਗੱਲ ਹੀ ਸੀ। ਇੱਕ ਹੋਰ ਸੁਆਲ ਕਿ ਅਜੋਕੀ ਪੀੜ੍ਹੀ ਦੇ ਨੌਜੁਆਨਾਂ ਅਤੇ ਨਵੇਂ ਆਏ ਇਮੀਗਰੈਂਟਾਂ ਲਈ ਉਸਦਾ ਕੀ ਸੁਨੇਹਾ ਹੈ, ਬਾਰੇ ਉਸਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਨੇਕ-ਨੀਅਤੀ ਅਤੇ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੇ ਆਚਰਣ ਨੂੰ ਉੱਚਾ, ਸੁੱਚਾ ਤੇ ਸਹੀ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਉਮਰ ਦੇ 70ਵੇਂ ਵਰ੍ਹੇ ਵਿਚ ਵਿਚਰਦਿਆਂ ਧਿਆਨ ਸਿੰਘ ਸੋਹਲ ਰਿਸ਼ਟ-ਪੁਸ਼ਟ, ਊਰਜਾ, ਉਤਸ਼ਾਹ ਅਤੇ ਦਮ-ਖ਼ਮ ਨਾਲ ਭਰਪੂਰ ਹੈ। ਦੌੜਨ ਲੱਗਿਆਂ ਉਹ ਰਵਾਂ-ਰਵੀਂ ਇਕਸਾਰ ਦੌੜਦਾ ਹੈ ਅਤੇ ਆਪਣੀ ਮੰਜ਼ਲ ਵੱਲ ਵੱਧਦਾ ਚੱਲਿਆ ਜਾਂਦਾ ਹੈ। ਪ੍ਰਮਾਤਮਾ ਉਸਨੂੰ ਜੀਵਨ ਵਿਚ ਤੰਦਰੁਸਤੀ ਅਤੇ ਹੋਰ ਕਾਮਯਾਬੀਆਂ ਬਖ਼ਸ਼ੇ!

# ਅਜੋਕੀ ਗਾਇਕੀ; ਜੱਟ ਦਾ ਰਲਾਊਟੂ ਵਾਜਾ ਵਾਜਿਆਂ ਦੇ ਨਾਲ ਵੱਜਦਾ

ਸਾਡੇ ਇਲਾਕੇ 'ਚ ਉਪਰੋਕਤ ਕਹਾਵਤ ਪ੍ਰਚਲਿਤ ਹੈ ਅਤੇ ਹਰ ਕਹਾਵਤ ਮਗਰ ਇੱਕ ਕਹਾਣੀ ਵੀ ਹੁੰਦੀ ਹੈ। ਬਹੁਤ ਸਮਾਂ ਪਹਿਲਾਂ ਸੱਥ 'ਚ ਬਜ਼ੁਰਗਾਂ ਤੋਂ ਸੁਣਿਆ ਕਿ ਇੱਕ ਵਾਰ ਕਿਸੇ ਦੇ ਵਿਆਹ 'ਚ ਵਾਜੇ ਪੀਪਣੀਆਂ ਵਾਲੇ ਆਏ ਹੋਏ ਸਨ ਅਤੇ ਉਹ ਪੂਰੇ ਜੋਸ਼ ਵਿਚ ਵਾਜਾ ਵਜਾ ਰਹੇ ਸਨ। ਐਨੇ ਨੂੰ ਇੱਕ ਗਰੁਮੈਲਾ ਹੋਇਆ ਨੌਜਵਾਨ ਆਪਣੇ ਬਾਹਰਲੇ ਘਰੋਂ ਪੋਰ ਚੁੱਕ ਲਿਆਇਆ ਅਤੇ ਵਾਜਿਆਂ ਵਾਲਿਆਂ ਦੇ ਵਿਚਕਾਰ ਖੜ੍ਹ ਕੇ ਉੱਪਰ ਨੂੰ ਮੂੰਹ ਕਰਕੇ ਲੱਗਿਆ ਫੂਕਾਂ ਮਾਰਨ। ਨਵੀਂ ਪੀੜ੍ਹੀ ਨੂੰ ਸ਼ਾਇਦ ਪੋਰ ਸ਼ਬਦ ਬਾਰੇ ਨਾ ਪਤਾ ਹੋਵੇ, ਇਹ ਲੋਹੇ ਦੀ ਪਾਈਪ ਦਾ ਬਣਿਆ ਹੁੰਦਾ ਸੀ ਅਤੇ ਇਸ ਦੇ ਉੱਪਰਲੇ ਪਾਸੇ ਤੇਲ ਪਾਉਣ ਵਾਲੀ ਟੀਪ ਵਾਂਗੂੰ ਲੱਗਾ ਹੁੰਦਾ ਸੀ ਜੋ ਬਲਦਾਂ ਦੇ ਹਲ/ਹਲੀਰੀ ਉੱਪਰ ਲਗਾ ਕੇ ਬੀਜ ਕੇਰਨ ਲਈ ਵਰਤਿਆ ਜਾਂਦਾ ਸੀ।

ਪੋਰ 'ਚ ਫੂਕਾਂ ਮਾਰ ਕੇ ਵਾਜਾ ਵਜਾਉਣ ਦੀ ਫੀਲਿੰਗ ਲੈ ਰਹੇ ਨੌਜਵਾਨ ਨੂੰ ਕੋਲ ਖੜ੍ਹੇ ਸਿਆਣੇ ਬੰਦੇ ਕਹਿੰਦੇ:

'ਤੂੰ ਯਾਰ ਹਟ ਜਾਹ, ਇਨ੍ਹਾਂ ਦੇ ਕੰਮ 'ਚ ਖਲੂਲ ਨਾ ਪਾ।'

ਨੌਜਵਾਨ ਕਹਿੰਦਾ, 'ਕਿਉਂ! ਮੈਂ ਨੀ ਵਜਾਉਣਾ ਵਾਜਾ?' ਉਹ ਕਹਿੰਦੇ, 'ਇਹ ਕਿਹੜਾ ਵਾਜਾ ਐ? ਚੁੱਕੀ ਤਾਂ ਪੋਰ ਫਿਰਦਾ ਐਂ।' ਉਨ੍ਹਾਂ ਨੇ ਬੈਂਡ ਵਾਲੇ ਬੰਦ ਕਰਵਾ ਦਿੱਤੇ, 'ਲੈ ਚੰਗਾ ਹੁਣ ਤੂੰ ਹੀ ਵਜਾ ਲੈ ਕੱਲਾ।'

'ਇਹ ਐਂ ਕੱਲਾ ਨੀ ਵੱਜਦਾ! ਇਹ ਤਾਂ ਜੱਟ ਦਾ ਰਲਾਊਟੂ ਵਾਜਾ, ਜੋ ਵਾਜਿਆਂ ਦੇ ਨਾਲ ਵੱਜਦਾ' ਕਹਿ ਕੇ ਨੌਜਵਾਨ ਕਹਿੰਦਾ ਵਜਾਓ ਫਿਰ ਤੁਸੀਂ...ਇਹ ਤਾਂ ਫੇਰ ਹੀ ਵੱਜੂ।'

ਅੱਜ ਕੱਲ੍ਹ ਦੇ ਗਾਇਕਾਂ ਦਾ ਵੀ ਇਹੀ ਹਾਲ ਐ। ਕੰਪਿਊਟਰੀ ਸੰਗੀਤ 'ਚ ਕੁੱਝ ਕੱਚਘਰੜ (ਸਾਰੇ ਨਹੀਂ) ਗਾਇਕਾਂ ਦੇ ਰਿਕਾਰਡਿੰਗ ਗੀਤ ਤਾਂ ਚੱਲ ਜਾਂਦੇ ਨੇ ਪਰ ਜਦ ਸਟੇਜ 'ਤੇ ਪੇਸ਼ਕਾਰੀ ਦੀ ਗੱਲ ਆਉਂਦੀ ਹੈ, ਤਾਂ ਇਨ੍ਹਾਂ ਦਾ ਵੀ ਰਲਾਊਟੂ ਵਾਜੇ ਵਾਲਾ ਹਾਲ ਹੀ ਹੁੰਦਾ। ਵੀਹ ਪੱਚੀ ਸਪੀਕਰ ਬਕਸੇ ਸਟੇਜ 'ਤੇ ਧਰੇ ਹੁੰਦੇ ਨੇ, ਦਰਜਨ ਸਾਜ਼ਾਂ ਵਾਲੇ ਹੁੰਦੇ ਨੇ ਤੇ ਛੇ-ਸੱਤ ਮਗਰ ਹੋ...ਹੋ...ਹਾਲਾ...ਹਾਲਾ ਕਰਨ ਵਾਲੇ। ਸਮਝ ਨਹੀਂ ਲੱਗਦੀ ਕਿ ਕੀ ਗਈ ਜਾਂਦੇ ਨੇ। ਦੂਰ ਖੜ੍ਹੇ ਬੰਦੇ ਨੂੰ ਤਾਂ ਐਂ ਨੀ ਪਤਾ ਲੱਗਦਾ ਕਿ ਇਨ੍ਹਾਂ 'ਚੋਂ ਗਾਇਕ ਕਿਹੜਾ ਹੈ? ਮਾੜੀ ਮੋਟੀ ਅਲੱਗ ਡਰੈਸ ਤੋਂ ਜ਼ਰੂਰ ਪਹਿਚਾਣ ਹੋ ਜਾਂਦੀ ਹੈ।



ਇਨ੍ਹਾਂ ਗਾਇਕਾਂ ਦੇ ਦੋ-ਚਾਰ ਗੀਤ ਹੀ ਚਲਦੇ ਨੇ, ਤੇ ਫਿਰ ਇਨ੍ਹਾਂ ਦੀ ਫੂਕ ਨਿਕਲ ਜਾਂਦੀ ਹੈ, ਅੱਧ ਤੋਂ ਬਾਅਦ ਫਿਰ ਟੰਗ ਦੀ ਬਾਂਹ। ਕਦੇ ਮਾਣਕ ਕਦੇ ਨਛੱਤਰ ਛੱਤਾ। ਫਿਰ ਹਾਕਾਂ ਮਾਰ-ਮਾਰ ਨੱਚਣ ਵਾਲਿਆਂ ਨੂੰ ਸੱਦਦੇ ਨੇ। ਵੈਸੇ ਜਦ ਘੁੱਟ ਲੱਗੀ ਹੋਵੇ ਤਾਂ ਨੱਚ ਤਾਂ ਬੰਦਾ ਕੱਲੇ ਢੋਲ 'ਤੇ ਵੀ ਲੈਂਦਾ, ਇਹ ਤਾਂ ਫਿਰ ਪੂਰੀ ਟਰਾਲੀ ਸਾਜ਼ਾਂ ਦੀ ਫਿੱਟ ਕਰੀ ਬੈਠੇ ਹੁੰਦੇ ਨੇ। ਸਾਡੇ ਪੰਜਾਬੀਆਂ ਬਾਰੇ ਤਾਂ ਇਹ ਵੀ ਮਸ਼ਹੂਰ ਹੈ ਕਿ ਜੇਕਰ ਉਹ ਲੋਰ ਵਿਚ ਹੋਣ, ਤਾਂ ਜਨਰੇਟਰ ਚੱਲਦੇ 'ਤੇ ਵੀ ਭੰਗੜਾ ਪਾ ਲੈਂਦੇ ਨੇ। ਉਹ ਵਾਜੇ ਵਾਲੇ ਵਾਂਗੂੰ ਜੇਕਰ ਇਨ੍ਹਾਂ ਦੇ ਸਾਜ਼ ਬੰਦ ਕਰਵਾ ਦੇਵੋ ਤਾਂ ਦੋ ਮਿੰਟ 'ਚ ਘਿੱਗਾਂ ਬੈਠ ਜਾਣੀਆਂ।

ਇੱਕ ਵਾਰ ਪ੍ਰੋ. ਮੋਹਨ ਸਿੰਘ ਦੇ ਮੇਲੇ 'ਤੇ ਮਾਣਕ ਨੇ ਗੇਟ ਦੇ ਥਮਲੇ 'ਤੇ ਖੜ੍ਹ ਕੇ ਬਿਨਾਂ ਸਪੀਕਰ ਤੋਂ ਖਾੜਾ ਬੰਨ੍ਹ ਦਿੱਤਾ ਸੀ। ਸ਼ਾਇਦ ਕਸੂਰ ਕਿਸੇ ਦਾ ਨਹੀਂ, ਹਿੱਕ ਦੇ ਜ਼ੋਰ 'ਤੇ ਕੀਲ ਕੇ ਬਿਠਾਉਣ ਵਾਲੀ ਗਾਇਕੀ ਦਾ ਦੌਰ ਚਲਾ ਗਿਆ, ਅੱਜ ਕੱਲ੍ਹ ਲੋਕ ਗਾਇਕਾਂ ਨੂੰ ਸੁਣਨ ਲਈ ਨਹੀਂ ਬੁਲਾਉਂਦੇ, ਸਗੋਂ ਨੱਚਣ-ਟੱਪਣ ਲਈ ਹੀ ਬੁਲਾਉਂਦੇ ਨੇ...ਜਾਂ ਫਿਰ ਸਟੇਟਸ ਸਿੰਬਲ।

ਉਹ ਵੀ ਸਮਾਂ ਹੁੰਦਾ ਸੀ ਜਦ ਗਾਇਕ ਨੂੰ ਸੁਣਨ ਲਈ ਪਿੰਡਾਂ ਦੇ ਪਿੰਡ ਇਕੱਠੇ ਹੋ ਜਾਂਦੇ ਸੀ। ਮਜਾਲ ਐ ਕੋਈ ਸਾਹ ਵੀ ਕੱਢ ਜਾਂਦਾ। ਲੋਕ ਘਰਾਂ ਦੀਆਂ ਛੱਤਾਂ, ਦਰਖਤਾਂ, ਛਟੀਆਂ ਦੇ ਪਚਾਸਿਆਂ, ਰੂੜੀਆਂ ਤੱਕ ਚੜ੍ਹ ਕੇ ਖੜ੍ਹ ਜਾਂਦੇ।

ਖੈਰ! ਆਪਾਂ ਨੂੰ ਕੀ ਜਿਵੇਂ ਜੀਹਦਾ ਜੀ ਕਰਦਾ ਵਾਜਾ ਵਜਾਈ ਜਾਂਦਾ। ਸਮੇਂ ਸਮੇਂ ਦੇ ਰੰਗ ਨੇ, ਹਰੇਕ ਨੂੰ ਆਪਣੇ ਸਮੇਂ ਵਾਲੇ ਰੰਗ ਵਧੀਆ ਲੱਗਦੇ ਨੇ।

ਪੋਰ ਤੋਂ ਇੱਕ ਗੱਲ ਹੋਰ ਯਾਦ ਆਈ। ਬੀਜਾਈ ਸਮੇਂ ਪੋਰ ਥਾਣੀ ਮਣਾਂ ਮੂੰਹੀਂ ਅਨਾਜ ਲੰਘ ਜਾਂਦਾ ਪਰ ਉਹ ਆਪ ਰਹਿੰਦਾ ਖਾਲੀ ਦਾ ਖਾਲੀ ਐ। ਜਿਹੜੇ ਬੰਦੇ ਦੇ ਕੋਈ ਗੱਲ ਪੱਲੇ ਨਾ ਪਵੇ ਜਾਂ ਕੋਈ ਗੱਲ ਦੂਜੇ ਦੇ ਪੱਲੇ ਨਾ ਪਾਵੇ, ਉਸ ਨੂੰ ਪਿੰਡਾਂ 'ਚ ਕਹਿ ਦਿੰਦੇ ਨੇ ਕਿ ਇਹ ਤਾਂ ਪੋਰ ਹੀ ਐ।

*-ਮੁਖਤਿਆਰ ਸਿੰਘ ਪੱਖੋਕਲਾਂ*

# ਸਮਾਜ, ਮਨੁੱਖਤਾ ਅਤੇ ਕਾਨੂੰਨ ਵਿਚਕਾਰ ਫਸੀ ਕੁੜੀ!

ਖੁਦ ਨੂੰ ਸਾਂਭਣ ਤੋਂ ਅਸਮਰੱਥ ਅਤੇ ਬੇਸਹਾਰਾ ਉਸ ਕੁੜੀ ਨੂੰ, ਸਮਾਜ ਵਿਚਲੇ ਲੂੰਬੜਾਂ, ਬਘਿਆੜਾਂ ਤੋਂ ਬਚਾਉਣ ਲਈ ਚਾਰਦਿਵਾਰੀ ਵਿਚ ਰੱਖਿਆ ਗਿਆ ਸੀ। ਪਰ ਬਘਿਆੜ ਤਾਂ ਇੱਥੇ ਵੀ ਸਨ। ਇੱਕ ਦਿਨ ਅਚਾਨਕ ਉਲਟੀਆਂ ਕਰਦੀ ਨੂੰ ਨਰਸ ਅਤੇ ਇੱਕ ਸਵੈ-ਸੇਵਕ ਨੇ ਵੇਖ ਲਿਆ। ਮਾਮਲਾ ਸ਼ੱਕੀ ਲੱਗਣ 'ਤੇ ਉਨ੍ਹਾਂ ਕੁੜੀ ਦਾ ਟੈਸਟ ਕੀਤਾ ਤਾਂ ਕੁੜੀ ਗਰਭਵਤੀ ਸੀ। ਨਾਰੀ ਨਿਕੇਤਨ ਦੇ ਪ੍ਰਬੰਧਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਨਾਬਾਲਗ ਕੁੜੀ ਆਪਣੇ ਹੀ ਰਾਖਿਆਂ ਤੇ ਸੇਵਾਦਾਰਾਂ ਦੇ ਬਲਾਤਕਾਰ ਦਾ ਸ਼ਿਕਾਰ ਹੋ ਰਹੀ ਸੀ। ਪ੍ਰਬੰਧਕਾਂ ਨੇ ਹਸਪਤਲ ਨੂੰ ਫੋਨ ਕਰ ਦਿੱਤਾ। ਹਸਪਤਾਲ ਦੇ ਅਧਿਕਾਰੀਆਂ ਨੇ ਤੁਰੰਤ ਤਿੰਨ ਡਾਕਟਰਾਂ ਦਾ ਬੋਰਡ ਬਣਾ ਕੇ ਕੁੜੀ ਦਾ ਮੁਆਇਨਾ ਕੀਤਾ ਤਾਂ ਕੁੜੀ ਢਾਈ ਮਹੀਨਿਆਂ ਦੀ ਗਰਭਵਤੀ




**ਬੀਰਿੰਦਰ ਸਿੰਘ ਢਿੱਲੋਂ ਐਡਵੋਕੇਟ**
ਫੋਨ: 99880-91463
+1 236 594 1122


ਪਾਈ ਗਈ। ਘਟਨਾ ਹਸਪਤਾਲੋਂ ਨਿੱਕਲ ਕੇ ਅਖਬਾਰਾਂ ਦੀ ਸੁਰਖੀ ਬਣ ਗਈ। ਮੀਡੀਏ ਨੂੰ ਸਨਸਨੀਖੇਜ਼ ਖਬਰ ਮਿਲ ਗਈ। ਹੁਣ? ਘਬਰਾਏ ਪ੍ਰਬੰਧਕਾਂ ਨੂੰ ਅਜੇ ਵੀ ਆਸ ਸੀ ਕਿ ਖਬਰ ਝੂਠੀ ਨਿਕਲ ਜਾਵੇ। ਫਿਰ ਤੋਂ ਕੁੜੀ ਦਾ ਅਲਟਰਾਸਾਊਂਡ ਟੈਸਟ ਕਰਾਇਆ ਗਿਆ। ਡਾਕਟਰ ਨੇ ਲਿਖ ਕੇ ਦੇ ਦਿੱਤਾ ਕਿ ਕੁੜੀ ਗਰਭਵਤੀ ਹੈ। ਸੂਬੇ ਵਿਚ ਰੌਲਾ ਪੈ ਗਿਆ ਤੇ ਵਿਰੋਧੀ ਪਾਰਟੀ ਨੇ ਸਰਕਾਰ 'ਤੇ ਮਿਹਣਿਆਂ ਦੀ ਬੁਛਾੜ ਕਰ ਦਿੱਤੀ। ਉਨ੍ਹਾਂ ਨੂੰ ਮਸੀਂ ਮੌਕਾ ਮਿਲਿਆ ਸੀ, ਸੂਬੇ ਵਿਚ ਅਮਨ-ਕਾਨੂੰਨ ਦਾ ਮਸਲਾ ਉਠਾਉਣ ਦਾ। ਕਈ ਚਿਰ ਤੋਂ ਵਿਹਲੀਆਂ ਬੈਠੀਆਂ ਅਨੇਕਾਂ ਜਥੇਬੰਦੀਆਂ ਤੇ ਸੰਸਥਾਵਾਂ ਸੜਕਾਂ 'ਤੇ ਨਿੱਕਲ ਆਈਆਂ। ਉੱਧਰ ਹਸਪਤਾਲ ਵਿਚ ਕੁੜੀ ਦਾ ਹੱਡੀਆਂ ਦਾ ਟੈਸਟ ਕੀਤਾ ਗਿਆ ਤਾਂ ਉਹਦੀ ਉਮਰ 19 ਤੋਂ 20 ਸਾਲ ਦੇ ਵਿਚਕਾਰ ਸਾਬਤ ਹੋ ਗਈ। ਟੀ.ਵੀ. ਚੈਨਲਾਂ ਨੇ ਧਰਤੀ ਪੁੱਟ ਸਿੱਟੀ। ਅਨੇਕਾਂ ਮੂਰਖ ਪੱਤਰਕਾਰ ਹਸਪਤਾਲ ਵਿਚ ਪਈ ਕੁੜੀ ਦੇ ਮੂੰਹ ਅੱਗੇ ਮਾਇਕ ਕਰਕੇ ਪੁੱਛਣ ਲੱਗੇ ਕਿ 'ਹੁਣ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ? ਕੀ ਤੁਸੀਂ ਮਾਂ ਬਣਨਾ ਪਸੰਦ ਕਰੋਗੇ?' ਪ੍ਰਸ਼ਾਸਨ ਹਰਕਤ ਵਿਚ ਆਇਆ ਤੇ ਪੁਲਿਸ ਨੇ ਮੰਦਬੁੱਧੀ ਕੁੜੀ ਨਾਲ ਹੋਏ ਬਲਾਤਕਾਰ ਦਾ ਮੁਕੱਦਮਾ ਦਰਜ ਕਰ ਲਿਆ। ਉੱਧਰ ਮਾਮਲੇ ਦੀ ਸੰਜੀਦਗੀ ਵੇਖਦਿਆਂ ਸਰਕਾਰ ਨੇ ਤਿੰਨ ਪੁਲਿਸ ਅਫਸਰਾਂ ਦੀ ਜਾਂਚ ਟੀਮ ਬਣਾ ਕੇ ਵਾਲ ਦੀ ਖੱਲ ਲਾਹੁਣੀ ਸ਼ੁਰੂ ਕਰ ਦਿੱਤੀ। ਪਰ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਤੋਂ ਪਹਿਲਾਂ ਇੱਕ ਹੋਰ ਸਵਾਲ ਮੂੰਹ ਅੱਡ ਖਲੋਤਾ। ਹਸਪਤਾਲ ਵਿਚ ਅਧਿਕਾਰੀ ਕਦੀ ਦੋ ਡਾਕਟਰਾਂ ਦਾ ਤੇ ਕਦੀ ਤਿੰਨ ਦਾ ਬੋਰਡ ਬਣਾ ਕੇ ਇਹ ਪਤਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਕੀ ਕੁੜੀ ਬੱਚਾ ਪੈਦਾ ਕਰਨ ਦੇ ਕਾਬਲ ਹੈ ਜਾਂ ਨਹੀਂ। ਅਸਲ ਵਿਚ ਹੁਣ ਹਰ ਕੋਈ ਆਪੋ-ਆਪਣੀ ਖੱਲ ਬਚਾਉਣ ਦੀ ਸੋਚਣ ਲੱਗਾ ਕਿ ਕਿਤੇ ਕਾਨੂੰਨ ਦਾ ਗਜ ਮੇਰੇ 'ਤੇ ਨਾ ਡਿੱਗ ਪਵੇ। ਡਾਕਟਰੀ ਸਲਾਹ ਇਹ ਬਣੀ ਕਿ ਕੁੜੀ ਦਾ ਗਰਭਪਾਤ ਕੀਤਾ ਜਾਵੇ। ਵਰਨਾ ਕੁੜੀ ਦੀ ਸਿਹਤ ਤੇ ਜ਼ਿੰਦਗੀ ਨੂੰ ਖਤਰਾ ਤਾਂ ਹੈ ਹੀ, ਬਲਕਿ ਪੈਦਾ ਹੋਣ ਵਾਲਾ ਬੱਚਾ ਵੀ ਨਾਰਮਲ ਨਹੀਂ ਹੋਵੇਗਾ। ਬਲਾਤਕਾਰ ਦੀ ਸ਼ਿਕਾਰ ਇਹ ਮੰਦਬੁੱਧੀ ਕੁੜੀ ਮਾਂ ਵਾਲੇ ਫਰਜ਼ ਨਿਭਾਉਣ ਦੇ ਵੀ ਅਸਮਰੱਥ ਹੈ। ਦਸ ਦਲੀਲਾਂ ਦੇ ਕੇ ਡਾਕਟਰਾਂ ਨੇ ਗਰਭਪਾਤ ਦੀ ਸਿਫਾਰਸ਼ ਕਰ ਦਿੱਤੀ। ਪਰ ਅਗਾਂਹ ਕਾਨੂੰਨ ਲੋਹੇ ਦਾ ਕਿੱਲ ਬਣਿਆ ਖੜਾ ਸੀ। ਔਰਤ ਦੀ ਮਰਜ਼ੀ ਤੋਂ ਬਗੈਰ ਗਰਭਪਾਤ ਕਰਨ ਦੀ ਸਜ਼ਾ ਉਮਰ ਕੈਦ ਅਤੇ ਸਹਿਮਤੀ ਨਾਲ ਸੱਤ ਸਾਲ ਸੀ। ਉੱਪਰੋਂ ਗਰਭਪਾਤ ਤਿੰਨ ਮਹੀਨਿਆਂ ਤੋਂ ਪਿੱਛੋਂ ਨਹੀਂ ਸੀ ਕੀਤਾ ਜਾ ਸਕਦਾ। ਪਰ ਜੱਚਾ-ਬੱਚਾ ਦੀ 'ਸਿਹਤ ਤੇ ਸੁਰੱਖਿਆ' ਲਈ ਭਾਰਤੀ ਕਾਨੂੰਨ ਗਰਭਪਾਤ ਕਰਨ ਦੀ ਛੋਟ ਦਿੰਦਾ ਹੈ। ਇਹਦੇ ਲਈ ਗਰਭਵਤੀ ਔਰਤ ਜਾਂ ਉਸਦੇ ਵਾਰਸ ਦੀ ਸਹਿਮਤੀ ਹੋਣੀ ਜ਼ਰੂਰੀ ਹੈ। ਪਰ ਮੰਦਬੁੱਧੀ ਕੁੜੀ ਤਾਂ ਸਹਿਮਤੀ ਦੇਣ ਤੋਂ ਅਸਮਰੱਥ ਸੀ ਤੇ ਉੱਤੋਂ ਲਾਵਾਰਸ ਵੀ ਸੀ। ਭਾਰਤ ਵਰਗੇ ਦੇਸ਼ ਵਿਚ ਜਿੱਥੇ ਹਰ ਗਲਤੀ ਦੂਜਿਆਂ 'ਤੇ ਸੁੱਟ ਕੇ ਆਪਣੀ ਖੱਲ ਬਚਾਉਣ ਦਾ ਰਿਵਾਜ ਹੈ, ਕੋਈ ਡਾਕਟਰ ਜਾਂ ਅਫਸਰ ਆਪਣੇ ਸਿਰ ਕਿਉਂ ਜ਼ਿੰਮੇਵਾਰੀ ਲਵੇ। ਜ਼ਰਾ ਜਿੰਨੀ ਗਲਤੀ ਹੋਣ 'ਤੇ ਕੋਈ ਵੀ ਸੜਕ ਛਾਪ ਨੇਤਾ ਧਰਨੇ 'ਤੇ ਬੈਠ ਸਕਦਾ ਸੀ। ਹੁਣ? ਉੱਚ ਅਧਿਕਾਰੀਆਂ ਨੇ ਆਪਣੇ ਵਕੀਲ ਦੀ ਸਲਾਹ ਪੁੱਛੀ। ਵਕੀਲ ਨੇ ਸਰਕਾਰ ਵੱਲੋਂ ਹਾਈਕੋਰਟ ਵਿਚ ਰਿੱਟ ਪਾ ਦਿੱਤੀ ਕਿ ਕੁੜੀ ਦਾ ਗਰਭਪਾਤ ਕਰਨ ਦਾ ਹੁਕਮ ਦਿੱਤਾ ਜਾਵੇ। ਅਗਾਂਹ ਜੱਜ ਵੀ ਰੋਜ਼ ਮੀਡੀਆ ਵੱਲੋਂ ਪਾਇਆ ਜਾ ਰਿਹਾ ਚੀਕ-ਚਿਹਾੜਾ ਸੁਣਦੇ ਆ ਰਹੇ ਸਨ। ਡਿਵੀਜ਼ਨ ਬੈਂਚ ਨੇ ਮਿਸਲ ਹੱਥ ਫੜਦਿਆਂ ਹੀ ਸਰਕਾਰ ਦੇ ਐਡਵੋਕੇਟ ਜਰਨਲ ਨੂੰ ਸਵਾਲ ਕੀਤਾ, 'ਇਹ ਕੰਮ ਸਥਾਨਕ ਪੱਧਰ 'ਤੇ ਹੀ ਕੀਤਾ ਜਾ ਸਕਦਾ ਸੀ। ਫਿਰ ਜਹਾਂਗੀਰ ਦਾ ਟੱਲ ਖੜਕਾਉਣ ਦੀ ਲੋੜ ਕਿਉਂ ਪਈ?' ਵਕੀਲ ਦਾ ਜਵਾਬ ਸੀ, 'ਮਾਈ ਲੌਰਡ 'ਕਾਨੂੰਨੀ ਨੁਕਤਾ' ਸਪੱਸ਼ਟ ਕਰਨ ਦੀ ਲੋੜ ਹੈ।' ਇਹ 'ਕਾਨੂੰਨੀ ਨੁਕਤਾ' ਨਿਆਂਪਾਲਿਕਾ ਵਿਚ ਜੱਜਾਂ ਤੇ ਵਕੀਲਾਂ ਦਾ ਕੋਡ ਵਰਡ ਹੈ ਜਿਸਦਾ ਮਤਲਬ ਹੁੰਦਾ ਹੈ, 'ਆਪਾਂ ਵੀ ਤਾਂ ਰੋਟੀ ਖਾਣੀ ਹੈ'। ਹਾਈ ਕੋਰਟ ਨੇ ਸੁਣਵਾਈ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰਾਂ ਨੂੰ ਆਪੋ-ਆਪਣੇ ਪੱਖ ਪੇਸ਼ ਕਰਨ ਲਈ ਨੋਟਿਸ ਜਾਰੀ ਕਰ ਦਿੱਤਾ। ਨਾਲ ਹੀ ਅਦਾਲਤ ਦੀ ਮੱਦਦ ਲਈ ਇੱਕ ਸੀਨੀਅਰ ਵਕੀਲ ਨੂੰ ਆਪਣਾ ਵਕੀਲ ਨਿਯੁਕਤ ਕਰ ਦਿੱਤਾ। ਗੱਲ ਸਧਾਰਣ ਗਰਭਪਾਤ ਤੋਂ ਲੈ ਕੇ ਸਮਾਜ, ਕਾਨੂੰਨ ਅਤੇ ਮਨੁੱਖਤਾ ਦੀ ਟੱਕਰ ਵਿਚ ਬਦਲ ਗਈ। ਬਲਾਤਕਾਰ ਕੀ ਹੁੰਦਾ ਹੈ? ਸਹਿਮਤੀ ਕਿਸਨੂੰ ਕਹਿੰਦੇ ਹਨ? ਮੰਦਬੁੱਧੀ ਕੀ ਹੁੰਦੀ ਹੈ? ਮਾਂ ਬਣਨ ਦੀਆਂ ਕੀ ਜ਼ਿੰਮੇਵਾਰੀਆਂ ਹਨ? ਗਰਭ ਕਦੋਂ ਜ਼ਰੂਰੀ ਹੈ? ਕੁਆਰੀ ਕੁੜੀ ਦੇ ਪੈਦਾ ਹੋਏ ਬੱਚੇ ਨੂੰ ਸਮਾਜ ਕਿਵੇਂ ਲਵੇਗਾ? ਵਰਗੇ ਨੁਕਤਿਆਂ 'ਤੇ ਵਾਲ ਦੀ ਖੱਲ ਲਾਹੀ ਜਾਣ ਲੱਗੀ। ਉੱਤੋਂ ਵਕਤ ਦੌੜ ਰਿਹਾ ਸੀ। ਅਦਾਲਤ ਜਾਣਨਾ ਚਾਹੁੰਦੀ ਸੀ ਕਿ ਕੀ ਸੱਚਮੁੱਚ ਹੀ ਗਰਭਪਾਤ ਦੀ ਲੋੜ ਹੈ? ਇਸ ਲਈ ਸਹਿਮਤੀ ਕਿਸ ਦੀ ਲਈ ਜਾਵੇ? ਅਦਾਲਤ ਹੁਕਮ ਕਰੇ ਤਾਂ ਕਿਸ ਨੂੰ ਕਰੇ? ਸਾਰੀਆਂ ਧਿਰਾਂ ਨੇ ਸਾਂਝਾ ਸਵਾਲ ਰਿੜਕਿਆ ਕਿ ਅਗਾਂਹ ਤੋਂ ਅਜਿਹੀ ਦੁਬਿਧਾ ਤੋਂ ਬਚਣ ਲਈ ਕੀ ਕੀਤਾ ਜਾਵੇ? ਵੱਡਾ ਸਵਾਲ ਇਹ ਵੀ ਸੀ ਕਿ ਸਮਾਜ,



ਕਾਨੂੰਨ ਅਤੇ ਮਨੁੱਖਤਾ ਵਿਚੋਂ ਕਿਸ ਨੂੰ ਵੱਧ ਵਜ਼ਨ ਦਿੱਤਾ ਜਾਵੇ? ਅਦਾਲਤ ਨੇ ਪੀ.ਜੀ.ਆਈ. ਦੇ ਪੰਜ ਮਾਹਿਰ ਡਾਕਟਰਾਂ ਦੀ ਟੀਮ ਤੋਂ ਨਵੀਂ ਰਿਪੋਰਟ ਵੀ ਮੰਗਵਾਈ। ਇਸ ਟੀਮ ਨੇ ਗੱਲ ਗੋਲ-ਮੋਲ ਕਰਕੇ ਆਖਰੀ ਫੈਸਲਾ ਅਦਾਲਤ 'ਤੇ ਛੱਡ ਦਿੱਤਾ। ਭਾਰਤ ਮਹਾਨ ਵਿਚਲਾ ਸਰਕਾਰੀ ਤੰਤਰ ਪਹਿਲਾਂ ਆਪਣਾ ਪੱਲਾ ਬਚਾਉਂਦਾ ਹੈ। ਬਾਅਦ ਵਿਚ ਫਰਜ਼ ਆਉਂਦੇ ਹਨ। ਵਿਕਸਤ ਦੇਸ਼ਾਂ ਵਿਚ ਫਰਜ਼ ਪਹਿਲਾਂ ਹੁੰਦੇ ਹਨ। ਹਰਿਆਣੇ ਵਿਚ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਹਰਿਆਣਾ ਸਰਕਾਰ ਦਾ ਵਕੀਲ ਸਮਾਜ ਨੂੰ ਕਾਨੂੰਨ ਤੇ ਮਨੁੱਖੀ ਅਧਿਕਾਰਾਂ ਤੋਂ ਉੱਪਰ ਕਹਿ ਰਿਹਾ ਸੀ। ਉਸ ਦੀ ਦਲੀਲ ਸੀ ਕਿ ਸਮਾਜ ਸਦੀਆਂ ਪੁਰਾਣਾ ਹੈ, ਜਦੋਂ ਕਿ ਦੋ ਬਾਲਗਾਂ ਨੂੰ ਅਪਣੀ ਮਰਜ਼ੀ ਨਾਲ ਸ਼ਾਦੀ ਕਰਨ ਦਾ ਕਾਨੂੰਨ ਮਹਿਜ਼ ਅੱਧੀ ਸਦੀ ਪੁਰਾਣਾ ਹੈ। ਇਸੇ ਕਰਕੇ ਹਰਿਆਣੇ ਵਿਚ ਖਾਪ ਪੰਚਾਇਤਾਂ ਇੱਕੋ ਗੋਤ ਵਿਚ ਵਿਆਹ ਕਰਾਉਣ ਵਾਲੇ ਪ੍ਰੇਮੀ ਜੋੜਿਆਂ ਨੂੰ ਮਾਰਨ ਦੇ ਫਤਵੇ ਜਾਰੀ ਕਰ ਰਹੀਆਂ ਹਨ। ਸਾਡਾ ਸਮਾਜ ਆਪਣੀ ਮਰਜ਼ੀ ਦੇ ਵਿਆਹ ਅਤੇ ਕੁਆਰੀ ਕੁੜੀ ਦੇ ਬੱਚੇ ਨੂੰ ਸਵੀਕਾਰ ਨਹੀਂ ਕਰਦਾ। ਕੇਂਦਰ ਦੇ ਵਕੀਲ ਦੀ ਦਲੀਲ ਸੀ ਕਿ ਇਸ ਦੇਸ਼ ਵਿਚ ਕਾਨੂੰਨ ਦਾ ਰਾਜ ਹੈ। ਇਸ ਲਈ ਕਾਨੂੰਨਨ ਇਹ ਗਰਭਪਾਤ ਨਹੀਂ ਹੋ ਸਕਦਾ। ਪਿੱਛੇ ਬੈਠੇ ਕਿਸੇ ਨੇ ਬੁੜ-ਬੁੜ ਕੀਤੀ ਕਿ ਫੇਰ ਅੱਜ ਤੱਕ ਸੱਠਾਂ ਸਾਲਾਂ ਵਿਚ ਵੱਡੇ ਤੋਂ ਵੱਡੇ ਘਪਲੇ ਤੇ ਵੱਡੇ-ਵੱਡੇ ਗੁਨਾਹ ਕਰਨ ਵਾਲੇ ਕਿਸੇ ਵੀ ਵੱਡੇ ਬੰਦੇ ਨੂੰ ਸਜ਼ਾ ਕਿਉਂ ਨਹੀਂ ਹੋਈ? ਪੰਜਾਬ ਦਾ ਵਕੀਲ ਦਲੀਲਾਂ ਦੇ ਰਿਹਾ ਸੀ ਕਿ ਸਾਡੇ ਧਰਮ ਵਿਚ ਗਰਭਪਾਤ ਪਾਪ ਹੈ। ਇਸ ਲਈ ਇਸਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਪਿੱਛੇ ਫਿਰ ਘੁਸਰ-ਮੁਸਰ ਹੋਣ ਲੱਗੀ ਕਿ ਫੇਰ ਭਰੂਣ ਹੱਤਿਆ ਵਿਚ ਪੰਜਾਬੀ ਦੁਨੀਆ ਵਿਚ ਮੋਹਰੀ ਕਿਉਂ ਹਨ? ਅਦਾਲਤ ਦਾ ਵਕੀਲ ਕੁੜੀ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ 'ਤੇ ਜ਼ੋਰ ਦੇ ਰਿਹਾ ਸੀ। ਇੱਕ ਤਾਂ ਬੇ-ਸਹਾਰਾ ਨਾਲ ਬਲਾਤਕਾਰ ਉੱਤੋਂ ਅਣਚਾਹਿਆ ਗਰਭ। ਅਦਾਲਤ ਨੂੰ ਕੁੜੀ ਨਾਲ ਖੜ੍ਹਨਾ ਚਾਹੀਦਾ ਹੈ। ਇੱਕ ਜੱਜ ਨੇ ਟਿੱਪਣੀ ਕੀਤੀ ਕਿ ਭਾਰਤ ਵਿਸ਼ਵ ਦੇ ਸਭ ਤੋਂ ਵੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਦੇਸ਼ਾਂ ਵਿਚੋਂ ਇੱਕ ਹੈ। ਉਂਜ ਵੀ ਗਰੀਬਾਂ ਦੇ ਕੋਈ ਮਨੁੱਖੀ ਅਧਿਕਾਰ ਨਹੀਂ ਹੁੰਦੇ। ਵਿਚਾਰੇ ਕੀੜੇ-ਮਕੌੜਿਆਂ ਦੀ ਜੂਨ ਹੰਢਾਅ ਕੇ ਮਰ ਜਾਂਦੇ ਹਨ। ਭਾਰਤ ਵਿਚ ਚਾਰ ਲੱਖ ਔਰਤਾਂ ਮੰਗਤੀਆਂ ਹਨ। ਜੋ ਅਕਸਰ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਬੱਚੇ ਨੂੰ ਝੋਲੀ ਵਿਚ ਲਟਕਾਈ ਸੜਕਾਂ 'ਤੇ ਘੁੰਮਦੀਆਂ ਮੰਗਦੀਆਂ ਹਨ। ਹਜ਼ਾਰਾਂ ਵਿਧਵਾਵਾਂ, ਸਾਧਨੀਆਂ ਅਤੇ ਸ਼ਰਧਾਲੂ ਬੰਦਿਆਂ ਨੂੰ ਹੀ ਰੱਬ ਸਮਝ ਬੈਠੀਆਂ ਸ਼ਰਧਾਲੂ ਔਰਤਾਂ ਨਾਲ ਇੰਜ ਹੀ ਹੁੰਦੀ ਹੈ। ਓਦੋਂ ਨਾ ਕੋਈ ਸਮਾਜ ਬੋਲਦਾ ਹੈ, ਨਾ ਕਾਨੂੰਨ ਤੇ ਨਾ ਹੀ ਮਨੁੱਖੀ ਅਧਿਕਾਰ। ਦਰਜਨਾਂ ਕਾਨੂੰਨੀ ਕਿਤਾਬਾਂ, ਅਦਾਲਤੀ ਫੈਸਲਿਆਂ ਅਤੇ ਡਾਕਟਰੀ ਸਲਾਹਾਂ 'ਤੇ ਗੌਰ ਕਰਨ ਪਿੱਛੋਂ ਅਦਾਲਤ ਨੇ ਕਿਹਾ, 'ਸਾਡੇ ਢਾਂਚੇ ਅਤੇ ਸਮਾਜ ਦਾ ਵਤੀਰਾ ਇਸ ਬੇਬੱਸ ਕੁੜੀ ਨਾਲ ਗੈਰ-ਜ਼ਿੰਮੇਵਾਰ ਅਤੇ ਜ਼ਾਲਮਾਨਾ ਰਹੇ ਹਨ। ਸਾਡਾ ਕਾਨੂੰਨ ਵੀ ਸਮੇਂ ਦਾ ਹਾਣੀ ਨਹੀਂ ਹੈ। ਇਸਨੇ ਸਪੱਸ਼ਟ ਹੀ ਨਹੀਂ ਕੀਤਾ ਕਿ ਸਹਿਮਤੀ ਦੇਣ ਤੋਂ ਅਸਮਰੱਥ ਤੇ ਲਾਵਾਰਸ ਦਾ ਕੀ ਬਣੇਗਾ'। ਅਦਾਲਤ ਨੇ ਅਜਿਹੀਆਂ ਬੇਸਹਾਰਾ ਔਰਤਾਂ ਦੀ ਸੰਭਾਲ ਲਈ ਬਣੀਆਂ ਸਾਰੀਆਂ ਸਮਾਜਿਕ ਸੰਸਥਾਵਾਂ ਵਿਚ ਸੁਧਾਰ ਕਰਨ ਦੇ ਹੁਕਮ ਵੀ ਦਿੱਤੇ। ਅਦਾਲਤ ਨੇ ਸਾਰੇ ਪੱਖ ਘੋਖਣ ਤੋਂ ਬਾਅਦ ਸਰਕਾਰੀ ਪ੍ਰਸ਼ਾਸਨ ਨੂੰ ਛੇਤੀ ਕੁੜੀ ਦਾ ਗਰਭਪਾਤ ਕਰਾਉਣ ਦੇ ਹੁਕਮ ਦੇ ਦਿੱਤੇ। ਨਾਲ ਹੀ ਭਰੂਣ ਨੂੰ ਹਸਪਤਾਲ ਵਿਚ ਸੰਭਾਲਣ ਦੇ ਹੁਕਮ ਕਰ ਦਿੱਤੇ, ਤਾਂ ਜੋ ਡੀ.ਐਨ.ਏ. ਟੈਸਟ ਰਾਹੀਂ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾ ਸਕੇ। ਪਰ ਅਜੇ ਵੱਡੀ ਅਦਾਲਤ ਬਾਕੀ ਸੀ। ਮਸਲਾ ਸੁਪਰੀਮ ਕੋਰਟ ਚਲਾ ਗਿਆ। ਸੁਪਰੀਮ ਕੋਰਟ ਨੇ ਤਿੰਨ ਸਵਾਲ ਪੁੱਛੇ। ਕੀ ਸਾਡੇ ਕਾਨੂੰਨ ਅਨੁਸਾਰ ਸਬੰਧਤ ਔਰਤ ਦੀ ਸਹਿਮਤੀ ਲਏ ਬਿਨਾ ਹਾਈ ਕੋਰਟ ਗਰਭਪਾਤ ਦਾ ਹੁਕਮ ਦੇ ਸਕਦੀ ਹੈ? ਦੂਜਾ ਜੇ ਔਰਤ ਮੰਦਬੁੱਧੀ ਹੈ ਤਾਂ ਕੀ ਗਰਭਪਾਤ ਉਸਦੀ ਭਲਾਈ ਲਈ ਹੈ? ਤੀਜਾ ਕੀ ਹੁਣ ਸਾਢੇ ਚਾਰ ਮਹੀਨੇ ਦਾ ਗਰਭਪਾਤ ਖਤਰੇ ਤੋਂ ਖਾਲੀ ਹੈ? ਬਹਿਸ ਸੁਣਨ ਪਿੱਛੋਂ ਸੁਪਰੀਮ ਕੋਰਟ ਨੇ ਇੰਜ ਕਿਹਾ, 'ਔਰਤ ਦੇ ਮਨੁੱਖੀ ਅਧਿਕਾਰ ਕਾਨੂੰਨ ਦੀ ਬਲੀ ਨਹੀਂ ਚੜ੍ਹ ਸਕਦੇ। ਇਸ ਲਈ ਸਟੇਟ ਆਪਣੇ ਨਾਗਰਿਕ ਦੀ ਸਿਹਤ ਸੰਭਾਲ ਲਈ ਜ਼ਿੰਮੇਵਾਰ ਹੈ। ਕਾਨੂੰਨ ਸਮਾਜ ਅੱਗੇ ਗੋਡੇ ਨਹੀਂ ਟੇਕ ਸਕਦਾ। ਇਸ ਲਈ ਇਹ ਗਰਭਪਾਤ ਨਹੀਂ ਹੋ ਸਕਦਾ'। ਖੂਬ ਲੰਬੀ ਰਿੜਕਣ ਤੋਂ ਬਾਅਦ, ਸਮਾਂ ਪੂਰਾ ਹੋਣ 'ਤੇ ਸਰਕਾਰੀ ਨਿਗਰਾਨੀ ਹੇਠ ਬੱਚੇ ਦਾ ਜਨਮ ਹੋਇਆ।

## ਕਾਵਿ-ਕਿਆਰੀ

### ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼
### ਮੈਂ ਸਤਲੁਜ ਕੰਢਿਉਂ ਬੋਲਦਾਂ..!

ਮੈਂ ਸਤਲੁਜ ਕੰਢਿਓਂ ਬੋਲਦਾਂ, ਅੱਜ ਭਗਤ ਸਿੰਘ ਸਰਦਾਰ।
ਓਏ ਸੁਣਿਓ ਵਾਰਸ ਮੇਰਿਓ, ਮੇਰੀ ਰੂਹ ਦੀ ਕੂਕ ਪੁਕਾਰ।

ਮੈਂ ਏਸ ਅਜ਼ਾਦੀ ਦੇ ਲਈ, ਨਾ ਵਾਰੀ ਆਪਣੀ ਜਾਨ,
ਜਿੱਥੇ ਸੱਚ ਬੋਲਣ ਦੇ ਲਈ, ਕਰਨੀ ਪਏ ਜਿੰਦ ਕੁਰਬਾਨ।

ਮੇਰਾ ਸੁਪਨਾ ਸੁਹਣੇ ਵਤਨ ਦਾ, ਕਰ ਦਿੱਤਾ ਚਕਨਾਚੂਰ,
ਅੱਜ ਕਿਰਤੀ ਵੀਰਾ ਹੋ ਗਿਆ, ਖੁਦਕਸ਼ੀਆਂ ਲਈ ਮਜਬੂਰ।

ਅੱਜ ਧੀਆਂ ਭੈਣਾਂ ਰੋਂਦੀਆਂ, ਕੋਈ ਪੁੱਛਦਾ ਨਹੀਉਂ ਬਾਤ,
ਅੱਜ ਵਤਨ ਮੇਰੇ ਵਿਚ ਹੋ ਰਹੀ, ਹੈ ਨਸ਼ਿਆਂ ਦੀ ਬਰਸਾਤ।

ਮੇਰੇ ਰੰਗਲੇ ਦੇਸ ਪੰਜਾਬ 'ਤੇ, ਅੱਜ ਵਰਸ ਗਿਆ ਕੋਈ ਕਹਿਰ,
ਇਹਦੇ ਪੰਜ ਆਬਾਂ ਵਿਚ ਘੋਲਿਆ, ਹੈ ਕਿਸ ਸ਼ਾਤਰ ਨੇ ਜ਼ਹਿਰ?

ਅੱਜ ਹੱਥੀਂ ਫੜ ਕੇ ਡਿਗਰੀਆਂ, ਜੇ ਮਿਲਦਾ ਨਹੀਂ ਰੁਜ਼ਗਾਰ,
ਤਾਂ ਹੀ ਤਾਂ ਗੱਭਰੂ ਏਸ ਦੇ, ਸਭ ਗਏ ਉਡਾਰੀ ਮਾਰ।

ਅੱਜ ਮਜ਼੍ਹਬਾਂ ਪਾਈਆਂ ਵੰਡੀਆਂ, ਦਿੱਤਾ ਫਿਰਕੂ ਰੰਗ ਖਿਲਾਰ।
ਤੱਕ ਰੂਹ ਮੇਰੀ ਹੈ ਤੜਫਦੀ, ਇਹ ਕਾਹਦਾ ਦੇਸ਼ ਪਿਆਰ?


ਹੁਣ ਸੋਨੇ ਦੀ ਇਸ ਚਿੜੀ ਦੇ, ਲਏ ਖੰਭ ਨੇ ਸਾਰੇ ਨੋਚ,
ਮੇਰੀ ਟੋਪੀ, ਪਿਸਟਲ ਸਾਂਭਿਆ, ਮੇਰੀ ਭੁੱਲ ਗਈ ਹੈ ਸੋਚ।

ਮੇਰੀ ਨਾਲ ਕਿਤਾਬਾਂ ਦੋਸਤੀ, ਹੈ ਦਿੱਤੀ ਤੁਸਾਂ ਵਿਸਾਰ।
ਉਂਜ ਬੁੱਤ ਮੇਰੇ ਤੇ ਪਾਂਵਦੇ, ਹੋ ਨਿੱਤ ਫੁੱਲਾਂ ਦੇ ਹਾਰ।

ਹੁਣ ਜਾਗੋ ਬਾਂਕੇ ਦੂਲਿਓ, ਤੇ ਪਗੜੀ ਲਓ ਸੰਭਾਲ।
ਰਲ ਬੈਠੋ 'ਦੀਸ਼' ਅਜੇ ਵੀ, ਤਾਂ ਹੋਏ ਨਾ ਵਿੰਗਾ ਵਾਲ।

*-ਗੁਰਦੀਸ਼ ਕੌਰ ਗਰੇਵਾਲ*
*ਫੋਨ: +1 403 404 1450*

### ਸ. ਅਮਰੀਕ ਸਿੰਘ 'ਅਮਰ' ਸ਼ਿਕਾਗੋ



'ਸੰਤਾਲੀ ਦੀ ਪੀੜ'
ਮੈਂ ਸੰਤਾਲੀ ਦੀ ਰਾਤ ਹਾਂ...
ਮੇਰੇ ਹੱਥਾਂ 'ਤੇ ਅਜੇ ਵੀ ਲਹੂ ਸੁੱਕਿਆ ਨਹੀਂ।
ਪੰਜਾਬ ਦੇ ਸੀਨੇ ਉੱਤੇ ਜੋ ਜ਼ਖ਼ਮ ਪਿਆ ਸੀ—
ਉਹ ਅੱਜ ਤੱਕ ਮੁੱਕਿਆ ਨਹੀਂ।
ਉਸ ਰਾਤ
ਪਿੰਡ ਨਹੀਂ ਸੜੇ ਸਨ ਸਿਰਫ਼...
ਲੋਕਾਂ ਦੇ ਸੁਪਨੇ ਸੜੇ ਸਨ।
ਮਾਂਵਾਂ ਨੇ ਪੁੱਤ ਨਹੀਂ ਗੁਆਏ ਸਿਰਫ਼...
ਉਨ੍ਹਾਂ ਦੀਆਂ ਰੂਹਾਂ ਵੀ ਟੁੱਟ ਗਈਆਂ ਸਨ।
ਰਾਹਾਂ ਉੱਤੇ ਕਾਫਲੇ ਤੁਰਦੇ ਸਨ,
ਪਰ ਪੈਰਾਂ ਨਾਲ ਛਾਂ ਨਹੀਂ ਸੀ।
ਹਰ ਅੱਖ ਵਿਚ ਪਾਣੀ ਸੀ,
ਪਰ ਰੋਣ ਦੀ ਵੀ ਥਾਂ ਨਹੀਂ ਸੀ।
ਇੱਕ ਧੀ ਨੇ ਚੁੰਨੀ ਫੜ ਕੇ
ਅਸਮਾਨ ਵੱਲ ਵੇਖਿਆ ਸੀ—
ਸ਼ਾਇਦ ਉਸਨੇ ਰੱਬ ਨੂੰ ਪੁੱਛਿਆ ਹੋਵੇ:
'ਮੇਰਾ ਕਸੂਰ ਕੀ ਸੀ?'
ਪਰ ਉਸ ਰਾਤ
ਰੱਬ ਵੀ ਚੁੱਪ ਸੀ...
ਤੇ ਅਸਮਾਨ ਵੀ ਪੱਥਰ ਸੀ।
ਰੇਲਾਂ ਨਹੀਂ ਆਈਆਂ ਸਨ ਉਸ ਦਿਨ—
ਚੁੱਪ ਜਨਾਜ਼ੇ ਆਏ ਸਨ।
ਹਰ ਡੱਬੇ ਵਿਚ ਲੋਕ ਨਹੀਂ ਸਨ,
ਟੁੱਟੇ ਘਰਾਂ ਦੇ ਸਾਏ ਸਨ।
ਨਨਕਾਣਾ ਅੱਜ ਵੀ ਹੌਲੀ ਆਖਦਾ—
'ਮੇਰੇ ਬੱਚੇ ਕਦ ਆਓਗੇ?'
ਪੰਜਾ ਸਾਹਿਬ ਦੀ ਹਵਾ ਪੁੱਛਦੀ—
'ਤੁਸੀਂ ਸਾਨੂੰ ਕਿਉਂ ਛੱਡ ਆਏ?'
ਲੋਕ ਕਹਿੰਦੇ—ਵੰਡ ਹੋ ਗਈ ਸੀ।
ਪਰ ਸੱਚ ਇਹ ਹੈ—
ਧਰਤੀ ਨਹੀਂ ਵੰਡੀ ਸੀ ਸਿਰਫ਼...
ਪੰਜਾਬ ਦੀ ਰੂਹ ਵੰਡ ਗਈ ਸੀ।
ਅਤੇ ਉਹ ਰੂਹ
ਅੱਜ ਵੀ ਹਰ ਪੰਜਾਬੀ ਦੇ ਅੰਦਰ
'ਅਮਰ' ਹੋ ਕੇ ਹੌਲੀ-ਹੌਲੀ ਰੋਂਦੀ ਹੈ।

---

### ਚੰਦਰਾ ਵਿਛੋੜਾ (ਗੀਤ)

ਵਿਚ ਵਿਛੋੜੇ ਜ਼ਿੰਦਗੀ ਸੱਜਣਾ,
ਨਿੱਤ ਦਿਨ ਜਾਵੇ ਲੰਘਦੀ ਵੇ।
ਰਾਤ ਹਨ੍ਹੇਰੀ ਬਣ ਕੇ ਨਾਗਿਨ,
ਬਿਰਹੋਂ ਦੇ ਵਿਚ ਡੰਗਦੀ ਵੇ।
ਛੇਤੀ ਆਉਣ ਦਾ ਵਾਅਦਾ ਕਰਕੇ,
ਤੂੰ ਨਾ ਆਇਉਂ ਮੁੜ ਕੇ ਵੇ।
ਦੱਸ ਹੁਣ ਕਿੰਝ ਮਨਾਵਾਂ ਰੀਝਾਂ,
ਜਾਨ ਨਿੱਕਲਦੀ ਸੁੜ ਕੇ ਵੇ।

ਔਸੀਆਂ ਪਾ-ਪਾ ਬਾਹਵਾਂ ਥੱਕੀਆਂ,
ਅੰਗੜਾਈਆਂ ਲੈ-ਲੈ ਅੰਗ ਵੇ।
ਤੇਰੇ ਆਉਣ ਦੇ ਨਿੱਤ ਪੈਣ ਭੁਲੇਖੇ,
ਜਦੋਂ ਖਣ-ਖਣ ਖਣਕੇ ਵੰਗ ਵੇ।
ਤੂੰ ਤਾਂ ਚੰਨਾ ਦੇਹ ਚੋਰ ਭੁਲਾਈਆਂ,
ਤੁਰ ਗਿਆ ਵਿਚ ਪ੍ਰਦੇਸਾਂ ਵੇ।
ਅੱਖੀਆਂ ਰੋ-ਰੋ ਬੁੱਝੀਆਂ ਮਾਹੀਆ,
ਮੱਥੇ 'ਤੇ ਹੱਥ ਰੱਖ ਰਾਹ ਦੇਖਾਂ ਵੇ।

ਅੱਡੀਆਂ ਨੂੰ ਮਹਿੰਦੀ ਪੈਰ ਪੰਜੇਬਾਂ,
ਛਣ-ਛਣ ਲੱਕ ਲਟਕਾਵਾਂ ਵੇ।
ਅੱਖੀਆਂ ਵਿਚ ਪਾ ਕੱਜਲੇ ਦੀ ਧਾਰੀ,
ਜੀਅ ਕਰੇ ਨੈਣ ਮਟਕਾਵਾਂ ਵੇ।
ਤੇਰੇ ਬਾਝੋਂ ਚੰਨਾਂ ਚਾਅ ਕੁਆਰੇ,
ਜਾਪਣ ਸੁੰਨੀਆਂ ਸੇਜਾਂ ਵੇ।
ਹਾਏ ਚੰਦਰੀਆਂ ਨਾ ਮੁੱਕਣ ਉਡੀਕਾਂ,
ਕਬੂਤਰ ਹੱਥ ਸੁਨੇਹੇ ਭੇਜਾਂ ਵੇ।

ਧੌਣ ਸੁਰਾਹੀ ਵਿਚ ਪਾਵਾਂ ਗਾਨੀ,
ਚਿੱਟੇ ਮੋਤੀਆਂ ਵਰਗੇ ਦੰਦ ਵੇ।
ਸੱਪਣੀ ਬਣ ਮੋਢੇ 'ਤੇ ਗੁੱਤ ਮੇਹਲੇ,
ਮੱਥੇ ਉੱਤੇ ਚਮਕਦਾ ਚੰਦ ਵੇ।
ਜਦੋਂ ਲਾਵਾਂ ਮੈਂ ਹਾਰ ਸ਼ਿੰਗਾਰ ਹਮੇਲਾਂ,
ਵੱਢ-ਵੱਢ ਖਾਵੇ ਜੋਬਨ ਵੇ।
ਢੋਲਾ ਤੇਰੇ ਬਿਨ ਬਹਾਰ ਉਦਾਸੀ,
ਝੋਰਾ ਤੱਤੜੀ ਨੂੰ ਲਾਵੇ ਰੋਵਣ ਵੇ।

*-ਸੇਵਾ ਸਿੰਘ 'ਨੂਰਪੁਰੀ'*

---

### ਸਲਾਮਤ ਰੱਖੀਂ

ਝਿੜਕਾਂ ਮਾਰ ਬਥੇਰੀ ਖਾਧੀ
ਫਿਰ ਵੀ ਕਦੇ ਸੀ ਨਾ ਰੱਖੀ,
ਅੰਬਰਾਂ ਦੇ ਤਾਰਿਆਂ ਵਾਂਗ
ਮਾਂ ਨੂੰ ਸਦਾ ਸਲਾਮਤ ਰੱਖੀਂ।
ਕਿਰਸ ਕਰਕੇ ਜੋੜ ਕੇ ਉਹਨੇ
ਅੱਜ ਮੇਰੀ ਪਛਾਣ ਇਹ ਰੱਖੀ,
ਸਮੁੰਦਰਾਂ ਦੇ ਪਾਣੀਆਂ ਵਾਂਗ
ਮਾਂ ਨੂੰ ਸਦਾ ਸਲਾਮਤ ਰੱਖੀਂ।
ਬਥੇਰਾ ਗੁੱਸਾ ਕੀਤਾ ਸੀ ਕੱਲ੍ਹ
ਸ਼ਿਕਾਇਤਾਂ ਕਦੇ ਵੀ ਨਾ ਰੱਖੀਆਂ,
ਮੇਰੀ ਉਮਰ ਵੀ ਲਾ ਦਵੀਂ ਰੱਬਾ
ਮਾਂ ਨੂੰ ਸਦਾ ਸਲਾਮਤ ਰੱਖੀਂ।
ਅੱਜ-ਕੱਲ੍ਹ ਥੋੜ੍ਹੀ ਕਮਜ਼ੋਰ ਪੈ ਗਈ
ਦਿਲ ਦਾ ਇਲਾਜ ਜੋ ਕਰਾਇਆ,
ਬਾਪੂ ਦੇ ਜਾਣ ਮਗਰੋਂ ਹੁਣ ਓਹਨੇ
ਚੀਸਾਂ ਨੂੰ ਗਲ ਨਾਲ ਲਾਇਆ।
ਢਿੱਲੋਂ, ਨਿਮਾਣੇ ਅੱਖਰਾਂ ਦੇ ਨਾਲ
ਮਾਂ ਲਈ ਹੱਥ-ਜੋੜ ਅਰਦਾਸ ਕਰੇ,
ਲੰਮੀਆਂ ਉਮਰਾਂ ਬਖ਼ਸ਼ੀ ਮਾਲਕਾ
ਕਦੇ ਕੋਈ ਦੁਖੀ ਹਿਰਦਾ ਨਾ ਰਹੇ।

*-ਅਵਤਾਰ ਸਿੰਘ ਢਿੱਲੋਂ (ਅੰਬਰਸਰੀਆ)*

# ਫ਼ਿਲਮ ਲੋਕ

## ਰਾਜ ਕਪੂਰ ਦੀ ਸ਼ਾਹਕਾਰ ਫ਼ਿਲਮ ਸ਼੍ਰੀ-420



ਸੰਨ 1949 'ਚ ਰਿਲੀਜ਼ ਹੋਈ ਫਿਲਮ 'ਬਰਸਾਤ' ਵਿਚ ਅਦਾਕਾਰਾ ਨਰਗਿਸ ਦੇ ਸਾਹਮਣੇ ਵਾਇਲਨ ਫੜੀ ਖਲੋਤੇ ਰਾਜ ਕਪੂਰ ਦਾ ਸੀਨ 'ਆਰਕੇ ਫਿਲਮਜ਼' ਦਾ ਲੋਗੋ ਬਣ ਗਿਆ। ਏਸੇ ਲੋਗੋ 'ਤੇ ਰਾਜ ਕਪੂਰ ਨੇ ਖ਼ਵਾਜਾ ਅਹਿਮਦ ਅੱਬਾਸ ਦੀ ਲਿਖੀ ਕਹਾਣੀ 'ਤੇ 1951 ਵਿਚ 'ਅਵਾਰਾ' ਵਰਗੀ ਸੁਪਰਹਿੱਟ ਫਿਲਮ ਬਣਾਈ, ਜਿਸ ਨੇ ਵਿਰਸੇ ਤੇ ਮਾਹੌਲ, ਦੋਹਾਂ ਦੀ ਅਹਿਮੀਅਤ



ਨੂੰ ਉਜਾਗਰ ਕਰ ਦਿੱਤਾ। ਫਿਲਮ ਵਿਚ ਇਕ ਜੱਜ ਦਾ ਲੜਕਾ ਮਾੜੇ ਮਾਹੌਲ ਕਾਰਨ 'ਅਵਾਰਾ' ਬਣ ਜਾਂਦਾ ਹੈ। ਓਦੋਂ ਇਹ ਬੜੀ' ਮਨੋਵਿਗਿਆਨਕ ਖੋਜ ਸੀ। ਫਿਲਮ ਨੇ ਜਵਾਨ ਰਾਜ ਕਪੂਰ ਨੂੰ ਅਸਮਾਨੇ ਚੜ੍ਹਾਅ ਦਿੱਤਾ, ਖ਼ਾਸ ਕਰ ਰੂਸ 'ਚ, ਜਿੱਥੇ ਸ਼ੰਕਰ-ਜੈ ਕਿਸ਼ਨ ਦੀ ਬਣਾਈ ਧੁਨ 'ਅਵਾਰਾ ਹੂੰ' ਹਰ ਜ਼ੁਬਾਨ 'ਤੇ ਆ ਗਈ। ਨਰਗਿਸ ਦੀ ਵਕਾਲਤ ਵਾਲੀ ਭੂਮਿਕਾ ਨੇ ਸਾਰੇ ਸਰੋਤੇ ਮੋਹ ਲਏ। ਰਾਜ ਕਪੂਰ ਦੇ ਨਿਰਦੇਸ਼ਨ ਦੀ ਥੱਲੇ-ਬੱਲੇ ਹੋ ਗਈ।

### 1955 'ਚ ਰਿਲੀਜ਼ ਹੋਈ ਫਿਲਮ

ਭਾਰਤ ਸਿਆਸੀ ਤੌਰ 'ਤੇ ਸੰਸਾਰ ਦੀ ਖਿੱਚ ਦਾ ਕੇਂਦਰ ਸੀ ਕਿਉਂਕਿ ਆਜ਼ਾਦ ਹੋਏ ਦੇਸ਼ ਨੂੰ ਕਈ ਚੁਣੌਤੀਆਂ ਦਰਪੇਸ਼ ਸਨ। ਇਕ ਪਾਸੇ ਗੁਰਬਤ ਤੇ ਅਨਪੜ੍ਹਤਾ ਅਤੇ ਦੂਜੇ ਪਾਸੇ ਅੰਨ੍ਹੀ ਦੌਲਤ, ਭ੍ਰਿਸ਼ਟਾਚਾਰ। ਪੜ੍ਹ ਲਿਖ ਕੇ ਕੋਈ ਨੌਕਰੀ ਲੱਭਣੀ ਵੱਡਾ ਮਸਲਾ ਸੀ। ਬੇਰੁਜ਼ਗਾਰੀ ਸਿਖ਼ਰਾਂ 'ਤੇ ਸੀ। ਇਕ ਗਰੀਬ, ਇਮਾਨਦਾਰ, ਯਤੀਮ, ਗ੍ਰੈਜੂਏਟ ਨੌਕਰੀ ਦੀ ਭਾਲ 'ਚ ਬੰਬਈ (ਮੁੰਬਈ ਦਾ ਪੁਰਾਣਾ ਨਾਮ) ਨੂੰ ਜਾਂਦੀ ਲੰਮੀ ਸੜਕ 'ਤੇ ਪੈਦਲ ਤੁਰ ਪੈਂਦਾ ਹੈ। ਉਸ ਸਮੇਂ ਦੇ ਭਾਰਤ ਦੀਆਂ ਸਿਆਸੀ ਤਰਜੀਹਾਂ ਵੱਲ ਇਸ਼ਾਰਾ ਕਰਦਾ ਗੀਤ:-

ਮੇਰਾ ਜੂਤਾ ਹੈ ਜਾਪਾਨੀ,
ਯੇਹ ਪਤਲੂਨ ਇੰਗਲਿਸਤਾਨੀ
ਸਰ ਪੇ ਲਾਲ ਟੋਪੀ ਰੂਸੀ ਫਿਰ ਭੀ
ਦਿਲ ਹੈ ਹਿੰਦੁਸਤਾਨੀ

ਹੀਰੋ ਬਾਰੇ ਸਭ ਕੁਝ ਦੱਸ ਜਾਂਦਾ ਹੈ। ਹਰ ਭਾਰਤੀ ਨੌਜਵਾਨ ਦੇ ਸੁਪਨਿਆਂ ਦੀ ਨਿਸ਼ਾਨਦੇਹੀ ਕਰਦਾ ਹੈ। ਨਵੇਂ ਯੁੱਗ - ਦੇ ਦਰਸ਼ਕਾਂ ਨੂੰ ਸ਼ਾਇਦ ਪਤਾ ਨਾ ਹੋਵੇ ਕਿ ਰਾਜ ਕਪੂਰ ਦੀਆਂ ਸਾਰੀਆਂ ਫਿਲਮਾਂ 'ਚ ਉਸ ਦਾ ਨਾਂ 'ਰਾਜ' ਹੀ ਹੁੰਦਾ ਸੀ। ਸੰਨ 1955 ਵਿਚ ਇਹ ਫਿਲਮ ਰਿਲੀਜ਼ ਹੋਈ।

### ਛਤਰੀ ਲੈ ਕੇ ਗਾਉਂਦੇ ਦਾ ਸੀਨ

'ਸ੍ਰੀ 420' ਵਿਚ ਵੀ ਰਾਜ ਇਲਾਹਾਬਾਦ ਤੋਂ ਬੰਬਈ ਪਹੁੰਚਦਾ ਹੈ। ਮਹਾਨਗਰ ਵਿਚ ਬਿਲਕੁਲ ਓਪਰਾ, ਇਕੱਲਾ ਅਤੇ ਅਣਜਾਣ। ਕੋਈ ਉਸ ਨੂੰ ਰਾਹ ਦੱਸਣ ਲਈ ਤਿਆਰ ਨਹੀਂ। ਬੰਬਈ ਦੇ ਮੰਗਤੇ ਵੀ ਆਪਣੇ ਮੰਗਣ ਦੇ ਕੰਮ ਚ ਕੋਈ ਵਿਘਨ ਨਹੀਂ ਪੈਣਾ ਦੇਣਾ ਚਾਹੁੰਦੇ। ਫਿਲਮ 'ਚ ਡੇਵਿਡ (ਐਕਟਰ) ਇਕ ਭਿਖਾਰੀ ਹੈ ਪਰ ਕਰਜ਼ਾ ਕਿੱਥੋਂ ਮਿਲ ਸਕਦਾ ਹੈ ਇਹ ਦੱਸਣ ਲਈ ਵੀ ਰਾਜ ਕੋਲੋਂ ਪੈਸੇ ਠੱਗਦਾ ਹੈ, ਹਾਲਾਂਕਿ ਦੁਕਾਨ ਸਾਹਮਣੇ ਹੀ ਹੈ। ਇਮਾਨਦਾਰੀ 'ਚ ਕਾਲਜ ਤੋਂ ਮਿਲੇ ਮੈਡਲ ਨੂੰ ਗਿਰਵੀ ਰੱਖ ਕੇ ਰਾਜ 40 ਰੁਪਏ ਉਧਾਰ ਲੈਂਦਾ ਹੈ ਪਰ ਬੰਬਈ ਤਾਂ ਕਿਸੇ ਨੂੰ ਨਹੀਂ ਬਖ਼ਸ਼ਦੀ।

ਖੀਸਾ ਕੱਟਿਆ ਜਾਂਦਾ ਹੈ ਪਰ ਰਾਜ ਨੂੰ ਨਹੀਂ ਪਤਾ। ਫੁਟਪਾਥ 'ਤੇ ਸੌਣ ਦੀ ਵੀ ਪਗੜੀ ਦੇਣੀ ਪੈਂਦੀ ਸੀ। ਲੁੱਚੇ, ਦਾਦਾਗੀਰੀ ਕਰਨ ਵਾਲੇ ਟੋਲੇ ਦੀ. ਮਾਂ (ਲਲਿਤਾ ਪਵਾਰ) ਕੇਲੇ ਵੇਚਦੀ ਹੈ, 'ਦੋ ਆਨੇ ਕੇ ਤੀਨ'। ਰਾਜ ਕਹਿੰਦਾ ਇਹ ਮਹਿੰਗੇ ਹਨ ਮੈਂ 'ਤੀਨ' ਆਨੇ ਕੇ ਦੋ ਦੇ ਹਿਸਾਬ ਲਵਾਂਗਾ। ਮਾਂ ਨੂੰ ਇਹ ਸੌਦਾ ਨਹੀਂ ਮਨਜ਼ੂਰ ਪਰ ਰਾਜ ਦਾ ਉਸ ਟੋਲੇ ਨਾਲ ਇਕ ਮਾਣ ਸਤਿਕਾਰ ਵਾਲਾ ਰਿਸ਼ਤਾ ਜ਼ਰੂਰ ਬਣ ਜਾਂਦਾ ਹੈ। ਹਾਸਾ ਨਹੀਂ ਰੁਕਦਾ।

ਰਮੱਈਆ ਵਸਤਾ ਵਈਆ, ਰਮਈਆ ਵਸਤਾ ਵਈਆ ਮੈਂਨੇ ਦਿਲ ਤੁਝ ਕੋ ਦੀਆ, ਮੈਂਨੇ ਦਿਲ ਤੁਝ ਕੋ ਦੀਆ

ਏਸੇ ਸੀਨ ਨੂੰ ਦਰਸਾਉਂਦਾ ਹੈ।

ਇਸ ਡਾਂਸ ਗੀਤ ਵਿਚ ਡਾਂਸਰ ਸ਼ੀਲਾ ਵਾਜ਼ ਦੀ ਭੂਮਿਕਾ ਬੜੀ ਸਿਰਕੱਢ ਸੀ। ਫਿਲਮ 'ਚ ਨਰਗਿਸ ਇਕ ਨੇਕ, ਸੱਚੀ- ਸੁੱਚੀ ਸਕੂਲ ਟੀਚਰ (ਵਿੱਦਿਆ) ਹੈ, ਜਿਸ ਦਾ ਸਵਾਲ-ਜਵਾਬ ਢੰਗ ਨਾਲ ਪੜ੍ਹਾਉਣ ਵਾਲਾ ਗਾਣਾ 'ਈਚਕ ਦਾਨਾ ਬੀਚਕ ਦਾਨਾ, ਦਾਨੇ ਊਪਰ ਦਾਨਾ ਈਚਕ ਦਾਨਾ' ਅੱਜ ਤੱਕ ਮਸ਼ਹੂਰ ਹੈ। ਰਾਜ ਉਸ ਨੂੰ ਪੜ੍ਹਾਉਂਦਿਆਂ ਵੇਖਦਾ ਹੈ। ਬੜੇ ਸੁਭਾਵਕ ਢੰਗ ਨਾਲ ਦੋਹਾਂ ਵਿਚ ਪਿਆਰ ਹੋ ਜਾਂਦਾ ਹੈ। ਬੰਬਈ ਦੀਆਂ ਸੜਕਾਂ 'ਤੇ ਬਾਰਿਸ਼ ਵਿਚ ਫਿਲਮਾਇਆ, ਰਾਜ ਤੇ ਵਿੱਦਿਆ ਦਾ ਛਤਰੀ ਲੈ ਕੇ ਗਾਉਂਦਿਆਂ ਦਾ ਸੀਨ ਮੈਂ ਕਈ ਦੋਸਤਾਂ ਦੇ ਘਰ ਵੇਖ ਚੁੱਕਾ ਹਾਂ, ਫਰੇਮ ਕੀਤਾ ਹੋਇਆ।

### ਧਾਰਾ 420 ਤੋਂ ਲਿਆ ਗਿਆ ਟਾਈਟਲ

ਨੌਕਰੀ ਲੱਭਦੇ ਰਾਜ ਦਾ ਇਕ ਬਹੁਤ ਅਮੀਰ, ਬੇਈਮਾਨ ਅਤੇ ਭ੍ਰਿਸ਼ਟ ਵਪਾਰੀ ਸੇਠ ਸੋਨਾਚੰਦ ਧਰਮਾਨੰਦ ਨਾਲ ਵਾਸਤਾ ਪੈ ਜਾਂਦਾ ਹੈ, ਜੋ ਉਸ ਨੂੰ ਮਾੜੇ ਰਾਹ 'ਤੇ ਤੋਰਦਾ ਹੈ। ਰਾਜ ਜੂਆ ਖੇਡਣ ਦੇ ਸਭ ਤੌਰ ਤਰੀਕੇ ਸਮਝਦਾ ਹੈ। ਉਸ ਨੂੰ ਸਭ ਨਾਟਕ ਕਰਨੇ ਆਉਂਦੇ ਹਨ। ਵਿੱਦਿਆ ਨੂੰ ਇਹ ਸਭ ਪਸੰਦ ਨਹੀਂ। ਉਹ ਉਸ ਨੂੰ ਨੇਕੀ ਇਮਾਨਦਾਰੀ ਦੇ ਰਾਹ 'ਤੇ ਲਿਆਉਣ ਦੀ ਕੋਸ਼ਿਸ਼ ਕਰਦੀ ਹੈ ਪਰ ਇੰਨੇ ਵਿਚ ਇਕ ਅਤਿ ਅਮੀਰ ਤੇ ਲਚਰ ਔਰਤ ਮਾਇਆਜ਼ਿੰਦਗੀ ਇਕ ਸੰਘਰਸ਼ ਹੈ।

(ਨਾਦਿਰਾ) ਉਸ ਨੂੰ ਆਪਣੇ ਜਾਲ ਵਿਚ ਫਸਾ ਲੈਂਦੀ ਹੈ। ਰਾਜ ਨਵੇਂ-ਨਵੇਂ ਢੰਗ ਨਾਲ ਤਾਸ਼ ਦੇ ਪੱਤਿਆਂ ਨੂੰ ਆਪਣੇ ਹੱਕ 'ਚ ਵਰਤਣਾ ਜਾਣਦਾ




ਹੈ, ਢੇਰਾਂ ਦੇ ਢੇਰ ਰੁਪਏ ਜਿੱਤਦਾ ਹੈ। ਉਸ ਦਾ ਮਾਲਕ, ਉਹੀ ਸੇਠ ਧਰਮਾਨੰਦ ਹੋਰ ਅਮੀਰ ਹੋਈ ਜਾਂਦਾ ਹੈ। ਉਹ ਹੋਰ ਅਮੀਰ ਹੋਣ ਦੀਆਂ ਨਵੀਆਂ ਨਵੀਆਂ ਸਕੀਮਾਂ ਘੜਦਾ ਰਹਿੰਦਾ ਹੈ ਅਤੇ ਰਾਜ ਨੂੰ ਵਰਤਦਾ ਹੈ। ਵਿੱਦਿਆ ਨੂੰ ਇਹ ਸਭ ਪਸੰਦ ਨਹੀਂ, ਉਹ ਰਾਜ ਤੋਂ ਕਿਨਾਰਾ ਕਰ ਲੈਂਦੀ ਹੈ।

ਸੇਠ ਜਾਣਦਾ ਹੈ ਕਿ ਬੰਬਈ ਦੇ ਲੋਕਾਂ ਦੀ ਅਤਿ ਗੰਭੀਰ ਲੋੜ ਹੈ ਸਿਰ ਲੁਕਾਵਾ, ਯਾਨੀ ਘਰ। ਸੇਠ ਸੌ ਰੁਪੈ ਵਿਚ ਮਕਾਨ ਦੇਣ ਦੇ ਵਾਅਦੇ ਨਾਲ ਕਾਲੋਨੀ ਦਾ ਇਸ਼ਤਿਹਾਰ ਦਿੰਦਾ ਹੈ।

ਲੋਕ ਧੜਾਧੜ ਪੈਸੇ ਦਿੰਦੇ ਹਨ। ਰਾਜ ਨੂੰ ਪਤਾ ਹੈ ਕਿ ਇਹ ਸਭ ਫਰੌਡ ਹੈ ਅਤੇ ਸੇਠ ਨੇ ਕੋਈ ਕਾਲੋਨੀ ਨਹੀਂ ਬਣਾਉਣੀ। ਉਹ ਸੇਠ ਦੇ ਹੇਰਾਫੇਰੀ ਦੇ ਪੈਸੇ ਲੈ ਕੇ ਫ਼ਰਾਰ ਹੁੰਦਾ ਹੈ। ਸੇਠ ਭੱਜਦਿਆਂ ਨੂੰ ਵੇਖ ਲੈਂਦਾ ਹੈ ਅਤੇ ਗੋਲ਼ੀ ਮਾਰਦਾ ਹੈ। ਰਾਜ ਡਿੱਗ ਪੈਂਦਾ ਹੈ। ਜਦੋਂ ਸੇਠ ਪੈਸਿਆਂ ਦਾ ਬੈਗ ਚੁੱਕਣ ਰਾਜ ਦੇ ਨੇੜੇ ਆਉਂਦਾ ਹੈ ਤਾਂ ਉਹ ਅਚਾਨਕ ਉੱਠ ਪੈਂਦਾ ਹੈ। ਸਾਰੇ ਉਸ ਨੂੰ ਮਰਿਆ ਸਮਝਦੇ ਸਨ। ਪਰ ਹੈ ਸੀ ਉਹ ਇਕ ਨਾਟਕ, ਇਕ ਡਰਾਮਾ। ਸੇਠ ਉਸ ਨੂੰ ਕਹਿੰਦਾ ਹੈ ਇਹ 420 ਹੈ। ਹੁਣ ਰਾਜ ਕਪੂਰ ਉਸ ਨੂੰ ਕਹਿੰਦਾ ਹੈ ਕਿ ਜੇ ਮੈਂ 420 ਹਾਂ ਤਾਂ ਤੁਸੀਂ 'ਸ੍ਰੀ 420' ਯਾਨੀ ਹੇਰਾਫੇਰੀ, ਬੇਈਮਾਨੀ ਰੱਜ ਕੇ ਕਰਨੀ ਅਤੇ ਰਹਿਣਾ ਵੀ ਇੱਜ਼ਤ ਨਾਲ।

ਵਿੱਦਿਆ ਨੂੰ ਰਾਜ ਦੇ ਬੇਗੁਨਾਹ ਹੋਣ ਦਾ ਸਬੂਤ ਮਿਲ ਜਾਂਦਾ ਹੈ। ਫਿਲਮ ਦਾ ਟਾਈਟਲ ਭਾਰਤੀ ਕਾਨੂੰਨ ਦੀ ਧਾਰਾ 420 ਨੂੰ ਲੈ ਕੇ ਰੱਖਿਆ ਗਿਆ ਸੀ। ਰਾਜ ਕਪੂਰ ਨੇ ਅਗੇਤਰ 'ਸ੍ਰੀ' ਵਰਤ ਕੇ ਸਭ ਕੁਝ ਕਹਿ ਦਿੱਤਾ। ਵੈਸੇ ਫਿਲਮ ਦੇ ਸ਼ੁਰੂ ਵਿਚ, ਸੇਠ ਦੀ ਕਾਰ ਵੀ ਦਿਖਾਈ ਸੀ, ਜਿਸ ਦਾ ਨੰਬਰ 420 ਸੀ।

### ਮੂਵੀ ਨੇ ਓਦੋਂ ਕਮਾਏ ਸਨ ਚਾਰ ਕਰੋੜ ਰੁਪਏ

ਤਿੰਨ ਘੰਟੇ ਚੱਲਣ ਵਾਲੀ ਇਸ ਮੂਵੀ ਨੇ ਓਦੋਂ ਚਾਰ ਕਰੋੜ ਰੁਪਏ ਕਮਾਏ ਸਨ, ਹਾਲਾਂਕਿ ਖ਼ਰਚ ਬਹੁਤ ਘੱਟ ਹੋਇਆ ਸੀ। ਦਰਅਸਲ ਰਾਜ ਕਪੂਰ ਨੇ ਇੰਗਲੈਂਡ ਦੇ ਕਾਮੇਡੀਅਨ ਚਾਰਲੀ ਚੈਪਲਿਨ ਦੀ ਭੂਮਿਕਾ ਅਖ਼ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਇਕ ਸਾਦ-ਮੁਰਾਦੇ ਅਣਜਾਣ ਭਾਰਤੀ ਨੂੰ ਪਰਦੇ 'ਤੇ ਵਿਖਾਉਣ ਦਾ ਸਫਲ ਯਤਨ ਕੀਤਾ ਸੀ। ਉਸ ਨੇ ਕਈ ਹੋਰ ਫਿਲਮਾਂ ਬਣਾਈਆਂ। ਪਦਮ ਭੂਸ਼ਣ ਵਰਗੇ ਮਾਣ-ਸਨਮਾਨ ਵੀ ਪ੍ਰਾਪਤ ਕੀਤੇ ਪਰ 'ਸ਼੍ਰੀ 420' ਦਾ ਇਕ ਆਪਣਾ ਸਥਾਨ ਹਮੇਸ਼ਾ ਕਾਇਮ ਰਹੇਗਾ। ਅੱਜ ਵੀ ਇਹ ਫਿਲਮ ਓਹੋ ਪ੍ਰਭਾਵ ਛੱਡਦੀ ਹੈ, ਜਿਹੜਾ 70 ਸਾਲ ਪਹਿਲਾ ਛੱਡਦੀ ਸੀ ਕਿਉਂਕਿ ਉਦੋਂ ਤੇ ਅੱਜ ਦੇ ਹਾਲਾਤ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਹੋਈ।

## ਸੋਸ਼ਲ ਮੀਡੀਆ ਦੀ ਵਾਇਰਲ 'ਭਾਬੀ'



ਸੋਸ਼ਲ ਮੀਡੀਆ 'ਤੇ ਵਾਇਰਲ ਭਾਬੀ ਦੇ ਨਾਂਅ ਨਾਲ ਮਸ਼ਹੂਰ ਬੇਹੱਦ ਬੋਲਡ ਅਤੇ ਗਲੈਮਰਸ ਅਦਾਕਾਰਾ ਹੇਮਾ ਸ਼ਰਮਾ ਨੇ ਆਪਣੇ ਡਾਂਸ ਵੀਡੀਓ ਅਤੇ ਦੇਸੀ ਅੰਦਾਜ਼ ਨਾਲ ਮਨੋਰੰਜਨ ਜਗਤ ਵਿਚ ਤਹਿਲਕਾ ਮਚਾਇਆ ਹੋਇਆ ਹੈ। ਬਿੱਗ ਬੌਸ-18 ਵਿਚ ਵੀ ਉਸ ਨੇ ਜੰਮ ਕੇ ਸੁਰਖੀਆਂ ਹਾਸਿਲ ਕੀਤੀਆਂ ਸਨ। ਹੇਮਾ ਨੂੰ ਬਚਪਨ ਤੋਂ ਹੀ ਡਾਂਸ ਦਾ ਬਹੁਤ ਸ਼ੌਕ ਸੀ। ਹਿੰਦੀ ਫ਼ਿਲਮਾਂ ਵਿਚ ਜਿਸ ਤਰ੍ਹਾਂ ਦਾ ਡਾਂਸ ਹੁੰਦਾ ਹੈ, ਉਹ ਤਾਂ ਹੇਮਾ ਨੇ ਸਿਰਫ਼ ਫ਼ਿਲਮਾਂ ਦੇਖ ਕੇ ਹੀ ਸਿੱਖ ਲਿਆ ਸੀ, ਪਰ ਫਿਰ ਕੱਥਕ ਸਿੱਖਦੇ ਹੋਏ 6 ਮਹੀਨੇ ਦਾ ਡਿਪਲੋਮਾ ਕੋਰਸ ਕੀਤਾ।

ਹੇਮਾ ਨੇ ਸਕੂਲ ਦੀ ਪੜ੍ਹਾਈ ਦੌਰਾਨ ਹੀ ਸਕੂਲ ਤੋਂ ਬਾਅਦ ਬੱਚਿਆਂ ਨੂੰ ਡਾਂਸ ਸਿਖਾਉਣਾ ਸ਼ੁਰੂ ਕਰ ਦਿੱਤਾ, ਜਿਸ ਦੇ ਬਦਲੇ ਉਸ ਨੂੰ ਇਕ ਮਹੀਲੇ ਵਿਚ ਲਗਭਗ 5000 ਰੁਪਏ ਦੀ ਆਮਦਨੀ ਹੋ ਜਾਂਦੀ ਸੀ। ਇਸੇ ਦੌਰਾਨ ਹੇਮਾ ਦੀ ਮੁਲਾਕਾਤ ਇਕ ਸ਼ਖ਼ਸ ਨਾਲ ਹੋਈ। ਕੁਝ ਸਮੇਂ ਤੱਕ ਰਿਲੇਸ਼ਨ ਵਿਚ ਰਹਿਣ ਤੋਂ ਬਾਅਦ 2011 ਵਿਚ ਦੋਵਾਂ ਨੇ ਵਿਆਹ ਕਰਾ ਲਿਆ। ਵਿਆਹ ਲਈ ਪਤੀ ਦੀ ਇਹ ਸ਼ਰਤ ਸੀ ਕਿ ਵਿਆਹ ਤੋਂ ਬਾਅਦ ਹੇਮਾ ਕੋਈ ਕੰਮ ਨਹੀਂ ਕਰੇਗੀ। ਸਿਰਫ਼ ਪਤੀ ਦੇ ਕਹਿਣ 'ਤੇ ਹੇਮਾ ਨੇ ਕੰਮ ਛੱਡ ਦਿੱਤਾ ਅਤੇ ਪੂਰੀ ਤਰ੍ਹਾਂ ਕਿ ਗ੍ਰਹਿਣੀ ਬਣ ਗਈ।

ਹੇਮਾ ਪਤੀ ਨਾਲ ਪਿਆਰ ਕਰਦੀ ਸੀ, ਇਸ ਲਈ ਉਸ ਦੀ ਸ਼ਰਤ ਮੰਨ ਗਈ, ਪਰ ਕੁਝ ਸਮੇਂ ਬਾਅਦ ਦੋਵਾਂ ਵਿਚਾਲੇ ਚੀਜ਼ਾਂ ਵਿਗੜਦੀਆਂ ਗਈਆਂ। 2013 ਆਉਂਦੇ ਆਉਂਦੇ ਚੀਜ਼ਾਂ ਬਹੁਤ ਖ਼ਰਾਬ ਹੋ ਗਈਆਂ। ਨਤੀਜਾ, ਦੋਵਾਂ ਦਾ ਤਲਾਕ ਹੋ ਗਿਆ। ਹੇਮਾ ਨੇ ਫਿਰ ਤੋਂ ਕੰਮ ਸ਼ੁਰੂ ਕਰ ਦਿੱਤਾ। ਫ਼ਿਲਮ 'ਯਮਲਾ ਪਗਲਾ ਦੀਵਾਨਾ ਫਿਰ ਸੇ' ਲਈ ਹੇਮਾ ਨੇ ਆਡੀਸ਼ਨ ਦਿੱਤਾ ਅਤੇ ਉਸ ਦੀ ਚੋਣ ਹੋ ਗਈ। ਇਸ ਤਰ੍ਹਾਂ ਇਹ ਹੇਮਾ ਸ਼ਰਮਾ ਦੀ ਫ਼ਿਲਮ ਬਣੀ। ਇਸ ਤੋਂ ਬਾਅਦ ਹੇਮਾ ਨੂੰ ਇਕ ਹੋਰ ਆਡੀਸ਼ਨ ਜ਼ਰੀਏ ਸਲਮਾਨ ਖਾਨ ਦੀ ਫ਼ਿਲਮ 'ਦਬੰਗ-3' ਮਿਲ ਗਈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2447 Capri Ct Manteca CA 95337
2. 946 Martiri court Gilroy CA 95020
3. 4201 Saturn way Union city CA 94587
4. 6746 Sapphire Street Dublin CA 94568
5. 7722 Curry Dr Gilroy CA 95020
6. 4643 Sloan St Fremont CA 94538
7. 5645 Evergreen terr Fremont CA 94536
8. 1916 Ticino Ct Pleasanton CA 94566
9. 776 Vereda ct San Jose CA 95123
10. 8455 Peachtree Ave Newark CA 94560
11. 1777 Osage Ave Hayward CA 94545
12. 2249 moody ave Hayward ca 94545
13. 2169 Charger Dr San Jose CA 95131
14. 9810 Bobcat Ct Gilroy CA 95020

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20